

**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763


COVERED CALIFORNIA
**ਓਬਾਮਾ ਕੇਅਰ**
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
15 ਨਵੰਬਰ ਤੋਂ 15 ਫਰਵਰੀ ਤੱਕ
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com
License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrications & Additional Fees Apply.
800-914-1013 408-659-9400



Fifteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 46, November 15, 2014
20451 N Plum Grove Rd., Palatine, IL 60074
Ph:847-359-0746, Fax:847-705-9388


## ਭਾਜਪਾ ਨੇ ਪੰਜਾਬ ਲਈ ਘੜੀ ਨਵੀਂ ਰਣਨੀਤੀ

### ਵਧੇਰੇ ਧਿਆਨ ਦਲਿਤ ਵੋਟਾਂ 'ਤੇ ਲਾਇਆ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਆਪਣੇ ਮੰਤਰੀ ਮੰਡਲ ਵਿਚ ਕੀਤੇ ਪਹਿਲੇ ਵਿਸਥਾਰ ਵਿਚ ਭਾਜਪਾ ਨੇ ਫਿਰਕੂ ਸੋਚ ਦੇ ਸਪਸ਼ਟ


ਵਿਜੇ ਸਾਂਪਲਾ

ਸੰਕੇਤ ਦਿੱਤੇ ਹਨ। ਭਾਜਪਾ ਦੀ ਇਹ ਚੋਣ ਵੱਖ-ਵੱਖ ਸੂਬਿਆਂ ਵਿਚ ਵਿਸ਼ੇਸ਼ ਆਧਾਰ ਰੱਖਣ ਵਾਲੇ ਭਾਈਚਾਰਿਆਂ ਨੂੰ ਨਿਸ਼ਾਨੇ 'ਤੇ ਰੱਖ ਕੇ ਕੀਤੀ ਗਈ ਹੈ। ਖਾਸ ਕਰ ਕੇ ਪੰਜਾਬ ਤੇ ਹਰਿਆਣਾ ਵਿਚ ਦਲਿਤ ਤੇ ਜਾਟ ਬਰਾਦਰੀ ਦੇ ਸੰਸਦ ਮੈਂਬਰਾਂ ਨੂੰ ਬਖਸ਼ੀ ਵਜ਼ੀਰੀ ਨੇ ਭਾਜਪਾ ਦੀ ਫਿਰਕੂ ਸੋਚ 'ਤੇ ਮੋਹਰ ਲਾਈ ਹੈ। ਅਸਲ ਵਿਚ ਭਾਜਪਾ ਪੰਜਾਬ ਦੇ ਦਿਹਾਤੀ ਇਲਾਕਿਆਂ ਵਿਚ ਅਕਾਲੀ ਦਲ ਦੀ ਰਵਾਇਤੀ ਵੋਟ 'ਤੇ ਜ਼ਿਆਦਾ ਭਰੋਸਾ ਨਹੀਂ ਕਰਦੀ। ਇਸ ਕਰ ਕੇ ਪਾਰਟੀ ਨੇ ਸਾਰਾ ਜ਼ੋਰ ਪੰਜਾਬ ਦੀ ਤਕਰੀਬਨ 31.9 ਫੀਸਦੀ ਦਲਿਤ ਵੋਟ 'ਤੇ ਲਾ ਦਿੱਤਾ ਹੈ।

ਪੰਜਾਬ ਦੇ 52 ਵਿਧਾਨ ਸਭਾ ਹਲਕੇ ਅਜਿਹੇ ਹਨ ਜਿਥੇ ਦਲਿਤਾਂ ਦੀ ਵਸੋਂ 30 ਫੀਸਦੀ ਤੋਂ ਵੱਧ ਤੇ 12 ਹਲਕਿਆਂ ਵਿਚ 40 ਫੀਸਦੀ ਤੋਂ ਵਧੇਰੇ ਹੈ। ਅਕਾਲੀ ਦਲ-ਭਾਜਪਾ ਆਉਣ ਵਾਲੀ ਭਾਵੀ ਨੂੰ ਦੇਖਦਿਆਂ ਫੌਰੀ ਤੌਰ 'ਤੇ ਸਿੱਧੇ ਟਕਰਾਅ ਵਿਚ ਪੈਣ ਦੀ ਥਾਂ ਆਪਣੀ ਪੁਜ਼ੀਸ਼ਨ ਮਜ਼ਬੂਤ ਕਰਨ ਦੀ ਰਣਨੀਤੀ ਉਪਰ ਚੱਲਦੀਆਂ ਨਜ਼ਰ ਆ ਰਹੀਆਂ ਹਨ। ਕਿਸੇ ਵੇਲੇ ਕਾਂਗਰਸ ਦਾ ਵੋਟ ਬੈਂਕ ਰਹੇ ਤੇ ਫਿਰ ਕਾਫੀ ਹੱਦ ਤੱਕ ਬਹੁਜਨ ਸਮਾਜ ਪਾਰਟੀ ਦੀ ਰੀੜ੍ਹ ਦੀ ਹੱਡੀ ਬਣਨ ਵਾਲੇ ਦਲਿਤ ਸਮਾਜ ਨੂੰ ਇਹ ਦੋਵੇਂ ਪਾਰਟੀਆਂ ਇਸ ਵੇਲੇ ਆਪਣੇ ਟੀਚੇ ਉਪਰ ਰੱਖ ਕੇ ਚੱਲ ਰਹੀਆਂ ਹਨ। ਭਾਜਪਾ ਨੇ ਇਸੇ ਸੋਚ ਨੂੰ ਮੁੱਖ ਰੱਖ ਕੇ ਹੁਸ਼ਿਆਰਪੁਰ ਸੀਟ

(ਬਾਕੀ ਸਫਾ 6 'ਤੇ)

### ਸੰਘ ਦੀਆਂ ਸਰਗਰਮੀਆਂ ਤੋਂ ਪੰਥਕ ਹਲਕੇ ਫ਼ਿਕਰਮੰਦ

ਭਾਜਪਾ ਦੇ ਆਧਾਰ ਨੂੰ ਮਜ਼ਬੂਤ ਕਰਨ ਦੇ ਮੰਤਵ ਨਾਲ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਵੱਲੋਂ ਪੰਜਾਬ ਦੇ ਦਿਹਾਤੀ ਖੇਤਰਾਂ ਨੂੰ ਆਪਣਾ ਨਿਸ਼ਾਨਾ ਬਣਾਉਂਦੇ ਹੋਏ ਆਪਣੇ ਪੈਰ ਪਸਾਰਨ ਦੀ ਯੋਜਨਾ ਤੋਂ ਸਿੱਖ ਜਥੇਬੰਦੀਆਂ ਕਾਫੀ ਚਿੰਤਤ ਹਨ। ਮਿਸ਼ਨ 2017 ਨੂੰ ਧਿਆਨ ਵਿਚ ਰੱਖ ਕੇ ਭਾਜਪਾ ਨੇ ਸਮਾਜਕ ਸੰਸਥਾਵਾਂ ਰਾਹੀਂ ਲੋਕ ਰਾਬਤੇ ਦੀ ਆਪਣੀ ਮੁਹਿੰਮ ਸ਼ੁਰੂ ਕੀਤੀ ਹੋਈ ਹੈ। ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਇਸ ਸਾਲ ਹੁਣ ਤੱਕ ਚਾਰ ਵਾਰ ਪੰਜਾਬ ਦਾ ਦੌਰਾ ਕਰ ਚੁੱਕੇ ਹਨ। ਪਿੱਛੇ ਜਿਹੇ ਦੋਰਾਹਾ ਵਿਖੇ ਆਰ.ਐਸ.ਐਸ. ਦੀ ਅਖਿਲ ਭਾਰਤੀ ਬੈਠਕ ਕੀਤੀ ਗਈ ਸੀ ਤੇ ਇਸ ਤੋਂ ਪਹਿਲਾਂ ਮਈ ਮਹੀਨੇ ਮਾਨਸਾ ਵਿਚ 20 ਰੋਜ਼ਾ ਸਿਖਲਾਈ ਕੈਂਪ ਲਾਇਆ ਗਿਆ ਸੀ। ਸ੍ਰੀ ਭਾਗਵਤ ਨੇ ਡੇਰਾ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਮੁਖੀ ਨਾਲ ਵੀ ਬੰਦ ਕਮਰਾ ਮੁਲਾਕਾਤ ਕੀਤੀ ਸੀ। ਪਿਛਲੇ ਮਹੀਨੇ ਸੀਨੀਅਰ ਭਾਜਪਾ ਨੇਤਾ ਐਲ.ਕੇ. ਅਡਵਾਨੀ ਵੀ ਡੇਰਾ ਮੁਖੀ ਗੁਰਿੰਦਰ ਸਿੰਘ ਨੂੰ ਮਿਲਣ ਆਏ ਸਨ। ਇਸ ਤਹਿਤ ਮਾਝਾ, ਮਾਲਵਾ ਤੇ ਦੋਆਬਾ ਦੇ ਦਿਹਾਤੀ ਖੇਤਰਾਂ ਵਿਚ ਸੰਘ ਨੇ ਆਪਣੀਆਂ ਸਹਿਯੋਗੀ ਸੰਸਥਾਵਾਂ ਦੀਆਂ ਇਕਾਈਆਂ ਸਥਾਪਤ ਕਰਦਿਆਂ ਆਪਣੇ ਪਸਾਰੇ ਨੂੰ ਵਧਾਉਣ ਦੇ ਯਤਨ ਸ਼ੁਰੂ ਕੀਤੇ ਹੋਏ ਹਨ।

## ਖਾੜਕੂਆਂ ਦੀ ਗ੍ਰਿਫਤਾਰੀ ਨੇ ਨਵੀਂ ਚਰਚਾ ਛੇੜੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਪੁਲਿਸ ਵੱਲੋਂ ਹਾਲ ਹੀ ਵਿਚ ਵੱਖ-ਵੱਖ ਜਥੇਬੰਦੀਆਂ ਨਾਲ ਸਬੰਧਤ ਪੰਜ ਖਾੜਕੂਆਂ ਨੂੰ ਕਾਬੂ ਕਰ ਲਿਆ ਹੈ। ਇਨ੍ਹਾਂ ਗ੍ਰਿਫਤਾਰੀਆਂ ਨੇ ਸੂਬੇ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ। ਪੁਲਿਸ ਦਾਅਵਾ ਕਰ ਰਹੀ ਹੈ ਕਿ ਪਾਕਿਸਤਾਨ ਖੁਫੀਆ ਏਜੰਸੀ ਆਈ.ਐਸ.ਆਈ. ਸੂਬੇ ਵਿਚ ਖਾੜਕੂ ਗਰੁਪਾਂ ਨੂੰ ਸਰਗਰਮ ਕਰਨ ਦੇ ਕੰਮ ਵਿਚ ਲੱਗੀ ਹੋਈ ਹੈ।





ਪੰਜਾਬ ਪੁਲਿਸ ਨੇ ਖ਼ਾਲਿਸਤਾਨ ਟਾਈਗਰਜ਼ ਫੋਰਸ (ਕੇ.ਟੀ.ਐਫ.) ਦੇ ਕਾਰਕੁਨ ਤੇ ਰਾਸ਼ਟਰੀ ਸਿੱਖ ਸੰਗਤ ਦੇ ਮੁਖੀ ਰੁਲਦਾ ਸਿੰਘ ਦੇ ਕਤਲ ਦੇ ਮਾਮਲੇ ਵਿਚ ਲੋੜੀਂਦੇ ਰਮਨਦੀਪ ਸਿੰਘ ਉਰਫ਼ ਗੋਲਡੀ (36) ਨੂੰ ਚੇਨਈ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਹੈ। ਗੋਲਡੀ ਤੋਂ ਪੁੱਛਗਿੱਛ ਪਿੱਛੋਂ ਖਾਲਿਸਤਾਨ ਲਿਬਰੇਸ਼ਨ ਫੋਰਸ (ਕੇ.ਐਲ.ਐਫ.) ਦੇ ਮੁਖੀ ਹਰਮਿੰਦਰ ਸਿੰਘ ਉਰਫ ਮਿੰਟੂ ਤੇ ਉਸਦੇ ਸਾਥੀ ਗੁਰਪ੍ਰੀਤ ਸਿੰਘ ਉਰਫ ਗੋਪੀ ਨੂੰ ਦਿੱਲੀ ਹਵਾਈ ਅੱਡੇ ਤੋਂ ਕਾਬੂ ਕੀਤਾ।

ਪੁਲਿਸ ਦਾ ਦਾਅਵਾ ਹੈ ਕਿ ਵਿਦੇਸ਼ ਵਿਚ ਰਹਿ ਰਹੇ ਇਹ ਖਾੜਕੂ ਪੰਜਾਬ ਵਿਚ ਮੁੜ ਮਾਹੌਲ ਖਰਾਬ ਕਰਨ ਦੀ ਤਾਕ ਵਿਚ ਸਨ ਤੇ ਇਨ੍ਹਾਂ ਦੇ ਨਿਸ਼ਾਨੇ 'ਤੇ ਕਈ ਹਿੰਦੂ ਆਗੂ ਸਨ। ਬਠਿੰਡਾ ਪੁਲਿਸ ਵੱਲੋਂ ਧਮਾਕਾਖੇਜ਼ ਸਮਗੱਰੀ ਸਮੇਤ ਗ੍ਰਿਫ਼ਤਾਰ ਕੀਤੇ ਬੱਬਰ ਖ਼ਾਲਸਾ ਦੇ ਖਾੜਕੂ ਰਮਨਦੀਪ ਸਿੰਘ ਉਰਫ਼ ਸੰਨੀ ਕੁਝ ਸਮਾਂ ਪਹਿਲਾਂ ਪਾਕਿਸਤਾਨ ਦੀ ਖ਼ੁਫੀਆ ਏਜੰਸੀ ਆਈ. ਐਸ. ਆਈ. ਤੋਂ ਬੈਂਕਾਕ ਤੇ ਮਲੇਸ਼ੀਆ ਵਿਚੋਂ ਸਿਖਲਾਈ ਲੈ ਕੇ ਪਰਤਿਆ ਹੈ।

ਪੁਲਿਸ ਮੁਤਾਬਕ ਉਸ ਦੇ ਖ਼ਾਲਿਸਤਾਨ ਟਾਈਗਰਜ਼ ਫੋਰਸ ਦੇ ਮੁਖੀ ਜਗਤਾਰ ਸਿੰਘ ਉਰਫ਼ ਤਾਰਾ ਨਾਲ ਸਬੰਧ ਹਨ। ਧੋਬੀਆਣਾ ਰੋਡ ਤੋਂ ਗ੍ਰਿਫ਼ਤਾਰ ਰਮਨਦੀਪ ਖ਼ਿਲਾਫ਼ ਥਾਣਾ ਕੋਤਵਾਲੀ ਵਿਚ ਕੇਸ ਦਰਜ ਕੀਤਾ ਗਿਆ ਹੈ। ਰਮਨਦੀਪ ਸਿੰਘ ਉਰਫ਼ ਸੰਨੀ ਨੇ ਬੰਬ ਤਿਆਰ ਕਰਨ ਦੀ ਸਿਖਲਾਈ ਬੈਂਕਾਕ ਵਿਚ ਆਈ.ਐਸ.ਆਈ. ਤੋਂ ਲਈ ਸੀ ਤੇ ਹੁਣ ਉਸ ਨੇ ਸੁੰਨਸਾਨ ਜਗ੍ਹਾ ਵਿਚ ਬੰਬ ਫਿਟ ਕਰ ਕੇ ਅਜ਼ਮਾਇਸ਼ ਕਰਨੀ ਸੀ।

ਪੁਲਿਸ ਨੇ ਇਹ ਦਾਅਵਾ ਵੀ ਕੀਤਾ ਹੈ ਕਿ ਅਪਰੈਲ 2009 ਵਿਚ ਰੁਲਦਾ ਸਿੰਘ ਨੂੰ

(ਬਾਕੀ ਸਫਾ 6 'ਤੇ)



REAL ESTATE & HOME LOANS
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ!
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chafing Dishes, China & Silverware, Linen Rental, Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra

>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਮੱਧਕਾਲੀ ਚੋਣਾਂ 'ਚ ਅਮਰੀਕੀ ਸੈਨੇਟ 'ਤੇ ਰਿਪਬਲਿਕਨਾਂ ਦਾ ਕਬਜ਼ਾ

**ਵਾਸ਼ਿੰਗਟਨ (ਬਿਊਰੋ):** ਮੱਧਕਾਲੀ ਚੋਣਾਂ ਵਿਚ ਡੈਮੋਕਰੇਟਿਕ ਪਾਰਟੀ ਤੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਵੱਡਾ ਝਟਕਾ ਲੱਗਿਆ ਹੈ ਅਤੇ ਰਿਪਬਲਿਕਨ ਪਾਰਟੀ ਨੇ ਅਮਰੀਕੀ ਸੈਨੇਟ 'ਤੇ ਪੂਰਾ ਕਬਜ਼ਾ ਕਰ ਲਿਆ ਹੈ ਜਦਕਿ ਪ੍ਰਤੀਨਿਧ ਸਭਾ ਵਿਚ ਬਹੁਮਤ ਤੋਂ ਵੱਧ ਸੀਟਾਂ ਲਈਆਂ ਹਨ। ਇਨ੍ਹਾਂ ਨਤੀਜਿਆਂ ਨਾਲ ਰਾਸ਼ਟਰਪਤੀ ਓਬਾਮਾ ਦੇ ਕਾਰਜਕਾਲ ਦੇ ਆਖਰੀ ਦੋ ਸਾਲ ਜਟਿਲ ਹੋ ਸਕਦੇ ਹਨ। ਦੇਸ਼ ਭਰ ਵਿਚ ਡੈਮੋਕ੍ਰੇਟਿਕ ਪਾਰਟੀ ਦੇ ਸੀਨੀਅਰ ਨੇਤਾਵਾਂ ਦੀ ਹਾਰ ਦੇ ਨਾਲ ਸਿਆਸੀ ਮਾਹਿਰ ਇਸ ਨੂੰ ਰਿਪਬਲਿਕਨ ਪਾਰਟੀ ਦੀ ਲਹਿਰ ਦੱਸ ਰਹੇ ਹਨ। ਲੋਕ ਪ੍ਰਤੀਨਿਧ ਸਭਾ ਦੀਆਂ ਸਾਰੀਆਂ 435 ਸੀਟਾਂ, ਸੈਨੇਟ ਦੀਆਂ 100 ਵਿਚੋਂ 36 ਸੀਟਾਂ ਅਤੇ 50 ਵਿਚੋਂ 36 ਰਾਜਾਂ ਦੀਆਂ ਚੋਣਾਂ ਹੋਈਆਂ ਸਨ।

ਸੈਨੇਟ ਵਿਚ ਬੀਤੇ ਅੱਠ ਸਾਲਾਂ ਵਿਚ ਪਹਿਲੀ ਵਾਰ ਰਿਪਬਲਿਕਨ ਪਾਰਟੀ ਨੇ ਬਹੁਮਤ ਹਾਸਲ ਕੀਤਾ ਹੈ ਤੇ ਹੁਣ ਸਦਰ ਬਰਾਕ ਓਬਾਮਾ ਨੂੰ ਸਰਕਾਰ ਚਲਾਉਣ ਵਿਚ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਦੇਸ਼ ਵਿਚ ਰਿਪਬਲਿਕਨਾਂ ਦੀ ਲਹਿਰ ਹੈ।

ਅਮਰੀਕੀ ਕਾਂਗਰਸ ਦੇ ਦੋਵੇਂ ਚੈਂਬਰਾਂ 'ਤੇ ਪੂਰਾ ਕਬਜ਼ਾ ਕਰਨ ਮਗਰੋਂ ਰਿਪਬਲਿਕਨ ਪਾਰਟੀ ਦੇ ਆਗੂਆਂ ਨੇ ਨੌਕਰੀਆਂ ਦੇ ਮੌਕੇ ਪੈਦਾ ਕੀਤੇ ਜਾਣ ਤੇ ਆਰਥਿਕਤਾ ਨੂੰ ਕੇਂਦਰ ਵਿਚ ਰੱਖ ਕੇ ਆਪਣੇ ਏਜੰਡੇ ਦਾ ਖ਼ਾਕਾ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਹੈ। ਵਾਲ ਸਟਰੀਟ ਜਰਨਲ ਵਿਚ ਸੰਪਾਦਕੀ ਪੰਨੇ ਦੇ ਸਾਹਮਣੇ ਵਾਲੇ ਪੰਨੇ 'ਤੇ ਸਾਂਝੇ ਲੇਖ ਵਿਚ ਪ੍ਰਤੀਨਿਧ ਸਦਨ ਦੇ ਸਪੀਕਰ ਜੌਹਨ ਬੋਇਹਨਰ ਤੇ ਸੈਨੇਟ ਆਗੂ ਮਿੱਚ ਮੈਕਵੈੱਲ ਨੇ ਆਪਣੀਆਂ ਤਰਜੀਹਾਂ ਦਾ ਖੁਲਾਸਾ ਕੀਤਾ ਹੈ ਤੇ ਕਿਹਾ ਹੈ ਕਿ ਉਹ ਓਬਾਮਾ ਕੇਅਰ ਨੂੰ ਰੱਦ ਕਰਾਉਣ ਦਾ ਯਤਨ ਕਰਨਗੇ ਕਿਉਂਕਿ ਇਸ ਦਾ ਨੌਕਰੀਆਂ ਉਤੇ ਉਲਟ ਪ੍ਰਭਾਵ ਪਿਆ ਹੈ। ਉਨ੍ਹਾਂ ਕਿਹਾ ਕਿ ਉਹ ਦੇਸ਼ ਨੂੰ ਦਰਪੇਸ਼ ਸਭ ਤੋਂ ਵੱਡੀਆਂ ਚੁਣੌਤੀਆਂ ਨੂੰ ਸਿੱਧਾ ਟਕਰਨਗੇ।

## ਓਬਾਮਾ ਰਲ ਕੇ ਕੰਮ ਕਰਨ ਲਈ ਖਾਹਸ਼ਮੰਦ

**ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਅਗਲੇ ਦੋ ਸਾਲਾਂ ਦੌਰਾਨ ਕੌਮੀ ਏਜੰਡਾ ਲਾਗੂ ਕਰਨ ਤੇ ਅਮਰੀਕਾ ਨੂੰ ਅੱਗੇ ਲਿਜਾਣ ਲਈ ਰਿਪਬਲਿਕਨ ਪਾਰਟੀ ਨਾਲ ਰਲ ਕੇ ਕੰਮ ਕਰਨ ਦੀ ਖਾਹਸ਼ ਪ੍ਰਗਟਾਈ। ਉਨ੍ਹਾਂ ਕਿਹਾ ਕਿ ਕਾਂਗਰਸ ਵੱਲੋਂ ਪਾਸ ਕੁਝ ਬਿੱਲਾਂ 'ਤੇ ਉਹ ਦਸਤਖ਼ਤ ਨਹੀਂ ਕਰ ਸਕਦੇ ਤੇ ਉਨ੍ਹਾਂ ਨੂੰ ਇਹ ਵੀ ਪਤਾ ਹੈ ਕਿ ਉਹ ਕੁਝ ਕੰਮ ਕਰਨਗੇ, ਜੋ ਕਾਂਗਰਸ ਨੂੰ ਪਸੰਦ ਨਹੀਂ ਆਉਣਗੇ। ਉਨ੍ਹਾਂ ਕਿਹਾ ਕਿ ਰਹਿੰਦੇ ਦੋ ਸਾਲਾਂ ਲਈ ਉਨ੍ਹਾਂ ਦੇ ਲਈ ਕੋਈ ਮਜ਼ਬੂਤ ਵਿਧਾਨਕ ਆਧਾਰ ਨਾ ਹੋਣ 'ਤੇ ਉਹ ਇਮੀਗ੍ਰੇਸ਼ਨ ਸੁਧਾਰਾਂ ਬਾਰੇ ਯੋਜਨਾਵਾਂ ਪਾਸ ਹੋਣ ਲਈ ਜ਼ੋਰ ਦੇਣਗੇ। ਇਸ ਸਾਲ ਉਹ ਕਾਰਜਕਾਰੀ ਕਾਰਵਾਈ ਕਰਨਗੇ ਤੇ ਇਹ ਉਡੀਕ ਨਹੀਂ ਕਰਨਗੇ ਕਿ ਨਵੀਂ ਕਾਂਗਰਸ ਵਿਆਪਕ ਪਾਰਟੀ ਇਮੀਗ੍ਰੇਸ਼ਨ ਸੁਧਾਰ ਬਿੱਲ ਲਈ ਕੋਈ ਉਪਰਾਲਾ ਕਰਦੀ ਹੈ ਜਾਂ ਨਹੀਂ।**

ਚੋਣ ਵਿਚ ਪਛੜਨ ਮਗਰੋਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਬਾਗੀ ਸੁਰ ਦਾ ਮੁਜ਼ਾਹਰਾ ਕਰਦਿਆਂ ਕਿਹਾ ਹੈ ਕਿ ਉਹ ਰਿਪਬਲਿਕਨਾਂ ਨਾਲ ਰਲ ਕੇ ਕੰਮ ਕਰਨ ਲਈ ਤਿਆਰ ਹੈ ਪਰ ਇਮੀਗ੍ਰੇਸ਼ਨ ਸੁਧਾਰਾਂ ਜਿਹੇ ਮੁੱਦਿਆਂ ਉਤੇ ਉਹ ਕਾਂਗਰਸ ਤੋਂ ਬਾਹਰ ਜਾ ਕੇ ਵੀ ਫੈਸਲੇ ਲੈ ਸਕਦੇ ਹਨ ਜਿਸ ਨਾਲ 2.4 ਲੱਖ ਭਾਰਤੀਆਂ ਸਮੇਤ ਇਕ ਕਰੋੜ 10 ਲੱਖ ਗੈਰਕਾਨੂੰਨੀ ਆਵਾਸੀਆਂ ਨੂੰ ਅਮਰੀਕਾ ਵਿਚ ਰਹਿ ਸਕਣ ਦਾ ਅਧਿਕਾਰ ਮਿਲ ਸਕਦਾ ਹੈ।

ਅਮਰੀਕਾ ਦੇ ਭਵਿੱਖ ਲਈ ਭਰੋਸੇ ਨਾਲ ਲਬਰੇਜ਼ ਓਬਾਮਾ ਨੇ ਆਪਣੇ 90 ਮਿੰਟ ਦੇ ਭਾਸ਼ਣ ਵਿਚ ਕਿਹਾ ਕਿ ਹੋਰ ਕਿਸੇ ਵੀ ਮੁਲਕ ਦੇ ਮੁਕਾਬਲੇ ਅਮਰੀਕਾ ਕੋਲ ਹਰ ਪਹਿਲੂ ਤੋਂ ਭਰਪੂਰ ਸਾਧਨ ਹਨ। ਉਨ੍ਹਾਂ ਕਿਹਾ ਕਿ ਮੈਂ ਸੱਚੀਂ-ਮੁੱਚੀਂ ਅਮਰੀਕਾ ਲਈ ਆਸਵੰਦ ਹਾਂ। ਬਿਨਾਂ ਸ਼ੱਕ ਇਸ ਵੇਲੇ ਸਥਿਤੀ ਉਲਟ ਚੱਲ ਰਹੀ ਹੈ, ਪਰ ਜਦੋਂ ਆਪਾਂ ਸਾਰੇ ਤੱਥਾਂ 'ਤੇ ਨਜ਼ਰ ਮਾਰੀਏ ਤਾਂ ਸਾਡੀ ਆਰਥਿਕਤਾ ਹੋਰ ਕਿਸੇ ਵੀ ਨਾਲੋਂ ਕਿਤੇ ਮਜ਼ਬੂਤ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਦੁਨੀਆਂ ਭਰ ਦੇ ਸਰਵੋਤਮ ਤੇ ਆਹਲਾ ਦਰਜੇ ਦੇ ਲੋਕਾਂ ਲਈ ਹਮੇਸ਼ਾ ਆਕਰਸ਼ਣ ਦਾ ਕੇਂਦਰ ਰਹੇਗਾ ਤੇ ਦੁਨੀਆਂ ਭਰ ਤੋਂ ਜ਼ਹੀਨ ਲੋਕ ਇਥੇ ਪੁੱਜਦੇ ਹਨ। ਅਗਲੇ ਦੋ ਕੁ ਸਾਲ ਉਨ੍ਹਾਂ ਦਾ ਕਾਰਜ ਕੁਝ ਵਿਹਾਰਕ ਤੇ ਠੋਸ ਕੰਮ ਕਰਨੇ ਹਨ ਤੇ ਇਸ ਵਿਚ ਜਿੰਨਾ ਕਾਂਗਰਸ ਨਾਲ ਰਲ ਕੇ ਸੰਭਵ ਹੋਇਆ ਠੀਕ ਹੈ, ਜਿਥੇ ਅਜਿਹਾ ਸੰਭਵ ਨਾ ਹੋਇਆ ਤਾਂ ਉਹ ਆਪਣੇ ਬਲਬੂਤੇ ਕੰਮ ਕਰਨਗੇ ਤੇ ਲੋਕਾਂ ਨੂੰ ਦਿਖਾਉਣਗੇ ਕਿ ਕਿਉਂ ਅਮਰੀਕਾ ਨੂੰ ਸਵੈ-ਭਰੋਸੇ ਨਾਲ ਭਰਪੂਰ ਹੋਣਾ ਚਾਹੀਦਾ ਹੈ ਤੇ ਲੋਕਾਂ ਨੂੰ ਤਰੱਕੀ ਤੇ ਆਸ ਦੇ ਰਾਹ ਪਾਈ ਰੱਖਣਾ ਹੈ।

ਉਂਜ ਓਬਾਮਾ ਨੇ ਰਿਪਬਲਿਕਨਾਂ ਹੱਥੋਂ ਹੋਈ ਡੈਮੋਕਰੇਟਾਂ ਦੀ ਹਾਰ ਦੀ ਸਿੱਧੀ ਜ਼ਿੰਮੇਵਾਰੀ ਲੈਣੋਂ ਟਾਲਾ ਹੀ ਵੱਟਿਆ ਜਿਨ੍ਹਾਂ ਨੇ ਉਸ ਦੀ ਪਾਰਟੀ ਤੋਂ ਸੈਨੇਟ ਦਾ ਕੰਟਰੋਲ ਖੋਹ ਲਿਆ ਹੈ ਤੇ ਪ੍ਰਤੀਨਿਧ ਸਦਨ 'ਤੇ ਸ਼ਿਕੰਜਾ ਵਧਾ ਦਿੱਤਾ ਹੈ ਤੇ ਉਨ੍ਹਾਂ ਦੇ ਗਵਰਨਰਾਂ ਦੇ ਕਈ ਅਹਿਮ ਅਹੁਦੇ ਖੋਹ ਲਏ ਹਨ। ਓਬਾਮਾ ਨੇ ਦਾਅਵਾ ਕੀਤਾ ਕਿ ਜਦੋਂ ਤੋਂ ਉਹ ਮੁਲਕ ਦਾ ਆਗੂ ਬਣਿਆ, ਅਮਰੀਕਾ ਨੇ ਅਸਲ ਤਰੱਕੀ ਕੀਤੀ। ਉਨ੍ਹਾਂ ਕਿਹਾ ਕਿ ਵਧੇਰੇ ਅਮਰੀਕੀ ਇਸ ਵੇਲੇ ਕੰਮ ਕਰ ਰਹੇ ਹਨ ਤੇ ਬੇਰੁਜ਼ਗਾਰੀ ਘਟੀ ਹੈ। ਵਧੇਰੇ ਲੋਕਾਂ ਦਾ ਸਿਹਤ ਬੀਮਾ ਹੋਇਆ ਹੈ। ਮੈਨੂਫੈਕਚਰਿੰਗ ਵਿਚ ਵਾਧਾ ਹੋਇਆ ਹੈ। ਘਾਟਾ ਘੱਟ ਗਿਆ ਹੈ ਤੇ ਅਮਰੀਕਾ ਦੀ ਵਿਦੇਸ਼ੀ ਤੇਲ ਉਤੇ ਨਿਰਭਰਤਾ ਘਟੀ ਹੈ।

## ਨਿੱਕੀ ਹੇਲੀ ਤੇ ਕਮਲਾ ਹੈਰਿਸ ਮੁੜ ਜੇਤੂ




**ਵਾਸ਼ਿੰਗਟਨ:** ਸਾਊਥ ਕੈਰੋਲੀਨਾ ਦੀ ਗਵਰਨਰ ਨਿੱਕੀ ਹੇਲੀ ਤੇ ਕੈਲੀਫੋਰਨੀਆ ਦੀ ਅਟਾਰਨੀ ਜਨਰਲ ਕਮਲਾ ਹੈਰਿਸ (50) ਲਗਾਤਾਰ ਦੂਜੀ ਵਾਰ ਜਿੱਤਣ ਵਿਚ ਕਾਮਯਾਬ ਰਹੇ ਹਨ। ਰਿਪਬਲਿਕਨ ਹੇਲੀ (42) ਨੇ 57.8 ਫੀਸਦੀ ਵੋਟਾਂ ਹਾਸਲ ਕਰਕੇ ਆਪਣੀ ਵਿਰੋਧੀ ਵਿਨਸੇਂਟ ਸ਼ੀਹੀਨ ਨੂੰ ਕਾਫੀ ਪਿੱਛੇ ਛੱਡ ਦਿੱਤਾ ਜਿਸ ਨੂੰ ਸਿਰਫ਼ 40 ਫੀਸਦੀ ਵੋਟਾਂ ਹੀ ਮਿਲੀਆਂ। ਕਾਲੋਰੈਡੋ ਵਿਚ ਰਿਪਬਲਿਕਨ ਜਨਕ ਜੋਸ਼ੀ ਵੀ ਜਿੱਤ ਗਏ ਹਨ। ਇਸੇ ਤਰ੍ਹਾਂ ਨੀਰਜ ਐਨਤਾਨੀ (23) ਓਹਾਇਓ ਸੂਬਾਈ ਵਿਧਾਨ ਸਭਾ ਵਿਚ ਸਭ ਤੋਂ ਘੱਟ ਉਮਰ ਦੇ ਰਿਪਬਲਿਕਨ ਆਗੂ ਚੁਣੇ ਗਏ ਹਨ ਜਿਨ੍ਹਾਂ ਡੈਮੋਕਰੇਟਿਕ ਪਾਰਟੀ ਦੇ ਪੈਟਰਿਕ ਮੌਰਿਸ ਨੂੰ ਹਰਾਇਆ। ਪਿਛਲੇ ਸਾਲ ਰਾਜਨੀਤੀ ਵਿਗਿਆਨ ਵਿਚ ਡਿਗਰੀ ਲੈਣ ਵਾਲੇ ਨੀਰਜ ਇਸ ਸਮੇਂ ਡੇਅਟਨ ਯੂਨੀਵਰਸਿਟੀ ਤੋਂ ਕਾਨੂੰਨ ਦੀ ਪੜ੍ਹਾਈ ਕਰ ਰਹੇ ਹਨ। ਸੇਵਾਮੁਕਤ ਡਾਕਟਰ ਪ੍ਰਸਾਦ ਸ੍ਰੀਨਿਵਾਸਨ ਰਿਪਬਲਿਕਨ ਟਿਕਟ ਤੋਂ ਕਨੈਕਟੀਕਟ ਤੋਂ ਬਿਨਾਂ ਵਿਰੋਧ ਚੁਣੇ ਗਏ। ਡੈਮੋਕਰੇਟ ਸੈਮ ਸਿੰਘ, ਮਿਸ਼ੀਗਨ ਤੋਂ ਮੁੜ ਜੇਤੂ ਰਹੇ ਹਨ। ਮੈਰੀਲੈਂਡ ਵਿਚ ਕੁਮਾਰ ਭਾਰਵੇ ਤੇ ਅਰੁਣਾ ਮਿਲਰ ਵੀ ਆਪੋ-ਆਪਣੇ ਹਲਕਿਆਂ ਤੋਂ ਜੇਤੂ ਰਹੇ ਹਨ ਪਰ ਇਲੀਨਾਏ ਅਸੈਂਬਲੀ ਲਈ ਉਮੀਦਵਾਰ ਲਾਡੀ ਸਿੰਘ ਜਿਤ ਨਹੀਂ ਸਕੀ।



# ਨਸ਼ਿਆਂ ਦੀ ਤਸਕਰੀ ਰੋਕਣ ਲਈ ਹੁਣ ਪੁਲਿਸ ਅਫ਼ਸਰਾਂ ਨੂੰ ਹਦਾਇਤਾਂ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੁਲਿਸ ਅਧਿਕਾਰੀਆਂ ਅਤੇ ਪਾਰਟੀ ਦੇ ਆਗੂਆਂ ਨਾਲ ਮੀਟਿੰਗ ਦੌਰਾਨ ਸਵੀਕਾਰ ਕੀਤਾ ਹੈ ਕਿ ਪੰਜਾਬ ਵਿਚ ਨਸ਼ਿਆਂ ਦਾ ਪ੍ਰਭਾਵ ਮੁੜ ਤੋਂ ਵਧਣ ਲੱਗਾ ਹੈ। ਤਰਨ ਤਾਰਨ ਅਤੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰਾਂ ਤੇ ਪੁਲਿਸ ਮੁਖੀਆਂ ਨਾਲ ਮੀਟਿੰਗ ਦੌਰਾਨ ਉਨ੍ਹਾਂ ਨਸ਼ਿਆਂ ਦੀ ਸਮਗਲਿੰਗ 'ਤੇ ਕਾਬੂ ਪਾਉਣ ਦੀਆਂ ਹਦਾਇਤਾਂ ਦਿੱਤੀਆਂ। ਨਸ਼ਿਆਂ ਦੇ ਮੁੱਦੇ 'ਤੇ ਪਾਰਟੀ ਪ੍ਰਧਾਨ ਨੇ ਜਿੱਥੇ ਪੁਲਿਸ ਅਫ਼ਸਰਾਂ ਨੂੰ ਤਾੜਨਾ ਕੀਤੀ, ਉਥੇ ਅਕਾਲੀ ਆਗੂਆਂ ਨੂੰ ਵੀ ਇਸ ਮਾਮਲੇ 'ਤੇ ਸੁਚੇਤ ਰਹਿਣ ਦੀਆਂ ਹਦਾਇਤਾਂ ਦਿੱਤੀਆਂ।

ਇਸ ਮੀਟਿੰਗ ਵਿਚ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ, ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ, ਦੋਹਾਂ ਜ਼ਿਲ੍ਹਿਆਂ ਦੇ ਅਕਾਲੀ ਵਿਧਾਇਕ ਤੇ ਸ਼੍ਰੋਮਣੀ ਕਮੇਟੀ ਮੈਂਬਰ ਮੌਜੂਦ ਸਨ। ਸ਼੍ਰੋਮਣੀ ਅਕਾਲੀ ਦਲ ਵਿਚ ਇਸ ਤਰ੍ਹਾਂ ਦੀ ਤਬਦੀਲੀ ਭਾਜਪਾ ਵੱਲੋਂ ਵਧਾਏ ਜਾ ਰਹੇ ਦਬਾਅ ਤੋਂ ਬਾਅਦ ਦੇਖਣ ਨੂੰ ਮਿਲ ਰਹੀ ਹੈ। ਪਾਰਟੀ ਪ੍ਰਧਾਨ ਵੱਲੋਂ ਮੀਟਿੰਗ ਦੌਰਾਨ ਅਜਿਹੇ ਮੁੱਦਿਆਂ 'ਤੇ ਹੀ ਧਿਆਨ ਕੇਂਦਰਤ ਕੀਤਾ ਗਿਆ ਜਿਨ੍ਹਾਂ ਮੁੱਦਿਆਂ 'ਤੇ ਲੋਕਾਂ ਵਿਚ ਸਰਕਾਰ ਪ੍ਰਤੀ ਨਾਰਾਜ਼ਗੀ ਹੈ। ਇਨ੍ਹਾਂ ਮੁੱਦਿਆਂ 'ਤੇ ਹੀ ਸਰਕਾਰ ਵਿਚ ਭਾਈਵਾਲ ਭਾਰਤੀ ਜਨਤਾ ਪਾਰਟੀ ਵੱਲੋਂ ਠਿੱਠ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਜਤਿੰਦਰ ਸਿੰਘ ਔਲਖ, ਤਰਨ ਤਾਰਨ ਦੇ ਜ਼ਿਲ੍ਹਾ ਪੁਲਿਸ ਮੁਖੀ ਮਨਮੋਹਨ ਸ਼ਰਮਾ ਅਤੇ ਅੰਮ੍ਰਿਤਸਰ (ਦਿਹਾਤੀ) ਦੇ ਐਸ.ਐਸ.ਪੀ. ਜਸਪ੍ਰੀਤ ਸੈਣੀ ਨੂੰ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਨਸ਼ਿਆਂ ਬਾਰੇ ਹਰ ਮਹੀਨੇ ਸਮੀਖਿਆ ਕੀਤੀ ਜਾਵੇਗੀ। ਮੀਟਿੰਗ ਵਿਚ ਮੌਜੂਦ ਇੱਕ ਸੀਨੀਅਰ ਅਕਾਲੀ ਆਗੂ ਨੇ ਦੱਸਿਆ ਕਿ ਪਾਰਟੀ ਆਗੂਆਂ ਨੂੰ ਵੀ ਨਸ਼ਿਆਂ ਦੇ ਸੌਦਾਗਰਾਂ ਤੋਂ ਦੂਰ ਰਹਿਣ ਦੀ ਤਾੜਨਾ ਕੀਤੀ ਗਈ ਹੈ। ਡਿਪਟੀ ਕਮਿਸ਼ਨਰਾਂ ਨੂੰ ਕਿਹਾ ਗਿਆ ਕਿ ਦਫ਼ਤਰਾਂ ਵਿਚ ਹਰ ਕੰਮ ਲਈ ਲੋਕਾਂ ਨੂੰ ਰਿਸ਼ਵਤ ਦੇਣੀ ਪੈਂਦੀ ਹੈ। ਅਕਾਲੀ ਆਗੂਆਂ ਨੇ ਕੁੱਝ ਅਫ਼ਸਰਾਂ 'ਤੇ ਲੋਕ ਮਸਲਿਆਂ ਵੱਲ ਧਿਆਨ ਨਾ ਦੇਣ ਦਾ ਮਾਮਲਾ ਵੀ ਮੀਟਿੰਗ ਵਿਚ ਉਠਾਇਆ। ਉਪ ਮੁੱਖ ਮੰਤਰੀ ਨੇ ਜ਼ਿਲ੍ਹਾ ਪੁਲਿਸ ਅਤੇ ਸਿਵਲ ਅਫ਼ਸਰਾਂ ਨੂੰ ਕਿਹਾ ਕਿ ਹਾਕਮ ਪਾਰਟੀ ਦੇ ਆਗੂਆਂ ਨੂੰ ਦਫ਼ਤਰਾਂ ਵਿਚ ਬੁਲਾ ਕੇ ਤਾਲਮੇਲ ਰੱਖਿਆ ਜਾਵੇ। ਹਾਕਮ ਪਾਰਟੀ ਦੇ ਆਗੂਆਂ ਦੀਆਂ ਸਿਫਾਰਿਸ਼ਾਂ ਮੰਨਣ ਲਈ ਵੀ ਹਦਾਇਤਾਂ ਦਿੱਤੀਆਂ। ਅਫ਼ਸਰਾਂ ਨੂੰ ਅਕਾਲੀਆਂ ਨਾਲ ਤਾਲਮੇਲ ਵਧਾਉਣ ਤੇ ਸਰਕਾਰ ਦਾ ਅਕਸ ਸੁਧਾਰਨ ਦੀਆਂ ਹਦਾਇਤਾਂ ਦਿੱਤੀਆਂ।

ਉਧਰ, ਸ. ਸੁਖਬੀਰ ਸਿੰਘ ਬਾਦਲ ਵੱਲੋਂ ਬੁਲਾਈ ਮੀਟਿੰਗ ਵਿਚ ਸੂਬੇ ਦੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨਹੀਂ ਪੁੱਜੇ। ਪਾਰਟੀ ਵੱਲੋਂ ਅੰਮ੍ਰਿਤਸਰ ਅਤੇ ਤਰਨਤਾਰਨ ਤੇ ਸਮੁੱਚੇ ਅਕਾਲੀ ਆਗੂਆਂ ਨੂੰ ਬੁਲਾਇਆ ਗਿਆ ਸੀ। ਪਾਰਟੀ ਹਲਕਿਆਂ ਮੁਤਾਬਕ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜਵਾਈ ਸ. ਕੈਰੋਂ ਅਕਸਰ ਹੀ ਪਾਰਟੀ ਪ੍ਰਧਾਨ ਵੱਲੋਂ ਬੁਲਾਈਆਂ ਜਾਂਦੀਆਂ ਮੀਟਿੰਗਾਂ ਵਿਚੋਂ ਗੈਰ-ਹਾਜ਼ਰ ਹੁੰਦੇ ਹਨ।

# ਬਠਿੰਡਾ ਹਵਾਈ ਅੱਡੇ ਦੇ ਉਦਘਾਟਨ ਲਈ ਨਵੀਂ ਉਡਾਣ?

**ਬਠਿੰਡਾ:** ਪੰਜਾਬ ਸਰਕਾਰ ਨੇ ਬਠਿੰਡਾ ਹਵਾਈ ਅੱਡੇ 'ਤੇ ਉਡਾਣਾਂ ਸ਼ੁਰੂ ਕਰਵਾਉਣ ਲਈ ਯਤਨ ਤੇਜ਼ ਕਰ ਦਿੱਤੇ ਹਨ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕੇਂਦਰੀ ਹਵਾਬਾਜ਼ੀ ਮੰਤਰੀ ਅਸ਼ੋਕ ਗਜਪਤੀ ਰਾਜੂ ਨਾਲ ਇਸ ਬਾਰੇ ਮੁਲਾਕਾਤ ਕੀਤੀ। ਉਨ੍ਹਾਂ ਇਸ ਮੁਲਾਕਾਤ ਦੌਰਾਨ ਬਠਿੰਡਾ ਦੇ ਹਵਾਈ ਅੱਡੇ ਦੇ ਉਦਘਾਟਨ ਦੀ ਗੱਲ ਰੱਖੀ।

ਕੇਂਦਰੀ ਹਵਾਬਾਜ਼ੀ ਮੰਤਰੀ ਨੇ ਅਧਿਕਾਰੀਆਂ ਨੂੰ ਬਠਿੰਡਾ ਹਵਾਈ ਅੱਡੇ ਬਾਰੇ ਹਦਾਇਤਾਂ ਵੀ ਜਾਰੀ ਕਰ ਦਿੱਤੀਆਂ ਹਨ। ਕੇਂਦਰੀ ਮੰਤਰੀ ਦੀ ਹਦਾਇਤ ਮਗਰੋਂ ਏਅਰਪੋਰਟ ਅਥਾਰਟੀ ਆਫ਼ ਇੰਡੀਆ (ਏ.ਏ.ਆਈ.) ਨੇ ਵੀ ਸਰਗਰਮੀ ਦਿਖਾਉਣੀ ਸ਼ੁਰੂ ਕਰ ਦਿੱਤੀ ਹੈ।

ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਵੀ ਕੁਝ ਸਮਾਂ ਪਹਿਲਾਂ 11 ਜੂਨ 2014 ਨੂੰ ਕੇਂਦਰੀ ਹਵਾਬਾਜ਼ੀ ਮੰਤਰੀ ਨਾਲ ਮੁਲਾਕਾਤ ਕੀਤੀ ਸੀ। ਉਨ੍ਹਾਂ ਅਗਸਤ ਮਹੀਨੇ ਵਿਚ ਉਦਘਾਟਨ ਕਰਾਉਣ ਦੀ ਗੱਲ ਰੱਖੀ ਸੀ। ਉਸ ਮਗਰੋਂ ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਨੇ ਵੀ ਕੇਂਦਰੀ ਹਵਾਬਾਜ਼ੀ ਮੰਤਰੀ ਨੂੰ ਪੱਤਰ ਲਿਖਿਆ। ਇਸ ਦੇ ਬਾਵਜੂਦ ਕੇਂਦਰ ਸਰਕਾਰ ਨੇ ਕੋਈ ਬਾਂਹ ਨਹੀਂ ਫੜਾਈ।

ਹਵਾਬਾਜ਼ੀ ਵਿਭਾਗ, ਪੰਜਾਬ ਦੇ ਡਾਇਰੈਕਟਰ ਗਗਨਦੀਪ ਸਿੰਘ ਬਰਾੜ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਕੇਂਦਰੀ ਹਵਾਬਾਜ਼ੀ ਮੰਤਰੀ ਨੂੰ ਬਠਿੰਡਾ ਹਵਾਈ ਅੱਡੇ ਦੇ ਉਦਘਾਟਨ ਬਾਰੇ ਅਪੀਲ ਕੀਤੀ ਹੈ। ਜਲਦੀ ਹੀ ਹੁੰਗਾਰਾ ਮਿਲਣ ਦੀ ਉਮੀਦ ਹੈ। ਦੱਸਣਯੋਗ ਹੈ ਕਿ ਬਠਿੰਡਾ ਦਾ ਹਵਾਈ ਅੱਡਾ 30 ਅਕਤੂਬਰ 2012 ਨੂੰ ਮੁਕੰਮਲ ਹੋ ਗਿਆ ਸੀ। ਪੰਜਾਬ ਸਰਕਾਰ ਦਾ ਪਹਿਲਾਂ ਇਲਜ਼ਾਮ ਸੀ ਕਿ ਕੇਂਦਰ ਦੀ ਯੂ.ਪੀ.ਏ. ਸਰਕਾਰ ਜਾਣਬੁੱਝ ਕੇ ਪ੍ਰੋਜੈਕਟ ਦੇ ਉਦਘਾਟਨ ਵਿਚ ਦੇਰੀ ਕਰ ਰਹੀ ਹੈ। ਹੁਣ ਮੋਦੀ ਸਰਕਾਰ ਨੇ ਵੀ ਹਾਲੇ ਤੱਕ ਪੰਜਾਬ ਸਰਕਾਰ ਨੂੰ ਪੱਲਾ ਨਹੀਂ ਫੜਾਇਆ। ਕਿਹਾ ਜਾਂਦਾ ਹੈ ਕਿ ਕਿਸੇ ਵੀ ਹਵਾਬਾਜ਼ੀ ਕੰਪਨੀ ਵੱਲੋਂ ਬਠਿੰਡਾ ਨੂੰ ਆਪਣੇ ਰੂਟ 'ਤੇ ਨਾ ਲਿਆਉਣ, ਉਦਘਾਟਨ ਦੇ ਰਾਹ ਵਿਚ ਵੱਡਾ ਅੜਿੱਕਾ ਹੈ। ਹਵਾਬਾਜ਼ੀ ਵਿਭਾਗ ਦੇ ਪ੍ਰਮੁੱਖ ਸਕੱਤਰ ਵਿਸ਼ਵਜੀਤ ਖੰਨਾ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਨੇ ਦੋ-ਤਿੰਨ ਹਵਾਈ ਕੰਪਨੀਆਂ ਨਾਲ ਗੱਲ ਸ਼ੁਰੂ ਕੀਤੀ ਹੋਈ ਹੈ। ਛੇਤੀ ਹੀ ਗੱਲ ਸਿਰੇ ਚੜ੍ਹ ਜਾਵੇਗੀ।

ਯਾਦ ਰਹੇ ਕਿ ਬਠਿੰਡਾ ਹਵਾਈ ਅੱਡੇ ਲਈ 2007 ਵਿਚ 37 ਏਕੜ ਜ਼ਮੀਨ ਐਕੁਆਇਰ ਕਰਨ ਮਗਰੋਂ ਜ਼ਮੀਨ ਮਾਰਚ 2009 ਵਿਚ ਏਅਰਪੋਰਟ ਅਥਾਰਟੀ ਆਫ਼ ਇੰਡੀਆ ਦੇ ਹਵਾਲੇ ਕਰ ਦਿੱਤੀ ਗਈ ਸੀ। ਹਵਾਈ ਅੱਡੇ ਦੀ ਉਸਾਰੀ ਸਾਲ 2010 ਵਿਚ ਸ਼ੁਰੂ ਹੋਈ ਸੀ। ਏਅਰਪੋਰਟ ਅਥਾਰਟੀ ਨੇ ਹਵਾਈ ਅੱਡੇ ਦੀ ਉਸਾਰੀ 'ਤੇ ਕਰੀਬ 25 ਕਰੋੜ ਰੁਪਏ ਖਰਚ ਕੀਤੇ ਜਦੋਂ ਕਿ ਪੰਜਾਬ ਸਰਕਾਰ ਵੱਲੋਂ ਵੀ ਕਰੀਬ ਸੱਤ ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ ਅਤੇ ਦੋ ਕਰੋੜ ਰੁਪਏ ਹੋਰ ਖਰਚ ਕੀਤੇ ਜਾਣੇ ਹਨ।

# ਗੁਰਦੁਆਰਾ ਫਰੀਮਾਂਟ ਦਾ ਅਕਾਊਂਟ ਆਡਿਟ ਕਰਵਾਉਣ ਦਾ ਫੈਸਲਾ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧਕਾਂ ਵਲੋਂ ਅਕਾਊਂਟ ਆਡਿਟ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ। ਇਹ ਜਾਣਕਾਰੀ ਗੁਰਦੁਆਰਾ ਸੁਪਰੀਮ ਕੌਂਸਲ ਦੇ ਮੈਂਬਰ ਭਾਈ ਜਸਦੇਵ ਸਿੰਘ ਨੇ ਇਕ ਪ੍ਰੈਸ ਬਿਆਨ ਰਾਹੀਂ ਦਿੱਤੀ। ਜ਼ਿਕਰਯੋਗ ਹੈ ਕਿ ਬੇਅ ਏਰੀਆ ਸਿੱਖ ਅਲਾਇੰਸ ਅਤੇ ਸੰਗਤ ਦੇ ਹੋਰਨਾਂ ਮੈਂਬਰਾਂ ਵਲੋਂ ਗੁਰੂ ਘਰ ਦਾ ਅਕਾਊਂਟ ਆਡਿਟ ਕਰਵਾਉਣ ਦੀ ਵਾਰ ਵਾਰ ਮੰਗ ਕੀਤੀ ਜਾ ਰਹੀ ਸੀ। ਪ੍ਰਬੰਧਕ ਕਮੇਟੀ ਉਤੇ ਅਕਾਊਂਟ ਆਡਿਟ ਕਰਾਉਣ ਤੋਂ ਜਾਣ-ਬੁੱਝ ਕੇ ਆਨਾ-ਕਾਨੀ ਕਰਨ ਦੇ ਦੋਸ਼ ਵੀ ਲਾਏ ਗਏ ਸਨ।

ਜਾਰੀ ਬਿਆਨ ਵਿਚ ਭਾਈ ਜਸਦੇਵ ਸਿੰਘ ਨੇ ਦੱਸਿਆ ਕਿ ਕਮੇਟੀ ਵਲੋਂ ਗੁਰੂ ਘਰ ਦੇ ਹਿਸਾਬ-ਕਿਤਾਬ ਸੰਗਤਾਂ ਲਈ ਹਮੇਸ਼ਾ ਖੁੱਲ੍ਹੇ ਹਨ ਅਤੇ ਸੰਗਤ ਦੇ ਹਰੇਕ ਮੈਂਬਰ ਨੂੰ ਹਿਸਾਬ ਬਾਰੇ ਸਵਾਲ ਪੁੱਛਣ ਦਾ ਹੱਕ ਹੈ। ਉਨ੍ਹਾਂ ਕਿਹਾ ਕਿ ਸਮੇਂ ਸਮੇਂ ਸਿਰ ਸਾਲਾਨਾ ਇਜਲਾਸ ਵਿਚ ਵੀ ਇਸ ਬਾਰੇ ਸੂਚਨਾ ਸੰਗਤਾਂ ਨੂੰ ਦਿਤੀ ਜਾਂਦੀ ਹੈ। ਮਾਰਚ 2014 ਵਿਚ ਵੀ ਇਕ ਰਿਪੋਰਟ ਸੰਗਤਾਂ ਵਿਚ ਵੰਡੀ ਗਈ ਸੀ। ਸੁਪਰੀਮ ਕੌਂਸਲ ਮੈਂਬਰ ਨੇ ਆਖਿਆ ਕਿ ਅਕਾਊਂਟ ਆਡਿਟ ਕਰਵਾਉਣ ਦੀ ਮੰਗ ਕਰਨ ਵਾਲੇ ਸੱਜਣਾਂ ਨੂੰ ਕਈ ਵਾਰ ਪੇਸ਼ਕਸ਼ ਕੀਤੀ ਗਈ ਕਿ ਮਿਲ-ਬੈਠ ਕੇ ਕੋਈ ਸਾਂਝਾ ਸੀ ਪੀ ਏ ਲਿਆ ਕੇ ਆਡਿਟ ਕਰਵਾ ਲਿਆ ਜਾਵੇ ਜਾਂ ਉਹ ਸਾਰਾ ਖੁਦ ਹਿਸਾਬ-ਕਿਤਾਬ ਚੈਕ ਕਰ ਸਕਦੇ ਹਨ ਤਾਂ ਜੋ ਸੰਗਤਾਂ ਦਾ ਪੈਸਾ ਖਰਾਬ ਨਾ ਹੋਵੇ।

ਭਾਈ ਜਸਦੇਵ ਸਿੰਘ ਨੇ ਕਿਹਾ ਕਿ ਪ੍ਰਮਾਣਿਤ ਸੀ ਪੀ ਏ ਤੋਂ ਆਡਿਟ ਕਰਾਉਣ ਲਈ ਖਾਸ ਪ੍ਰਕਿਰਿਆ ਕਰਨੀ ਪੈਂਦੀ ਹੈ ਅਤੇ ਇਸ ਉਪਰ ਕਾਫੀ ਖਰਚਾ ਆਉਂਦਾ ਹੈ। ਕਾਰਪੋਰੇਸ਼ਨ ਕਾਨੂੰਨ ਮੁਤਾਬਿਕ ਅਜਿਹੇ ਆਡਿਟ ਦੀ ਜਰੂਰਤ ਨਹੀਂ ਅਤੇ ਨਾ ਹੀ ਗੁਰੂ ਘਰ ਵਿਚ ਅਜਿਹਾ ਕੋਈ ਆਡਿਟ ਪਹਿਲਾਂ ਕਦੀ ਹੋਇਆ ਹੈ।

# ਦੁੱਧ 'ਚ ਮਿਲਾਵਟ ਕਰਨ ਵਾਲਿਆਂ ਨੂੰ ਉਮਰ ਕੈਦ ਦੀ ਵਕਾਲਤ

**ਨਵੀਂ ਦਿੱਲੀ:** ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ 'ਚ ਮਿਲਾਵਟ ਦੀ ਸਮੱਸਿਆ ਨੂੰ ਬੇਹੱਦ ਗੰਭੀਰ ਕਰਾਰ ਦਿੰਦਿਆਂ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਪਾਰਲੀਮੈਂਟ ਦੇ ਆਉਂਦੇ ਸੈਸ਼ਨ ਵਿਚ ਖੁਰਾਕ ਸੁਰੱਖਿਆ ਅਤੇ ਮਿਆਰ ਕਾਨੂੰਨ ਵਿਚ ਸੋਧ ਕਰਕੇ ਮਿਲਾਵਟਖੋਰਾਂ ਲਈ ਉਮਰ ਕੈਦ ਦੀ ਵਿਵਸਥਾ ਕਰਨ ਲਈ ਕਿਹਾ ਹੈ।

ਜਸਟਿਸ ਐਮ.ਵਾਈ. ਇਕਬਾਲ ਅਤੇ ਸ਼ਿਵਾ ਕੀਰਤੀ ਸਿੰਘ ਦੇ ਬੈਂਚ ਨੇ ਆਖਿਆ, "ਸਾਨੂੰ ਆਸ ਅਤੇ ਭਰੋਸਾ ਹੈ ਕਿ ਕੇਂਦਰ ਪਾਰਲੀਮੈਂਟ ਦੇ ਸਰਦ ਰੁੱਤ ਇਜਲਾਸ ਦੌਰਾਨ ਢੁਕਵੇਂ ਕਦਮ ਉਠਾਵੇਗਾ। ਇਹ ਸਹੀ ਸਮਾਂ ਹੈ। ਦੁੱਧ ਵਿਚ ਮਿਲਾਵਟ ਹੋ ਰਹੀ ਹੈ ਅਤੇ ਰਾਜਾਂ ਨੂੰ ਵੀ ਕਾਰਵਾਈ ਕਰਨੀ ਚਾਹੀਦੀ ਹੈ।

ਸਰਕਾਰ ਖੁਰਾਕ ਸੁਰੱਖਿਆ ਕਾਨੂੰਨ ਵਿਚ ਸੋਧ ਕਰੇ ਜਾਂ ਨਵਾਂ ਕਾਨੂੰਨ ਲਿਆਵੇ।" ਇਸ ਦੌਰਾਨ ਬੈਂਚ ਨੇ ਕੇਂਦਰ ਨੂੰ ਇਸ ਮੁੱਦੇ 'ਤੇ ਹੁਣ ਤੱਕ ਕੀਤੀ ਕਾਰਵਾਈ ਦੇ ਵੇਰਵੇ ਸਹਿਤ ਰਿਪੋਰਟ ਪੇਸ਼ ਕਰਨ ਲਈ ਚਾਰ ਹਫਤਿਆਂ ਦਾ ਸਮਾਂ ਦਿੱਤਾ ਹੈ ਅਤੇ ਮਾਮਲੇ 'ਤੇ ਅਗਲੀ ਸੁਣਵਾਈ 10 ਦਸੰਬਰ ਨੂੰ ਮੁਕੱਰਰ ਕੀਤੀ ਹੈ।

ਸਵਾਮੀ ਅਛੂਤਾਨੰਦ ਤੀਰਥ ਅਤੇ ਹੋਰਨਾਂ ਵੱਲੋਂ ਦਾਇਰ ਕੀਤੀ ਗਈ ਇਸ ਜਨਹਿਤ ਪਟੀਸ਼ਨ ਦੀ ਪੈਰਵੀ ਕਰਦਿਆਂ ਐਡਵੋਕੇਟ ਅਨੁਰਾਗ ਤੋਮਰ ਨੇ ਬੈਂਚ ਨੂੰ ਬੇਨਤੀ ਕੀਤੀ ਕਿ ਇਸ ਅਲਾਮਤ ਦੀ ਰੋਕਥਾਮ ਲਈ ਰਾਜਾਂ ਨੂੰ ਸਖਤ ਨਿਰਦੇਸ਼ ਜਾਰੀ ਕੀਤੇ ਜਾਣ।

ਅਦਾਲਤ ਨੇ ਪਹਿਲਾਂ ਕਿਹਾ ਸੀ ਕਿ ਰਾਜਾਂ ਵੱਲੋਂ ਦੁੱਧ 'ਚ ਮਿਲਾਵਟ ਕਰਨ ਵਾਲਿਆਂ ਨੂੰ ਜੁਰਮਾਨੇ ਕਰ ਕੇ ਛੱਡ ਦਿੱਤਾ ਜਾਂਦਾ ਹੈ ਜਦਕਿ ਉੱਤਰ ਪ੍ਰਦੇਸ਼, ਪੱਛਮੀ ਬੰਗਾਲ ਅਤੇ ਉੜੀਸਾ ਜਿਹੇ ਰਾਜਾਂ ਦੀ ਤਰਜ਼ 'ਤੇ ਮਿਲਾਵਟਖੋਰਾਂ ਲਈ ਉਮਰ ਕੈਦ ਦੀ ਸਜ਼ਾ ਨਿਯਤ ਕੀਤੀ ਜਾਣੀ ਚਾਹੀਦੀ ਹੈ। ਫੂਡ ਸੇਫਟੀ ਐਂਡ ਸਟੈਂਡਰਡਜ਼ ਅਥਾਰਟੀ ਆਫ ਇੰਡੀਆ ਵੱਲੋਂ 2011 ਵਿਚ ਇਕੱਤਰ ਕੀਤੇ ਨਮੂਨਿਆਂ ਦੀ ਜਾਂਚ ਤੋਂ ਪਤਾ ਲੱਗਿਆ ਸੀ ਕਿ ਦੇਸ਼ ਭਰ ਵਿਚ ਦੁੱਧ 'ਚ ਮਿਲਾਵਟ ਹੋ ਰਹੀ ਹੈ ਅਤੇ ਹਾਨੀਕਾਰਕ ਤੱਤਾਂ ਦੇ ਇਸਤੇਮਾਲ ਕਰਨ ਕਰ ਕੇ ਖਪਤਕਾਰਾਂ ਦੀ ਸਿਹਤ ਦਾਅ 'ਤੇ ਲੱਗੀ ਹੋਈ ਹੈ।

## ਐਫ.ਬੀ.ਆਈ. ਵੱਲੋਂ ਸਾਬਕਾ ਅਮਰੀਕੀ ਡਿਪਲੋਮੈਟ ਰਾਫੇਲ ਦੇ ਘਰ ਦੀ ਤਲਾਸ਼ੀ

**ਵਾਸ਼ਿੰਗਟਨ:** ਐਫ.ਬੀ.ਆਈ. ਦੇ ਏਜੰਟਾਂ ਨੇ ਪਿਛਲੇ ਮਹੀਨੇ ਇਕ ਸਾਬਕਾ ਅਮਰੀਕਨ ਡਿਪਲੋਮੈਟ ਰੌਬਿਨ ਰਾਫੇਲ ਦੇ ਘਰ ਦੀ ਤਲਾਸ਼ੀ ਲਈ ਸੀ। ਉਸ ਵਕਤ ਉਹ ਅਫ਼ਗਾਨਿਸਤਾਨ ਤੇ ਪਾਕਿਸਤਾਨ ਬਾਰੇ ਵਿਸ਼ੇਸ਼ ਪ੍ਰਤੀਨਿਧ ਦੇ ਦਫਤਰ ਵਿਚ ਵਿਸ਼ੇਸ਼ ਸਲਾਹਕਾਰ ਵਜੋਂ ਤਾਇਨਾਤ ਸੀ। ਐਫ.ਬੀ.ਆਈ. ਨੇ ਕਾਊਂਟਰ ਇੰਟੈਲੀਜੈਂਸ ਜਾਂਚ ਤਹਿਤ ਇਹ ਛਾਪਾ ਮਾਰਿਆ ਸੀ।

'ਵਾਸ਼ਿੰਗਟਨ ਪੋਸਟ' ਵਿਚ ਛਪੀ ਰਿਪੋਰਟ ਮੁਤਾਬਕ ਉਸ ਅਹੁਦੇ 'ਤੇ ਬੀਬੀ ਰਾਫੇਲ ਗ਼ੈਰ-ਫ਼ੌਜੀ ਇਮਦਾਦ ਵੰਡਣ ਲਈ ਜ਼ਿੰਮੇਵਾਰ ਸੀ। ਰੌਬਿਨ ਰਾਫੇਲ ਨੂੰ 1993 ਵਿਚ ਉਸ ਵੇਲੇ ਦੇ ਰਾਸ਼ਟਰਪਤੀ ਬਿਲ ਕਲਿੰਟਨ ਵੱਲੋਂ ਦੱਖਣੀ ਏਸ਼ੀਆ ਲਈ ਪ੍ਰਥਮ ਸਹਾਇਕ ਮੰਤਰੀ ਨਿਯੁਕਤ ਕੀਤਾ ਗਿਆ ਸੀ। ਰੌਬਿਨ ਰਾਫੇਲ 'ਤੇ ਵੀ ਸਿੱਖ ਤੇ ਕਸ਼ਮੀਰੀ ਵੱਖਵਾਦੀਆਂ ਦੀ ਪੈਰਵੀ ਕਰਨ ਦਾ ਦੋਸ਼ ਲੱਗਦਾ ਸੀ।

# ਦਸਵੇਂ ਪਾਤਸ਼ਾਹ ਦਾ ਪ੍ਰਕਾਸ਼ ਪੁਰਬ ਅਤੇ ਸ਼ਹੀਦੀ ਜੋੜ ਮੇਲ ਮਨਾਉਣ ਬਾਰੇ ਭੰਬਲਭੂਸਾ

**ਆਨੰਦਪੁਰ ਸਾਹਿਬ:** ਇਸ ਵਾਰ 26, 27 ਤੇ 28 ਦਸੰਬਰ ਨੂੰ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ ਮੇਲੇ ਅਤੇ 29 ਦਸੰਬਰ ਨੂੰ ਮਾਤਾ ਗੁਜਰੀ ਨਮਿਤ ਹੋਣ ਵਾਲੇ ਸਮਾਗਮਾਂ ਦੌਰਾਨ 28 ਦਸੰਬਰ ਨੂੰ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਦਿਹਾੜਾ ਆਉਣ ਕਰ ਕੇ ਸੰਗਤ ਵਿਚ ਭੰਬਲਭੂਸਾ ਬਣਿਆ ਹੋਇਆ ਹੈ। ਇਸ ਸਥਿਤੀ ਦੇ ਹੱਲ ਲਈ ਪੰਜ ਤਖ਼ਤਾਂ ਦੇ ਜਥੇਦਾਰਾਂ ਦੀ 17 ਨਵੰਬਰ ਨੂੰ ਬੈਠਕ ਸੱਦੀ ਗਈ ਹੈ। ਦੂਜੇ ਪਾਸੇ ਪੰਥਕ ਵਿਦਵਾਨਾਂ ਨੇ ਅਜਿਹੇ ਭੰਬਲਭੂਸੇ ਪੈਦਾ ਕਰਨ ਵਾਲੇ ਕੈਲੰਡਰ ਨੂੰ ਬਦਲ ਕੇ ਮੁੜ ਪੁਰਾਣਾ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਦੀ ਮੰਗ ਕੀਤੀ ਹੈ।

ਦੱਸਣਯੋਗ ਹੈ ਕਿ ਇਸ ਵਾਰ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਦਿਹਾੜਾ 28 ਦਸੰਬਰ ਨੂੰ ਮਨਾਇਆ ਜਾ ਰਿਹਾ ਹੈ ਜਦਕਿ ਉਨ੍ਹਾਂ ਦੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਜੋੜ ਮੇਲਾ ਫਤਿਹਗੜ੍ਹ ਸਾਹਿਬ ਵਿਖੇ 26, 27 ਤੇ 28 ਦਸੰਬਰ ਨੂੰ ਮਨਾਇਆ ਜਾ ਰਿਹਾ ਹੈ ਅਤੇ 29 ਦਸੰਬਰ ਨੂੰ ਮਾਤਾ ਗੁਜਰ ਨਮਿਤ ਦਿਹਾੜਾ ਮਨਾਇਆ ਜਾ ਰਿਹਾ ਹੈ। ਆਮ ਤੌਰ 'ਤੇ ਸਿੱਖ ਸੰਗਤ ਸ਼ਹੀਦੀ ਜੋੜ ਮੇਲੇ ਵਾਲੇ ਹਫਤੇ ਨੂੰ ਸੋਗਮਈ ਹਫਤੇ ਵਜੋਂ ਮਨਾਉਂਦੀ ਹੈ ਅਤੇ ਭੁੰਞੇ ਹੀ ਸੌਂਦੀ ਹੈ। ਦੂਜੇ ਪਾਸੇ ਦਸਵੇਂ ਪਾਤਸ਼ਾਹ ਦੇ ਪ੍ਰਕਾਸ਼ ਦਿਹਾੜੇ ਨੂੰ ਸਿੱਖ ਕੌਮ ਚੜ੍ਹਦੀ ਕਲਾ ਅਤੇ ਜੋਸ਼ ਨਾਲ ਮਨਾਉਂਦੀ ਹੈ। ਹੁਣ ਇਹ ਦਿਹਾੜੇ ਇੱਕੋ ਤਰੀਕਾਂ 'ਤੇ ਆ ਜਾਣ ਕਰ ਕੇ ਸਿੱਖ ਸੰਗਤ ਦੁਵਿਧਾ ਵਿਚ ਹੈ।


ਇਸ ਦੁਵਿਧਾ ਬਾਰੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਨੇ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਸਥਿਤੀ ਭੰਬਲਭੂਸੇ ਵਾਲੀ ਹੈ ਪਰ ਇਸ ਦਾ ਢੁਕਵਾਂ ਹੱਲ ਕੱਢਣ ਲਈ 17 ਨਵੰਬਰ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਪੰਜਾਂ ਤਖ਼ਤਾਂ ਦੇ ਸਿੰਘ ਸਾਹਿਬਾਨ ਦੀ ਬੈਠਕ ਸੱਦੀ ਗਈ ਹੈ।

ਦੂਜੇ ਪਾਸੇ ਮੌਜੂਦਾ ਨਾਨਕਸ਼ਾਹੀ ਕੈਲੰਡਰ 'ਤੇ ਪੰਥਕ ਵਿਦਵਾਨਾਂ ਨੇ ਕਈ ਤਰ੍ਹਾਂ ਦੇ ਸੁਆਲ ਉਠਾਉਂਦੇ ਹੋਏ ਇਸ ਨੂੰ ਰੱਦ ਕਰ ਕੇ ਪਹਿਲਾਂ ਵਾਲਾ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਦੀ ਮੰਗ ਕੀਤੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਨੰਦਪੁਰ ਸਾਹਿਬ ਤੋਂ ਮੈਂਬਰ ਪ੍ਰਿੰਸੀਪਲ ਸੁਰਿੰਦਰ ਸਿੰਘ ਅਤੇ ਭਾਈ ਗੁਰਦਾਸ ਇੰਸਟੀਚਿਊਟ ਆਫ ਐਡਵਾਂਸ ਸਿੱਖ ਸਟੱਡੀਜ਼ ਦੇ ਡਾਇਰੈਕਟਰ ਭਾਈ ਹਰਿਸਿਮਰਨ ਸਿੰਘ ਨੇ ਕਿਹਾ ਕਿ ਮੌਜੂਦਾ ਨਾਨਕਸ਼ਾਹੀ ਕੈਲੰਡਰ ਸਿੱਖ ਕੌਮ ਵਿਚ ਕਈ ਤਰ੍ਹਾਂ ਦੀਆਂ ਦੁਵਿਧਾ ਪੈਦਾ ਕਰ ਰਿਹਾ ਹੈ। ਇਸੇ ਕਾਰਨ ਇਸ ਵਾਰ ਸ਼ਹੀਦੀ ਜੋੜ ਮੇਲਾ ਅਤੇ ਪ੍ਰਕਾਸ਼ ਦਿਹਾੜੇ ਦੀਆਂ ਤਰੀਕਾਂ ਇੱਕੋ ਸਮੇਂ ਆ ਗਈਆਂ ਹਨ ਜਦਕਿ 2003 ਵਾਲਾ ਨਾਨਕਸ਼ਾਹੀ ਕੈਲੰਡਰ ਇਸ ਸਥਿਤੀ ਨੂੰ ਧਿਆਨ ਵਿਚ ਰੱਖ ਕੇ ਤਿਆਰ ਕੀਤਾ ਗਿਆ ਸੀ। ਇਸ ਲਈ ਤਖ਼ਤਾਂ ਦੇ ਜਥੇਦਾਰ ਅਤੇ ਪੰਥ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਇਸ ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕਰ ਕੇ ਪਹਿਲਾਂ ਵਾਲੇ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰ ਦਿੱਤਾ ਜਾਵੇ ਤਾਂ ਜੋ ਪੰਥ ਵਿਚ ਪੈਦਾ ਹੋਣ ਵਾਲੇ ਭੰਬਲਭੂਸੇ ਨੂੰ ਦੂਰ ਕੀਤਾ ਜਾ ਸਕੇ।

# ਸ਼੍ਰੋਮਣੀ ਕਮੇਟੀ ਦੇ ਸਦਨ ਦਾ ਕਾਨੂੰਨੀ ਸੰਕਟ ਬਰਕਰਾਰ

**ਅੰਮ੍ਰਿਤਸਰ:** 1920 ਵਿਚ ਸਥਾਪਤ ਹੋਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ 94ਵਾਂ ਸਥਾਪਨਾ ਦਿਵਸ 15 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ ਪਰ ਇਸ ਦੇ ਮੌਜੂਦਾ ਸਦਨ ਦਾ ਵਜੂਦ ਚੋਣਾਂ ਤੋਂ ਬਾਅਦ ਪਿਛਲੇ ਤਿੰਨ ਸਾਲਾਂ ਤੋਂ ਕਾਨੂੰਨੀ ਸੰਕਟ ਵਿਚ ਫਸਿਆ ਹੋਇਆ ਹੈ ਅਤੇ ਇਸ ਦੇ ਖ਼ਤਮ ਹੋਣ ਦੇ ਆਸਾਰ ਅਜੇ ਵੀ ਦਿਖਾਈ ਨਹੀਂ ਦੇ ਰਹੇ।

ਸ਼੍ਰੋਮਣੀ ਕਮੇਟੀ ਦੇ ਮੌਜੂਦਾ ਸਦਨ ਵਿਚ ਕੁੱਲ 190 ਮੈਂਬਰ ਹਨ ਜਿਨ੍ਹਾਂ ਵਿਚੋਂ 170 ਮੈਂਬਰ ਵੋਟਾਂ ਰਾਹੀਂ ਚੁਣ ਕੇ ਆਏ ਹਨ ਜਦੋਂਕਿ 15 ਮੈਂਬਰ ਨਾਮਜ਼ਦ ਕੀਤੇ ਹੋਏ ਹਨ। ਇਨ੍ਹਾਂ 170 ਮੈਂਬਰਾਂ ਦੀ ਚੋਣ ਸਤੰਬਰ 2011 ਵਿਚ ਪੰਜ ਸਾਲਾਂ ਲਈ ਹੋਈ ਸੀ। ਇਸ ਚੋਣ ਦਾ ਨਤੀਜਾ ਐਲਾਨੇ ਜਾਣ ਤੋਂ ਬਾਅਦ 15 ਮੈਂਬਰ ਨਾਮਜ਼ਦ ਕੀਤੇ ਗਏ ਪਰ ਇਸ ਬਾਰੇ ਨੋਟੀਫਿਕੇਸ਼ਨ ਹੁਣ ਤੱਕ ਜਾਰੀ ਨਹੀਂ ਹੋਇਆ ਹੈ। ਇਸ ਚੋਣ ਨੂੰ ਸਹਿਜਧਾਰੀ ਸਿੱਖ ਸੰਸਥਾ ਵੱਲੋਂ ਅਦਾਲਤ ਵਿਚ ਚੁਣੌਤੀ ਦਿੱਤੇ ਜਾਣ ਕਾਰਨ ਪਿਛਲੇ ਤਿੰਨ ਸਾਲਾਂ ਤੋਂ ਨਵਾਂ ਸਦਨ ਕਾਇਮ ਨਹੀਂ ਹੋ ਸਕਿਆ ਹੈ। ਸੁਪਰੀਮ ਕੋਰਟ ਵੱਲੋਂ ਸੰਸਥਾ ਦੇ ਨਿੱਤ ਦਿਨ ਦੇ ਕੰਮ ਚਲਾਉਣ ਲਈ 2010 ਵਾਲੀ ਅੰਤ੍ਰਿੰਗ ਕਮੇਟੀ ਦੇ 15 ਮੈਂਬਰਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ, ਜੋ ਪਿਛਲੇ ਤਿੰਨ ਸਾਲਾਂ ਤੋਂ ਸੰਸਥਾ ਦਾ ਸਾਰਾ ਕੰਮ ਚਲਾ ਰਹੇ ਹਨ। ਨਵੇਂ ਚੁਣੇ ਗਏ ਮੈਂਬਰਾਂ ਨੂੰ ਹੁਣ ਤੱਕ ਮੈਂਬਰ ਹੋਣ ਦਾ ਕਾਨੂੰਨੀ ਤੌਰ 'ਤੇ ਮਾਣ ਸਨਮਾਨ ਹਾਸਲ ਨਹੀਂ ਹੋਇਆ ਜਦੋਂਕਿ ਮਿਆਦ ਦੇ ਤਿੰਨ ਸਾਲ ਬੀਤ ਚੁੱਕੇ ਹਨ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ 100 ਕਰੋੜ ਰੁਪਏ ਦੇ ਹਰਜਾਨੇ ਦਾ ਕੀਤਾ ਹੋਇਆ ਅਦਾਲਤੀ ਕੇਸ ਪਿਛਲੇ ਲਗਭਗ 30 ਸਾਲਾਂ ਤੋਂ ਅਦਾਲਤ ਦੇ ਵਿਚਾਰਅਧੀਨ ਹੈ। ਇਹ ਕੇਸ ਜੂਨ 1984 ਵਿਚ ਸਾਕਾ ਨੀਲਾ ਤਾਰਾ ਤੋਂ ਬਾਅਦ ਕੀਤਾ ਗਿਆ ਸੀ ਜਿਸ ਵਿਚ ਫੌਜੀ ਹਮਲੇ ਕਾਰਨ ਹੋਏ ਨੁਕਸਾਨ ਲਈ 100 ਕਰੋੜ ਰੁਪਏ ਦਾ ਹਰਜਾਨਾ ਮੰਗਿਆ ਗਿਆ ਸੀ। ਇਸ ਵੇਲੇ ਇਹ ਕੇਸ ਦਿੱਲੀ ਹਾਈ ਕੋਰਟ ਦੇ ਵਿਚਾਰ ਅਧੀਨ ਹੈ।




ਸ਼੍ਰੋਮਣੀ ਕਮੇਟੀ ਦੇ ਕਾਨੂੰਨੀ ਮਾਮਲਿਆਂ ਦੇ ਮਾਹਿਰ ਅਤੇ ਚੰਡੀਗੜ੍ਹ ਦਫ਼ਤਰ ਦੇ ਸਕੱਤਰ ਅਵਤਾਰ ਸਿੰਘ ਨੇ ਇਸ ਬਾਰੇ ਦੱਸਿਆ ਕਿ ਇਸ ਮਾਮਲੇ ਵਿਚ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਅਦਾਲਤ ਵਿਚ ਆਪਣਾ ਜਵਾਬ ਦਾਇਰ ਕੀਤਾ ਜਾ ਚੁੱਕਿਆ ਹੈ। ਇਨ੍ਹਾਂ ਦੇ ਜਵਾਬ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਵੀ ਆਪਣਾ ਜਵਾਬ ਦਾਇਰ ਕੀਤਾ ਜਾਵੇਗਾ। ਇਸ ਤੋਂ ਬਾਅਦ ਅਗਲੀ ਕਾਰਵਾਈ ਸ਼ੁਰੂ ਹੋਵੇਗੀ।

ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਦਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਚਾਰ ਗੁਰਦੁਆਰਿਆਂ ਦੇ ਪ੍ਰਬੰਧ ਤੋਂ ਸ਼ੁਰੂ ਹੋਈ ਸੰਸਥਾ ਕੋਲ ਇਸ ਵੇਲੇ ਲਗਭਗ ਸੌ ਗੁਰਦੁਆਰਿਆਂ ਦਾ ਪ੍ਰਬੰਧ ਹੈ ਜਿਸ ਨੂੰ ਸੁਚਾਰੂ ਢੰਗ ਨਾਲ ਅਤੇ ਸਿੱਖ ਰਹਿਤ ਮਰਿਆਦਾ ਦੇ ਅਨੁਸਾਰ ਚਲਾਇਆ ਜਾ ਰਿਹਾ ਹੈ। ਇਸ ਵੇਲੇ ਸੰਸਥਾ ਕੋਲ 110 ਵਿਦਿਅਕ ਅਦਾਰੇ ਹਨ, ਜਿਨ੍ਹਾਂ ਵਿਚ 2 ਮੈਡੀਕਲ ਕਾਲਜ, 2 ਇੰਜੀਨੀਅਰਿੰਗ ਕਾਲਜ, 30 ਡਿਗਰੀ ਕਾਲਜ ਅਤੇ ਬਾਕੀ ਸਕੂਲ ਹਨ, ਜਿਨ੍ਹਾਂ ਵਿਚ ਪਬਲਿਕ ਸਕੂਲ ਵੀ ਸ਼ਾਮਲ ਹਨ। ਸੰਸਥਾ ਕੋਲ ਲਗਭਗ 13 ਹਜ਼ਾਰ ਏਕੜ ਵਾਹੀਯੋਗ ਜ਼ਮੀਨ ਵੀ ਹੈ ਅਤੇ ਸੰਸਥਾ ਸਮੇਤ ਸਮੁੱਚੇ ਕੰਮਾਂ ਦੀ ਦੇਖ ਰੇਖ ਲਈ 10 ਹਜ਼ਾਰ ਕਰਮਚਾਰੀ ਵੀ ਤਾਇਨਾਤ ਹਨ।

# ਭਾਜਪਾ ਦੀ ਤਿੱਖੀ ਸਰਗਰਮੀ ਨੇ ਅਕਾਲੀ ਸੁੱਕਣੇ ਪਾਏ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਜਪਾ ਦੇ ਪੰਜਾਬ ਮਾਮਲਿਆਂ ਬਾਰੇ ਨਵੇਂ ਥਾਪੇ ਇੰਚਾਰਜ ਰਾਮ ਸ਼ੰਕਰ ਕਥੇਰੀਆ ਦੀ ਪਹਿਲੀ ਪੰਜਾਬ ਫੇਰੀ ਨੇ ਅਕਾਲੀ-ਭਾਜਪਾ ਸਬੰਧਾਂ ਨੂੰ ਨਵਾਂ ਰੁੱਖ ਦੇ ਦਿੱਤਾ ਹੈ। ਪਿਛਲੇ ਅਠਾਰਾਂ ਸਾਲਾਂ ਵਿਚ ਕਦੇ ਵੀ ਇਹ ਨਹੀਂ ਹੋਇਆ ਕਿ ਭਾਜਪਾ ਦਾ ਕੋਈ ਕੇਂਦਰੀ ਨੇਤਾ ਜਾਂ ਪੰਜਾਬ ਦਾ ਇੰਚਾਰਜ ਆਵੇ ਤੇ ਅਕਾਲੀ ਨੇਤਾਵਾਂ ਨੂੰ ਮਿਲ ਕੇ ਨਾ ਜਾਵੇ। ਨਵੀਂ ਪੈਦਾ ਹੋਈ ਸਥਿਤੀ ਵਿਚ ਕਥੇਰੀਆ ਚੰਡੀਗੜ੍ਹ ਵਿਖੇ ਦੋ ਦਿਨ ਰਹੇ ਪਰ ਕਿਸੇ ਵੀ ਅਕਾਲੀ ਆਗੂ ਨਾਲ ਮੁਲਾਕਾਤ ਦੀ ਜ਼ਰੂਰਤ ਨਹੀਂ ਸਮਝੀ, ਸਗੋਂ ਉਲਟਾ ਭਾਜਪਾ ਆਗੂਆਂ ਨੂੰ ਇਹ ਪਾਠ ਪੜ੍ਹਾਇਆ ਕਿ ਉਹ ਮਤਾਹਿਤ ਵਾਲੀ ਸੋਚ ਤਿਆਗ ਦੇਣ ਤੇ ਰਾਜ ਦੀ ਵਾਗਡੋਰ ਸੰਭਾਲਣ ਵਾਲੀ ਮਾਨਸਿਕਤਾ ਪੈਦਾ ਕਰਨ। ਦੂਜੇ ਪਾਸੇ ਅਕਾਲੀ ਦਲ ਇਸ ਬਾਰੇ ਕੋਈ ਵੀ ਟਿੱਪਣੀ ਕਰਨ ਤੋਂ ਟਾਲਾ ਵੱਟ ਰਿਹਾ ਹੈ।

ਕਥੇਰੀਆ ਵੱਲੋਂ ਅਪਣਾਇਆ ਇਹ ਰੁਖ ਪੰਜਾਬ ਅੰਦਰ ਗਠਜੋੜ ਦੀਆਂ ਹਕੀਕੀ ਸੰਭਾਵਨਾਵਾਂ ਨੂੰ ਅਗਲੇ ਸਮੇਂ ਵਿਚ ਹੋਰ ਉਦੇੜੇਗਾ। ਭਾਜਪਾ ਨੇਤਾਵਾਂ ਵੱਲੋਂ 2017 ਦੀਆਂ ਚੋਣਾਂ ਇਕੱਲਿਆਂ ਤੇ ਹਾਲ ਦੀ ਘੜੀ ਗੱਠਜੋੜ ਚਲਾਉਣ ਦੇ ਬਿਆਨਾਂ ਨੇ ਰਾਜਨੀਤੀ ਵਿਚ ਇਕ ਵੱਡੀ ਦੁਬਿਧਾ ਪੈਦਾ ਕਰ ਦਿੱਤੀ ਹੈ।

ਪਾਰਟੀ ਸੂਤਰਾਂ ਦਾ ਕਹਿਣਾ ਹੈ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਗਲੇ ਹਫ਼ਤੇ ਤੋਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਜਾ ਕੇ ਪਾਰਟੀ ਵਰਕਰਾਂ ਤੇ ਆਗੂਆਂ ਨਾਲ ਮੀਟਿੰਗਾਂ ਕਰਨਗੇ। ਇਸ ਤੋਂ ਪਹਿਲਾਂ ਅਕਾਲੀ ਦਲ ਦੇ ਪ੍ਰਧਾਨ ਨੇ ਹਰ ਸੋਮਵਾਰ ਤੇ ਮੰਗਲਵਾਰ ਵੱਖ-ਵੱਖ ਜ਼ਿਲ੍ਹਿਆਂ ਦੇ ਪਾਰਟੀ ਆਗੂਆਂ ਤੇ ਸਿਵਲ ਤੇ ਪ੍ਰਸ਼ਾਸਨਕ ਅਧਿਕਾਰੀਆਂ ਨਾਲ ਰਾਤ ਦੇ ਖਾਣੇ ਉੱਪਰ ਮੀਟਿੰਗਾਂ ਕਰਨ ਦਾ ਸਿਲਸਿਲਾ ਵੀ ਆਰੰਭ ਕੀਤਾ ਹੈ। ਅਕਾਲੀ ਦਲ ਦੇ ਪ੍ਰਧਾਨ ਵੱਲੋਂ ਪਾਰਟੀ ਵਰਕਰਾਂ ਨਾਲ ਸਿੱਧਾ ਰਾਬਤਾ ਕਾਇਮ ਕਰਨ ਦੀ ਸ਼ੁਰੂ ਕੀਤੀ ਕਵਾਇਦ ਤੋਂ ਸੰਕੇਤ ਇਹ ਮਿਲ ਰਿਹਾ ਹੈ ਕਿ ਉਹ ਭਾਜਪਾ ਵੱਲੋਂ ਮੂੰਹ ਦਿਖਾਏ ਜਾਣ ਦਾ ਮੁਕਾਬਲਾ ਕਰਨ ਲਈ ਪਾਰਟੀ ਨੂੰ ਮਜ਼ਬੂਤ ਕਰਨ ਤੁਰ ਪਏ ਹਨ। ਇਸ ਨਾਲ ਪਾਰਟੀ ਵਰਕਰਾਂ ਦੀ ਪੁੱਛ-ਪ੍ਰਤੀਤ ਵੀ ਵਧੇਗੀ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਭਾਜਪਾ ਨੇਤਾਵਾਂ ਦੇ ਬਿਆਨਾਂ ਬਾਰੇ ਅਜੇ ਤੱਕ ਕੋਈ ਟਿੱਪਣੀ ਤਾਂ ਨਹੀਂ ਕੀਤੀ ਪਰ ਉਨ੍ਹਾਂ ਵੱਲੋਂ ਆਰੰਭ ਕੀਤੀ ਰਾਜਸੀ ਸਰਗਰਮੀ ਆਪਣੇ ਆਪ ਹੀ ਕਹਾਣੀ ਬਿਆਨ ਕਰਨ ਵਾਲੀ ਹੈ।



## ਕਥੇਰੀਆ ਦੀ ਪੰਜਾਬ ਫੇਰੀ ਪਿੱਛੋਂ ਭਾਜਪਾਈਆਂ ਦੇ ਹੌਸਲੇ ਬੁਲੰਦ

ਉੱਧਰ ਪਾਰਟੀ ਹਲਕਿਆਂ ਦਾ ਕਹਿਣਾ ਹੈ ਕਿ ਕਥੇਰੀਆ ਦਾ ਦੋ ਦਿਨ ਦਾ ਦੌਰਾ ਸਹਿਯੋਗੀ ਪਾਰਟੀ ਅਕਾਲੀ ਦਲ 'ਤੇ ਦਬਾਅ ਬਣਾਉਣ ਵਿਚ ਸਫਲ ਰਿਹਾ ਹੈ। ਭਾਵੇਂ ਅਕਾਲੀ ਦਲ ਨੇ ਵੀ ਇਸ ਮਾਮਲੇ ਵਿਚ ਸਖ਼ਤ ਸੰਕੇਤ ਦਿੱਤੇ ਹਨ। ਲੰਬੇ ਸਮੇਂ ਤੋਂ ਆਰ. ਐਸ. ਐਸ. ਦੇ ਪ੍ਰਚਾਰਕ ਰਹੇ ਸ੍ਰੀ ਕਥੇਰੀਆ ਨੇ ਉੱਤਰ ਪ੍ਰਦੇਸ਼ ਵਿਚ ਆਪਣੇ ਹਲਕੇ ਵਿਚ ਵਧੀਆ ਨਤੀਜੇ ਦਿਖਾਏ ਹਨ ਜਿਸ ਕਰਕੇ ਉਨ੍ਹਾਂ ਨੂੰ ਪੰਜਾਬ ਦੀ ਕਮਾਨ ਦਿੱਤੀ ਗਈ ਹੈ।

ਕਥੇਰੀਆ ਦੀ ਹਾਜ਼ਰੀ ਵਿਚ ਹੋਈ ਭਾਜਪਾ ਦੀਆਂ ਮੀਟਿੰਗਾਂ ਵਿਚ ਉਨ੍ਹਾਂ ਦਾ ਸਟੈਂਡ ਸਹਿਯੋਗੀ ਪਾਰਟੀ ਨਾਲ ਕਾਫ਼ੀ ਸਖ਼ਤ ਸੀ ਪਰ ਇਸ ਦੇ ਬਾਵਜੂਦ ਭਾਜਪਾ ਪੰਜਾਬ ਵਿਚ ਸਹਿਯੋਗੀ ਪਾਰਟੀ ਨਾਲ ਮੁੰਬਈ ਵਾਲਾ ਫ਼ਾਰਮੂਲਾ ਅਪਨਾਉਣ ਦੇ ਦੇ ਮੂਡ ਵਿਚ ਨਹੀਂ ਹੈ ਕਿ ਉਹ ਸ਼ਿਵ ਸੈਨਾ ਤੋਂ ਬਾਅਦ ਸਾਲਾਂ ਪੁਰਾਣੀਆਂ ਆਪਣੀਆਂ ਸਹਿਯੋਗੀ ਪਾਰਟੀਆਂ ਨੂੰ ਛੱਡਦੀ ਜਾ ਰਹੀ ਹੈ। ਇਸ ਨਾਲ ਉਲਟਾ ਭਾਜਪਾ ਬਾਰੇ ਗ਼ਲਤ ਸੰਦੇਸ਼ ਉੱਠਣੇ ਸ਼ੁਰੂ ਹੋ ਜਾਣ ਦਾ ਖ਼ਦਸ਼ਾ ਹੈ।

ਰਾਜਨੀਤਕ ਹਲਕਿਆਂ ਵਿਚ ਚਰਚਾ ਹੈ ਕਿ ਪਾਰਟੀ ਨੇ ਤਾਂ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਹੈ ਕਿ ਅਗਲੇ ਮਹੀਨੇ ਹੋਣ ਜਾ ਰਹੀਆਂ ਨਿਗਮਾਂ ਚੋਣਾਂ ਵਿਚ ਤਾਂ ਉਹ ਮਿਲ ਕੇ ਲੜਨਗੇ ਪਰ ਭਾਜਪਾ ਦੇ ਆਗੂਆਂ ਵੱਲੋਂ ਲਏ ਗਏ ਸਟੈਂਡ ਨਾਲ ਤਾਂ ਇਹ ਸੰਦੇਸ਼ ਜਾ ਰਿਹਾ ਹੈ ਕਿ ਪਾਰਟੀ ਹੁਣ ਸਹਿਯੋਗੀ ਪਾਰਟੀ 'ਤੇ ਦਬਾਅ ਬਣਾ ਰਹੀ ਹੈ।

ਉਂਜ ਸ੍ਰੀ ਕਥੇਰੀਆ ਦੇ ਆਉਣ ਤੇ ਉਨ੍ਹਾਂ ਦੇ ਸਖ਼ਤ ਸਟੈਂਡ ਤੋਂ ਅਕਾਲੀ ਹਲਕੇ ਵੀ ਕਾਫ਼ੀ ਹੈਰਾਨ ਤੇ ਉਹ ਦੁਚਿੱਤੀ ਵਿਚ ਹਨ ਕਿ ਪਹਿਲਾਂ ਤਾਂ ਹਰਿਆਣਾ ਵਿਚ ਭਾਜਪਾ ਦੇ ਸਟਾਰ ਪ੍ਰਚਾਰਕ ਨਵਜੋਤ ਸਿੰਘ ਸਿੱਧੂ ਵੱਲੋਂ ਤਿੱਖੇ ਹਮਲੇ ਕਰਨ ਤੋਂ ਬਾਅਦ ਅਕਾਲੀ ਦਲ ਦੇ ਸੀਨੀਅਰ ਆਗੂ ਦਿੱਲੀ ਵਿਚ ਗਏ ਸਨ ਜਿਥੇ ਕਿ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਆਪ ਅਕਾਲੀ ਦਲ ਦੇ ਆਗੂਆਂ ਨੂੰ ਭਰੋਸਾ ਦਿੱਤਾ ਸੀ ਕਿ ਪੰਜਾਬ ਵਿਚ ਅਕਾਲੀ -ਭਾਜਪਾ ਵਿਚ ਕਿਸੇ ਤਰ੍ਹਾਂ ਦੀ ਖਿੱਚੋਤਾਣ ਨਹੀਂ ਹੈ ਪਰ ਕਥੇਰੀਆ ਵੱਲੋਂ ਅਪਣਾਏ ਤਿੱਖੇ ਸਟੈਂਡ ਕਰਕੇ ਤਾਂ ਭਾਜਪਾ ਹੁਣ ਆਪਣੇ ਪੁਰਾਣੇ ਸਟੈਂਡ ਤੋਂ ਬਦਲ ਗਈ ਹੈ।

## ਇਕੱਲਿਆਂ ਚੋਣ ਲੜਨ ਦੀ ਮੰਗ ਜਨਤਾ ਦੀ: ਕਥੇਰੀਆ

**ਚੰਡੀਗੜ੍ਹ:** ਭਾਜਪਾ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਰਾਮ ਸ਼ੰਕਰ ਕਥੇਰੀਆ ਨੇ ਕਿਹਾ ਹੈ ਕਿ ਪੰਜਾਬ ਵਿਚ ਭਾਜਪਾ ਦੇ ਇਕੱਲਿਆਂ



ਚੋਣ ਲੜਨ ਦੀ ਮੰਗ ਭਾਜਪਾ ਵੱਲੋਂ ਨਹੀਂ ਬਲਕਿ ਆਮ ਲੋਕਾਂ ਵੱਲੋਂ ਉਠਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੇਸ਼ ਵਿਚ ਬਹੁਤੀਆਂ ਸਿਆਸੀ ਪਾਰਟੀਆਂ ਤੇ ਸਿਆਸੀ ਵੰਡਾਂ ਦੇ ਹੱਕ ਵਿਚ ਨਹੀਂ ਹੈ। ਭਾਜਪਾ ਦਾ ਇਸ ਸਮੇਂ ਨਿਸ਼ਾਨਾ ਸੂਬੇ ਵਿਚ ਸੰਗਠਨ ਨੂੰ ਮਜ਼ਬੂਤ ਕਰਨਾ ਹੈ ਤੇ ਇਸ ਮੰਤਵ ਲਈ ਭਾਜਪਾ ਵੱਲੋਂ ਸੂਬੇ ਭਰ ਵਿਚ ਪਿਲੰਗ ਬੂਥ ਪੱਧਰ ਤੱਕ ਭਰਤੀ ਮੁਹਿੰਮ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦੀ ਸ਼ੁਰੂਆਤ ਅੰਮ੍ਰਿਤਸਰ ਤੋਂ ਹੋਵੇਗੀ, ਜੋ ਸੀਨੀਅਰ ਭਾਜਪਾ ਆਗੂ ਨਵਜੋਤ ਸਿੰਘ ਸਿੱਧੂ ਤੇ ਕੇਂਦਰੀ ਮੰਤਰੀ ਅਰੁਣ ਜੇਤਲੀ ਦਾ ਹਲਕਾ ਸਮਝਿਆ ਜਾਂਦਾ ਹੈ।

## ਅਕਾਲੀਆਂ ਨਾਲ ਹੁਣ ਪਹਿਲਾਂ ਵਾਲੀ ਗੱਲ ਨਹੀਂ ਰਹੀ: ਸ਼ਰਮਾ

**ਅੰਮ੍ਰਿਤਸਰ:** ਪੰਜਾਬ ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ ਨੇ ਮੰਨਿਆ ਕਿ ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਬਾਅਦ ਪੰਜਾਬ ਵਿਚ ਅਕਾਲੀ-ਭਾਜਪਾ ਸਬੰਧ ਖਰਾਬ ਹੋ ਗਏ ਹਨ ਤੇ ਇਹ ਪਹਿਲਾਂ ਵਰਗੇ ਨਹੀਂ ਰਹੇ। ਸ੍ਰੀ ਸ਼ਰਮਾ ਨੇ ਕਿਹਾ ਕਿ ਜੇਕਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਰਿਆਣਾ ਵਿਚ ਇੰਡੀਅਨ ਨੈਸ਼ਨਲ ਲੋਕ ਦਲ ਦੀ ਹਮਾਇਤ ਨਾ ਕੀਤੀ ਹੁੰਦੀ ਤਾਂ ਇਹ ਸਬੰਧ ਖਰਾਬ ਨਹੀਂ ਹੋਣੇ ਸਨ। ਭਾਜਪਾ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਰਾਮ ਸ਼ੰਕਰ ਕਥੇਰੀਆ ਦੇ ਆਪਸੀ ਸਬੰਧਾਂ ਬਾਰੇ



ਬਿਆਨ ਬਾਰੇ ਸ੍ਰੀ ਸ਼ਰਮਾ ਨੇ ਆਖਿਆ ਕਿ ਬਿਆਨ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ। ਸ੍ਰੀ ਕਥੇਰੀਆ ਵੱਲੋਂ ਛਪੇ ਬਿਆਨ ਵਿਚ ਕਿਹਾ ਗਿਆ ਹੈ ਕਿ ਭਾਜਪਾ 2017 ਵਿਚ ਵਿਧਾਨ ਸਭਾ ਚੋਣਾਂ ਇਕੱਲੇ ਲੜਨ ਲਈ ਤਿਆਰੀ ਕਰੇਗੀ।

## ਕਰਜ਼ਈ ਕਿਸਾਨ ਵੱਲੋਂ ਖੁਦਕੁਸ਼ੀ

**ਮਾਨਸਾ:** ਪਿੰਡ ਮੂਸਾ ਦੇ ਇਕ ਕਰਜ਼ਈ ਕਿਸਾਨ ਰਾਜਿੰਦਰ ਸਿੰਘ (35) ਨੇ ਜ਼ਹਿਰ ਖਾ ਕੇ ਖ਼ੁਦਕੁਸ਼ੀ ਕਰ ਲਈ ਹੈ। ਰਾਜਿੰਦਰ ਸਿੰਘ (35) ਪੁੱਤਰ ਅਜੈਬ ਸਿੰਘ ਦੀ ਪਿਛਲੇ ਦਿਨੀਂ ਹੋਈ ਬਾਰਿਸ਼ ਕਾਰਨ ਨਰਮੇ ਦੀ ਫਸਲ ਬਰਬਾਦ ਹੋ ਗਈ ਸੀ ਜਿਸ ਕਾਰਨ ਉਹ ਚਿੰਤਤ ਰਹਿੰਦਾ ਸੀ। ਇਸ ਕਾਰਨ ਉਸ ਨੇ ਜ਼ਹਿਰ ਖਾ ਲਿਆ।

ਜਾਣਕਾਰ ਸੂਤਰਾਂ ਅਨੁਸਾਰ ਮ੍ਰਿਤਕ ਕਿਸਾਨ ਸਿਰ ਸੁਸਾਇਟੀ ਤੇ ਬੈਂਕ ਦਾ ਕਰਜ਼ਾ ਵੀ ਚੜ੍ਹਿਆ ਹੋਇਆ ਸੀ।

# ਗੱਠਜੋੜ ਦੇ ਕਲੇਸ਼ ਨਾਲ ਪੰਜਾਬ ਦੇ ਪ੍ਰੋਜੈਕਟਾਂ ਨੂੰ ਲੱਗੀਆਂ ਬਰੇਕਾਂ

**ਚੰਡੀਗੜ੍ਹ:** ਅਕਾਲੀ-ਭਾਜਪਾ ਗੱਠਜੋੜ ਦੇ ਸਬੰਧਾਂ ਵਿਚ ਪੈਦਾ ਹੋਏ ਵਿਗਾੜ ਕਾਰਨ 163 ਸ਼ਹਿਰਾਂ ਦੇ ਵਿਕਾਸ ਕਾਰਜਾਂ ਲਈ ਆਰੰਭੇ 1400 ਕਰੋੜ ਦੇ ਪ੍ਰੋਜੈਕਟ ਠੱਪ ਹੋ ਕੇ ਰਹਿ ਗਏ ਹਨ। ਇਨ੍ਹਾਂ ਪ੍ਰੋਜੈਕਟਾਂ ਲਈ ਕੇਂਦਰ ਸਰਕਾਰ ਨੇ ਰਕਮ ਨਹੀਂ ਭੇਜੀ ਤਾਂ ਕਿ ਪੰਜਾਬ ਵਿਚ ਅਕਾਲੀ ਦਲ ਦੀ ਕਿਰਕਿਰੀ ਹੋ ਜਾਵੇ। ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਦੋ ਦਿਨਾਂ ਦੇ ਅੰਦਰ 25 ਸ਼ਹਿਰਾਂ ਦੇ 47 ਪ੍ਰੋਜੈਕਟਾਂ ਦੇ ਨੀਂਹ ਪੱਥਰ ਰੱਖੇ ਸਨ। ਇਹ ਪ੍ਰੋਜੈਕਟ ਵਾਟਰ ਸਪਲਾਈ ਤੇ ਟਰੀਟਮੈਂਟ ਪਲਾਂਟਾਂ ਨਾਲ ਸਬੰਧਤ ਸਨ।

ਇਨ੍ਹਾਂ ਪ੍ਰੋਜੈਕਟਾਂ ਦੇ ਨੀਂਹ ਪੱਥਰ 27 ਤੇ 28 ਫਰਵਰੀ ਨੂੰ ਰੱਖੇ ਸਨ। ਇਨ੍ਹਾਂ ਪ੍ਰੋਜੈਕਟਾਂ ਬਾਰੇ ਪਹਿਲਾਂ ਸੁਖਬੀਰ ਸਿੰਘ ਬਾਦਲ ਨੇ ਇਹ ਬਿਆਨ ਦਿੱਤਾ ਸੀ ਇਹ ਪ੍ਰੋਜੈਕਟ ਫ਼ਰਵਰੀ 2015 ਤੱਕ ਮੁਕੰਮਲ ਹੋ ਜਾਣਗੇ ਪਰ ਬਾਅਦ ਵਿਚ ਇਹ ਬਿਆਨ ਦੇ ਦਿੱਤਾ ਕਿ ਇਹ ਪ੍ਰੋਜੈਕਟ 2015 ਦੇ ਅਖ਼ੀਰ ਵਿਚ ਮੁਕੰਮਲ ਹੋਣਗੇ ਪਰ ਇਸ ਬਾਰੇ ਸਚਾਈ ਉਸ ਵੇਲੇ ਸਾਹਮਣੇ ਆਈ ਜਦ ਸਥਾਨਕ ਸਰਕਾਰਾਂ ਵਿਭਾਗ ਦੇ ਸਕੱਤਰ ਅਸ਼ੋਕ ਗੁਪਤਾ ਨੇ 27 ਅਕਤੂਬਰ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਹਲਫ਼ੀਆ ਬਿਆਨ ਦਿੱਤਾ ਕਿ ਕੇਂਦਰ ਸਰਕਾਰ ਨੇ ਇਨ੍ਹਾਂ ਸਕੀਮਾਂ ਦਾ ਪੈਸਾ ਰੋਕ ਲਿਆ ਹੈ ਤੇ ਪੰਜਾਬ ਸਰਕਾਰ ਕੋਲ ਇਨ੍ਹਾਂ ਸਕੀਮਾਂ ਦੀ ਕੋਈ ਵੀ ਰਾਸ਼ੀ ਮੌਜੂਦ ਨਹੀਂ।



ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਨੀਲ ਜਾਖੜ ਨੇ ਇਹ ਦੋਸ਼ ਲਾਉਂਦਿਆਂ ਕਿਹਾ ਹੈ ਕਿ ਪਹਿਲਾਂ ਕੇਂਦਰ ਸਰਕਾਰ ਨੇ ਇਨ੍ਹਾਂ ਸਕੀਮਾਂ ਨੂੰ ਪਾਸ ਕਰਨ ਲਈ ਇਹ ਸ਼ਰਤ ਲਗਾਈ ਸੀ ਕਿ ਮਿਊਂਸਪਲ ਕਮੇਟੀਆਂ ਦੇ ਚੁਣੇ ਹੋਏ ਨੁਮਾਇੰਦੇ ਇਹ ਰਾਸ਼ੀ ਖ਼ਰਚ ਕਰਨ ਪਰ ਬਾਅਦ ਵਿਚ ਉਸ ਵੇਲੇ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਵਿਸ਼ੇਸ਼ ਰਿਆਇਤ ਦੇ ਕੇ ਇਨਾਂ ਪ੍ਰੋਜੈਕਟਾਂ ਨੂੰ ਪਾਸ ਕਰ ਦਿੱਤਾ ਸੀ। ਹੁਣ ਜਦ ਹਰਿਆਣਾ ਵਿਧਾਨ ਸਭਾ ਚੋਣਾਂ ਕਾਰਨ ਅਕਾਲੀ ਦਲ ਤੇ ਭਾਜਪਾ ਸਬੰਧਾਂ ਵਿਚ ਕੁੜੱਤਣ ਪੈਦਾ ਹੋ ਗਈ ਤਾਂ ਕੇਂਦਰ ਸਰਕਾਰ ਨੇ ਇਨ੍ਹਾਂ ਸਕੀਮਾਂ ਦੀ ਰਾਸ਼ੀ 'ਤੇ ਰੋਕ ਲਗਾ ਦਿੱਤੀ।

ਜਾਖੜ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਵੀ ਇਨ੍ਹਾਂ ਸਕੀਮਾਂ ਨੂੰ ਲੱਗੀਆਂ ਬਰੇਕਾਂ ਲਈ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਉਹ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਰਿਟ ਦਾਇਰ ਕਰਨਗੇ ਕਿ ਇਨ੍ਹਾਂ ਸਕੀਮਾਂ ਲਈ ਨੀਂਹ ਪੱਥਰ ਰੱਖਣ, ਇਸ਼ਤਿਹਾਰਬਾਜ਼ੀ ਤੇ ਇਸ ਬਾਰੇ ਕੀਤੇ ਸਮਾਗਮਾਂ ਦਾ ਖ਼ਰਚਾ ਉਪ ਮੁੱਖ ਮੰਤਰੀ 'ਤੇ ਪਾਇਆ ਜਾਵੇ।

ਸੁਨੀਲ ਜਾਖੜ ਨੇ ਕਿਹਾ ਕਿ ਸਥਾਨਕ ਸਰਕਾਰਾਂ ਬਾਰੇ ਮੰਤਰੀ ਅਨਿਲ ਜੋਸ਼ੀ ਤੇ ਸੁਖਬੀਰ ਸਿੰਘ ਬਾਦਲ ਨੂੰ ਪੰਜਾਬ ਦੇ ਲੋਕਾਂ ਤੋਂ ਇਹ ਸਕੀਮਾਂ ਸ਼ੁਰੂ ਨਾ ਕਰਵਾਉਣ ਸਕਣ ਕਾਰਨ ਮੁਆਫ਼ੀ ਮੰਗਣ। ਸੁਨੀਲ ਜਾਖੜ ਨੇ ਇਹ ਵੀ ਕਿਹਾ ਕਿ ਪੰਜਾਬ ਵਿਚ ਕਿਸਾਨਾਂ ਨੂੰ ਝੋਨੇ ਦੀ ਅਦਾਇਗੀ ਨਹੀਂ ਹੋ ਰਹੀ ਪਰ ਪੰਜਾਬ ਸਰਕਾਰ ਇਸ ਬਾਰੇ ਕੁਝ ਨਹੀਂ ਕਰ ਰਹੀ। ਸਰਕਾਰ ਨੂੰ ਪਹਿਲ ਦੇ ਆਧਾਰ 'ਤੇ ਪੰਜਾਬ ਦੇ ਕਿਸਾਨਾਂ ਤੇ ਆੜ੍ਹਤੀਆਂ ਦੀਆਂ ਮੁਸ਼ਕਿਲਾਂ ਦੂਰ ਕਰਨੀਆਂ ਚਾਹੀਦੀਆਂ ਹਨ।

# ਹੁਣ ਡਿਪੂ ਹੋਲਡਰਾਂ ਨੇ ਵੀ ਆਟਾ-ਦਾਲ ਸਕੀਮ ਤੋਂ ਹੱਥ ਖਿੱਚੇ

**ਬਠਿੰਡਾ:** ਪੰਜਾਬ ਸਰਕਾਰ ਦੀ ਆਟਾ-ਦਾਲ ਸਕੀਮ ਤੋਂ ਹੁਣ ਡਿਪੂ ਹੋਲਡਰਾਂ ਨੇ ਵੀ ਹੱਥ ਪਿੱਛੇ ਖਿੱਚ ਲਏ ਹਨ। ਹੁਣ ਤੱਕ ਲਾਭਪਾਤਰੀ ਰਾਸ਼ਨ ਦੀ ਮਾੜੀ ਕੁਆਲਟੀ ਦੀ ਸ਼ਿਕਾਇਤ ਕਰਦੇ ਆਏ ਹਨ ਪਰ ਇਸ ਵਾਰ ਡਿਪੂ ਹੋਲਡਰਾਂ ਨੇ ਆਟਾ-ਦਾਲ ਸਕੀਮ ਤਹਿਤ ਕਾਲੇ ਛੋਲੇ ਚੁੱਕਣ ਤੋਂ ਇਨਕਾਰ ਕਰ ਦਿੱਤਾ ਹੈ। ਸਰਕਾਰ ਵੱਲੋਂ ਸਪਲਾਈ ਕੀਤੇ ਜਾਂਦੇ ਕਾਲੇ ਛੋਲਿਆਂ ਨੂੰ ਕੋਈ ਪਸੰਦ ਨਹੀਂ ਕਰਦਾ ਹੈ ਜਿਸ ਕਰਕੇ ਜੂਨ ਤੋਂ ਅਗਸਤ ਮਹੀਨੇ ਦਾ ਪੂਰਾ ਸਟਾਕ ਡਿਪੂ ਹੋਲਡਰਾਂ ਨੇ ਚੁੱਕਿਆ ਹੀ ਨਹੀਂ ਹੈ।

ਪੰਜਾਬ ਸਰਕਾਰ ਨੇ 21 ਅਕਤੂਬਰ ਨੂੰ ਆਟਾ-ਦਾਲ ਸਕੀਮ ਤਹਿਤ ਦਿੱਤੀ ਜਾਣ ਵਾਲੀ ਦਾਲ ਦਾ ਭਾਅ 20 ਰੁਪਏ ਤੋਂ ਵਧਾ ਕੇ 30 ਰੁਪਏ ਪ੍ਰਤੀ ਕਿਲੋ ਕਰ ਦਿੱਤਾ। ਸਰਕਾਰੀ ਦਾਲ ਦੀ ਜੋ ਕੁਆਲਟੀ ਤੇ ਸਾਈਜ਼ ਹੈ, ਉਸ ਦਾਲ ਦਾ ਬਾਜ਼ਾਰ ਵਿਚ ਭਾਅ 26 ਰੁਪਏ ਕਿੱਲੋ ਹੈ। ਡਿਪੂ ਹੋਲਡਰ ਰੌਲਾ ਪਾਉਣ ਲੱਗ ਪਏ ਹਨ ਕਿ ਉਹ 30 ਰੁਪਏ ਵਾਲੀ ਦਾਲ ਨਹੀਂ ਚੁੱਕਣਗੇ। ਆਟਾ-ਦਾਲ ਸਕੀਮ ਤਹਿਤ ਪਨਸਪ ਵੱਲੋਂ ਦਾਲਾਂ ਦੀ ਸਪਲਾਈ ਕੀਤੀ ਜਾਂਦੀ ਹੈ। ਪਨਸਪ ਦੇ ਜ਼ਿਲ੍ਹਾ ਮੈਨੇਜਰ ਸੰਜੀਵ ਕੁਮਾਰ ਦਾ ਕਹਿਣਾ ਸੀ ਕਿ ਡਿਪੂ ਹੋਲਡਰਾਂ ਨੇ ਜੂਨ ਤੋਂ ਅਗਸਤ ਮਹੀਨੇ ਦਾ ਦਾਲਾਂ ਦਾ ਪੂਰਾ ਸਟਾਕ ਨਹੀਂ ਚੁੱਕਿਆ ਹੈ। ਜਿੰਨੀ ਰਕਮ ਡਿਪੂ ਹੋਲਡਰਾਂ ਨੇ ਜਮ੍ਹਾਂ ਕਰਾਈ ਸੀ, ਉਨਾ ਸਟਾਕ ਚੁੱਕਵਾ ਦਿੱਤਾ ਗਿਆ ਸੀ। ਡਿਪੂ ਹੋਲਡਰਾਂ ਵੱਲੋਂ ਦਾਲਾਂ ਨਾ ਚੁੱਕੇ ਜਾਣ ਬਾਰੇ ਉਨ੍ਹਾਂ ਨੇ ਖੁਰਾਕ ਤੇ ਸਪਲਾਈਜ਼ ਕੰਟਰੋਲਰ ਨੂੰ ਪੱਤਰ ਭੇਜ ਦਿੱਤੇ ਸਨ। ਉਨ੍ਹਾਂ ਆਖਿਆ ਕਿ ਡਿਪੂ ਹੋਲਡਰ ਦਾਲਾਂ ਕਿਉਂ ਨਹੀਂ ਚੁੱਕਦੇ, ਇਸ ਮਾਮਲੇ 'ਤੇ ਉਹ ਕੋਈ ਟਿੱਪਣੀ ਨਹੀਂ ਕਰਨਗੇ। ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਦਾਲਾਂ ਦੀ ਗੁਣਵੱਤਾ ਮਾੜੀ ਹੋਣ ਕਰਕੇ ਕੋਈ ਡਿਪੂ ਹੋਲਡਰ ਦਾਲ ਲੈਣ ਨੂੰ ਤਿਆਰ ਨਹੀਂ। ਡਿਪੂ ਹੋਲਡਰਜ਼ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਸੰਤੋਖ ਸਿੰਘ ਦਾ ਕਹਿਣਾ ਹੈ ਕਿ ਗਰੀਬ ਲੋਕ ਕਾਲੇ ਛੋਲਿਆਂ ਦੀ ਮਾੜੀ ਕੁਆਲਿਟੀ ਹੋਣ ਕਰਕੇ 20 ਰੁਪਏ ਵਿਚ ਲੈਣ ਨੂੰ ਤਿਆਰ ਨਹੀਂ ਹੁੰਦੇ ਸਨ, ਹੁਣ 30 ਰੁਪਏ ਵਿਚ ਕਿਵੇਂ ਲੈਣਗੇ। ਉਨ੍ਹਾਂ ਆਖਿਆ ਕਿ ਕਾਲੇ ਛੋਲਿਆਂ ਦਾ ਸਾਈਜ਼ ਬਿਲਕੁਲ ਛੋਟਾ ਹੈ ਤੇ ਪਿਚਕੇ ਹੋਏ ਹਨ। ਇਕ ਡਿਪੂ ਹੋਲਡਰ ਨੇ ਦੱਸਿਆ ਕਿ ਨੀਲੇ ਕਾਰਡ ਧਾਰਕ ਛੋਲਿਆਂ ਦੀ ਕੁਆਲਟੀ ਦੇਖ ਕੇ ਮੂੰਹ ਫੇਰ ਲੈਂਦੇ ਹਨ।

## ਰਾਸ਼ਨ ਦੀ ਮਾੜੀ ਕੁਆਲਟੀ 'ਤੇ ਕੀਤਾ ਇਤਰਾਜ਼



ਪੰਜਾਬ ਵਿਚ ਇਸ ਵੇਲੇ 18 ਹਜ਼ਾਰ ਡਿਪੂ ਹੋਲਡਰ ਹਨ। ਜ਼ਿਲ੍ਹਾ ਬਠਿੰਡਾ ਵਿਚ 780 ਡਿਪੂ ਹੋਲਡਰ ਹਨ। ਮਿਲੀ ਜਾਣਕਾਰੀ ਅਨੁਸਾਰ ਬਠਿੰਡਾ ਜ਼ਿਲ੍ਹੇ ਵਿਚ ਆਟਾ-ਦਾਲ ਸਕੀਮ ਦੇ 1.99 ਲੱਖ ਲਾਭਪਾਤਰੀ ਹਨ ਤੇ ਪ੍ਰਤੀ ਮਹੀਨਾ 401 ਮੀਟਰਿਕ ਟਨ ਕਾਲੇ ਛੋਲਿਆਂ ਦੀ ਖਪਤ ਹੈ।

ਪੰਜਾਬ ਭਰ ਵਿਚ ਕਾਲੇ ਛੋਲਿਆਂ ਦੀ ਖਪਤ 6255 ਮੀਟਰਿਕ ਟਨ ਹੈ। ਕਈ ਡਿਪੂ ਹੋਲਡਰਾਂ ਨੇ ਕਾਲੇ ਛੋਲਿਆਂ ਦੀ ਸਰਕਾਰੀ ਖਰੀਦ 'ਤੇ ਹੀ ਉਂਗਲ ਉਠਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਛੋਲੇ ਮਹਿੰਗੇ ਭਾਅ 'ਤੇ ਖ਼ਰੀਦਦੀ ਹੈ ਹਾਲਾਂਕਿ ਇਨ੍ਹਾਂ ਦੀ ਕੁਆਲਟੀ ਤੀਜੇ ਦਰਜੇ ਦੀ ਹੁੰਦੀ ਹੈ। ਡਿਪੂ ਹੋਲਡਰਾਂ ਦਾ ਕਹਿਣਾ ਹੈ ਕਿ ਸਰਕਾਰੀ ਦਾਲ ਦੀ ਖਰੀਦ ਵਿਚ ਜ਼ਰੂਰ ਕੁਝ ਕਾਲਾ ਹੈ।

# ਗਰਮਖਿਆਲੀਆਂ ਨੇ ਵੀ ਮੱਲਿਆ ਸਿਆਸੀ ਪਿੜ

## ਸ਼੍ਰੋਮਣੀ ਅਕਾਲੀ ਦਲ ਦਾ ਬਦਲ ਲੱਭਣ ਦੀਆਂ ਤਿਆਰੀਆਂ

**ਚੰਡੀਗੜ੍ਹ:** ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੀ ਸੋਚ ਵਾਲੀਆਂ ਵੱਖ-ਵੱਖ ਸੰਸਥਾਵਾਂ ਵੱਲੋਂ ਇਸੇ ਮਹੀਨੇ ਸਿਆਸੀ ਪਾਰਟੀ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਇਨ੍ਹਾਂ ਧਿਰਾਂ ਨੇ ਆਪਣੇ ਮਨੋਰਥਾਂ ਤੇ ਟੀਚਿਆਂ ਪ੍ਰਤੀ ਬਾਕਾਇਦਾ ਐਲਾਨਨਾਮਾ ਵੀ ਤਿਆਰ ਕਰ ਲਿਆ ਹੈ ਤੇ ਨਵੰਬਰ ਦੇ ਅਖ਼ੀਰ ਵਿਚ ਅੰਮ੍ਰਿਤਸਰ ਵਿਖੇ ਇਕੱਠ ਕਰਕੇ ਸਿਆਸੀ ਪਿੜ ਵਿਚ ਕੁੱਦਣ ਦਾ ਐਲਾਨ ਕੀਤਾ ਜਾਵੇਗਾ। ਇਨ੍ਹਾਂ ਧਿਰਾਂ ਦਾ ਮੁੱਖ ਮਕਸਦ ਸ਼੍ਰੋਮਣੀ ਅਕਾਲੀ ਦਲ ਦੇ ਦੋ ਪ੍ਰਮੁੱਖ ਆਗੂਆਂ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਨੂੰ ਵੱਡੀ ਸਿਆਸੀ ਚੁਣੌਤੀ ਦੇਣਾ ਹੈ।

ਸੂਤਰਾਂ ਅਨੁਸਾਰ ਗਰਮਦਲੀਆਂ ਵਜੋਂ ਜਾਣੀਆਂ ਜਾਂਦੀਆਂ ਇਨ੍ਹਾਂ ਧਿਰਾਂ ਵੱਲੋਂ ਸਿੱਖਾਂ ਲਈ ਬਣਾਈ ਜਾ ਰਹੀ ਨਵੀਂ ਸਿਆਸੀ ਪਾਰਟੀ ਵਿਚੋਂ ਸ਼੍ਰੋਮਣੀ ਅਕਾਲੀ ਦਲ (ਮਾਨ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਮਨਫੀ ਰੱਖਣ ਤੇ ਵਿਸ਼ੇਸ਼ ਕਰਕੇ ਦਲਿਤਾਂ, ਇਸਾਈਆਂ, ਮੁਸਲਮਾਨਾਂ ਤੇ ਉਸਾਰੂ ਸੋਚ ਦੇ ਧਾਰਨੀ ਹਿੰਦੂਆਂ ਨੂੰ ਪਾਰਟੀ ਵਿਚ ਸਥਾਨ ਦੇਣ ਦੀ ਰਣਨੀਤੀ ਬਣਾਈ ਗਈ ਹੈ। ਇਸ ਧਿਰ ਵੱਲੋਂ ਖਾਲਿਸਤਾਨ ਦੀ ਮੰਗ ਦੀ ਥਾਂ ਜਵਾਹਰ ਲਾਲ ਨਹਿਰੂ ਤੇ ਮਹਾਤਮਾ ਗਾਂਧੀ ਵੱਲੋਂ ਕੀਤੇ ਵਾਅਦਿਆਂ ਅਨੁਸਾਰ ਸਿੱਖਾਂ ਲਈ ਖੁਦਮੁਖਤਿਆਰ ਖਿੱਤੇ ਦੀ ਮੰਗ ਉਭਾਰਨ ਦੀ ਸੰਭਾਵਨਾ ਹੈ। ਇਸ ਤਹਿਤ ਫੈਡਰਲ ਸਿਸਟਮ ਨੂੰ ਲਾਗੂ ਕਰਵਾਉਣ ਲਈ ਸਿੱਖਾਂ ਦੇ ਵਿਸ਼ੇਸ਼ ਅਧਿਕਾਰਾਂ ਵਾਲਾ ਰਾਜ (ਜਿਥੇ ਸਿੱਖ ਵੀ ਆਜ਼ਾਦੀ ਦਾ ਨਿੱਘ ਮਾਣ ਸਕਣ) ਸਥਾਪਤ ਕਰਨ ਦਾ ਟੀਚਾ ਮਿਥਿਆ ਹੈ। ਇਸ ਸਿਸਟਮ ਵਿਚ ਭਾਰਤ ਸਰਕਾਰ ਕੋਲ ਰੱਖਿਆ, ਵਿਦੇਸ਼ੀ ਮਾਮਲੇ, ਡਾਕ ਤੇ ਤਾਰ, ਰੇਲਵੇ, ਕਰੰਸੀ ਤੇ ਦੂਰ ਸੰਚਾਰ ਵਿਭਾਗਾਂ ਨੂੰ ਛੱਡ ਕੇ ਬਾਕੀ ਸਾਰੇ ਵਿਭਾਗ ਸੂਬਿਆਂ ਹਵਾਲੇ ਕਰਨ ਦੀ ਮੰਗ ਉਠਾਈ ਜਾ ਸਕਦੀ ਹੈ।

ਯੂਨਾਈਟਿਡ ਸਿੱਖ ਮੂਵਮੈਂਟ ਦੇ ਸਕੱਤਰ ਜਨਰਲ ਭਾਈ ਗੁਰਦੀਪ ਸਿੰਘ ਬਠਿੰਡਾ ਨੇ ਸਿਆਸੀ ਪਾਰਟੀ ਬਣਾਉਣ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸਿੱਖ ਮੁੱਦੇ ਵਿਸਾਰਨ ਕਾਰਨ ਉਨ੍ਹਾਂ ਨੂੰ ਪੰਜਾਬ ਵਿਚ ਸਿਆਸੀ ਧਿਰ ਵਜੋਂ ਉਭਰਨ ਦਾ ਫ਼ੈਸਲਾ ਲੈਣਾ ਪਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ. ਬਾਦਲ ਪੰਜਾਬ ਤੇ ਸਿੱਖਾਂ ਦੇ ਮੁੱਦਿਆਂ ਦਾ ਮਜ਼ਾਕ ਉਡਾ ਰਹੇ ਹਨ। ਕਾਂਗਰਸ ਤੇ ਅਕਾਲੀ ਦਲ ਦੇ ਨਾਂ ਹੀ ਵੱਖ-ਵੱਖ ਹਨ, ਜਦੋਂਕਿ ਇਹ ਦੋਵੇਂ ਧਿਰਾਂ ਲੋਕ ਵਿਰੋਧੀ ਤੇ ਭ੍ਰਿਸ਼ਟ ਹਨ। ਕੈਪਟਨ ਅਮਰਿੰਦਰ ਸਿੰਘ ਤੇ ਪ੍ਰਕਾਸ਼ ਸਿੰਘ ਬਾਦਲ ਪਰਿਵਾਰਵਾਦ ਵਿਚ ਹੀ ਫਸੇ ਹੋਏ ਹਨ। ਇਕ ਵੇਲੇ ਉਹ ਇਕ-ਦੂਜੇ ਵਿਰੁੱਧ ਭ੍ਰਿਸ਼ਟਾਚਾਰ ਦੇ ਕੇਸ ਦਰਜ ਕਰਵਾਉਂਦੇ ਰਹੇ ਹਨ ਪਰ ਜਦੋਂ ਮੰਤਰੀ ਬਿਕਰਮ ਸਿੰਘ ਮਜੀਠੀਆ 'ਤੇ ਸੰਕਟ ਆਉਂਦਾ ਹੈ ਤਾਂ ਕੈਪਟਨ ਉਨ੍ਹਾਂ ਦੇ ਹੱਕ ਵਿਚ ਖੜ੍ਹੇ ਹੁੰਦੇ ਹਨ। ਉਨ੍ਹਾਂ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਸੰਤ ਭਿੰਡਰਾਂਵਾਲਾ ਤੋਂ ਬਾਅਦ ਉਨ੍ਹਾਂ ਦੀ ਸੋਚ ਨੂੰ ਮੋੜਾ ਦੇਣ ਦੀ ਲੋੜ ਸੀ। ਉਹ ਕਿਸੇ ਦੀ ਅਲੋਚਨਾ ਨਹੀਂ ਕਰਦੇ ਪਰ ਸਿਮਰਨਜੀਤ ਸਿੰਘ ਮਾਨ ਤੇ ਸਿੱਖ ਮੂਵਮੈਂਟ ਦੇ ਏਜੰਡੇ ਤੇ ਰਸਤੇ ਵੱਖ ਹਨ।

# ਵਿਕਾਸਸ਼ੀਲ ਦੁਨੀਆਂ ਵਿਚ ਬਾਲ ਮੌਤ ਦਰ ਦਾ ਪਾੜਾ ਘਟਿਆ

**ਵਾਸ਼ਿੰਗਟਨ:** ਪੰਜਾਹ ਤੋਂ ਵੱਧ ਵਿਕਾਸਸ਼ੀਲ ਮੁਲਕਾਂ ਵਿਚੋਂ ਬਹੁ-ਗਿਣਤੀ ਮੁਲਕਾਂ ਵਿਚ ਸਭ ਤੋਂ ਵੱਧ ਗਰੀਬ ਤੇ ਸਭ ਤੋਂ ਵੱਧ ਅਮੀਰ ਘਰਾਂ ਦਰਮਿਆਨ ਬਾਲ-ਮਰਨ ਦਰ ਦੀ ਔਸਤ ਦਾ ਪਾੜਾ ਘਟਿਆ ਹੈ।

ਸਟੈਨਫਰਡ ਦੇ ਨਵੇਂ ਅਧਿਐਨ ਤੋਂ ਇਹ ਗੱਲ ਸਾਹਮਣੇ ਆਈ ਹੈ। ਇਹ ਪਾੜਾ ਮੁੱਖ ਤੌਰ 'ਤੇ ਸਭ ਤੋਂ ਵੱਧ ਗਰੀਬ ਘਰਾਂ ਵਿਚ ਬਾਲ ਮਰਨ ਦਰ ਵਿਚ ਆਈ ਕਮੀ ਕਾਰਨ ਘਟਿਆ ਹੈ। ਜਿਨ੍ਹਾਂ ਮੁਲਕਾਂ ਵਿਚ ਇਹ ਪਾੜਾ ਵਧਿਆ ਹੈ ਉਥੇ ਸਭਨੀਂ ਥਾਈਂ ਸ਼ਾਸਨ ਦੀ ਘਾਟ ਮਹਿਸੂਸ ਕੀਤੀ ਗਈ ਹੈ।

ਅਧਿਐਨ ਦੇ ਲੇਖਕ ਤੇ ਸਟੈਨਫਰਡ ਯੂਨੀਵਰਸਿਟੀ ਦੇ ਸਕੂਲ ਆਫ ਮੈਡੀਸਨ ਦੇ ਸਹਾਇਕ ਪ੍ਰੋਫੈਸਰ ਐਰਾਨ ਬੇਂਡੇਵਿਡ ਨੇ ਆਖਿਆ ਇਸ ਸਰਵੇਖਣ ਤੋਂ ਆਲਮੀ ਸਿਹਤ ਵਿਚ ਨਿਵੇਸ਼ ਦੀਆਂ ਤਰਜੀਹਾਂ ਤੈਅ ਕਰਨ ਲਈ ਮਹੱਤਵਪੂਰਨ ਜਾਣਕਾਰੀਆਂ ਮਿਲੀਆਂ ਹਨ। ਇਸ ਅਧਿਐਨ ਵਿਚ 54 ਘੱਟ ਤੇ ਦਰਮਿਆਨੀ ਆਮਦਨ ਵਾਲੇ ਦੇਸ਼ਾਂ 'ਚ ਵਸਦੇ 10 ਲੱਖ ਪਰਿਵਾਰਾਂ ਨਾਲ ਸਬੰਧਤ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਤਾਂ ਕਿ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿਚ ਮਰਨ ਦੀ ਦਰ ਤੇ ਸੰਪਤੀ ਦੇ ਪਾੜੇ ਦਾ ਪਤਾ ਲਾਇਆ ਜਾ ਸਕੇ। ਸ੍ਰੀ ਬੇਂਡੇਵਿਡ ਨੇ ਆਖਿਆ ਕਿ" ਬਹੁਤ ਸਾਰੇ ਦੇਸ਼ਾਂ ਵਿਚ ਸਿਹਤ ਨਾਬਰਾਬਰੀ ਦੇ ਨਾਲ-ਨਾਲ ਕੌਮੀ ਸੰਪਦਾ ਵਿਚ ਵਾਧਾ ਹੋਇਆ। ਇਹ ਸਾਡੇ ਸਮਿਆਂ ਦੀ ਹਕੀਕਤ ਹੈ।"

ਉਨ੍ਹਾਂ ਕਿਹਾ ਕਿ ਇਹ ਬਹੁਤ ਸਾਰੇ ਸਮਾਜਾਂ ਖਾਸ ਕਰਕੇ ਅਮੀਰ ਮੁਲਕਾਂ ਲਈ ਹੀ ਨਹੀਂ ਸਗੋਂ ਘੱਟ ਤੇ ਦਰਮਿਆਨੀ ਆਮਦਨ ਵਾਲੇ ਮੁਲਕਾਂ ਲਈ ਵੀ ਚਿੰਤਾ ਦਾ ਵਿਸ਼ਾ ਹੈ।

ਅਧਿਐਨ ਤਹਿਤ ਪਾਇਆ ਗਿਆ ਹੈ ਕਿ ਸਭ ਤੋਂ ਵੱਧ ਗਰੀਬ ਸਮੂਹਾਂ ਵਿਚ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮਰਨ ਦਰ ਵਿਚ ਭਰਵੀਂ ਕਮੀ ਆਈ ਹੈ। ਸਭ ਤੋਂ ਵੱਧ ਗਰੀਬ ਪਰਿਵਾਰਾਂ ਅੰਦਰ 1000 ਪਿਛੇ ਸਾਲਾਨਾ 4.36 ਮੌਤਾਂ, ਦਰਮਿਆਨੀ ਕਮਾਈ ਵਾਲੇ ਪਰਿਵਾਰਾਂ ਵਿਚ 3.36 ਤੇ ਅਮੀਰ ਪਰਿਵਾਰਾਂ ਵਿਚ 2.06 ਮੌਤਾਂ ਦੀ ਕਮੀ ਆਈ ਹੈ।

## Matrimonial

### ਕੰਨਿਆ ਦੀ ਲੋੜ

ਜੱਟ ਸਿੱਖ, ਉਮਰ 24 ਸਾਲ, ਕੱਦ 5'-8", ਪ੍ਰਾਈਵੇਟ ਕੰਪਨੀ ਵਿਚ ਕੰਮ ਕਰਦੇ, ਗਰੀਨ ਕਾਰਡ ਹੋਲਡਰ ਲੜਕੇ ਲਈ ਅਮਰੀਕਾ ਜਾਂ ਕੈਨੇਡਾ ਰਹਿੰਦੇ ਜੱਟ ਸਿੱਖ ਵੈਸ਼ਨੂੰ ਪਰਿਵਾਰ ਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਪਰਿਵਾਰ (ਇਕ ਭਰਾ ਤੇ ਮਾਪੇ) ਅਮਰੀਕਾ ਵਿਚ ਹਨ। ਸੰਪਰਕ ਕਰੋ, ਫੋਨ: 917-200-2534 *45-48*

ਜੱਟ ਸਿੱਖ, ਉਮਰ 25 ਸਾਲ, ਕੱਦ 5'-6", ਇੰਗਲੈਂਡ ਤੋਂ ਸਿੱਖਿਆ ਪ੍ਰਾਪਤ, ਹਾਰਡਵੇਅਰ ਇੰਜੀਨੀਅਰਿੰਗ ਡਿਪਲੋਮਾ, ਪਰਿਵਾਰ ਨਾਲ ਰਹਿ ਰਹੇ ਅਤੇ ਆਪਣਾ ਗੈਸ ਸਟੇਸ਼ਨ ਚਲਾ ਰਹੇ ਲੜਕੇ ਲਈ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: 317-250-2428 *44-47*

ਜੱਟ ਸਿੱਖ ਸੰਘਾ, ਉਮਰ 24 ਸਾਲ, ਕੱਦ 6'-1", ਯੂ ਐਸ ਸਿਟੀਜ਼ਨ, ਉਚ ਸਿੱਖਿਆ ਪ੍ਰਾਪਤ, ਬੈਂਕ ਵਿਚ ਉਚੀ ਜੌਬ ਕਰਦੇ ਲੜਕੇ ਲਈ ਰਜਿਸਟਰਡ ਨਰਸ ਜਾਂ ਬਰਾਬਰ ਦੀ ਯੋਗਤਾ ਅਤੇ ਨੌਕਰੀ ਕਰਦੀ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 209-634-7584 ਜਾਂ 209-262-7200 *42-45*

### ਵਰ ਦੀ ਲੋੜ

ਪੰਜਾਬ (ਇੰਡੀਆ) ਤੋਂ ਟੂਰਿਸਟ ਵੀਜ਼ੇ 'ਤੇ ਆਈ ਐਮ.ਏ., ਬੀ ਐਡ ਪਾਸ, ਉਮਰ 38 ਸਾਲ, 5'-2", ਤਲਾਕਸ਼ੁਦਾ, ਬਿਨਾ ਬੱਚੇ ਤੋਂ, ਨਿਊ ਯਾਰਕ ਰਹਿੰਦੀ ਲੜਕੀ ਲਈ ਨਿਊ ਯਾਰਕ ਰਹਿੰਦੇ ਯੋਗ ਵਰ ਦੀ ਤਲਾਸ਼ ਹੈ। ਸੰਪਰਕ ਕਰੋ, ਫੋਨ: 347-545-8099 *44-47*

ਜੱਟ ਸਿੱਖ 24 ਸਾਲ, 5'-5", ਇੰਡੀਆ ਰਹਿੰਦੀ ਬੀ ਏ, ਐਮ.ਐਸ-ਸੀ ਅਤੇ ਐਮ ਸੀ ਏ ਲੜਕੀ ਲਈ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਕੁੜੀ ਦਾ ਇਕ ਮਾਮਾ ਤੇ ਦੋ ਮਾਸੀਆਂ ਅਮਰੀਕਾ ਵਿਚ ਹਨ ਜੋ ਮਦਦ ਕਰਨਗੇ। ਸੰਪਰਕ ਕਰੋ, ਫੋਨ: 219-671-3442


LAW OFFICE OF NIRWAN & ASSOCIATES
SACRAMENTO

Jagdip S. Nirwan
1104 Corporate Way
Sacramento, CA 95831
CALL US TODAY
Tel: 916-832-3144
Fax: 925-264-5078
www.nirwanlaw.com
• IMMIGRATION LAW
• TAX LAW
• TAX PREPARATION
• BUSINESS INCORPORATION
• BUSINESS LITIGATION



TRI-VALLEY SIKH CENTER (TVSC)
GURDWARA LIVERMORE CA
Ph: 925-364-4125
trivalleysikhcenter@gmail.com
ਗ੍ਰੰਥੀ ਸਿੰਘ/ਕੀਰਤਨੀ ਜਥੇ ਦੀ ਲੋੜ ਹੈ
ਗੁਰਦੁਆਰਾ ਟਰਾਈ ਵੈਲੀ ਸਿੱਖ ਸੈਂਟਰ ਲਿਵਰਮੋਰ, ਕੈਲੀਫੋਰਨੀਆ ਲਈ ਗ੍ਰੰਥੀ ਸਿੰਘ/ਕੀਰਤਨੀ ਜਥੇ ਦੀ ਲੋੜ ਹੈ ਜੋ ਨਵੀਂ ਅਤੇ ਪੁਰਾਣੀ ਪੀੜੀ ਲਈ ਗੁਰਮਤਿ ਅਤੇ ਗੁਰਸਿੱਖੀ ਦਾ ਰੋਲ ਮਾਡਲ ਬਣੇ।
ਆਪਣੀਆਂ ਦਰਖਾਸਤਾਂ ਹੇਠ ਲਿਖੇ ਪਤੇ 'ਤੇ ਭੇਜੋ:
Jarnail Singh Ghumman
3059 Montevideo Dr., San Ramon, CA 94583
Ph. (925)-895-2671
ghumman5000@yahoo.com



Gas Stations For Sale or Lease
in Oshkosh, WI
ਗੈਸ ਸਟੇਸ਼ਨ ਵਿਕਾਊ ਹਨ
ਤਿੰਨ ਨੇਮ-ਬਰਾਂਡ ਗੈਸ ਸਟੇਸ਼ਨ ਵਿਸਕਾਨਸਿਨ ਦੇ ਓਸ਼ਕੋਸ਼ ਇਲਾਕੇ ਵਿਚ ਸੇਲ ਜਾਂ ਲੀਜ਼ ਲਈ ਉਪਲਬਧ ਹਨ।
ਚਾਹਵਾਨ ਸੱਜਣ ਸੰਪਰਕ ਕਰਨ
ਸੈਮ, ਫੋਨ: 920-427-9376
44-47



Punjabi Radio USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200



FARMERS INSURANCE GROUP
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪਰਵਾਸੀ ਪੰਜਾਬੀ ਭੌਂ ਮਾਫੀਆ ਖਿਲਾਫ ਡਟੇ

**ਚੰਡੀਗੜ੍ਹ:** ਪਰਵਾਸੀ ਪੰਜਾਬੀਆਂ ਨੇ ਪੰਜਾਬ ਵਿਚ ਭੌਂ ਮਾਫੀਆ ਵੱਲੋਂ ਸਿਆਸੀ ਆਗੂਆਂ ਅਤੇ ਪੁਲਿਸ ਦੀ ਮਿਲੀਭੁਗਤ ਨਾਲ ਐਨ.ਆਰ.ਆਈਜ਼ ਦੀਆਂ ਜ਼ਮੀਨਾਂ ਨੂੰ ਹੜੱਪਣ ਦੀ ਗੁੰਡਾਗਰਦੀ ਦੇਸ਼-ਵਿਦੇਸ਼ ਵਿਚ ਉਜਾਗਰ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਇਹ ਮਾਮਲਾ ਸਾਂਝੇ ਤੌਰ 'ਤੇ ਹਾਈ ਕੋਰਟ ਵਿਚ ਲਿਜਾਣ ਦੀ ਚੇਤਾਵਨੀ ਵੀ ਦਿੱਤੀ ਹੈ।

ਭੌਂ ਮਾਫੀਆ ਤੋਂ ਪੀੜਤ ਤਿੰਨ ਪਰਵਾਸੀ ਪੰਜਾਬੀਆਂ ਨੇ ਪੰਚਾਇਤ ਯੂਨੀਅਨ ਸਮੇਤ ਇੱਥੇ ਪੱਤਰਕਾਰਾਂ ਅੱਗੇ ਦਸਤਾਵੇਜ਼ ਪੇਸ਼ ਕਰਦਿਆਂ ਦੋਸ਼ ਲਾਇਆ ਕਿ ਐਸ.ਐਚ.ਓ. ਤੋਂ ਲੈ ਕੇ ਮੁੱਖ ਮੰਤਰੀ ਤੱਕ ਦੇ ਦਰਾਂ 'ਤੇ ਭਟਕਣ ਦੇ ਬਾਵਜੂਦ ਭੌਂ ਮਾਫੀਆ ਉਨ੍ਹਾਂ ਦੀਆਂ ਜ਼ਮੀਨਾਂ ਦੱਬੀ ਬੈਠਾ ਹੈ। ਟੋਰਾਂਟੋ (ਕੈਨੇਡਾ) ਤੋਂ ਆਏ ਨਿਰਮਲ ਸਿੰਘ ਸਿੱਧੂ, ਕੈਲੀਫੋਰਨੀਆ (ਯੂ.ਐਸ.ਏ.) ਦੇ ਜਤਿੰਦਰ ਸਿੰਘ ਅਤੇ ਫਰਾਂਸ ਦੀ ਜੋਗਿੰਦਰ ਕੌਰ ਸੰਧੂ ਨੇ ਪੰਚਾਇਤ ਯੂਨੀਅਨ ਮੁਹਾਲੀ ਦੇ ਪ੍ਰਧਾਨ ਬਲਵਿੰਦਰ ਸਿੰਘ ਕੁੰਭੜਾ ਦੀ ਹਾਜ਼ਰੀ ਵਿਚ ਆਪੋ-ਆਪਣੀ ਵਿਥਿਆ ਸੁਣਾਉਂਦਿਆਂ ਕਿਹਾ ਕਿ ਜਿੱਥੇ ਪੰਜਾਬ ਪੁਲਿਸ ਦਾ ਐਨ.ਆਰ.ਆਈ. ਸੈੱਲ ਉਨ੍ਹਾਂ ਨੂੰ ਇਨਸਾਫ਼ ਦੇਣ ਤੋਂ ਅਸਫਲ ਰਿਹਾ ਹੈ, ਉਥੇ ਐਨ.ਆਰ.ਆਈ. ਸਭਾ ਨੇ ਵੀ ਉਨ੍ਹਾਂ ਦੇ ਪੱਲੇ ਕੱਖ ਨਹੀਂ ਪਾਇਆ। ਉਨ੍ਹਾਂ ਸਾਂਝੇ ਤੌਰ 'ਤੇ ਕਿਹਾ ਕਿ ਹੁਣ ਉਹ ਭੌਂ ਮਾਫੀਆ ਤੋਂ ਪੀੜਤ ਪੰਜਾਬ ਦੇ ਸਮੂਹ ਐਨ.ਆਰ.ਆਈਜ਼ ਨੂੰ ਇਕੱਠੇ ਕਰਕੇ ਪੰਜਾਬ ਵਿਚਲੇ ਕਥਿਤ ਜੰਗਲ ਰਾਜ ਵਿਰੁੱਧ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਕੁੰਡਾ ਖੜਕਾਉਣਗੇ।

ਸ੍ਰੀ ਕੁੰਭੜਾ ਨੇ ਕਿਹਾ ਕਿ ਉਹ ਪੁਲਿਸ ਅਤੇ ਸਰਕਾਰ ਦੀ ਸ਼ਹਿ ਨਾਲ ਪੰਜਾਬ ਭਰ ਵਿਚ ਸਰਗਰਮ ਭੌਂ ਮਾਫੀਆ ਤੋਂ ਪੀੜਤ ਲੋਕਾਂ ਅਤੇ ਖਾਸ ਕਰ ਕੇ ਐਨ.ਆਰ.ਆਈਜ਼ ਨਾਲ ਤਾਲਮੇਲ ਕਰ ਕੇ ਹਾਈ ਕੋਰਟ ਤੱਕ ਪਹੁੰਚ ਕਰਨਗੇ। ਹੁਣ ਤੱਕ ਯੂਨੀਅਨ ਕੋਲ ਭੌਂ ਮਾਫੀਆ ਤੋਂ ਪੀੜਤ ਕਰੀਬ 20 ਕੇਸ ਪੁੱਜ ਚੁੱਕੇ ਹਨ ਅਤੇ ਉਹ ਸਮੂਹ ਪੀੜਤਾਂ ਨੂੰ ਇਕੱਠੇ ਕਰ ਕੇ ਰਾਜ ਵਿਚਲੇ ਕਾਨੂੰਨ ਦੀ ਅਸਲ ਤਸਵੀਰ ਜੱਗ ਜ਼ਾਹਰ ਕਰਨਗੇ। ਟੋਰਾਂਟੋ ਤੋਂ ਆਏ ਨਿਰਮਲ ਸਿੰਘ ਸਿੱਧੂ ਨੇ ਦਸਤਾਵੇਜ਼ ਪੇਸ਼ ਕਰਦਿਆਂ ਦੱਸਿਆ ਕਿ ਉਸ ਦੀ 10 ਏਕੜ ਜ਼ਮੀਨ ਕੁਝ ਵਿਅਕਤੀਆਂ ਨੇ ਦੱਬ ਲਈ ਹੈ। ਪੁਲਿਸ ਵੱਲੋਂ ਮੁਲਜ਼ਮਾਂ ਵਿਰੁੱਧ ਕੇਸ ਦਰਜ ਕਰਨ ਤੋਂ ਬਾਅਦ ਅਦਾਲਤ ਵਿਚ ਚਲਾਨ ਵੀ ਪੇਸ਼ ਹੋ ਚੁੱਕਿਆ ਹੈ। ਜ਼ਮੀਨ ਦੀ ਗਿਰਦਾਵਰੀ 2003 ਤੋਂ ਉਸ ਦੇ ਨਾਮ ਚੱਲਦੀ ਆ ਰਹੀ ਸੀ। ਹਾਈ ਕੋਰਟ ਦੇ ਆਦੇਸ਼ਾਂ 'ਤੇ ਡੀ.ਜੀ.ਪੀ. ਪੰਜਾਬ ਵੱਲੋਂ ਉਸ ਨੂੰ ਸੁਰੱਖਿਆ ਵੀ ਮੁਹੱਈਆ ਕਰਵਾਈ ਗਈ ਹੈ। ਹੁਣ ਸਿਆਸੀ ਆਗੂਆਂ ਅਤੇ ਪੁਲਿਸ ਦੀ ਸ਼ਹਿ 'ਤੇ ਉਸ ਦੇ ਨਾਮ ਦੀ ਚੱਲਦੀ ਆ ਰਹੀ ਗਿਰਦਾਵਰੀ ਤੋੜ ਦਿੱਤੀ ਗਈ ਹੈ। ਉਹ 7 ਨਵੰਬਰ ਨੂੰ ਟੋਰਾਂਟੋ ਤੋਂ ਆ ਕੇ ਅਫਸਰਾਂ ਦੇ ਦਰਾਂ 'ਤੇ ਧੱਕੇ ਖਾ ਰਿਹਾ ਹੈ।

ਕੈਲੀਫੋਰਨੀਆ ਤੋਂ ਆਏ ਜਤਿੰਦਰ ਸਿੰਘ ਨੇ ਦੱਸਿਆ ਕਿ ਛੇ ਵਿਅਕਤੀ ਉਨ੍ਹਾਂ ਦੇ ਪਿਤਾ ਦੀ ਪਿੰਡ ਚੱਕ ਹਕੀਮ ਅਤੇ ਫਗਵਾੜਾ ਗਰਬੀ ਵਿਚਲੀ ਜ਼ਮੀਨ 'ਤੇ ਕਬਜ਼ਾ ਕਰਨ ਲਈ ਯਤਨਸ਼ੀਲ ਹਨ। ਪੁਲਿਸ ਵੱਲੋਂ ਭਾਵੇਂ 31 ਜੁਲਾਈ ਨੂੰ ਇਨ੍ਹਾਂ ਵਿਅਕਤੀਆਂ ਵਿਰੁੱਧ ਕੇਸ ਦਰਜ ਕਰ ਲਿਆ ਗਿਆ ਸੀ ਪਰ ਪੰਜ ਮੁਲਜ਼ਮ ਹਾਲੇ ਤੱਕ ਵੀ ਗ੍ਰਿਫ਼ਤਾਰ ਨਹੀਂ ਕੀਤੇ ਗਏ। ਫਰਾਂਸ ਤੋਂ ਆਈ ਜੋਗਿੰਦਰ ਸੰਧੂ ਨੇ ਕਿਹਾ ਕਿ ਇੱਥੋਂ ਦੇ ਆਗੂ ਯੂ.ਐਨ.ਓ. ਵਿਚ ਜਾ ਕੇ ਵੱਡੇ ਦਾਅਵੇ ਕਰਦੇ ਹਨ ਜਦਕਿ ਪੰਜਾਬ ਵਿਚ ਭੌਂ ਮਾਫੀਆ ਸਿਆਸੀ ਅਤੇ ਪੁਲਿਸ ਦੀ ਸ਼ਹਿ 'ਤੇ ਐਨ.ਆਰ.ਆਈਜ਼ ਦੀਆਂ ਜਾਇਦਾਦਾਂ ਦੱਬ ਰਿਹਾ ਹੈ। ਉਸ ਦੀਆਂ ਲੁਧਿਆਣਾ ਸਥਿਤ ਦੋ ਕੋਠੀਆਂ 'ਤੇ ਭੌਂ ਮਾਫੀਆ ਵੱਲੋਂ ਕਬਜ਼ਾ ਕਰ ਕੇ ਉਲਟਾ ਉਸ ਖ਼ਿਲਾਫ਼ ਹੀ ਝੂਠੇ ਕੇਸ ਦਰਜ ਕਰਵਾ ਦਿੱਤੇ ਸਨ।ਉਨ੍ਹਾਂ ਦੋਸ਼ ਲਾਇਆ ਕਿ ਪੁਲਿਸ ਉਸ ਨੂੰ ਕਹਿ ਰਹੀ ਹੈ ਕਿ ਘਰ ਤਾਂ ਹੋਰ ਵੀ ਮਿਲ ਜਾਣਗੇ ਪਰ ਜਾਨ ਨਹੀਂ ਮਿਲਣੀ। ਪੁਲਿਸ ਨੇ ਉਸ ਵਿਰੁੱਧ ਦਰਜ ਕੀਤੇ ਸਾਰੇ ਝੂਠੇ ਕੇਸ ਰੱਦ ਕਰਕੇ ਪੀ.ਸੀ.ਸੀ. ਜਾਰੀ ਕਰ ਦਿੱਤੀ ਹੈ ਪਰ ਉਹ ਭੌਂ ਮਾਫੀਆ ਕੋਲੋਂ ਕੋਠੀਆਂ ਖਾਲੀ ਕਰਵਾ ਕੇ ਹੀ ਫਰਾਂਸ ਵਾਪਸ ਮੁੜੇਗੀ।

## ਭਾਜਪਾ ਨੇ ਪੰਜਾਬ ਲਈ ਘੜੀ ਨਵੀਂ ਰਣਨੀਤੀ

*(ਸਫਾ ਇਕ ਦੀ ਬਾਕੀ)*

ਤੋਂ ਪਹਿਲੀ ਵਾਰ ਚੋਣ ਜਿੱਤੇ ਵਿਜੇ ਸਾਂਪਲਾ ਨੂੰ ਭਾਜਪਾ ਦੇ ਦਲਿਤ ਚਿਹਰੇ ਵਜੋਂ ਕੇਂਦਰੀ ਮੰਤਰੀ ਮੰਡਲ ਵਿਚ ਸ਼ਾਮਲ ਕੀਤਾ ਹੈ।

ਪੰਜਾਬ ਦੀ ਸਿਆਸਤ ਵਿਚ ਸਾਂਪਲਾ ਦਾ ਕੋਈ ਵੱਡਾ ਨਾਂ ਨਹੀਂ ਹੈ ਪਰ ਸੂਬੇ ਵਿਚ 2017 ਦੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਭਾਜਪਾ ਨੇ ਇਹ ਪੱਤਾ ਖੇਡਿਆ ਹੈ।

ਭਾਜਪਾ ਪਹਿਲਾਂ ਹੀ ਦਲਿਤ ਆਗੂ ਤੇ ਆਗਰਾ ਤੋਂ ਐਮ.ਪੀ. ਰਾਮ ਸ਼ੰਕਰ ਕਥੇਰੀਆ ਨੂੰ ਪੰਜਾਬ ਵਿਚ ਸੂਬਾਈ ਮਾਮਲਿਆਂ ਦਾ ਇੰਚਾਰਜ ਲਾ ਕੇ ਆਪਣੀ ਰਣਨੀਤੀ ਐਲਾਨ ਚੁੱਕੀ ਹੈ। ਹਰਿਆਣੇ ਵਿਚ ਵੀ ਕਾਂਗਰਸ ਛੱਡ ਥੋੜ੍ਹਾ ਚਿਰ ਪਹਿਲਾਂ ਭਾਜਪਾ ਵਿਚ ਰਲੇ ਜਾਟ ਆਗੂ ਬਿਰੇਂਦਰ ਸਿੰਘ ਨੂੰ ਵਜ਼ੀਰੀ ਬਖਸ਼ੀ ਹੈ। ਹਾਲ ਹੀ ਵਿਚ ਹੋਈਆਂ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਜਾਟ ਵੋਟਾਂ ਨੂੰ ਆਪਣੇ ਪੱਖ ਵਿਚ ਭੁਗਤਾਉਣ ਵਿਚ ਅਸਫਲ ਰਹੀ ਸੀ। ਬਿਰੇਂਦਰ ਸਿੰਘ ਉਘੇ ਕਿਸਾਨ ਨੇਤਾ ਸਰ ਛੋਟੂ ਰਾਮ ਦੇ ਪੋਤਰੇ ਹਨ ਤੇ ਉਨ੍ਹਾਂ ਦਾ ਜਾਟ ਬਰਾਦਰੀ ਵਿਚ ਚੰਗਾ ਆਧਾਰ ਹੈ। ਦੂਜੇ ਪਾਸੇ ਅਕਾਲੀ ਆਗੂਆਂ ਨੂੰ ਉਮੀਦ ਸੀ ਕਿ ਫੂਡ ਪ੍ਰਾਸੈਸਿੰਗ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਕਿਸੇ ਹੋਰ ਮਹਿਕਮੇ ਦਾ ਚਾਰਜ ਦਿੱਤਾ ਜਾਵੇਗਾ।

ਵਾਧੂ ਮਹਿਕਮਾ ਤਾਂ ਕੀ ਦੇਣਾ ਸੀ ਸਗੋਂ ਬੀਬੀ ਬਾਦਲ ਦੇ ਨਾਲ ਫਤਹਿਪੁਰ ਤੋਂ ਐਮ.ਪੀ. ਸਾਧਵੀ ਨਿਰੰਜਨ ਜਯੋਤੀ ਨੂੰ ਮੰਤਰੀ ਬਣਾ ਕੇ ਬਿਠਾ ਦਿੱਤਾ ਗਿਆ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਵਿਚੋਂ ਕਿਸੇ ਨੇ ਵੀ ਸਹੁੰ ਚੁੱਕ ਸਮਾਗਮ ਵਿਚ ਸ਼ਿਰਕਤ ਨਹੀਂ ਕੀਤੀ।

ਅੰਮ੍ਰਿਤਸਰ ਲੋਕ ਸਭਾ ਸੀਟ ਤੋਂ ਸੀਨੀਅਰ ਭਾਜਪਾ ਆਗੂ ਅਰੁਣ ਜੇਤਲੀ ਦੇ ਹਾਰ ਜਾਣ ਤੋਂ ਹੀ ਅਕਾਲੀ-ਭਾਜਪਾ ਸਬੰਧਾਂ ਵਿਚ ਤਰੇੜਾਂ ਉਭਰਨੀਆਂ ਸ਼ੁਰੂ ਹੋ ਗਈਆਂ ਸਨ ਤੇ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਵੱਲੋਂ ਭਾਜਪਾ ਦੀ ਬਜਾਏ ਓਮ ਪ੍ਰਕਾਸ਼ ਚੌਟਾਲਾ ਦੀ ਪਾਰਟੀ ਦੀ ਹਮਾਇਤ ਕਰਨ ਨਾਲ ਭਾਜਪਾ ਲੀਡਰਸ਼ਿਪ ਨੂੰ ਹੋਰ ਤਾਅ ਚੜ੍ਹ ਗਿਆ। ਉਦੋਂ ਤੋਂ ਦੋਵਾਂ ਪਾਰਟੀਆਂ ਦੇ ਆਗੂਆਂ ਵੱਲੋਂ ਤੱਤੇ-ਠੰਢੇ ਬਿਆਨ ਦਿੱਤੇ ਜਾ ਰਹੇ ਹਨ। ਦਿੱਲੀ ਵਿਚਲੇ ਭਾਜਪਾ ਆਗੂਆਂ ਦਾ ਕਹਿਣਾ ਹੈ ਕਿ ਸਹੀ ਸਮਾਂ ਆਉਣ 'ਤੇ ਅਕਾਲੀ ਦਲ ਨਾਲ ਪਾਰਟੀ ਦੇ ਸਬੰਧਾਂ ਦਾ ਜਾਇਜ਼ਾ ਲਿਆ ਜਾਵੇਗਾ। ਅਸਲ ਵਿਚ ਭਾਜਪਾ ਆਪਣੇ ਅਸਰ ਵਿਹੂਣੇ ਸੂਬਿਆਂ ਵਿਚ ਪੈਰ ਪਸਾਰਨ ਲਈ 'ਏਕਲਾ ਚਲੋ' ਦੀ ਰਣਨੀਤੀ ਨੂੰ ਪਹਿਲ ਦੇ ਰਹੀ ਹੈ ਤੇ ਮਹਾਰਾਸ਼ਟਰ ਤੇ ਹਰਿਆਣਾ ਵਿਚ ਇਸ ਦੇ ਚੰਗੇ ਨਤੀਜੇ ਵੀ ਸਾਹਮਣੇ ਆਏ ਹਨ।

## ਅਜੈ ਚੌਟਾਲਾ ਦੀ ਅੰਤ੍ਰਿਮ ਜ਼ਮਾਨਤ ਵਧਾਈ

**ਨਵੀਂ ਦਿੱਲੀ:** ਦਿੱਲੀ ਹਾਈਕੋਰਟ ਨੇ ਅਜੈ ਚੌਟਾਲਾ ਦੀ ਅੰਤਰਿਮ ਜ਼ਮਾਨਤ ਵਿਚ 21 ਨਵੰਬਰ ਤੱਕ ਵਾਧਾ ਕਰ ਦਿੱਤਾ। ਅਜੈ ਨੂੰ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੇ ਨਾਲ ਜੇ.ਬੀ.ਟੀ. ਭਰਤੀ ਘੁਟਾਲੇ ਵਿਚ 10 ਸਾਲ ਦੀ ਸਜ਼ਾ ਹੋਈ ਸੀ। ਜਸਟਿਸ ਸਿਧਾਰਥ ਮ੍ਰਿਦੁਲ ਨੇ ਡਾਕਟਰੀ ਆਧਾਰ 'ਤੇ ਉਸ ਦੀ ਜ਼ਮਾਨਤ ਵਿਚ 21 ਨਵੰਬਰ ਤੱਕ ਵਾਧਾ ਕਰ ਦਿੱਤਾ।

## ਨਵਾਜ਼ ਸ਼ਰੀਫ ਦੇ ਘਰ ਨੇੜੇ ਲੱਗੇ ਇਸਲਾਮਿਕ ਸਟੇਟ ਦੇ ਪੋਸਟਰ

**ਲਾਹੌਰ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਫਾਰਮ ਹਾਊਸ ਤੋਂ ਸਿਰਫ 15 ਕਿਲੋਮੀਟਰ ਦੂਰ ਤੱਕ ਅਤਿਵਾਦੀ ਜਥੇਬੰਦੀ ਇਸਲਾਮਿਕ ਸਟੇਟ ਦੇ ਹੱਕ ਵਿਚ ਪੋਸਟਰ, ਸਟਿੱਕਰ ਤੇ ਕੰਧਾਂ ਉਤੇ ਨਾਅਰੇ ਲਿਖੇ ਗਏ ਹਨ। ਇਸ ਤਰ੍ਹਾਂ ਦੀ ਗਤੀਵਿਧੀ ਨੇ ਇਸ ਇਲਾਕੇ ਵਿਚ ਇਸਲਾਮਿਕ ਸਟੇਟ ਦੀ ਹੋਂਦ ਦੇ ਪ੍ਰਗਟਾਵੇ ਤੋਂ ਬਾਅਦ ਸੁਰੱਖਿਆ ਏਜੰਸੀਆਂ ਨੂੰ ਹੱਥਾਂ-ਪੈਰਾਂ ਦੀ ਪਾ ਦਿੱਤੀ ਹੈ।

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਰਾਏਵਿੰਡ ਸਥਿਤ ਰਿਹਾਇਸ਼ ਤੋਂ ਸਿਰਫ 15 ਕਿਲੋਮੀਟਰ ਦੂਰ ਨਵਾਬ ਕਸਬੇ ਤੇ ਠੋਕਰ ਨਿਆਜ਼ ਬੇਗ ਵਿਖੇ ਇਸਲਾਮਿਕ ਸਟੇਟ ਦੇ ਹੱਕ ਵਿਚ 'ਬਗਾਵਤ ਦੇ ਜੋਸ਼ ਦੀ ਮੁਬਾਰਿਕ ਹੋਵੇ' ਵਰਗੇ ਪੋਸਟਰ ਲਾਏ ਗਏ ਹਨ। ਪੁਲਿਸ ਨੇ ਇਸ ਮਾਮਲੇ ਵਿਚ ਨਾਮੂਲਮ ਵਿਅਕਤੀਆਂ ਵਿਰੁੱਧ ਐਫ.ਆਈ.ਆਰ. ਦਰਜ ਕਰ ਲਈ ਹੈ।

ਪੰਜਾਬ ਪੁਲਿਸ ਦੇ ਡਿਪਟੀ ਇੰਸਪੈਕਟਰ ਜਨਰਲ ਹੈਦਰ ਅਸ਼ਰਫ ਮੁਤਾਬਕ ਬਗਾਵਤ ਭੜਕਾਉਣ ਲਈ ਲਾਏ ਗਏ ਪੋਸਟਰਾਂ ਦੇ ਦੋਸ਼ੀਆਂ ਨੂੰ ਫੜਨ ਲਈ ਜਾਂਚ ਜਾਰੀ ਹੈ ਤੇ ਜਾਂਚ ਏਜੰਸੀਆਂ ਨੂੰ ਵਿਸ਼ੇਸ਼ ਜਾਂਚ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਇਸਲਾਮਿਕ ਸਟੇਟ ਦੀ ਪੰਜਾਬ ਵਿਚ ਮੌਜੂਦਗੀ ਬਾਰੇ ਉਨ੍ਹਾਂ ਕਿਹਾ ਕਿ ਅਜੇ ਇਸ ਸਬੰਧੀ ਕੁਝ ਵੀ ਨਹੀਂ ਕਿਹਾ ਜਾ ਸਕਦਾ, ਸਾਰੇ ਪੱਖਾਂ ਨੂੰ ਧਿਆਨ ਵਿਚ ਰੱਖਿਆ ਜਾ ਰਿਹਾ ਹੈ। ਸਭ ਤੋਂ ਪਹਿਲਾਂ ਇਥੋਂ 400 ਕਿਲੋਮੀਟਰ ਦੂਰ ਖਾਨੇਵਾਲ ਜ਼ਿਲ੍ਹੇ ਵਿਚ ਇਸਲਾਮਿਕ ਸਟੇਟ ਦੇ ਹੱਕ ਵਿਚ ਕੰਧਾਂ ਉਤੇ ਨਾਅਰੇ ਲਿਖੇ ਹੋਏ ਮਿਲੇ ਸਨ।

## ਜੇਠਮਲਾਨੀ ਵੱਲੋਂ ਕਸ਼ਮੀਰ ਬਾਰੇ ਮੁਸ਼ੱਰਫ ਫਾਰਮੂਲੇ ਦੀ ਵਕਾਲਤ

**ਸ੍ਰੀਨਗਰ:** ਭਾਜਪਾ ਦੇ ਸਾਬਕਾ ਸੰਸਦ ਮੈਂਬਰ ਤੇ ਉੱਘੇ ਵਕੀਲ ਰਾਮ ਜੇਠਮਲਾਨੀ ਨੇ ਕਸ਼ਮੀਰ ਮਸਲੇ ਲਈ ਪਾਕਿਸਤਾਨ ਦੇ ਸਾਬਕਾ ਤਾਨਾਸ਼ਾਹ ਪਰਵੇਜ਼ ਮੁਸ਼ੱਰਫ਼ ਦੇ ਚਾਰ-ਨੁਕਾਤੀ ਫਾਰਮੂਲੇ ਦੀ ਵਕਾਲਤ ਕਰਦਿਆਂ ਕਿਹਾ ਹੈ ਕਿ ਇਸ ਦੇ ਆਧਾਰ 'ਤੇ ਕਸ਼ਮੀਰ ਮਸਲੇ ਦਾ ਸਥਾਈ ਹੱਲ ਕੱਢਿਆ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਮੁਸ਼ੱਰਫ਼ ਨੇਕ ਇਰਾਦੇ ਨਾਲ ਭਾਰਤ ਆਇਆ ਸੀ ਪਰ ਭਾਰਤ ਨੇ ਹੀ ਉਸ ਨੂੰ ਨਾਕਾਮ ਕਰ ਦਿੱਤਾ।

ਸ੍ਰੀ ਜੇਠਮਲਾਨੀ ਨੇ ਦੱਸਿਆ ਕਿ ਮੁਸ਼ੱਰਫ਼ ਨੇ ਸਾਂਝੇ ਦੋਸਤ ਰਾਹੀਂ ਆਪਣੀ ਪੇਸ਼ਕਸ਼ ਉਨ੍ਹਾਂ ਨੂੰ ਭੇਜੀ, ਜਿਸ ਵਿਚ ਕੁਝ ਬਦਲਾਅ ਕਰਨ ਤੋਂ ਬਾਅਦ ਉਨ੍ਹਾਂ ਮੁਸ਼ੱਰਫ਼ ਨੂੰ ਮੋੜ ਦਿੱਤਾ ਸੀ ਜਿਸ ਨੂੰ ਉਨ੍ਹਾਂ ਸਵੀਕਾਰ ਕਰ ਲਿਆ ਸੀ। ਉਨ੍ਹਾਂ ਇਸ ਗੱਲ ਦੀ ਹਾਮੀ ਭਰੀ ਕਿ ਜਿਵੇਂ ਹੀ ਵਾਦੀ ਵਿਚ ਸ਼ਾਂਤੀ ਸਥਾਪਤ ਹੁੰਦੀ ਹੈ ਤਾਂ ਫ਼ੌਜ ਨੂੰ ਉੱਥੋਂ ਹਟਾ ਲੈਣਾ ਚਾਹੀਦਾ ਹੈ।

## ਸੁਪਰੀਮ ਕੋਰਟ ਵੱਲੋਂ ਜਾਤ ਆਧਾਰਤ ਜਨਗਣਨਾ ਦਾ ਹੁਕਮ ਰੱਦ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਮਦਰਾਸ ਹਾਈਕੋਰਟ ਦਾ 2010 ਵਿਚ ਸਰਕਾਰ ਨੂੰ ਜਨਗਣਨਾ ਦੀ ਕਾਰਵਾਈ ਮੌਕੇ ਆਬਾਦੀ ਦੇ ਵੇਰਵਿਆਂ ਦੇ ਨਾਲ ਜਾਤ ਦੇ ਵੇਰਵੇ ਵੀ ਸ਼ਾਮਲ ਕਰਨ ਦੇ ਨਿਰਦੇਸ਼ ਦੇਣ ਦਾ ਫੈਸਲਾ ਖਾਰਜ ਕਰ ਦਿੱਤਾ। ਤਿੰਨ ਮੈਂਬਰੀ ਬੈਂਚ ਨੇ ਕਿਹਾ ਕਿ ਜਨਗਣਨਾ ਦੇ ਢੰਗ-ਤਰੀਕੇ ਅਪਣਾਉਣ ਬਾਰੇ ਸਰਕਾਰ ਕੋਲ ਅਧਿਕਾਰ ਹਨ।

ਇਹ ਕਾਨੂੰਨ ਘੜਨਾ ਅਦਾਲਤ ਦੇ ਘੇਰੇ ਵਿਚ ਨਹੀਂ ਆਉਂਦਾ। ਉਨ੍ਹਾਂ ਹਾਈਕੋਰਟ ਦਾ ਉਪਰੋਕਤ ਹੁਕਮ ਸੁਪਰੀਮ ਕੋਰਟ ਨੇ "ਅਦਾਲਤੀ ਨਜ਼ਰਸਾਨੀ ਦੇ ਹੱਕ ਦੀ ਘੋਰ ਉਲੰਘਣਾ" ਕਰਾਰ ਦਿੱਤਾ।

## ਖਾੜਕੂਆਂ ਦੀ ਗ੍ਰਿਫਤਾਰੀ ਨੇ ਨਵੀਂ ਚਰਚਾ ਛੇੜੀ

*(ਸਫਾ ਇਕ ਦੀ ਬਾਕੀ)*

ਪਟਿਆਲਾ ਵਿਚ ਮਾਰਨ ਵਾਸਤੇ ਇੰਗਲੈਂਡ ਵਿਚ ਇਨ੍ਹਾਂ ਖਾੜਕੂਆਂ ਵੱਲੋਂ 60 ਹਜ਼ਾਰ ਪਾਊਂਡ ਇਕੱਠੇ ਕੀਤੇ ਗਏ ਸਨ। ਇਸ ਮਗਰੋਂ 28 ਜੁਲਾਈ ਨੂੰ ਰੂਲਦਾ ਸਿੰਘ ਦੀ ਹੱਤਿਆ ਕਰ ਦਿੱਤੀ ਗਈ। ਇਸ ਤੋਂ ਦੋ ਮਹੀਨਿਆਂ ਬਾਅਦ ਪੁਲਿਸ ਨੇ ਰਾਜਸਥਾਨ ਦੇ ਪਿੰਡ ਬਾੜਮੇਰ ਵਿਚ ਆਰ.ਡੀ.ਐਕਸ. ਦੇ ਇਕ ਸਮਗਲਰ ਨੂੰ ਗ੍ਰਿਫ਼ਤਾਰ ਕੀਤਾ ਜਿਸ ਨਾਲ ਰੂਲਦਾ ਸਿੰਘ ਦੇ ਕਾਤਲਾਂ ਤੱਕ ਪੁਲਿਸ ਪਹੁੰਚ ਸਕੀ ਤੇ ਇਨ੍ਹਾਂ ਕਾਤਲਾਂ ਦੇ ਥਾਈਲੈਂਡ ਨਾਲ ਤਾਰ ਜੁੜੇ ਹੋਣ ਦਾ ਵੀ ਖੁਲਾਸਾ ਹੋਇਆ।


ਰੂਲਦਾ ਸਿੰਘ ਨੂੰ ਕਤਲ ਕਰਨ ਦੀ ਸਾਜ਼ਿਸ਼ ਇੰਗਲੈਂਡ ਵਿਚ ਪਰਮਜੀਤ ਨੇ ਘੜੀ ਸੀ ਜਿਸ ਨੂੰ ਅੱਗੇ ਭਾਰਤ ਵਿਚ ਗੋਲਡੀ ਨੇ ਅਮਲੀ ਜਾਮਾ ਪਹਿਨਾਇਆ। ਇੰਗਲੈਂਡ ਸਥਿਤ ਵਿਅਕਤੀਆਂ ਗੁਰਸ਼ਰਨ ਸਿੰਘ ਤੇ ਪਿਆਰਾ ਸਿੰਘ ਨੂੰ ਰੂਲਦਾ ਸਿੰਘ ਨੂੰ ਗੋਲੀ ਮਾਰਨ ਦਾ ਜ਼ਿੰਮਾ ਸੌਂਪਿਆ ਗਿਆ ਸੀ ਜਦੋਂ ਕਿ ਗੋਲਡੀ ਨੇ ਆਪਣੇ ਦੋ ਸਾਥੀਆਂ ਦਰਸ਼ਨ ਸਿੰਘ ਤੇ ਜਗਮੋਹਨ ਸਿੰਘ ਨਾਲ ਮਿਲ ਕੇ ਕਤਲ ਨੂੰ ਅੰਜਾਮ ਦੇਣ ਵਿਚ ਮੁੱਖ ਭੂਮਿਕਾ ਨਿਭਾਈ ਸੀ। ਰੂਲਦਾ ਸਿੰਘ ਨੂੰ 28 ਜੁਲਾਈ, 2009 ਨੂੰ ਗੋਲੀ ਮਾਰੀ ਗਈ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

## ਖ਼ੂਬ ਲੜੀ ਮਰਦਾਨੀ, ਉਹ ਤਾਂ ਪੈਲਾਟਾਈਨ ਵਾਲੀ ਲਾਡੀ ਹੈ

**ਸ਼ਿਕਾਗੋ (ਬਿਊਰੋ):** ਇਲੀਨਾਏ ਸਟੇਟ ਅਸੰਬਲੀ ਦੇ 54ਵੇਂ ਡਿਸਟ੍ਰਿਕਟ ਤੋਂ ਡੈਮੋਕਰੈਟਿਕ ਪਾਰਟੀ ਦੀ ਟਿਕਟ 'ਤੇ ਚੋਣ ਲੜਨ ਵਾਲੀ ਲਾਡੀ ਕੇ ਸਿੰਘ ਰਿਪਬਲੀਕਨ ਉਮੀਦਵਾਰ ਟੌਮ ਮੌਰੀਸਨ ਪਾਸੋਂ ਚੋਣ ਹਾਰ ਗਈ ਹੈ। ਟੌਮ ਮੌਰੀਸਨ ਨੂੰ ਕੁਲ 20360 ਵੋਟਾਂ ਮਿਲੀਆਂ ਜਦੋਂਕਿ ਲਾਡੀ ਕੇ ਸਿੰਘ ਨੂੰ 10452 ਵੋਟਾਂ ਹਾਸਲ ਹੋਈਆਂ।


*ਲਾਡੀ ਕੇ ਸਿੰਘ*

ਬੇਸ਼ਕ ਲਾਡੀ ਚੋਣ ਹਾਰ ਗਈ ਹੈ ਪਰ ਉਹ ਪਹਿਲੀ ਸਿੱਖ ਔਰਤ ਹੈ ਜਿਸ ਨੇ ਇਲੀਨਾਏ ਅਸੰਬਲੀ ਦੀ ਚੋਣ ਲੜੀ ਹੈ ਅਤੇ ਉਹ ਵੀ ਸਿਆਸੀ ਖੇਤਰ ਵਿਚ ਪਹਿਲੀ ਵਾਰ ਕਦਮ ਰਖਣ ਪਿਛੋਂ। ਆਪਣੇ ਆਪ ਵਿਚ ਇਹ ਵੀ ਇਕ ਵਡੀ ਪ੍ਰਾਪਤੀ ਹੈ। ਜ਼ਿਕਰਯੋਗ ਹੈ ਕਿ ਮਿਡਵੈਸਟ ਦਾ ਸਭ ਤੋਂ ਪੁਰਾਣਾ ਅਤੇ ਵਡਾ ਗੁਰੂਘਰ ਗੁਰਦੁਆਰਾ ਪੈਲਾਟਾਈਨ 54ਵੇਂ ਡਿਸਟ੍ਰਿਕਟ ਵਿਚ ਹੀ ਪੈਂਦਾ ਹੈ। ਸੱਚਮੁਚ ਉਹ ਰਾਣੀ ਝਾਂਸੀ ਵਾਂਗ ਖ਼ੂਬ ਲੜਨ ਵਾਲੀ ਮਰਦਾਨੀ ਹੈ।

# ਦਾਗੀਆਂ ਨੂੰ ਵਜ਼ੀਰੀ ਬਖਸ਼ਣ 'ਤੇ ਮੋਦੀ ਦੀ ਨੁਕਾਤਚੀਨੀ

**ਨਵੀਂ ਦਿੱਲੀ:** ਕੇਂਦਰੀ ਕੈਬਨਿਟ ਦੇ ਵਿਸਤਾਰ ਨੂੰ ਲੈ ਕੇ ਕਾਂਗਰਸ ਤੇ ਭਾਜਪਾ ਵਿਚਕਾਰ ਜ਼ੋਰਦਾਰ ਸ਼ਬਦੀ ਜੰਗ ਹੋਈ। ਕਾਂਗਰਸ ਨੇ ਜਿਥੇ ਸਰਕਾਰ 'ਤੇ ਮੰਤਰੀ ਮੰਡਲ ਵਿਚ ਦਾਗ਼ੀ ਮੰਤਰੀਆਂ ਨੂੰ ਸ਼ਾਮਲ ਕਰਨ ਦਾ ਦੋਸ਼ ਲਾਇਆ ਉਥੇ ਭਾਜਪਾ ਦਾ ਕਹਿਣਾ ਸੀ ਕਿ ਇਨ੍ਹਾਂ ਮੰਤਰੀਆਂ 'ਤੇ ਕੋਈ ਗੰਭੀਰ ਦੋਸ਼ ਨਹੀਂ ਲੱਗਾ ਤੇ ਸਾਰੇ ਦੋਸ਼ ਸਿਆਸਤ ਤੋਂ ਪ੍ਰੇਰਤ ਹਨ।

ਕਾਂਗਰਸ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਚੋਣ ਪ੍ਰਚਾਰ ਵਿਚ ਸੰਸਦ ਅੰਦਰ ਅਪਰਾਧੀਆਂ ਦੇ ਸਫ਼ਾਏ ਦੀ ਗੱਲ ਕਹੀ ਸੀ ਪਰ ਇਸ ਦੇ ਉਲਟ ਉਨ੍ਹਾਂ ਦੇ ਮੰਤਰੀ ਮੰਡਲ ਵਿਚ ਹੋਰ ਦਾਗ਼ੀ ਮੰਤਰੀਆਂ ਨੂੰ ਸ਼ਾਮਲ ਕੀਤਾ ਗਿਆ ਹੈ।

ਕਾਂਗਰਸ ਨੇ ਨਾਲ ਹੀ ਕਿਹਾ ਕਿ ਮੰਤਰੀ ਮੰਡਲ ਵਿਚ ਫੇਰਬਦਲ ਦੀ ਕਵਾਇਦ ਖੋਖਲੀ ਰਹੀ ਤੇ ਮੰਤਰੀਆਂ ਦੇ ਕੰਮਕਾਜ ਬਦਲਣ ਵਿਚ ਕੋਈ ਤਰਕਸੰਗਤ ਸੋਚ ਨਹੀਂ ਦਿਖੀ। ਕਾਂਗਰਸ ਨੇ ਕਿਹਾ ਕਿ ਖ਼ਾਸ ਤੌਰ 'ਤੇ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦਾ ਵਾਧੂ ਭਾਰ ਦਿੱਤਾ ਗਿਆ ਜਿਨ੍ਹਾਂ ਦੋਹਾਂ ਮੰਤਰਾਲਿਆਂ ਵਿਚ ਕੋਈ ਆਪਸੀ ਤਾਲਮੇਲ ਨਹੀਂ ਹੈ। ਪ੍ਰਧਾਨ ਮੰਤਰੀ 'ਤੇ ਅਪਣੇ ਚੋਣ ਵਾਅਦਿਆਂ ਨੂੰ ਪੂਰਾ ਨਾ ਕਰ ਸਕਣ ਦਾ ਦੋਸ਼ ਲਾਉਂਦਿਆਂ ਉਨ੍ਹਾਂ ਤੋਂ ਇਸ ਲਈ ਮੁਆਫ਼ੀ ਮੰਗਣ ਨੂੰ ਕਹਿੰਦਿਆਂ ਕਾਂਗਰਸ ਜਨਰਲ ਸਕੱਤਰ ਅਜੈ ਮਾਕਨ ਨੇ ਨਵੇਂ ਬਣੇ ਮੰਤਰੀ ਵਾਈ.ਐਸ. ਚੌਧਰੀ ਦੇ ਅਸਤੀਫ਼ੇ ਦੀ ਮੰਗ ਵੀ ਕੀਤੀ ਤੇ ਇਸ ਲਈ ਉਨ੍ਹਾਂ ਬੈਂਕ ਦਸਤਾਵੇਜ਼ਾਂ ਦਾ ਹਵਾਲਾ ਦਿੱਤਾ ਜਿਨ੍ਹਾਂ ਵਿਚ ਦਾਅਵਾ ਕੀਤਾ ਗਿਆ ਹੈ ਕਿ ਚੌਧਰੀ ਦੀ ਕੰਪਨੀ ਨੇ ਸੈਂਟਰਲ ਬੈਂਕ ਆਫ਼ ਇੰਡੀਆ ਵੱਲੋਂ ਦਿੱਤੇ 317.6 ਕਰੋੜ ਰੁਪਏ ਦੇ ਕਰਜ਼ੇ ਦਾ ਭੁਗਤਾਨ ਨਹੀਂ ਕੀਤਾ।

ਮਾਕਨ ਨੇ ਦਾਅਵਾ ਕੀਤਾ ਕਿ ਮੰਤਰੀ ਮੰਡਲ ਵਿਚ ਦੋ ਤੋਂ ਤਿੰਨ ਵਿਵਾਦਮਈ ਮੰਤਰੀ ਸ਼ਾਮਲ ਕੀਤੇ ਗਏ ਤੇ ਇਸ ਨਾਲ 66 ਮੰਤਰੀਆਂ ਵਿਚ ਦਾਗ਼ੀ ਮੰਤਰੀਆਂ ਦੀ ਗਿਣਤੀ 15-16 ਤੱਕ ਪੁੱਜ ਗਈ ਹੈ।

ਮੋਦੀ ਸਰਕਾਰ ਦੇ ਨਵੇਂ ਮੰਤਰੀ ਗਿਰੀਰਾਜ ਸਿੰਘ ਦੇ ਘਰ ਚੋਰੀ ਦੇ 1.25 ਕਰੋੜ ਰੁਪਏ ਜ਼ਬਤ ਹੋਣ ਦਾ ਹਵਾਲਾ ਦਿੰਦਿਆਂ ਕਾਂਗਰਸ ਆਗੂ ਨੇ ਕਿਹਾ ਕਿ ਦੇਸ਼ ਦੀ ਜਨਤਾ ਪ੍ਰਧਾਨ ਮੰਤਰੀ ਤੋਂ ਪੁੱਛਣਾ ਚਾਹੁੰਦੀ ਹੈ ਕਿ ਜਿਸ ਵਿਅਕਤੀ ਦੇ ਘਰ ਤੋਂ ਭਾਰੀ ਨਕਦੀ ਮਿਲੀ ਹੋਵੇ ਤੇ ਆਮਦਨ ਟੈਕਸ ਵਿਭਾਗ ਜਿਸ ਮਾਮਲੇ ਵਿਚ ਜਾਂਚ ਕਰ ਰਿਹਾ ਹੋਵੇ, ਜੇਕਰ ਉਹ ਦਾਗ਼ੀ ਨਹੀਂ ਹੈ ਤਾਂ ਕੌਣ ਹੈ। ਉਧਰ ਐਨ.ਡੀ.ਏ. ਸਰਕਾਰ ਨੇ ਵੀ ਕਾਂਗਰਸ ਦੇ ਦੋਸ਼ਾਂ ਨੂੰ ਸਖ਼ਤੀ ਨਾਲ ਖਾਰਜ ਕੀਤਾ। ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਕਾਂਗਰਸ ਵੱਲੋਂ ਦਿੱਤੇ ਦਾਗ਼ੀ ਮੰਤਰੀਆਂ ਦੇ ਉਦਾਹਰਨ ਬਿਲਕੁਲ ਬੇਬੁਨਿਆਦ ਹਨ।

## ਦਹਿਸ਼ਤੀਆਂ ਦੀ ਮੇਜ਼ਬਾਨੀ ਨਾ ਕਰੇ ਪਾਕਿ: ਰਾਜਨਾਥ

**ਮੋਨਾਕੋ:** ਪਾਕਿਸਤਾਨ 'ਤੇ ਟੇਢੇ ਢੰਗ ਨਾਲ ਹਮਲਾ ਕਰਦਿਆਂ, ਭਾਰਤ ਨੇ ਆਖਿਆ ਕਿ ਦੇਸ਼ਾਂ ਨੂੰ ਦਹਿਸ਼ਤੀ ਸਰਗਰਮੀਆਂ ਨੂੰ ਸ਼ਹਿ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਤੇ ਆਪਣੀ ਧਰਤੀ ਦਾ ਦਹਿਸ਼ਤਗਰਦੀ ਦੇ ਸਿਖਲਾਈ ਕੈਂਪਾਂ ਲਈ ਇਸਤੇਮਾਲ ਨਹੀਂ ਹੋਣ ਦੇਣਾ ਚਾਹੀਦਾ। ਇਥੇ ਇੰਟਰਪੋਲ ਦੇ 83ਵੇਂ ਆਮ ਇਜਲਾਸ ਨੂੰ ਸੰਬੋਧਨ ਕਰਦਿਆਂ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਇਹ ਵੀ ਆਖਿਆ ਕਿ ਭ੍ਰਿਸ਼ਟਾਚਾਰ ਤੇ ਦਹਿਸ਼ਤਗਰਦੀ ਨਾਲ ਸਬੰਧਤ ਕੇਸਾਂ ਵਿਚ ਬੈਂਕਿੰਗ ਤੇ ਕਾਰਪੋਰੇਟ ਭੇਤ ਹਟਾਉਣ ਨਾਲ ਅਪਰਾਧੀਆਂ ਨੂੰ ਡੱਕਣ ਵਿਚ ਚੋਖੀ ਮਦਦ ਮਿਲੇਗੀ।

## ਜਸਦੇਵ ਯਮਲੇ ਨਾਲ ਰੂਬਰੂ 16 ਨੂੰ

**ਸੈਕਰਾਮੈਂਟੋ (ਬਿਊਰੋ):** ਪੰਜਾਬੀ ਗੀਤਕਾਰੀ ਮੰਚ ਕੈਲੀਫੋਰਨੀਆ ਵਲੋਂ ਪੰਜਾਬੀ ਗਾਇਕੀ ਦੇ ਅਹਿਮ ਅੰਗ ਯਮਲਾ ਪਰਿਵਾਰ ਦੀ ਗੱਲ ਤੋਰਨ ਦੇ ਯਤਨ ਵਜੋਂ ਆਉਂਦੇ ਐਤਵਾਰ 16 ਨਵੰਬਰ ਨੂੰ ਬਾਅਦ ਦੁਪਹਿਰ ਇਕ ਵਜੇ ਤੋਂ ਸ਼ਾਮ ਪੰਜ ਵਜੇ ਤੱਕ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ, ਰੀਓ ਲਿੰਡਾ ਦੇ ਮੀਟਿੰਗ ਹਾਲ ਵਿਚ ਸਿਰਮੌਰ ਗਾਇਕ ਲਾਲ ਚੰਦ ਯਮਲਾ ਜੱਟ ਦੇ ਸਪੁੱਤਰ ਜਸਦੇਵ ਯਮਲਾ ਨਾਲ ਇਕ ਰੂਬਰੂ ਪ੍ਰੋਗਰਾਮ ਕੀਤਾ ਜਾਵੇਗਾ।

ਮੰਚ ਦੇ ਪ੍ਰਧਾਨ ਗੀਤਕਾਰ ਮੱਖਣ ਲੁਹਾਰ ਨੇ ਸਮੂਹ ਗੀਤਕਾਰਾਂ, ਸਾਹਿਤਕਾਰਾਂ ਤੇ ਸੰਜੀਦਾ ਸਰੋਤਿਆਂ ਨੂੰ ਇਸ ਸਮਾਗਮ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੰਦਿਆਂ ਦੱਸਿਆ ਕਿ ਇਹ ਸਮਾਗਮ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਦੀ ਬਰਸੀ ਮੌਕੇ ਇਕ ਸ਼ਰਧਾਂਜਲੀ ਸਮਾਗਮ ਵਜੋਂ ਕੀਤਾ ਜਾਵੇਗਾ। ਹੋਰ ਜਾਣਕਾਰੀ ਫੋਨ: 916-613-0577 ਤੋਂ ਲਈ ਜਾ ਸਕਦੀ ਹੈ।


ਤੰਦੂਰੀਏ ਦੀ ਲੋੜ ਹੈ

ਆਇਓਵਾ ਸਟੇਟ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਦੀ ਫੌਰੀ ਲੋੜ ਹੈ। ਪਤੀ-ਪਤਨੀ ਨੂੰ ਪਹਿਲ, ਚੰਗੀ ਤਨਖਾਹ ਤੇ ਮੁਫਤ ਰਿਹਾਇਸ਼

*ਸੰਪਰਕ ਕਰੋ, ਮਿਸਟਰ ਸਿੰਘ*

ਫੋਨ: 515-291-1961

46



Prince's Barber Shop

37477 Fremont Blvd, suite C, Fremont, CA 94536

Men & Children's Hair Cut

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
*www.princebarbershop.com*



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838



Golden State Realty

Sacramento Office: 9912 Kapalua Ln., Elk Grove, CA 95624
Tel: 916-612-5773
*Courtesy of Sales Manager Traci Lill, Meadows at Galt*

The Poppy ~ Plan 1 — 4 Bedrooms, 2 & half Baths, Two-Car Garage

| Address | Lot# | Lot Size | Elevation | Options In Home | Price |
|---|---|---|---|---|---|
| 722 Elk Hills Drive | 22 | 7076 | B | $10,662 | $326,652 |
| 714 Elk Hills Drive | 24 | 6672 | C | $2,750 | $318,740 |

The Poppy ~ Plan 2 — 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 718 Elk Hills Drive | 23 | 6667 | C | $7,115 | $330,105 |
| 710 Elk Hills Drive | 25 | 6688 | A | $2,200 | Sold |

The Poppy ~ Plan 3 — 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 938 Fermoy Way | 30 | 7559 | A | $8,300 | $341,290 |
| 942 Fermoy Way | 31 | 7167 | C | $7,300 | $340,290 |

The Poppy ~ Plan 4 — 6 Bedrooms, 3 & half Baths, Three-Car Garage

| Address | Lot# | Lot Size | Elevation | Options In Home | Price |
|---|---|---|---|---|---|
| 950 Fermoy Way | 33 | 7220 | A | $16,980 | $376,970 |
| 926 Fermoy Way | 17 | 6615 | C | $3,725 | $366,715 |
| 934 Fermoy Way | 29 | 6500 | B | $3,475 | $366,465 |



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Call: Sohanpreet 'Sam' Chahal*
@916-612-5773
Serving from Bay Area to Sacramento

Seller/Builder reserves the right to modify elevations, floor plans, specifications, materials, maps and prices without notice or obligation. All renderings, floor plans and maps are artist conceptions and may not reflect actual depiction. Prices will vary depending upon lot size, exterior elevations and pre-selected optional features. All square footage measurements, elevations, lot sizes, floor plans and room dimensions are approximate. Subject to Prior Sale. This advertisement is for illustration purpose only and not a part of a legal contract. Co-Op policy posted in Sale Office. Homes offered by The Meadows Galt 27, LLC. Built by Beck, Stockton CA. 6.13.14

# ਪੰਜਾਬ ਦੀਆਂ ਜੇਲ੍ਹਾਂ ਵਿਚ ਲੱਗੀਆਂ ਨਸ਼ੱਈਆਂ ਦੀਆਂ ਮੌਜਾਂ

**ਅੰਮ੍ਰਿਤਸਰ:** ਪੰਜਾਬ ਦੀ ਜੇਲ੍ਹਾਂ ਵਿਚ ਨਸ਼ਾ ਤਸਕਰੀ ਰੋਕਣ ਲਈ ਵਿੱਢੀ ਮੁਹਿੰਮ ਨਸ਼ੀਲੇ ਪਦਾਰਥਾਂ ਦੇ ਕਾਰੋਬਾਰੀਆਂ ਤੇ ਭ੍ਰਿਸ਼ਟ ਅਧਿਕਾਰੀਆਂ ਦੀ ਸਾਂਝ ਕਾਰਨ ਆਪਣੇ ਰਾਹ ਤੋਂ ਭਟਕ ਗਈ ਹੈ। ਜੇਲ੍ਹ ਅੰਦਰ ਪ੍ਰਬੰਧਾਂ ਤੋਂ ਕਿਤੇ ਵੱਧ ਨੂੜੇ ਹੋਏ ਕੈਦੀਆਂ, ਹਵਾਲਾਤੀਆਂ ਵਿਚ ਬਹੁਤੇ ਨਸ਼ੇ ਦੇ ਆਦੀ ਭਾਵੇਂ ਬਾਹਰੋਂ ਹੀ ਆਏ ਹਨ ਪਰ ਕਈ ਅਜਿਹੇ ਹਨ ਜਿਨ੍ਹਾਂ ਪਹਿਲੀ ਵਾਰ ਨਸ਼ੇ ਦਾ ਸੁਆਦ ਜੇਲ੍ਹ ਦੇ ਅੰਦਰ ਹੀ ਵੇਖਿਆ ਹੈ। ਜ਼ਿਆਦਾਤਰ ਨਸ਼ੱਈ ਹਵਾਲਾਤੀਆਂ ਦਾ ਮੰਨਣਾ ਹੈ ਕਿ ਉਨ੍ਹਾਂ ਨੂੰ ਜੇਲ੍ਹ ਅੰਦਰ ਬਾਹਰ ਨਾਲੋਂ ਸੌਖਿਆਂ ਨਸ਼ਾ ਮਿਲ ਜਾਂਦਾ ਹੈ। ਨਸ਼ਿਆਂ ਦੀ ਉਪਲੱਬਧ ਮਾਤਰਾ ਮੰਗ ਮੁਤਾਬਕ ਹੁੰਦੀ ਹੈ ਤੇ ਆਮ ਨਸ਼ੱਈਆਂ ਦੇ ਸੇਵਨ ਤੋਂ ਇਲਾਵਾ ਅੰਦਰ ਬੈਠ ਕੇ ਕੰਮ ਕਰ ਰਹੇ ਤਸਕਰਾਂ ਵੱਲੋਂ ਇਥੋਂ ਕਈ ਵਾਰ ਬਾਹਰ ਵੇਚਣ ਲਈ ਨਮੂਨੇ ਵੀ ਪਾਸ ਕਰਕੇ ਭੇਜੇ ਜਾਂਦੇ ਹਨ।

ਸਰਕਾਰ ਵੱਲੋਂ ਜੇਲ੍ਹਾਂ ਵਿਚ ਸੁਰੱਖਿਆ ਜਾਂਚ ਲਈ ਜ਼ਿਲ੍ਹਾ ਪੁਲਿਸ ਦੀਆਂ ਟੁਕੜੀਆਂ ਤਾਇਨਾਤ ਕਰਦਿਆਂ ਡਿਓੜੀ ਵਿਚੋਂ ਅੰਦਰ-ਬਾਹਰ ਲੰਘਦੀ ਹਰੇਕ ਰਸਦ ਜਾਂ ਹੋਰ ਵਸਤੂ, ਵਿਅਕਤੀ ਦੀ ਜਾਂਚ ਦਾ ਜ਼ਿੰਮਾ ਉਨ੍ਹਾਂ ਨੂੰ ਦੇ ਦਿੱਤਾ ਗਿਆ ਸੀ ਪਰ ਇਹ ਹੁਕਮ ਲਾਗੂ ਹੋਣ ਦੇ 8-9 ਮਹੀਨਿਆਂ ਮਗਰੋਂ ਹੀ ਜ਼ਿਲ੍ਹਾ ਪੁਲਿਸ ਜਵਾਨ ਜੇਲ੍ਹ ਪੁਲਿਸ ਦੀ ਯੂਨੀਅਨ ਦੇ ਦਬਾਅ ਤਹਿਤ ਹਟਾ ਕੇ ਬਾਹਰ ਭੇਜ ਦਿੱਤੇ ਗਏ ਤੇ ਸਾਮਾਨ ਦੀ ਜਾਂਚ ਦਾ ਜ਼ਿੰਮਾ ਮੁੜ ਆਪਣੇ ਅਧੀਨ ਕਰ ਲਿਆ ਗਿਆ। ਇਕੱਲੀ ਅੰਮ੍ਰਿਤਸਰ ਜੇਲ੍ਹ ਵਿਚ ਹੀ ਇਸ ਮੁਹਿੰਮ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ 10 ਤੋਂ ਵੱਧ ਨੌਜਵਾਨ ਆਪਣੀ ਜਾਨ ਗੁਆ ਚੁੱਕੇ ਹਨ, ਜਦ ਕਿ ਸੈਂਕੜੇ ਨਸ਼ੇ ਦੇ ਸਮੁੰਦਰ ਵਿਚ ਹੋਰ ਡੂੰਘੇ ਉੱਤਰਦੇ ਜਾ ਰਹੇ ਹਨ।

### ਪੁਲਿਸ ਤੇ ਤਸਕਰਾਂ ਦੀ ਸਾਂਝ ਤੋੜਨ ਵਿਚ ਸਫਲ ਨਾ ਹੋ ਸਕੀ 'ਸੁਧਾਰ ਮੁਹਿੰਮ'



ਪੈਰੋਲ 'ਤੇ ਆਏ ਸਜ਼ਾਯਾਫਤਾ ਇਕ ਕੈਦੀ ਨੇ ਇਸ ਬਾਰੇ ਕਈ ਖੁਲਾਸੇ ਕੀਤੇ ਹਨ। ਉਸ ਦਾ ਕਹਿਣਾ ਹੈ ਕਿ ਜੇਲ੍ਹ ਅਦਲਾ-ਬਦਲੀ ਦੌਰਾਨ ਉਹ ਪਟਿਆਲਾ, ਨਾਭਾ, ਫਰੀਦਕੋਟ ਆਦਿ ਜੇਲ੍ਹਾਂ ਵਿਚ ਵੀ ਰਹਿਕੇ ਆਇਆ ਹੈ ਪਰ ਉਥੇ ਤੰਬਾਕੂ, ਗੋਲੀਆਂ, ਕੈਪਸੂਲਾਂ ਤੋਂ ਛੁੱਟ ਵੱਡੇ ਪੱਧਰ 'ਤੇ ਨਸ਼ਾ ਨਹੀਂ ਮਿਲਦਾ। ਅੰਮ੍ਰਿਤਸਰ ਜੇਲ੍ਹ ਅੰਦਰਲੀ ਸਥਿਤੀ ਬਾਹਰਲੇ ਨਸ਼ੀਲੇ ਪਦਾਰਥਾਂ ਦੇ ਪਾਸਾਰ ਤੋਂ ਵੀ ਭਿਆਨਕ ਹੈ।

ਜੇਲ੍ਹ ਦੇ ਹਰ ਕੈਦੀ, ਹਵਾਲਾਤੀ ਕੋਲ ਬਾਹਰ ਦੀ ਜਾਣਕਾਰੀ ਰੱਖਣ ਲਈ ਨਿੱਜੀ ਫੋਨ ਕਰਨ ਦੀ ਸਹੂਲਤ ਮੌਜੂਦ ਹੈ, ਜਿਨ੍ਹਾਂ ਵਿਚੋਂ ਸਰਦੇ ਪੁੱਜਦੇ ਤਾਂ ਆਪਣੇ ਨਿੱਜੀ ਫੋਨ ਰੱਖਦੇ ਹਨ ਜਦ ਕਿ ਬਾਕੀਆਂ ਕੋਲ ਭਾਵੇਂ ਮੋਬਾਈਲ ਫੋਨ ਹਰ ਵੇਲੇ ਨਾ ਹੋਵੇ ਪਰ ਸਿਮ ਜ਼ਰੂਰ ਆਪੋ ਆਪਣੀ ਹੁੰਦੀ ਹੈ, ਕਿਉਂਕਿ ਇਹ ਸਿਮ ਜੇਲ੍ਹ ਅੰਦਰਲੀ ਕੰਟੀਨ ਵਿਚੋਂ ਥੋੜ੍ਹਾ ਜਿਹਾ ਪਰਦਾ ਰੱਖਦਿਆਂ ਆਮ ਮਿਲਦੇ ਹਨ। ਸੂਤਰਾਂ ਅਨੁਸਾਰ ਅਜਿਹਾ ਕੁਝ ਜੇਲ੍ਹ ਅਧਿਕਾਰੀਆਂ ਦੀ ਜਾਣਕਾਰੀ ਵਿਚ ਹੀ ਹੁੰਦਾ। ਉਕਤ ਇਤਰਾਜ਼ਯੋਗ ਸਾਮਾਨ ਬਾਹਰੋਂ ਅਚਨਚੇਤ ਜਾਂਚ ਕਰਨ ਗਈਆਂ ਟੀਮਾਂ ਦੇ ਵੀ ਬਹੁਤੀ ਵਾਰ ਅੱਖੀਂ ਇਸ ਲਈ ਨਹੀਂ ਪੈਂਦਾ ਕਿਉਂਕਿ ਕਾਨੂੰਨ ਅਨੁਸਾਰ ਜਾਂਚ ਟੀਮ ਲਈ ਡਿਓੜੀ ਲੰਘਣ ਤੋਂ ਪਹਿਲਾਂ ਜੇਲ੍ਹ ਸੁਪਰਡੈਂਟ ਦੀ ਹਾਜ਼ਰੀ ਜ਼ਰੂਰੀ ਹੈ ਤੇ ਦਰਬਾਨ ਉਸ ਦੀ ਆਮਦ ਤੋਂ ਪਹਿਲਾਂ ਦਰਵਾਜ਼ਾ ਨਹੀਂ ਖੋਲ੍ਹ ਸਕਦਾ।

ਇਸ ਦਰਮਿਆਨ ਹੀ ਅੰਦਰ ਸੂਚਨਾ ਪੁੱਜ ਜਾਂਦੀ ਹੈ ਅਤੇ 'ਸਭ ਕੁਝ' ਸਾਂਭ ਦਿੱਤਾ ਜਾਂਦਾ ਹੈ। ਹੋਰ ਸਾਮਾਨ ਖਰੀਦਣ ਲਈ ਜਿਥੇ ਕੂਪਨ ਜਾਰੀ ਕੀਤੇ ਜਾਂਦੇ ਹਨ ਉਥੇ ਹੈਰਾਨੀਜਨਕ ਢੰਗ ਨਾਲ ਨਸ਼ਾ ਆਦਿ ਦਾ ਭੁਗਤਾਨ ਨਕਦ ਨੋਟਾਂ ਨਾਲ ਹੁੰਦਾ ਹੈ। ਇਥੇ ਵੀ ਹਵਾਲਾ ਚੱਲਦਾ ਹੈ ਤੇ ਬਾਹਰ ਵਾਰਸਾਂ ਤੋਂ 13 ਸੌ ਮਿਲਣ 'ਤੇ ਅੰਦਰ ਬੈਠੇ 'ਕਾਰੋਬਾਰੀ' ਸਬੰਧਤ ਕੈਦੀ ਨੂੰ ਇਕ ਹਜ਼ਾਰ ਨਕਦ ਦੇ ਦਿੰਦੇ ਹਨ। ਕਈ ਨਸ਼ੱਈ ਕੈਦੀ ਆਪਣੇ ਨਵੇਂ ਮੰਗਵਾਏ ਬੂਟ, ਕੱਪੜੇ ਜਾਂ ਹੋਰ ਸਾਮਾਨ ਆਦਿ ਦੀ ਬੋਲੀ ਲਗਵਾ ਕੇ ਵੀ ਨਕਦ ਪੈਸੇ ਨਸ਼ਾ ਖਰੀਦਣ ਲਈ ਇਕੱਠੇ ਕਰਦੇ ਹਨ।

ਇਤਰਾਜ਼ਯੋਗ ਸਾਮਾਨ ਕੰਟੀਨ ਵਾਲਿਆਂ ਨੂੰ ਵੇਚਣ ਦੀ ਖੁੱਲ੍ਹ ਇਸ ਸ਼ਰਤ 'ਤੇ ਮਿਲਦੀ ਹੈ ਕਿ ਉਹ ਕਮਿਸ਼ਨ ਤੋਂ ਇਲਾਵਾ ਜੇਲ੍ਹ ਕਰਮਚਾਰੀਆਂ ਵੱਲੋਂ ਮੰਗਵਾਈ ਮਠਿਆਈ ਤੇ ਫਲ ਆਦਿ ਬਾਹਰ ਨਾਲੋਂ ਤਿੰਨ ਚਾਰ ਗੁਣਾ ਵੱਧ ਭਾਅ 'ਤੇ ਕੈਦੀਆਂ ਨੂੰ ਵੇਚਣ। ਵਿਸ਼ੇਸ਼ ਤਿਉਹਾਰਾਂ ਮੌਕੇ ਵੀ ਕੈਦੀਆਂ ਦੇ ਵਾਰਸਾਂ ਨੂੰ ਨਸ਼ਾ ਰੋਕਣ ਦੇ ਬਹਾਨੇ ਆਪ ਮਠਿਆਈ ਆਦਿ ਭੇਜਣ ਤੋਂ ਮਨ੍ਹਾ ਕਰ ਦਿੱਤਾ ਜਾਂਦਾ ਹੈ। ਅਜਿਹੇ ਵਿਚ ਕਈ ਵਾਰ ਜਿਥੇ ਮਹਾਤੜਾਂ ਦੇ ਕੇਲੇ ਵੀ ਰੋਕ ਦਿੱਤੇ ਜਾਂਦੇ ਹਨ ਉਥੇ ਤਕੜਿਆਂ ਦੀ ਸ਼ਰਾਬ ਵੀ ਟੌਹਰ ਨਾਲ ਅੰਦਰ ਪੁੱਜਦੀ ਹੈ।

ਜ਼ਿਲ੍ਹਾ ਪੁਲਿਸ ਦੀ ਜੇਲ੍ਹ ਸੁਰੱਖਿਆ ਜਾਂਚ ਟੁਕੜੀ ਨਾਲ ਜੁੜੇ ਸੂਤਰਾਂ ਨੇ ਦੱਸਿਆ ਕਿ ਇਹ ਸਾਮਾਨ ਅੰਦਰ ਭੇਜਣ ਦੇ 'ਰਸਤੇ' ਜੇਲ੍ਹ ਪ੍ਰਸ਼ਾਸਨ ਖੁਦ ਲੱਭਦਾ ਹੈ। ਸੁਰੱਖਿਆ ਕਰਮਚਾਰੀਆਂ ਦੀ ਜਿਥੇ ਕੋਈ ਤਲਾਸ਼ੀ ਨਹੀਂ ਲਈ ਜਾਂਦੀ ਉਥੇ ਕੈਦੀਆਂ ਲਈ ਅੰਦਰ ਜਾਂਦੀ ਰਸਦ ਕਣਕ, ਦਾਲਾਂ, ਚੌਲ, ਸਿਲੰਡਰ, ਕਰਿਆਨਾ ਆਦਿ ਦੀ ਕੋਈ ਵਿਸ਼ੇਸ਼ ਜਾਂਚ ਨਹੀਂ ਹੁੰਦੀ। ਕਈ 'ਪ੍ਰਮੁੱਖ ਸ਼ਖਸੀਅਤਾਂ' ਲਈ ਆਏ ਸਾਮਾਨ ਦੀਆਂ ਗੱਡੀਆਂ ਬਿਨਾਂ ਜਾਂਚ ਤੋਂ ਅੰਦਰ ਭੇਜਣ ਲਈ ਅਧਿਕਾਰੀ ਖੁਦ ਫੋਨ 'ਤੇ ਬਾਹਰਲੇ ਸੁਰੱਖਿਆ ਕਰਮਚਾਰੀਆਂ ਨੂੰ ਨਿਰਦੇਸ਼ ਦਿੰਦੇ ਹਨ। ਉਕਤ ਤੋਂ ਇਲਾਵਾ ਇਥੇ ਕੈਦੀਆਂ ਦੀਆਂ ਮੁਲਾਕਾਤਾਂ ਵਿਚ ਹੁੰਦੀ ਮਨਮਰਜ਼ੀ ਬਾਰੇ ਖੁਲਾਸਾ ਕਰਦਿਆਂ ਉਕਤ ਸੂਤਰਾਂ ਨੇ ਦੱਸਿਆ ਕਿ ਮੁਲਾਕਾਤਾਂ ਲਿਖਣ ਦਾ ਕੰਮ ਜੇਲ੍ਹ ਪੁਲਿਸ ਕੋਲ ਹੈ ਤੇ ਕੈਦੀਆਂ ਦੇ ਸਿਲਸਿਲੇਵਾਰ ਨਾਵਾਂ ਦੀ ਲੜੀ ਦੇ ਬਹਾਨੇ ਪਹਿਲਾਂ ਨਾਂ ਪਵਾਉਣ ਲਈ ਕਥਿਤ ਤੌਰ 'ਤੇ 200 ਤੋਂ 500 ਰੁਪਏ ਲੱਗਦੇ ਹਨ। ਅਜਿਹੇ ਵਿਚ ਵਿਸ਼ੇਸ਼ ਮੁਲਾਕਾਤ ਦਾ ਰੇਟ ਇਕ ਤੋਂ ਦੋ ਹਜ਼ਾਰ ਰੁਪਏ ਹੈ।

## ਸੂਚਨਾ ਕਮਿਸ਼ਨ ਵੱਲੋਂ ਮਜੀਠੀਆ ਦੇ ਮਹਿਕਮੇ ਦੀ ਝਾੜ

**ਚੰਡੀਗੜ੍ਹ:** ਸੂਚਨਾ ਅਧਿਕਾਰ ਐਕਟ ਦੇ ਗ਼ਲਤ ਅਰਥ ਕੱਢਣ ਦੇ ਮਾਮਲੇ ਵਿਚ ਸੂਚਨਾ ਕਮਿਸ਼ਨ ਪੰਜਾਬ ਨੇ ਮਾਲ ਮਹਿਕਮੇ ਨੂੰ ਨੋਟਿਸ ਜਾਰੀ ਕਰਦਿਆਂ ਮਹਿਕਮੇ ਦੇ ਜਾਇੰਟ ਸਕੱਤਰ ਰਾਕੇਸ਼ ਕੁਮਾਰ ਭੱਲਾ ਨੂੰ ਕਮਿਸ਼ਨ ਅੱਗੇ ਪੇਸ਼ ਹੋਣ ਦੇ ਹੁਕਮ ਜਾਰੀ ਕੀਤੇ ਹਨ।

ਕਮਿਸ਼ਨ ਨੇ ਇਹ ਹੁਕਮ ਬਠਿੰਡਾ ਵਾਸੀ ਰਮੇਸ਼ ਕੁਮਾਰ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਜਾਰੀ ਕੀਤੇ। ਪਟੀਸ਼ਨਰ ਨੇ ਸੂਚਨਾ ਅਧਿਕਾਰ ਐਕਟ ਤਹਿਤ ਵਿੱਤ ਕਮਿਸ਼ਨਰ (ਮਾਲ) ਦਫ਼ਤਰ ਚੰਡੀਗੜ੍ਹ ਤੋਂ ਮਾਲ ਮਹਿਕਮੇ ਵਿਚ ਇਕ ਅਪ੍ਰੈਲ 2013 ਤੋਂ 30 ਜੂਨ 2014 ਤੱਕ ਲੱਗੇ ਡਿਪਟੀ ਸਕੱਤਰਾਂ ਦੇ ਨਾਂ ਮੰਗੇ ਸਨ, ਪਰ ਮਹਿਕਮੇ ਦੇ ਜਾਇੰਟ ਸਕੱਤਰ ਰਾਕੇਸ਼ ਕੁਮਾਰ ਭੱਲਾ ਨੇ ਇਹ ਕਹਿੰਦਿਆਂ ਡਿਪਟੀ ਸਕੱਤਰਾਂ ਦੇ ਨਾਂ ਸੌਂਪਣ ਤੋਂ ਇਨਕਾਰ ਕਰ ਦਿੱਤਾ ਕਿ ਮੰਗੀ ਗਈ ਸੂਚਨਾ ਆਰ.ਟੀ.ਆਈ. ਐਕਟ ਦੇ ਨਿਯਮ 2(ਐਫ) ਵਿਚ ਨਹੀਂ ਆਉਂਦੀ।

ਸੁਣਵਾਈ ਦੌਰਾਨ ਰਾਜ ਸੂਚਨਾ ਕਮਿਸ਼ਨਰ ਸੁਰਿੰਦਰ ਅਵਸਥੀ ਦੀ ਅਦਾਲਤ ਨੇ ਇਸ ਗੱਲ 'ਤੇ ਬੇਹੱਦ ਹੈਰਾਨੀ ਪ੍ਰਗਟ ਕੀਤੀ ਕਿ ਸ਼ਿਕਾਇਤਕਰਤਾ ਵੱਲੋਂ ਮੰਗੀ ਸੂਚਨਾ ਆਰ.ਟੀ.ਆਈ. ਐਕਟ ਦੇ ਘੇਰੇ ਤੋਂ ਬਾਹਰ ਕਿਵੇਂ ਹੋ ਗਈ।

ਅਦਾਲਤ ਨੇ ਕਿਹਾ ਕਿ ਜਾਇੰਟ ਸਕੱਤਰ/ਪੀ.ਆਈ.ਓ ਨੇ ਵਿਅਕਤੀ ਦੀ ਸੂਚਨਾ ਅਧਿਕਾਰ ਅਰਜ਼ੀ ਰੱਦ ਕਰਨ ਵੇਲੇ ਦਿਮਾਗ ਹੀ ਨਹੀਂ ਵਰਤਿਆ। ਕਮਿਸ਼ਨ ਵੱਲੋਂ ਮਹਿਕਮੇ ਨੂੰ ਨੋਟਿਸ ਜਾਰੀ ਕਰਨ ਮਗਰੋਂ ਮਹਿਕਮੇ ਨੇ ਵਿਅਕਤੀ ਨੂੰ ਡਿਪਟੀ ਡਾਇਰੈਕਟਰਾਂ ਦੇ ਨਾਂ ਸੌਂਪ ਦਿੱਤੇ ਪਰ ਸ਼ਿਕਾਇਤਕਰਤਾ ਦੀ ਬੇਨਤੀ 'ਤੇ ਕਮਿਸ਼ਨ ਨੇ ਜਾਇੰਟ ਸਕੱਤਰ ਨੂੰ ਕਮਿਸ਼ਨ ਅੱਗੇ ਪੇਸ਼ ਹੋ ਕੇ ਸੂਚਨਾ ਦੇਣ ਤੋਂ ਇਨਕਾਰ ਕਰਨ ਦੇ ਕਾਰਨਾਂ ਬਾਰੇ ਹਲਫ਼ਨਾਮਾ ਦੇਣ ਤੇ ਸੂਚਨਾ ਦੇਰੀ ਨਾਲ ਸੌਂਪਣ ਦੇ ਕਾਰਨ ਪੁੱਛੇ ਹਨ। ਕਮਿਸ਼ਨ ਨੇ ਇਹ ਵੀ ਕਿਹਾ ਹੈ ਕਿ ਜੇਕਰ ਜਾਇੰਟ ਸਕੱਤਰ ਕਮਿਸ਼ਨ ਅੱਗੇ ਪੇਸ਼ ਨਾ ਹੋਇਆ ਤਾਂ ਉਸ ਖਿਲਾਫ਼ ਅਗਲੀ ਬਣਦੀ ਕਾਰਵਾਈ ਕਰ ਦਿੱਤੀ ਜਾਵੇਗੀ।

## ਟਰੱਸਟ ਘੁਟਾਲਾ: ਕੈਪਟਨ ਅਦਾਲਤ ਵਿਚ ਪੇਸ਼ ਨਾ ਹੋਏ

**ਮੁਹਾਲੀ:** ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਜ਼ਮੀਨ ਘੁਟਾਲੇ ਦੇ ਮਾਮਲੇ ਵਿਚ ਨਾਮਜ਼ਦ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਥਾਨਕ ਸਰਕਾਰਾਂ ਵਿਭਾਗ ਦੇ ਸਾਬਕਾ ਕੈਬਨਿਟ ਮੰਤਰੀ ਚੌਧਰੀ ਜਗਜੀਤ ਸਿੰਘ ਸਮੇਤ ਹੋਰਨਾਂ ਖ਼ਿਲਾਫ਼ ਦਰਜ ਭ੍ਰਿਸ਼ਟਾਚਾਰ ਮਾਮਲੇ ਦੀ ਅਗਲੀ ਸੁਣਵਾਈ ਜ਼ਿਲ੍ਹਾ ਅਦਾਲਤ ਨੇ 19 ਨਵੰਬਰ 'ਤੇ ਅੱਗੇ ਪਾ ਦਿੱਤੀ ਹੈ।

ਕੇਸ ਦੀ ਸੁਣਵਾਈ ਮੌਕੇ ਕੈਪਟਨ ਅਮਰਿੰਦਰ ਸਿੰਘ ਤੇ ਗੁਰਚਰਨ ਸਿੰਘ ਖਾਰਾ, ਬਲਜੀਤ ਸਿੰਘ ਤੇ ਵਿੱਕੀ ਸ਼ਰਮਾ ਅਦਾਲਤ ਵਿਚ ਪੇਸ਼ ਨਹੀਂ ਹੋਏ। ਖਾਰਾ ਧੋਖਾਧੜੀ ਦੇ ਮਾਮਲੇ ਵਿਚ ਦਿੱਲੀ ਜੇਲ੍ਹ ਵਿਚ ਹਨ। ਬਾਕੀ ਨਾਮਜ਼ਦ ਮੁਲਜ਼ਮ ਚੌਧਰੀ ਜਗਜੀਤ ਸਿੰਘ, ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਜੁਗਲ ਕਿਸ਼ੋਰ ਸ਼ਰਮਾ, ਪੰਜਾਬ ਵਿਧਾਨ ਸਭਾ ਦੇ ਸਾਬਕਾ ਸਕੱਤਰ ਨਛੱਤਰ ਸਿੰਘ ਮਾਵੀ ਅਦਾਲਤ ਵਿਚ ਪੇਸ਼ ਹੋਏ। ਕੈਪਟਨ ਨੇ ਆਪਣੇ ਵਕੀਲਾਂ ਰਾਹੀਂ ਅਦਾਲਤ ਵਿਚ ਅਰਜ਼ੀ ਦਾਇਰ ਕਰਕੇ ਨਿੱਜੀ ਪੇਸ਼ੀ ਤੋਂ ਛੋਟ ਮੰਗੀ। ਅਦਾਲਤ ਨੇ ਉਨ੍ਹਾਂ ਦੀ ਅਰਜ਼ੀ ਪ੍ਰਵਾਨ ਕਰ ਲਈ।

## ਹੁਣ ਪੰਜਾਬੀ ਵਿਚ ਵੀ ਪੜ੍ਹਾਈ ਜਾਇਆ ਕਰੇਗੀ ਡਾਕਟਰੀ

**ਪਟਿਆਲਾ**: ਪੰਜਾਬ ਸਰਕਾਰ ਨੇ ਮੈਡੀਕਲ ਸਿੱਖਿਆ ਦੀ ਪੜ੍ਹਾਈ ਹੁਣ ਮਾਂ ਬੋਲੀ ਪੰਜਾਬੀ ਵਿਚ ਕਰਵਾਉਣ ਦਾ ਫ਼ੈਸਲਾ ਕੀਤਾ ਹੈ। ਇਸ ਫ਼ੈਸਲੇ ਤਹਿਤ ਹੁਣ ਮੈਡੀਕਲ ਸਿੱਖਿਆ ਨਾਲ ਸਬੰਧਤ ਸਾਰੀਆਂ ਕਿਤਾਬਾਂ, ਰਸਾਲਿਆਂ ਤੇ ਹੋਰ ਸਮੱਗਰੀ ਦਾ ਪੰਜਾਬੀ ਵਿਚ ਅਨੁਵਾਦ ਕਰਵਾਇਆ ਜਾਵੇਗਾ। ਇਸ ਕਦਮ ਨੂੰ ਸਿਰੇ ਚੜ੍ਹਾਉਣ ਲਈ ਪੰਜਾਬ ਸਰਕਾਰ ਦੇ ਹੁਕਮਾਂ 'ਤੇ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਦੇ ਉਪ ਕੁਲਪਤੀ ਡਾ.ਐਸ.ਐਸ. ਗਿੱਲ ਵੱਲੋਂ ਮੈਡੀਕਲ ਕਾਲਜ ਪਟਿਆਲਾ ਵਿਚ ਬੱਚਾ ਵਿਭਾਗ ਵਿਚ ਬਤੌਰ ਸਹਾਇਕ ਪ੍ਰੋਫੈਸਰ ਡਾ. ਹਰਸ਼ਿੰਦਰ ਕੌਰ ਨੂੰ ਪ੍ਰਾਜੈਕਟ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ।




ਉਨ੍ਹਾਂ ਨਾਲ ਇਸ ਪ੍ਰਾਜੈਕਟ ਵਿਚ ਸਹਿਯੋਗ ਲਈ ਤਕਰੀਬਨ 60 ਡਾਕਟਰ ਤੇ ਨਰਸਿੰਗ ਕਾਲਜਾਂ ਦੇ ਪ੍ਰਿੰਸੀਪਲ ਵੀ ਟੀਮ ਵਿਚ ਸ਼ਾਮਲ ਕੀਤੇ ਗਏ ਹਨ। ਇਹ ਕੰਮ ਅਗਲੇ ਪੰਜ ਸਾਲ ਵਿਚ ਮੁਕੰਮਲ ਹੋਣ ਦਾ ਅੰਦਾਜ਼ਾ ਹੈ। ਡਾ. ਹਰਸ਼ਿੰਦਰ ਕੌਰ ਨੇ ਦੱਸਿਆ ਕਿ ਇਸ ਕਾਰਜ ਵਿਚ ਪੰਜਾਬੀ ਯੂਨੀਵਰਸਿਟੀ ਤੇ ਭਾਸ਼ਾ ਵਿਭਾਗ ਦੀ ਮਦਦ ਲਈ ਜਾਵੇਗੀ। ਉੱਚ ਸਿੱਖਿਆ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਆਖਿਆ ਕਿ ਮੈਡੀਕਲ ਸਿੱਖਿਆ ਦੀਆਂ ਕਿਤਾਬਾਂ ਦਾ ਪੰਜਾਬੀ ਵਿਚ ਅਨੁਵਾਦ ਕਰਨ ਦਾ ਫ਼ੈਸਲਾ ਪੰਜਾਬੀ ਜ਼ੁਬਾਨ ਦੀ ਬਿਹਤਰੀ ਲਈ ਮੀਲ ਪੱਥਰ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬੀ ਜ਼ਬਾਨ ਦੀ ਤਕਨੀਕੀ ਖੇਤਰ ਵਿਚ ਵਰਤੋਂ ਨਾਲ ਪੰਜਾਬੀ ਭਾਸ਼ਾ ਦਾ ਰੁਤਬਾ ਹੋਰ ਵਧੇਗਾ ਤੇ ਇਸ ਦੀ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸਿੱਧੀ ਵਧੇਗੀ।

# ਪਿੰਡ ਬਾਦਲ ਦੀ ਸੜਕ ਨੂੰ ਸਜਾਉਣ 'ਚ ਜੁਟਿਆ ਸਰਕਾਰੀ ਤੰਤਰ

**ਬਠਿੰਡਾ:** ਪੰਜਾਬ ਦਾ ਲੋਕ ਨਿਰਮਾਣ ਵਿਭਾਗ ਤੇ ਜੰਗਲਾਤ ਮਹਿਕਮਾ ਇਨ੍ਹੀਂ ਦਿਨੀਂ ਮੁੱਖ ਮੰਤਰੀ ਦੇ ਪਿੰਡ ਬਾਦਲ ਦੀ ਵੀ.ਆਈ.ਪੀ. ਸੜਕ ਨੂੰ ਸਜਾਉਣ ਵਿਚ ਜੁਟਿਆ ਹੋਇਆ ਹੈ। ਇਹ ਸੜਕ ਸਰਕਾਰੀ ਖ਼ਜ਼ਾਨੇ ਨੂੰ ਤਕਰੀਬਨ ਇਕ ਕਰੋੜ ਰੁਪਏ ਵਿਚ ਪਈ ਹੈ। ਪੰਜਾਬ ਦੀ ਇਹ ਪਹਿਲੀ ਪੇਂਡੂ ਸੜਕ ਬਣ ਗਈ ਹੈ, ਜਿਸ 'ਤੇ ਸਜਾਵਟੀ ਪੌਦੇ ਲਾਏ ਗਏ ਹਨ। ਦੇਹਰਾਦੂਨ ਤੋਂ ਵਿਸ਼ੇਸ਼ ਤੌਰ 'ਤੇ ਇਸ ਸੜਕ ਵਾਸਤੇ ਅਸ਼ੋਕਾ ਦੇ ਪੌਦੇ ਲਿਆਂਦੇ ਗਏ ਸਨ। ਤਕਰੀਬਨ ਢਾਈ ਵਰ੍ਹੇ ਪਹਿਲਾਂ ਦੇਹਰਾਦੂਨ ਤੇ ਮਾਲੇਰਕੋਟਲਾਂ ਦੀਆਂ ਨਰਸਰੀਆਂ ਨੇ ਪੌਦਿਆਂ ਦੀ ਸਪਲਾਈ ਦਿੱਤੀ ਸੀ।

ਜੰਗਲਾਤ ਮਹਿਕਮੇ ਦੀ ਟੀਮ ਵਿਸ਼ੇਸ਼ ਤੌਰ 'ਤੇ ਤਾਇਨਾਤ ਸੀ। ਇਨ੍ਹਾਂ ਨਰਸਰੀਆਂ ਦਾ ਤਕਰੀਬਨ 10 ਲੱਖ ਰੁਪਏ ਦਾ ਬਕਾਇਆ ਹੈ, ਜੋ ਹਾਲੇ ਤੱਕ ਜੰਗਲਾਤ ਮਹਿਕਮੇ ਨੇ ਨਹੀਂ ਦਿੱਤਾ। ਵੀ.ਆਈ.ਪੀ. ਸੜਕ ਦੇ ਦੋਵੇਂ ਪਾਸੇ ਤਕਰੀਬਨ 3500 ਅਸ਼ੋਕਾ ਦੇ ਪੌਦੇ ਲਾਏ ਗਏ। ਇਸ ਤੋਂ ਬਿਨਾਂ ਚਕਰੇਸੀਆ, ਜਕਰੰਡਾ ਤੇ ਕੁਇਨਜ਼ ਦੇ ਪੌਦੇ ਵੀ ਲਾਏ ਗਏ। ਮਹਿਕਮੇ ਨੇ ਅਸ਼ੋਕਾ ਦੇ ਇਕ ਪੌਦੇ ਲਈ 50 ਤੋਂ 150 ਰੁਪਏ ਤੱਕ ਖਰਚੇ ਹਨ। ਟਰਾਂਸਪੋਰਟ ਦਾ ਖਰਚਾ ਵੀ ਜੰਗਲਾਤ ਮਹਿਕਮੇ ਨੂੰ ਝੱਲਣਾ ਪਿਆ। ਜੰਗਲਾਤ ਮਹਿਕਮਾ ਹੁਣ ਇਨ੍ਹਾਂ ਪੌਦਿਆਂ ਦੀ ਸਾਂਭ-ਸੰਭਾਲ ਕਰਨ ਵਿਚ ਲੱਗਿਆ ਹੋਇਆ ਹੈ। ਜੰਗਲਾਤ ਮਹਿਕਮੇ ਦੇ ਰੇਂਜ ਅਫਸਰ ਕੁਲਵੰਤ ਸਿੰਘ ਦਾ ਕਹਿਣਾ ਹੈ ਕਿ ਬਕਾਏ ਤਾਂ ਉਸ ਤੋਂ ਪਹਿਲਾਂ ਦੇ ਖੜ੍ਹੇ ਹੋਣਗੇ। ਜੋ ਸੜਕ ਦੇ ਦੋਵੇਂ ਪਾਸੇ ਪੌਦੇ ਲਾਏ ਗਏ ਸਨ, ਉਨ੍ਹਾਂ ਵਿਚੋਂ ਤਕਰੀਬਨ 85 ਫੀਸਦੀ ਪੌਦੇ ਚੱਲ ਪਏ ਹਨ, ਜੋ ਪੌਦੇ ਨੁਕਸਾਨੇ ਜਾਂਦੇ ਹਨ, ਉਨ੍ਹਾਂ ਦੀ ਥਾਂ ਨਵੇਂ ਪੌਦੇ ਲਾ ਦਿੱਤੇ ਜਾਂਦੇ ਹਨ।

ਮਹਿਕਮੇ ਦੀ ਲੇਬਰ ਹੀ ਪੌਦਿਆਂ ਨੂੰ ਪਾਣੀ ਦੇ ਰਹੀ ਹੈ। ਇਵੇਂ ਹੀ ਇਸ ਵੀ.ਆਈ.ਪੀ. ਸੜਕ ਦਾ ਜੋ ਡਿਵਾਈਡਰ ਹੈ, ਉਹ ਲੋਕ ਨਿਰਮਾਣ ਵਿਭਾਗ ਕੋਲ ਹੈ। ਲੋਕ ਨਿਰਮਾਣ ਮਹਿਕਮੇ ਵੱਲੋਂ ਤਕਰੀਬਨ 28 ਕਿਲੋਮੀਟਰ ਲੰਬੀ ਸੜਕ 'ਤੇ ਡਿਵਾਈਡਰ ਵਿਚ 10 ਲੱਖ ਰੁਪਏ ਦੀ ਲਾਗਤ ਨਾਲ ਪੌਦੇ ਲਾਏ ਗਏ ਸਨ। ਲੋਕ ਨਿਰਮਾਣ ਮਹਿਕਮੇ ਵੱਲੋਂ ਬਠਿੰਡਾ ਤੋਂ ਬਾਦਲ ਤੱਕ 21295 ਕਨੇਰ ਦੇ ਪੌਦੇ ਡਿਵਾਈਡਰ ਵਿਚ ਲਾਏ ਗਏ ਹਨ, ਜਿਨ੍ਹਾਂ ਦੀ ਸਾਂਭ-ਸੰਭਾਲ ਦਾ ਕੰਮ ਪਿੰਡ ਬਾਦਲ ਦੇ ਹੀ ਇਕ ਠੇਕੇਦਾਰ ਨੂੰ ਦਿੱਤਾ ਹੋਇਆ ਹੈ।

### 28 ਕਿਲੋਮੀਟਰ ਲੰਮੀ ਸੜਕ 'ਤੇ ਇਕ ਕਰੋੜ ਖਰਚਿਆ



ਸਾਂਭ-ਸੰਭਾਲ ਕਰਨ ਵਾਲੇ ਠੇਕੇਦਾਰ ਦੇ ਤਕਰੀਬਨ ਚਾਰ ਮਹੀਨੇ ਦੇ ਬਕਾਏ ਹਾਲੇ ਸਰਕਾਰ ਵੱਲ ਖੜ੍ਹੇ ਹਨ।

ਪੰਜਾਬ ਸਰਕਾਰ ਵੱਲੋਂ ਤਕਰੀਬਨ ਤਿੰਨ ਸਾਲ ਇਨ੍ਹਾਂ ਪੌਦਿਆਂ ਦੀ ਸੰਭਾਲ ਦਾ ਠੇਕਾ ਦਿੱਤਾ ਜਾਣਾ ਹੈ। ਹੁਣ ਤੱਕ ਪੌਦਿਆਂ ਦੀ ਸੰਭਾਲ 'ਤੇ ਸਰਕਾਰੀ ਖ਼ਜ਼ਾਨੇ ਵਿਚੋਂ 34 ਲੱਖ ਰੁਪਏ ਖਰਚੇ ਜਾ ਚੁੱਕੇ ਹਨ। ਠੇਕੇਦਾਰ ਨਛੱਤਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਤਕਰੀਬਨ ਚਾਰ ਹਜ਼ਾਰ ਬੂਟੇ ਚੱਲ ਵੀ ਨਹੀਂ ਸਕੇ। ਉਨ੍ਹਾਂ ਦੱਸਿਆ ਕਿ ਤਕਰੀਬਨ ਚਾਰ ਮਹੀਨੇ ਦੀ ਅਦਾਇਗੀ ਬਕਾਇਆ ਹੈ। ਉਸ ਵੱਲੋਂ ਹੀ ਲੇਬਰ ਖਰਚ, ਟਰਾਂਸਪੋਰਟ ਤੇ ਪਾਣੀ ਤੋਂ ਇਲਾਵਾ ਪੌਦਿਆਂ ਨੂੰ ਖਾਦ ਵਗੈਰਾ ਦਾ ਖਰਚਾ ਕੀਤਾ ਜਾਂਦਾ ਹੈ।

ਲੋਕ ਨਿਰਮਾਣ ਵਿਭਾਗ ਦੇ ਕਾਰਜਕਾਰੀ ਇੰਜਨੀਅਰ (ਬਾਗਬਾਨੀ) ਐਸ.ਐਸ. ਬੇਦੀ ਦਾ ਕਹਿਣਾ ਹੈ ਕਿ ਬਠਿੰਡਾ-ਬਾਦਲ ਸੜਕ 'ਤੇ ਪੌਦਿਆਂ ਦੀ ਸਾਂਭ-ਸੰਭਾਲ ਦਾ ਕੰਮ 65 ਲੱਖ ਰੁਪਏ ਵਿਚ ਦਿੱਤਾ ਗਿਆ ਹੈ। ਉਹ ਪੜਾਅਵਾਰ ਅਦਾਇਗੀ ਕਰ ਰਹੇ ਹਨ ਤੇ ਘੱਟੋ ਘੱਟ ਤਿੰਨ ਸਾਲ ਇਨ੍ਹਾਂ ਪੌਦਿਆਂ ਦੀ ਮਹਿਕਮਾ ਸੰਭਾਲ ਕਰੇਗਾ। ਪੰਜਾਬ ਵਿਚ ਅੰਮ੍ਰਿਤਸਰ ਦੀ ਏਅਰਪੋਰਟ ਰੋਡ ਤੇ ਬਾਦਲ ਰੋਡ ਹੀ ਹਨ, ਜਿਨ੍ਹਾਂ 'ਤੇ ਮਹਿਕਮੇ ਵੱਲੋਂ ਪੌਦੇ ਲਾਏ ਗਏ ਹਨ। ਜੰਗਲਾਤ ਵਿਭਾਗ ਮੁਕਤਸਰ ਵੱਲੋਂ ਪਿੰਡ ਬਾਦਲ ਵਿਚ ਖਜੂਰਾਂ ਦੇ ਪੌਦੇ ਲਾਏ ਗਏ ਹਨ, ਜਿਨ੍ਹਾਂ 'ਤੇ ਕਈ ਲੱਖ ਰੁਪਏ ਦਾ ਖਰਚ ਆਇਆ ਹੈ। ਪੰਜਾਬ ਭਰ ਵਿਚੋਂ ਲੱਭ ਕੇ ਖਜੂਰ ਲਿਆਂਦੇ ਗਏ ਸਨ, ਜਿਨ੍ਹਾਂ ਵਿਚੋਂ ਕਾਫ਼ੀ ਖਜੂਰ ਚੱਲ ਵੀ ਨਹੀਂ ਸਕੇ। ਜੰਗਲਾਤ ਮਹਿਕਮੇ ਦੇ ਅਧਿਕਾਰੀ ਵਿਸ਼ੇਸ਼ ਤੌਰ 'ਤੇ ਇਸ ਪ੍ਰਾਜੈਕਟ ਵਾਸਤੇ ਤਾਇਨਾਤ ਹਨ।

# ਗੁਰਦੁਆਰਾ ਸਿਲੀਕਾਨ ਵੈਲੀ ਵਿਖੇ ਗੁਰੂ ਨਾਨਕ ਗੁਰਪੁਰਬ ਦੀਆਂ ਰੌਣਕਾਂ

**ਸੈਂਟਾ ਕਲਾਰਾ, ਕੈਲੀਫੋਰਨੀਆ (ਬਿਊਰੋ):** ਗੁਰਦੁਆਰਾ ਸਿਲੀਕਾਨ ਵੈਲੀ ਵਿਖੇ ਪ੍ਰਥਮ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਗੁਰਪੁਰਬ ਸਬੰਧੀ ਗੁਰੂ ਘਰ ਵਿਖੇ ਹਫਤਾ ਭਰ ਗੁਰਮਤਿ ਸਮਾਗਮ ਹੋਏ ਜਿਸ ਵਿਚ ਭਾਰੀ ਗਿਣਤੀ ਵਿਚ ਸੰਗਤਾਂ ਸ਼ਬਦ ਗੁਰੂ ਨੂੰ ਨਤਮਸਤਕ ਹੋਈਆਂ।



ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰੂ ਘਰ ਵਿਚ ਚਲਦੇ ਪੰਜਾਬੀ ਸਕੂਲ ਦੇ ਬੱਚਿਆਂ ਦਾ ਗੁਰਮਤਿ ਮੁਕਾਬਲਾ ਵੀ ਕਰਵਾਇਆ ਜਿਸ ਵਿਚ ਚਾਰ ਤੋਂ ਬਾਰਾਂ ਸਾਲ ਤੱਕ ਦੀ ਉਮਰ ਦੇ ਬੱਚਿਆਂ ਨੇ ਹਿੱਸਾ ਲਿਆ। ਪਹਿਲੇ, ਦੂਜੇ ਅਤੇ ਤੀਜੇ ਥਾਂ ਆਉਣ ਵਾਲੇ ਬੱਚਿਆਂ ਨੂੰ ਹੌਸਲਾ ਅਫਜ਼ਾਈ ਵਜੋਂ ਇਨਾਮ ਦਿੱਤੇ ਗਏ। ਮੁਕਾਬਲੇ ਵਿਚ ਹਿੱਸਾ ਲੈਣ ਵਾਲੇ ਛੋਟੇ ਬੱਚਿਆਂ ਨੇ ਗੁਰੂ ਨਾਨਕ ਸਾਹਿਬ ਨਾਲ ਸਬੰਧਤ ਜੀਵਨ ਸਾਖੀਆਂ ਅਤੇ ਕੀਰਤਨ ਸੁਣਾ ਕੇ ਹਾਜ਼ਰ ਸੰਗਤਾਂ ਦਾ ਮਨ ਮੋਹਿਆ। ਇਸ ਮੌਕੇ ਜੱਜਾਂ ਦੀ ਭੂਮਿਕਾ ਭਾਈ ਦਿਲਪ੍ਰੀਤ ਸਿੰਘ, ਬੀਬੀ ਬਲਤੇਜ ਕੌਰ ਤੇ ਬੀਬੀ ਬਲਰਾਜਦੀਪ ਕੌਰ ਨੇ ਨਿਭਾਈ। ਸਟੇਜ ਦੀ ਸੇਵਾ ਬੀਬੀ ਹਰਮਿੰਦਰ ਕੌਰ ਨੇ ਸੰਭਾਲੀ।

ਗੁਰਪੁਰਬ ਸਬੰਧੀ ਅਖੰਡ ਪਾਠ ਦੀ ਸੇਵਾ ਭਾਈ ਚਰਨਜੀਤ ਸਿੰਘ ਤੇ ਬੀਬੀ ਮਹਿੰਦਰ ਕੌਰ ਦੇ ਪਰਿਵਾਰ ਵਲੋਂ ਲਈ ਗਈ। ਐਤਵਾਰ ਨੂੰ ਅਖੰਡ ਪਾਠ ਦੇ ਭੋਗ ਪਾਏ ਗਏ। ਭਾਈ ਕੁਲਵੰਤ ਸਿੰਘ ਦੇ ਰਾਗੀ ਜਥੇ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਸੰਗਤਾਂ ਨੇ ਰਲ ਕੇ ਸੁਖਮਨੀ ਸਾਹਿਬ ਦਾ ਪਾਠ ਕੀਤਾ ਅਤੇ ਉਪਰੰਤ ਕੀਰਤਨ ਦਰਬਾਰ ਸਜਿਆ ਜਿਸ ਵਿਚ ਭਾਈ ਸ਼ਿਵਦਿਆਲ ਸਿੰਘ, ਭਾਈ ਅਮਰਜੀਤ ਸਿੰਘ ਰਾਜੂ, ਭਾਈ ਨਿਰਮਲ ਸਿੰਘ ਸੂਰਾ, ਬੀਬੀ ਨਵਦੀਪ ਕੌਰ, ਬੀਬੀ ਬਲਤੇਜ ਕੌਰ ਤੇ ਭਾਈ ਬਿਕਰਮਜੀਤ ਸਿੰਘ ਤੇ ਗੋਪਾਲ ਸਿੰਘ ਦੇ ਰਾਗੀ ਜਥਿਆਂ ਨੇ ਸ਼ਬਦ ਕੀਰਤਨ ਕੀਤਾ। ਭਾਈ ਅਮਰਜੀਤ ਸਿੰਘ ਮੁਲਤਾਨੀ ਨੇ ਗੁਰੂ ਨਾਨਕ ਸਾਹਿਬ ਬਾਰੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਹਵਾਲੇ ਨਾਲ ਸੰਸਾਰ ਦੀ ਹਾਲਤ ਬਾਰੇ ਚਾਨਣਾ ਪਾਇਆ। ਉਨ੍ਹਾਂ ਸੰਗਤਾਂ ਨੂੰ ਗੁਰੂ ਘਰ ਦੀ ਆਪਣੀ ਇਮਾਰਤ ਖਰੀਦਣ ਲਈ ਵੱਧ ਤੋਂ ਵੱਧ ਮਾਇਆ ਦਾਨ ਕਰਨ ਦੀ ਬੇਨਤੀ ਵੀ ਕੀਤੀ।

# ਦਲਿਤ ਮੁਲਾਜ਼ਮਾਂ ਦੇ ਰਾਖਵੇਂਕਰਨ ਬਾਰੇ ਸਰਕਾਰ ਨੂੰ ਘੇਰਾ

**ਚੰਡੀਗੜ੍ਹ:** ਪੰਜਾਬ ਦੇ ਦਲਿਤ ਮੁਲਾਜ਼ਮਾਂ ਨੇ ਰਾਖਵਾਂਕਰਨ ਬਚਾਉਣ ਲਈ ਸਰਦ ਰੁੱਤ ਸੈਸ਼ਨ ਦੌਰਾਨ ਪੰਜਾਬ ਵਿਧਾਨ ਸਭਾ ਦੇ ਘਿਰਾਓ ਦਾ ਫੈਸਲਾ ਕੀਤਾ ਹੈ। ਦਲਿਤ ਮੁਲਾਜ਼ਮਾਂ ਵੱਲੋਂ 23 ਨਵੰਬਰ ਤੋਂ ਪੰਜਾਬ ਦੇ ਦਲਿਤ ਮੰਤਰੀਆਂ, ਵਿਧਾਇਕਾਂ ਤੇ ਸੰਸਦ ਮੈਂਬਰਾਂ ਦੇ ਘਰਾਂ ਮੂਹਰੇ ਮੁਜ਼ਾਹਰੇ ਕਰਨ ਤੇ ਦਸਤਖ਼ਤੀ ਮੁਹਿੰਮ ਛੇੜਨ ਦਾ ਐਲਾਨ ਵੀ ਕਰ ਦਿੱਤਾ ਹੈ।

ਦਲਿਤ ਮੁਲਾਜ਼ਮਾਂ ਦੇ ਇਸ ਕਦਮ ਨਾਲ ਇਕ ਵਾਰ ਫਿਰ ਪੰਜਾਬ ਵਿਚ ਰਾਖਵਾਂਕਰਨ ਦੇ ਮੁੱਦੇ 'ਤੇ ਤਿੰਨ ਧਿਰੀ ਟਕਰਾਅ ਪੈਦਾ ਹੋਣ ਦੇ ਆਸਾਰ ਬਣ ਗਏ ਹਨ ਕਿਉਂਕਿ ਦੂਸਰੇ ਪਾਸੇ ਜਨਰਲ ਕੈਟਾਗਰੀਜ਼ ਵੈਲਫੇਅਰ ਫੈਡਰੇਸ਼ਨ ਪੰਜਾਬ ਨੇ ਰਾਖਵਾਂਕਰਨ ਖ਼ਤਮ ਕਰਨ ਦੀ ਮੰਗ 'ਤੇ 24 ਨਵੰਬਰ ਨੂੰ ਚੰਡੀਗੜ੍ਹ ਧਰਨਾ ਦੇਣ ਦਾ ਐਲਾਨ ਕਰ ਦਿੱਤਾ ਹੈ।

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ 10 ਅਕਤੂਬਰ ਨੂੰ ਹੁਕਮ ਜਾਰੀ ਕਰਕੇ ਦਲਿਤ ਮੁਲਾਜ਼ਮਾਂ ਨੂੰ ਰੋਸਟਰ ਨੁਕਤਿਆਂ ਅਨੁਸਾਰ ਸੀਨੀਆਰਤਾ ਦੇਣ ਤੋਂ ਇਨਕਾਰ ਕਰਦਿਆਂ ਸਪਸ਼ਟ ਕੀਤਾ ਹੈ ਕਿ ਰਨਿੰਗ ਰੋਸਟਰ ਸਿਰਫ਼ ਉਦੋਂ ਤੱਕ ਹੀ ਚੱਲੇਗਾ ਜਦੋਂ ਤੱਕ ਰਾਖਵੇਂਕਰਨ ਦੀ ਨੀਤੀ ਅਨੁਸਾਰ ਕੋਟਾ ਪੂਰਾ ਨਹੀਂ ਹੋ ਜਾਂਦਾ। ਇਸ ਤਰ੍ਹਾਂ ਸਰਕਾਰ ਨੇ ਸਪਸ਼ਟ ਕਰ ਦਿੱਤਾ ਹੈ ਕਿ ਰੋਸਟਰ ਰਜਿਸਟਰ ਦਾ ਮਕਸਦ ਸਿਰਫ਼ ਰਾਖਵੀਆਂ ਸ਼੍ਰੇਣੀਆਂ ਨੂੰ ਯੋਗ ਕੋਟਾ ਦੇਣਾ ਹੀ ਹੈ ਤੇ ਰੋਸਟਰ ਨੁਕਤਿਆਂ ਦੇ ਆਧਾਰ 'ਤੇ ਸੀਨੀਆਰਤਾ ਦਾ ਲਾਭ ਕਿਸੇ ਵੀ ਸੂਰਤ ਵਿਚ ਮਿਲਣਯੋਗ ਨਹੀਂ ਹੋਵੇਗਾ। ਇਸ ਪੱਤਰ ਵਿਚ ਇਹ ਨੁਕਤਾ ਵੀ ਉਠਾਇਆ ਗਿਆ ਹੈ ਕਿ ਰਾਖਵੇਂਕਰਨ ਦੀ ਨੀਤੀ ਤਹਿਤ ਰਨਿੰਗ ਰੋਸਟਰ ਸਿਰਫ਼ ਉਦੋਂ ਤੱਕ ਹੀ ਚੱਲਦਾ ਹੈ ਜਦੋਂ ਤੱਕ ਰਾਖਵੀਆਂ ਸ਼੍ਰੇਣੀਆਂ ਦੀ ਪ੍ਰਤੀਨਿਧਤਾ ਪੂਰੀ ਨਹੀਂ ਹੁੰਦੀ।

ਪੰਜਾਬ ਦੇ ਪ੍ਰਸੋਨਲ ਵਿਭਾਗ ਵੱਲੋਂ 10 ਅਕਤੂਬਰ ਨੂੰ ਜਾਰੀ ਕੀਤੇ ਇਸ ਪੱਤਰ ਨੂੰ ਜਿਥੇ ਜਨਰਲ ਕੈਟਾਗਰੀ ਵੈਲਫੇਅਰ ਫੈਡਰੇਸ਼ਨ ਪੰਜਾਬ ਆਪਣੀ ਜਿੱਤ ਦੱਸ ਰਹੀ ਹੈ ਉਥੇ ਗਜ਼ਟਿਡ ਐਂਡ ਨਾਨ ਗਜ਼ਟਿਡ ਐਸਸੀ/ਬੀਸੀ ਐਂਪਲਾਈਜ਼ ਵੈਲਫੇਅਰ ਫੈਡਰੇਸ਼ਨ ਪੰਜਾਬ ਦੋਸ਼ ਲਾ ਰਹੀ ਹੈ ਕਿ ਪੰਜਾਬ ਸਰਕਾਰ ਵੱਲੋਂ ਤਰੱਕੀਆਂ ਤੇ ਭਰਤੀ ਵਿਚ ਸਾਜ਼ਿਸ਼ ਤਹਿਤ ਰਾਖਵਾਂਕਰਨ ਬੰਦ ਕਰਨ ਦੀ ਚਾਲ ਖੇਡੀ ਜਾ ਰਹੀ ਹੈ, ਜਿਸ ਕਾਰਨ ਪੰਜਾਬ ਸਰਕਾਰ ਇਨ੍ਹਾਂ ਦੋਵਾਂ ਧਿਰਾਂ ਵਿਚਕਾਰ ਕਸੂਤੀ ਫਸ ਗਈ ਹੈ।

ਐਸਸੀ/ਬੀਸੀ ਐਂਪਲਾਈਜ਼ ਫੈਡਰੇਸ਼ਨ ਪੰਜਾਬ ਦੀ ਚੇਅਰਮੈਨ ਜਸਵੀਰ ਸਿੰਘ ਪਾਲ ਤੇ ਪ੍ਰਧਾਨ ਬਲਰਾਜ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਸਰਦ ਰੁੱਤ ਸੈਸ਼ਨ ਦੌਰਾਨ ਪੰਜਾਬ ਵਿਧਾਨ ਸਭਾ ਦਾ ਘਿਰਾਓ ਕਰਨ ਦਾ ਫੈਸਲਾ ਲਿਆ ਹੈ। ਇਸ ਤੋਂ ਇਲਾਵਾ ਪੰਜਾਹ ਹਜ਼ਾਰ ਦਸਤਖ਼ਤਾਂ ਵਾਲਾ ਮੈਮੋਰੰਡਮ ਦਸੰਬਰ ਮਹੀਨੇ ਦੌਰਾਨ ਭਾਰਤ ਦੇ ਰਾਸ਼ਟਰਪਤੀ ਤੇ ਪੰਜਾਬ ਦੇ ਰਾਜਪਾਲ ਨੂੰ ਸੌਂਪਿਆ ਜਾਵੇਗਾ। ਦਲਿਤ ਮੁਲਾਜ਼ਮਾਂ ਵੱਲੋਂ 23 ਤੋਂ 30 ਨਵੰਬਰ ਤੱਕ ਪੰਜਾਬ ਦੇ ਦਲਿਤ ਮੰਤਰੀਆਂ, ਵਿਧਾਇਕਾਂ ਤੇ ਸੰਸਦ ਮੈਂਬਰਾਂ ਦੇ ਘਰਾਂ ਮੂਹਰੇ ਧਰਨੇ ਮਾਰੇ ਜਾਣਗੇ। 11 ਨਵੰਬਰ ਤੋਂ ਦਸਤਖ਼ਤੀ ਮੁਹਿੰਮ ਚਲਾਈ ਜਾ ਰਹੀ ਹੈ। ਇਸ ਤੋਂ ਇਲਾਵਾ 15 ਤੋਂ 30 ਨਵੰਬਰ ਤੱਕ ਰਾਜ ਭਰ ਵਿੱਚ ਬਲਾਕ ਪੱਧਰ 'ਤੇ ਪੰਜਾਬ ਸਰਕਾਰ ਖ਼ਿਲਾਫ਼ ਮੁਜ਼ਾਹਰਿਆਂ ਦਾ ਪ੍ਰੋਗਰਾਮ ਵੀ ਐਲਾਨਿਆ ਹੈ। ਦੂਸਰੇ ਪਾਸੇ ਜਨਰਲ ਕੈਟਾਗਰੀ ਫੈਡਰੇਸ਼ਨ ਦੇ ਮੁੱਖ ਜਥੇਬੰਦ ਸ਼ਿਆਮ ਲਾਲ ਸ਼ਰਮਾ ਨੇ ਕਿਹਾ ਕਿ ਉਹ ਰਾਖਵਾਂਕਰਨ ਖ਼ਤਮ ਕਰਵਾਉਣ ਤੇ ਇਸ ਪੱਤਰ ਨੂੰ ਮੁਕੰਮਲ ਰੂਪ ਵਿਚ ਲਾਗੂ ਕਰਵਾਉਣ ਲਈ 24 ਨਵੰਬਰ ਨੂੰ ਚੰਡੀਗੜ੍ਹ ਵਿਚ ਧਰਨਾ ਦੇਣਗੇ।

# ਵਿਦੇਸ਼ੀ ਪਾੜ੍ਹਿਆਂ ਵੱਲੋਂ ਕੈਨੇਡਾ ਵੱਲ ਚੜ੍ਹਾਈ

**ਟਰਾਂਟੋ:** ਵਿਦੇਸ਼ਾਂ ਤੋਂ ਕੈਨੇਡਾ ਵਿਚ ਪੜ੍ਹਾਈ ਲਈ ਆਉਣ ਵਾਲਿਆਂ ਦੀ ਗਿਣਤੀ ਵਿਚ ਵੱਡਾ ਵਾਧਾ ਹੋਇਆ ਹੈ। ਇਹ ਵਿਦਿਆਰਥੀ ਕੈਨੇਡੀਅਨ ਪਾੜ੍ਹਿਆਂ ਨਾਲੋਂ ਚਾਰ ਗੁਣਾ ਵੱਧ ਫੀਸਾਂ ਭਰਦੇ ਹਨ, ਜਿਸ ਨਾਲ ਕੈਨੇਡਾ ਦੀ ਆਰਥਿਕਤਾ ਨੂੰ ਵੱਡਾ ਲਾਹਾ ਮਿਲਦਾ ਹੈ। ਹਾਲ ਹੀ ਵਿਚ ਮੁਲਕ ਦੇ ਆਵਾਸ ਮੰਤਰੀ ਕ੍ਰਿਸ ਅਲੈਗਜ਼ਾਂਦਰ ਨੇ ਖੁਲਾਸਾ ਕੀਤਾ ਹੈ ਕਿ ਉਹ ਵਿਦੇਸ਼ੀ ਵਿਦਿਆਰਥੀਆਂ ਨੂੰ ਸੱਦਣ ਵਿਚ ਰਿਕਾਰਡ ਕਾਇਮ ਕਰ ਰਹੇ ਹਨ।

ਮੰਤਰਾਲੇ ਦੀ ਰਿਪੋਰਟ ਮੁਤਾਬਕ ਇਸ ਸਾਲ ਜਨਵਰੀ ਤੋਂ ਸਤੰਬਰ ਦੌਰਾਨ 103999 ਸਟੱਡੀ ਪਰਮਿਟ ਜਾਰੀ ਕੀਤੇ ਗਏ ਹਨ, ਜੋ ਪਿਛਲੇ ਸਾਲ ਨਾਲੋਂ 11 ਫ਼ੀਸਦੀ ਜ਼ਿਆਦਾ ਹਨ। 2013 ਵਿਚ 93,717 ਅਤੇ 2012 ਵਿਚ ਇਨ੍ਹਾਂ ਪਰਮਿਟਾਂ ਦੀ ਗਿਣਤੀ 84,207 ਸੀ। ਕੈਨੇਡਾ ਪੜ੍ਹਨ ਆਉਣ ਵਾਲਿਆਂ ਵਿਚ ਚੀਨ, ਭਾਰਤ, ਦੱਖਣੀ ਕੋਰੀਆ, ਫਰਾਂਸ ਤੇ ਅਮਰੀਕਾ ਦੇ ਵਿਦਿਆਰਥੀਆਂ ਦੀ ਗਿਣਤੀ ਜ਼ਿਆਦਾ ਹੈ। ਚੀਨ ਦੇ 29,414, ਭਾਰਤ ਦੇ 13,758 ਤੇ ਕੋਰੀਆ ਦੇ 7,284 ਵਿਦਿਆਰਥੀਆਂ ਨੂੰ ਸਟੱਡੀ ਪਰਮਿਟ ਜਾਰੀ ਕੀਤੇ ਗਏ ਹਨ। ਇਸ ਸਾਲ ਜੂਨ ਵਿਚ ਕੈਨੇਡਾ ਨੇ ਪੜ੍ਹਾਈ ਲਈ ਆਉਣ ਵਾਲਿਆਂ ਲਈ ਨਵੀਆਂ ਨੀਤੀਆਂ ਲਾਗੂ ਕੀਤੀਆਂ ਸਨ। ਪਿਛਲੇ ਵਰ੍ਹੇ ਮਹਿਕਮੇ ਨੇ ਇਕ ਨੀਤੀ ਬਣਾਈ ਸੀ ਕਿ 2022 ਤੱਕ ਸਥਾਨਕ ਪਾੜ੍ਹਿਆਂ ਨਾਲ ਕੋਈ ਧੱਕਾ ਕੀਤੇ ਬਿਨਾਂ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਦੁੱਗਣੀ ਕੀਤੀ ਜਾਵੇਗੀ। ਵਿਦੇਸ਼ੀ ਪਾੜ੍ਹਿਆਂ ਨੂੰ ਆਪਣੇ ਵੱਲ ਖਿੱਚਣ ਵਿੱਚ ਕੈਨੇਡਾ ਵਿਸ਼ਵ ਦਾ 7ਵਾਂ ਮੁਲਕ ਹੈ, ਜਿਥੇ ਤਕਰੀਬਨ ਤਿੰਨ ਲੱਖ ਵਿਦੇਸ਼ੀ ਪਾੜ੍ਹੇ ਹਨ। ਸੂਤਰਾਂ ਮੁਤਾਬਕ ਵਿਦੇਸ਼ੀ ਵਿਦਿਆਰਥੀ ਫੀਸਾਂ ਤੇ ਕੰਮ ਕਾਰ ਨਾਲ ਮੁਲਕ ਦੀ ਆਰਥਿਕਤਾ ਨੂੰ ਅੱਠ ਬਿਲੀਅਨ ਡਾਲਰ ਸਾਲਾਨਾ ਫਾਇਦਾ ਪਹੁੰਚਾਉਂਦੇ ਹਨ।


**Are You Tired Of All Treatments?**

**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Homeopathic natural medicines supply**



Gurdip Singh Sandhu

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
The California Homeopathic Society
National Center For Homeopathy- USA

**Ph:(408) 687-1899**
**(408) 729-6691**
**Fax:(408)292-6200**

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**


## ਸੰਤ ਰਾਮਪਾਲ ਖ਼ਿਲਾਫ਼ ਨਵੇਂ ਸਿਰਿਓਂ ਗ਼ੈਰ ਜ਼ਮਾਨਤੀ ਵਾਰੰਟ ਜਾਰੀ

**ਚੰਡੀਗੜ੍ਹ:** ਸੰਤ ਰਾਮਪਾਲ ਖ਼ਿਲਾਫ਼ ਨਵੇਂ ਸਿਰਿਓਂ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਕਰਦਿਆਂ, ਪੰਜਾਬ ਹਰਿਆਣਾ ਹਾਈਕੋਰਟ ਨੇ ਹਰਿਆਣਾ ਸਰਕਾਰ ਨੂੰ ਹੁਕਮ ਦਿੱਤਾ ਕਿ ਖ਼ੁਦਸਾਖਤਾ ਰੂਹਾਨੀ ਗੁਰੂ ਨੂੰ ਅਗਲੀ ਪੇਸ਼ੀ 'ਤੇ ਹਰ ਹਾਲ ਅਦਾਲਤ ਵਿਚ ਪੇਸ਼ ਕੀਤਾ ਜਾਵੇ। ਭਾਵੇਂ ਉਸ ਨੂੰ ਕਿਸੇ ਬੰਕਰ ਵਿਚੋਂ ਲੱਭ ਕੇ ਲਿਆਉਣਾ ਪਵੇ।

ਅਦਾਲਤ ਨੇ ਇਹ ਵੀ ਕਿਹਾ ਕਿ ਸਰਕਾਰ ਰਾਮਪਾਲ ਨਾਲ ਮਿਲੀ ਹੋਈ ਹੈ ਤੇ ਮੈਡੀਕਲ ਬੋਰਡ ਵੱਲੋਂ ਪੇਸ਼ ਕੀਤੀ ਰਿਪੋਰਟ ਰੱਦ ਕਰ ਦਿੱਤੀ ਹੈ ਜਿਸ ਵਿਚ ਕਿਹਾ ਗਿਆ ਸੀ ਕਿ ਮੁਲਜ਼ਮ ਦੀ ਛਾਤੀ ਵਿਚ ਦਰਦ ਹੋਣ ਕਾਰਨ ਉਸ ਨੂੰ ਹਸਪਤਾਲ ਦਾਖ਼ਲ ਕਰਾਉਣਾ ਪਿਆ। ਬੈਂਚ ਨੇ ਹਰਿਆਣਾ ਦੇ ਡੀ.ਜੀ.ਪੀ. ਤੇ ਗ੍ਰਹਿ ਸਕੱਤਰ ਨੂੰ ਹੁਕਮ ਦਿੱਤਾ ਕਿ ਗ਼ੈਰ-ਜ਼ਮਾਨਤੀ ਵਾਰੰਟ ਦੀ ਤਾਮੀਲ ਕਰਵਾਈ ਜਾਵੇ।

ਹਰਿਆਣਾ ਦੇ ਐਡਵੋਕੇਟ ਜਨਰਲ ਬੀ.ਆਰ. ਮਹਾਜਨ ਨੇ ਬਾਬੇ ਦੇ ਚੇਲਿਆਂ ਦਾ ਗੁੱਸਾ ਭੜਕਣ ਦਾ ਖ਼ਦਸ਼ਾ ਜ਼ਾਹਰ ਕਰਦਿਆਂ ਰਾਮਪਾਲ ਦੀ ਗ੍ਰਿਫ਼ਤਾਰੀ ਲਈ ਹੋਰ ਸਮਾਂ ਮੰਗਿਆ। ਉਨ੍ਹਾਂ ਜ਼ਿਲ੍ਹਾ ਪੱਧਰ 'ਤੇ ਕਾਇਮ ਕੀਤੇ ਡਾਕਟਰਾਂ ਦੇ ਬੋਰਡ ਦੀ ਰਿਪੋਰਟ ਵੀ ਪੇਸ਼ ਕੀਤੀ। ਇਸ 'ਤੇ ਖਿਝ ਜ਼ਾਹਰ ਕਰਦਿਆਂ ਜਸਟਿਸ ਜਯਾਪਾਲ ਨੇ ਪੁੱਛਿਆ ਕਿ ਤੁਹਾਨੂੰ ਬੋਰਡ ਕਾਇਮ ਕਰਨ ਲਈ ਕਿਸ ਨੇ ਆਖਿਆ ਸੀ? ਇਹ ਗ੍ਰਹਿ ਸਕੱਤਰ ਨੂੰ ਭੇਜੀ ਇਤਲਾਹ ਤੋਂ ਬਾਹਰੀ ਗੱਲ ਹੈ। ਤੁਸੀਂ ਸਾਥੋਂ ਸਲਾਹ ਮੰਗ ਸਕਦੇ ਸੀ।




# ਸਰਕਾਰੀ ਡਾਕਟਰਾਂ ਦੀ ਵਿਦੇਸ਼ ਉਡਾਰੀ ਦੇ ਰਸਤੇ ਬੰਦ

## ਲੰਮੀ ਛੁੱਟੀ ਵਾਲੇ ਡਾਕਟਰਾਂ ਨੂੰ ਘਰ ਤੋਰਨ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਵਿਦੇਸ਼ ਡੇਰੇ ਲਾਈ ਬੈਠੇ ਸਰਕਾਰੀ ਡਾਕਟਰਾਂ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ। ਵਿਭਾਗ ਵੱਲੋਂ ਚਿਰਾਂ ਤੋਂ ਗ਼ੈਰਹਾਜ਼ਰ ਚੱਲ ਰਹੇ ਡਾਕਟਰਾਂ ਨੂੰ ਘਰ ਤੋਰਨ ਲਈ ਸਿਵਲ ਸਰਜਨਾਂ ਤੋਂ ਸੂਚੀਆਂ ਮੰਗਵਾਉਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਸਰਕਾਰ ਵੱਲੋਂ ਨੇਮਾਂ ਵਿਚ ਤਬਦੀਲੀਆਂ ਕਰਦਿਆਂ ਲੰਮੀਆਂ ਛੁੱਟੀਆਂ ਲੈਣ ਦੇ ਰਾਹ ਤਕਰੀਬਨ ਬੰਦ ਕਰ ਦਿੱਤੇ ਗਏ ਹਨ ਤੇ ਮਹਿਕਮੇ ਦੇ ਸਕੱਤਰ ਤੋਂ ਡਾਕਟਰਾਂ ਨੂੰ ਛੁੱਟੀਆਂ ਦੇਣ ਦੇ ਅਧਿਕਾਰ ਵਾਪਸ ਲੈ ਲਏ ਹਨ। ਇਸ ਵੇਲੇ ਪੰਜਾਬ ਦੇ ਸਰਕਾਰੀ ਹਸਪਤਾਲਾਂ ਦੇ ਤਕਰੀਬਨ 100 ਡਾਕਟਰ ਅਜਿਹੇ ਹਨ, ਜਿਹੜੇ ਕਿ ਲੰਮਾ ਸਮਾਂ ਪਹਿਲਾਂ ਛੁੱਟੀਆਂ (ਐਕਸ-ਇੰਡੀਆ ਲੀਵ) ਲੈ ਕੇ ਵਿਦੇਸ਼ਾਂ ਨੂੰ ਗਏ ਸਨ ਪਰ ਇਸ ਤੋਂ ਬਾਅਦ ਉਹ ਛੁੱਟੀਆਂ ਵਿਚ ਵਾਧਾ ਕਰਵਾਉਂਦੇ ਰਹੇ ਤੇ ਵਤਨ ਨਾ ਪਰਤੇ। ਸੂਤਰਾਂ ਅਨੁਸਾਰ ਇਨ੍ਹਾਂ ਵਿਚ ਬਹੁਤੇ ਡਾਕਟਰ ਅਜਿਹੇ ਹਨ ਜਿਨ੍ਹਾਂ ਨੂੰ ਵਿਦੇਸ਼ਾਂ ਵਿਚ ਪੀ.ਆਰ. ਭਾਵ ਪੱਕੀ ਰਿਹਾਇਸ਼ ਹਾਸਲ ਹੈ, ਅਜਿਹੇ ਡਾਕਟਰ ਉਧਰ ਵੀ ਡਾਕਟਰੀ ਕਰਕੇ ਨੋਟ ਕਮਾ ਰਹੇ ਹਨ ਤੇ ਛੁੱਟੀ ਵਿਚ ਵਾਧਾ ਕਰਵਾ ਕੇ ਐਧਰੋਂ ਵੀ ਤਨਖਾਹ ਹਾਸਲ ਕਰ ਰਹੇ ਹਨ।

ਪਿਛਲੇ ਦਿਨੀਂ ਪੰਜਾਬ ਸਰਕਾਰ ਨੇ ਸਮੂਹ ਵਿਭਾਗਾਂ ਦੇ ਲੰਮੀਆਂ ਛੁੱਟੀਆਂ 'ਤੇ ਚੱਲ ਰਹੇ ਅਧਿਕਾਰੀਆਂ/ਮੁਲਾਜ਼ਮਾਂ ਨੂੰ ਨੌਕਰੀਓਂ ਫਾਰਗ ਕਰਨ ਲਈ ਵਿਭਾਗਾਂ ਨੂੰ ਉਨ੍ਹਾਂ ਦੇ ਵੇਰਵੇ ਇਕੱਤਰ ਕਰਨ ਦੇ ਹੁਕਮ ਜਾਰੀ ਕੀਤੇ ਸਨ, ਜਿਸਦੇ ਤਹਿਤ ਹੀ ਸਿਹਤ ਮਹਿਕਮੇ ਨੇ ਵੀ ਉਪਰੋਕਤ ਕਾਰਵਾਈ ਆਰੰਭੀ ਹੈ। ਦੂਜੇ ਪਾਸੇ ਸਰਕਾਰ ਨੇ ਸਰਕਾਰੀ ਡਾਕਟਰਾਂ ਵੱਲੋਂ ਛੁੱਟੀਆਂ ਲੈਣ ਦੇ ਨੇਮਾਂ ਵਿਚ ਵੀ ਅਹਿਮ ਤਬਦੀਲੀਆਂ ਕਰ ਦਿੱਤੀਆਂ, ਜਿਨ੍ਹਾਂ ਤਹਿਤ ਮਹਿਕਮੇ ਦੇ ਸਕੱਤਰ ਤੋਂ ਡਾਕਟਰਾਂ ਨੂੰ 30 ਦਿਨਾਂ ਤੋਂ ਵੱਧ ਛੁੱਟੀ ਦੇਣ ਦੇ ਅਧਿਕਾਰ ਵਾਪਸ ਲੈ ਲਏ ਗਏ ਹਨ। ਨਵੇਂ ਨੇਮਾਂ ਮੁਤਾਬਕ ਹੁਣ 30 ਦਿਨਾਂ ਦੀ ਛੁੱਟੀ ਡਾਇਰੈਕਟਰ, 30 ਤੋਂ 90 ਦਿਨਾਂ ਤੱਕ ਦੀ ਛੁੱਟੀ ਵਿਭਾਗ ਦਾ ਮੰਤਰੀ ਪ੍ਰਵਾਨ ਕਰਿਆ ਕਰੇਗਾ, ਪਰ ਜੇਕਰ ਕਿਸੇ ਡਾਕਟਰ ਨੇ 90 ਦਿਨਾਂ ਤੋਂ ਵੱਧ ਦੀ ਛੁੱਟੀ ਲੈਣੀ ਹੈ ਤਾਂ ਸਿਹਤ ਵਿਭਾਗ ਦੇ ਤਿੰਨ ਡਾਇਰੈਕਟਰਾਂ ਦੀ ਟੀਮ ਬੈਠਿਆ ਕਰੇਗੀ ਤੇ ਉਸ ਟੀਮ ਦੀ ਪ੍ਰਵਾਨਗੀ ਨਾਲ ਹੀ ਡਾਕਟਰ ਨੂੰ ਛੁੱਟੀ ਮਿਲਿਆ ਕਰੇਗੀ। ਇਸ ਟੀਮ ਵਿਚ ਡਾਇਰੈਕਟਰ ਸਿਹਤ ਸੇਵਾਵਾਂ, ਡਾਇਰੈਕਟਰ ਪਰਿਵਾਰ ਭਲਾਈ ਤੇ ਡਾਇਰੈਕਟਰ ਈ.ਐਸ.ਆਈ. ਸ਼ਾਮਲ ਹੋਣਗੇ।

ਇਹ ਪਹਿਲੀ ਵਾਰ ਹੈ ਜਦੋਂ ਵਿਭਾਗ ਨੇ ਡਾਕਟਰਾਂ ਦੇ ਹਵਾਈ ਝੂਟੇ ਬੰਦ ਕਰਨ ਲਈ ਸਖ਼ਤ ਕਦਮ ਚੁੱਕਿਆ ਹੈ। ਵਿਭਾਗ ਲੰਬੇ ਸਮੇਂ ਤੋਂ ਗ਼ੈਰਹਾਜ਼ਰ ਚੱਲ ਰਹੇ ਸਰਕਾਰੀ ਡਾਕਟਰਾਂ ਦੇ ਮਗਰ ਵੀ ਹੱਥ ਧੋਅ ਕੇ ਪੈ ਗਿਆ ਹੈ। ਵਿਭਾਗ ਨੇ ਰਾਜ ਦੇ ਸਿਵਲ ਸਰਜਨਾਂ ਨੂੰ ਇਕ ਪੱਤਰ ਲਿਖ ਕੇ ਅਜਿਹੇ ਡਾਕਟਰਾਂ ਦੀ ਸੂਚੀ ਮੰਗ ਲਈ ਹੈ। ਦੱਸਿਆ ਗਿਆ ਹੈ ਕਿ ਵਿਭਾਗ ਵੱਲੋਂ ਲੰਬੇ ਸਮੇਂ ਤੋਂ ਗ਼ੈਰਹਾਜ਼ਰ ਚੱਲ ਰਹੇ ਡਾਕਟਰਾਂ ਦੀਆਂ ਸੇਵਾਵਾਂ ਖ਼ਤਮ ਕਰਨ ਦਾ ਫ਼ੈਸਲਾ ਲਿਆ ਗਿਆ ਹੈ ਤੇ ਸੂਚੀਆਂ ਮਿਲਦੀਆਂ ਹੀ ਇਹ ਅਮਲ ਸ਼ੁਰੂ ਹੋ ਜਾਵੇਗਾ। ਵਿਭਾਗ ਕੋਲ ਪੁੱਜੀ ਸੂਚਨਾ ਮੁਤਾਬਿਕ ਲੰਮੀ ਛੁੱਟੀ 'ਤੇ ਚੱਲ ਰਹੇ ਡਾਕਟਰਾਂ ਵਿਚੋਂ ਵੱਡੀ ਗਿਣਤੀ ਵਿਦੇਸ਼ ਜਾ ਬੈਠੇ ਹਨ ਤੇ ਅਜਿਹੇ ਡਾਕਟਰਾਂ ਬਾਰੇ ਵੀ ਸ਼ਿਕਾਇਤਾਂ ਹਨ, ਜਿਹੜੇ ਕਿਸੇ ਹੋਰ ਵਿਅਕਤੀ ਦੇ ਨਾਂ 'ਤੇ ਹਸਪਤਾਲ ਚਲਾ ਰਹੇ ਹਨ। ਅੰਕੜਿਆਂ ਅਨੁਸਾਰ 100 ਤੋਂ ਜ਼ਿਆਦਾ ਡਾਕਟਰ ਅਜੇ ਵੀ ਲੰਮੀ ਛੁੱਟੀ 'ਤੇ ਹਨ।

## ਡਾਕਟਰਾਂ ਦੀਆਂ 40 ਫ਼ੀਸਦੀ ਤੋਂ ਵੱਧ ਆਸਾਮੀਆਂ ਖਾਲੀ

ਸਿਹਤ ਵਿਭਾਗ ਵਿਚ ਮਾਹਿਰ ਡਾਕਟਰਾਂ ਦੀਆਂ 40 ਫ਼ੀਸਦੀ ਤੋਂ ਜ਼ਿਆਦਾ ਆਸਾਮੀਆਂ ਖ਼ਾਲੀ ਪਈਆਂ ਹਨ, ਜਦੋਂਕਿ ਨਵੇਂ ਡਾਕਟਰ ਲੱਭਣੇ ਮੁਸ਼ਕਲ ਹੋ ਰਹੇ ਹਨ।

ਵਿਭਾਗ ਵੱਲੋਂ ਮਾਹਿਰ ਡਾਕਟਰਾਂ ਦੀ ਭਰਤੀ ਲਈ ਵਾਰ-ਵਾਰ ਇੰਟਰਵਿਊ ਰੱਖੀ ਗਈ ਹੈ ਪਰ ਵੱਡੀ ਗਿਣਤੀ ਉਮੀਦਵਾਰ ਨਿਯੁਕਤੀ ਪੱਤਰ ਲੈਣ ਤੋਂ ਹੀ ਕੰਨੀ ਕਤਰਾ ਜਾਂਦੇ ਹਨ। ਸਿਹਤ ਵਿਭਾਗ ਵੱਲੋਂ ਮਾਹਿਰ ਡਾਕਟਰ ਲੱਭਣ ਵਾਸਤੇ ਰਾਜ ਤੋਂ ਬਾਹਰ ਦਿੱਲੀ ਵਿਚ ਵੀ ਇੰਟਰਵਿਊ ਰੱਖੀ ਗਈ ਸੀ ਪਰ ਡੇਢ ਦਰਜਨ ਉਮੀਦਵਾਰ ਇੰਟਰਵਿਊ ਦੇ ਕੇ ਵੀ ਡਿਊਟੀ ਦੇਣ ਲਈ ਰਾਜ਼ੀ ਨਹੀਂ ਹੋਏ ਹਨ। ਇਸ ਦਾ ਕਾਰਨ ਸਰਕਾਰ ਵੱਲੋਂ ਮਾਹਿਰ ਡਾਕਟਰਾਂ ਨੂੰ ਦੂਜੇ ਰਾਜਾਂ ਦੇ ਮੁਕਾਬਲੇ ਦਿੱਤੀ ਜਾ ਰਹੀ ਘੱਟ ਤਨਖ਼ਾਹ ਤੇ ਹੋਰ ਸਹੂਲਤਾਂ ਹਨ। ਡਾਕਟਰਾਂ ਨੂੰ ਸਰਕਾਰ ਵੱਲੋਂ ਨੌਕਰੀ ਲਈ ਦਿੱਤਾ ਜਾ ਰਿਹਾ ਮਾਹੌਲ ਵੀ ਭਾਅ ਨਹੀਂ ਰਿਹਾ ਹੈ। ਪੰਜਾਬ ਦੇਸ਼ ਦਾ ਇਕੋ-ਇਕ ਸੂਬਾ ਹੈ, ਜਿਥੇ ਐਮ.ਬੀ.ਬੀ.ਐਸ. ਤੇ ਮਾਹਿਰ ਇਕੋ ਜਿੰਨਾ ਸਕੇਲ ਲੈ ਰਹੇ ਹਨ। ਸਰਕਾਰ ਵੱਲੋਂ ਦੋਹਾਂ ਵਰਗਾਂ ਦੇ ਡਾਕਟਰਾਂ ਵਿਚ ਸਿਰਫ ਭੱਤਿਆਂ ਦਾ ਫ਼ਰਕ ਰੱਖਿਆ ਗਿਆ ਹੈ। ਸਿਹਤ ਵਿਭਾਗ ਦੇ ਡਾਇਰੈਕਟਰ ਕਰਨਜੀਤ ਸਿੰਘ ਨੇ ਕਿਹਾ ਹੈ ਕਿ ਡਾਕਟਰਾਂ ਦੀ ਵਿਦੇਸ਼ਾਂ ਵਿਚ ਜਾ ਕੇ ਵੱਸਣ ਦੀ ਰੁਚੀ ਨੂੰ ਘੱਟ ਕਰਨ ਲਈ ਐਕਸ ਇੰਡੀਆ ਲੀਵ ਮਨਜ਼ੂਰ ਕਰਨ ਲਈ ਤਿੰਨ ਮੈਂਬਰੀ ਕਮੇਟੀ ਦਾ ਗਠਨ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ।

# ਡੇਰਾ ਬਿਆਸ ਮੁਖੀ ਤੇ ਦਾਦੂਵਾਲ ਦੀ ਮੀਟਿੰਗ ਨੇ ਛੇੜੀ ਚਰਚਾ

**ਕਾਲਾਂਵਾਲੀ:** ਡੇਰਾ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਤੇ ਪੰਥਕ ਸੇਵਾ ਲਹਿਰ ਦੇ ਮੁਖੀ ਸੰਤ ਬਾਬਾ ਬਲਜੀਤ ਸਿੰਘ ਦਾਦੂਵਾਲ ਵੱਲੋਂ ਪਿੰਡ ਦਾਦੂ ਵਿਖੇ ਕੀਤੀ ਬੰਦ ਕਮਰਾ ਮੁਲਾਕਾਤ ਨੂੰ ਪੰਜਾਬ ਵਿਚਲੇ ਬਦਲ ਰਹੇ ਸਿਆਸੀ ਮਾਹੌਲ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।



ਪਿਛਲੇ ਦਿਨਾਂ ਵਿਚ ਇਹ ਚਰਚਾ ਵੀ ਚੱਲਦੀ ਰਹੀ ਹੈ ਕਿ ਸੀਨੀਅਰ ਭਾਜਪਾ ਆਗੂ ਵੀ ਬਾਬਾ ਗੁਰਿੰਦਰ ਸਿੰਘ ਨਾਲ ਮੁਲਾਕਾਤਾਂ ਕਰ ਕੇ ਗਏ ਹਨ।

ਸੰਤ ਬਾਬਾ ਬਲਜੀਤ ਸਿੰਘ ਦਾਦੂਵਾਲ ਦੇ ਵੀ ਬਾਦਲਾਂ ਨਾਲ ਸਬੰਧ ਠੀਕ ਨਾ ਹੋਣ ਕਰ ਕੇ ਉਨ੍ਹਾਂ ਨੂੰ ਪਿਛਲੇ ਦਿਨੀਂ ਪੁਰਾਣੇ ਕੇਸਾਂ ਵਿਚ ਜਿਥੇ ਜੇਲ੍ਹ ਜਾਣਾ ਪਿਆ ਸੀ ਉਥੇ ਪੰਥਕ ਸੇਵਾ ਲਹਿਰ ਦਾ ਮੁੱਖ ਦਫ਼ਤਰ ਗੁਰਦੁਆਰਾ ਜੰਡਾਲੀਸਰ ਸਾਹਿਬ ਉਨ੍ਹਾਂ ਤੋਂ ਖੋਹ ਕੇ ਸ਼੍ਰੋਮਣੀ ਕਮੇਟੀ ਦੇ ਇਕ ਮੈਂਬਰ ਨੂੰ ਸੌਂਪ ਦਿੱਤਾ ਸੀ। ਉਮੀਦ ਹੈ ਕਿ ਇਹ ਸਾਰੇ ਮਸਲੇ ਦੋਵਾਂ ਧਾਰਮਿਕ ਆਗੂਆਂ ਦੀ ਇਸ ਮੀਟਿੰਗ ਵਿਚ ਵਿਚਾਰੇ ਗਏ ਹੋਣਗੇ। ਹਾਲਾਂਕਿ ਸੰਤ ਬਲਜੀਤ ਸਿੰਘ ਦਾ ਕਹਿਣਾ ਹੈ ਕਿ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਉਨ੍ਹਾਂ ਦਾ ਪਤਾ ਲੈਣ ਆਏ ਸਨ।



ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਡੇਰਾ ਬਿਆਸ ਦੇ ਸ਼ਰਧਾਲੂਆਂ ਨਾਲ ਮੁਲਾਕਾਤ ਵੀ ਕੀਤੀ ਤੇ ਉਨ੍ਹਾਂ ਨੂੰ ਆਪਣਾ ਸੰਦੇਸ਼ ਦੇ ਕੇ ਉਹ ਡੇਰਾ ਸਿਕੰਦਰਪੁਰ ਵੱਲ ਚਲੇ ਗਏ। ਡੇਰਾ ਬਿਆਸ ਦੇ ਮੁਖੀ ਆਪਣੇ ਕੁਝ ਪੈਰੋਕਾਰਾਂ ਨਾਲ ਪਿੰਡ ਦਾਦੂ ਦੇ ਗੁਰਦੁਆਰਾ ਗੁਰੂ ਗ੍ਰੰਥਸਰ ਸਾਹਿਬ ਵਿਖੇ ਪੁੱਜੇ ਸਨ। ਪਹਿਲਾਂ ਉਨ੍ਹਾਂ ਗੁਰਦੁਆਰਾ ਸਾਹਿਬ ਵਿਚ ਮੱਥਾ ਟੇਕਿਆ ਤੇ ਫਿਰ ਸੰਤ ਦਾਦੂਵਾਲ ਨਾਲ ਬੰਦ ਕਮਰੇ ਵਿਚ ਲੰਬੇ ਸਮੇਂ ਤੱਕ ਵਿਚਾਰਾਂ ਕੀਤੀਆਂ।

# ਪੰਜਾ ਸਾਹਿਬ ਗਏ ਸ਼ਰਧਾਲੂ ਦੀ ਮੌਤ

**ਅੰਮ੍ਰਿਤਸਰ:** ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਗਏ ਜਥੇ ਦੇ ਇਕ ਮੈਂਬਰ ਮਲਕੀਅਤ ਸਿੰਘ (63) ਪੁੱਤਰ ਸੁਖਦੇਵ ਸਿੰਘ ਵਾਸੀ ਦਿੱਲੀ ਦੀ ਗੁਰਦੁਆਰਾ ਪੰਜਾ ਸਾਹਿਬ ਵਿਖੇ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ ਹੈ। ਔਕਾਫ਼ ਬੋਰਡ ਦੇ ਅਧਿਕਾਰੀਆਂ ਵੱਲੋਂ ਮ੍ਰਿਤਕ ਦੇਹ ਨੂੰ ਧਾਰਮਿਕ ਮਰਿਆਦਾ ਅਨੁਸਾਰ ਵਾਹਗਾ ਸਰਹੱਦ ਰਾਹੀਂ ਵਤਨ ਭੇਜ ਦਿੱਤਾ ਗਿਆ ਹੈ।

ਨਨਕਾਣਾ ਸਾਹਿਬ ਸਿੱਖ ਯਾਤਰੀ ਜਥੇ ਦੇ ਪ੍ਰਧਾਨ ਸਵਰਨ ਸਿੰਘ ਪੁਤਲੀਘਰ ਨੇ ਦੱਸਿਆ ਕਿ ਪੰਜਾ ਸਾਹਿਬ ਵਿਖੇ ਦਰਸ਼ਨਾਂ ਦੌਰਾਨ ਮਲਕੀਅਤ ਸਿੰਘ ਨੇ ਛਾਤੀ ਵਿਚ ਦਰਦ ਮਹਿਸੂਸ ਕੀਤਾ, ਜਿਨ੍ਹਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਪਰ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਮਲਕੀਅਤ ਸਿੰਘ ਦੇ ਦੇਹਾਂਤ ਸਮੇਂ ਗੁਰਦੁਆਰਾ ਡੇਹਰਾ ਸਾਹਿਬ ਦੇ ਕੇਅਰ ਟੇਕਰ ਤੇ ਔਕਾਫ਼ ਬੋਰਡ ਦੇ ਅਧਿਕਾਰੀ ਚੌਧਰੀ ਮੁਹੰਮਦ ਅਜ਼ਰ ਅੱਬਾਸ ਵੀ ਮੌਜੂਦ ਸਨ ਜਿਨ੍ਹਾਂ ਤੁਰੰਤ ਸਾਰਾ ਪ੍ਰਬੰਧ ਕਰਕੇ ਦੇਹ ਨੂੰ ਭਾਰਤ ਭੇਜ ਦਿੱਤਾ।

# ਗਿਆਨ ਗੋਦੜੀ ਲਈ ਜ਼ਮੀਨ ਦੇਣ ਦਾ ਐਲਾਨ




**ਹਰਿਦੁਆਰ:** ਹਰਿਦੁਆਰ ਵਿਚ ਹਰਿ ਕੀ ਪੌੜੀ ਵਿਖੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਗੁਰਦੁਆਰਾ ਸਾਹਿਬ ਦੀ ਉਸਾਰੀ ਬਾਰੇ ਸਬੰਧਤ ਧਿਰਾਂ ਵਿਚ ਆਮ ਸਹਿਮਤੀ ਹੋਣ ਪਿੱਛੋਂ ਉੱਤਰਾਖੰਡ ਦੇ ਮੁੱਖ ਮੰਤਰੀ ਹਰੀਸ਼ ਰਾਵਤ ਨੇ ਹਰਿਦੁਆਰ ਦੇ ਜ਼ਿਲ੍ਹਾ ਮਜਿਸਟਰੇਟ ਨੂੰ ਹਦਾਇਤ ਕੀਤੀ ਕਿ ਜਿਥੇ ਵੀ ਜ਼ਮੀਨ ਉਪਲਬਧ ਹੋਵੇ, ਗੁਰਦੁਆਰਾ ਗਿਆਨ ਗੋਦੜੀ ਲਈ ਜ਼ਮੀਨ ਮੁਹੱਈਆ ਕੀਤੀ ਜਾਵੇ। ਮੁੱਖ ਮੰਤਰੀ ਨੇ ਗੁਰਪੁਰਬ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੱਖ-ਵੱਖ ਫਿਰਕਿਆਂ ਵਿਚ ਪਿਆਰ ਤੇ ਸਦਭਾਵਨਾ ਦਾ ਸੰਦੇਸ਼ ਦੇਣ ਲਈ ਵਿਸ਼ਵ ਭਰ ਦੀ ਯਾਤਰਾ ਕੀਤੀ ਸੀ। ਉਨ੍ਹਾਂ ਕਿਹਾ ਕਿ ਸਾਨੂੰ ਗੁਰੂ ਨਾਨਕ ਵੱਲੋਂ ਦਿਖਾਏ ਰਸਤੇ 'ਤੇ ਚੱਲਣਾ ਚਾਹੀਦਾ ਹੈ। ਸ੍ਰੀ ਰਾਵਤ ਨੇ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਗੁਰੂ ਨਾਨਕ ਨੇ ਉੱਤਰਖੰਡ ਵਿਚ ਨਾਨਕਮਤਾ ਤੇ ਰੀਠਾ ਸਾਹਿਬ ਦੀ ਯਾਤਰਾ ਕੀਤੀ ਸੀ ਜਦਕਿ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਤ ਹੇਮਕੁੰਟ ਸਾਹਿਬ ਉੱਤਰਖੰਡ ਵਿਚ ਹੀ ਮੌਜੂਦ ਹੈ ਜਿਸ ਨੂੰ ਪੰਜਵੇਂ ਧਾਮ ਵਜੋਂ ਜਾਣਿਆਂ ਜਾਂਦਾ ਹੈ। ਉਨ੍ਹਾਂ ਉਥੇ ਮੌਜੂਦ ਸੰਗਤ ਨੂੰ ਦੱਸਿਆ ਕਿ ਹੁਣ ਚਾਰ ਧਾਮ ਯਾਤਰਾ ਦੇ ਨਾਲ ਹੇਮਕੁੰਟ ਸਾਹਿਬ ਲਈ ਸੇਵਾਵਾਂ ਤੇ ਸਥਿਤੀ ਵਿਚ ਕਾਫੀ ਸੁਧਾਰ ਕੀਤਾ ਗਿਆ ਹੈ। ਇਸ ਮੌਕੇ ਉਨ੍ਹਾਂ ਛੇਤੀ ਹੀ ਪੰਜਾਬੀ ਅਕਾਦਮੀ ਸਥਾਪਤ ਕਰਨ ਦਾ ਐਲਾਨ ਕੀਤਾ। ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ ਇਸ ਬਾਰੇ ਪੰਜਾਬੀ ਭਾਈਚਾਰੇ ਦੇ ਸੀਨੀਅਰ ਤੇ ਬਾਰਸੂਖ ਮੈਂਬਰਾਂ ਨਾਲ ਚਰਚਾ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਕਾਂਗਰਸ ਭਵਨ ਵਿਖੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਮਨਾਉਣ ਲਈ ਹੋਏ ਸਮਾਗਮ ਵਿਚ ਹਿੱਸਾ ਲਿਆ।

# ਪੰਜਾਬ ਵਿਚ ਨਾਜਾਇਜ਼ ਹਥਿਆਰਾਂ ਦੇ ਕਾਰੋਬਾਰ ਨੇ ਫੜਿਆ ਜ਼ੋਰ

**ਫਰੀਦਕੋਟ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਫਰਜ਼ੀ ਲਾਇਸੈਂਸ ਬਣਾ ਕੇ ਨਾਜਾਇਜ਼ ਹਥਿਆਰ ਵੇਚਣ ਦਾ ਕਾਰੋਬਾਰ ਖ਼ੂਬ ਵਧ ਫੁੱਲ ਰਿਹਾ ਹੈ। ਪਿਛਲੇ ਦਿਨਾਂ ਦੀ ਪੁਲਿਸ ਕਾਰਵਾਈ ਤੋਂ ਤਸਕਰ ਕੀਤੇ ਹਥਿਆਰ ਪੰਜਾਬ, ਹਰਿਆਣਾ, ਰਾਜਸਥਾਨ ਤੇ ਯੂ.ਪੀ. ਦੇ ਰੱਜੇ ਪੁੱਜੇ ਘਰਾਂ ਦੇ ਕਾਕਿਆਂ, ਗਰੋਹਾਂ ਨੂੰ ਵੇਚੇ ਜਾਣ ਦਾ ਖੁਲਾਸਾ ਹੋਇਆ ਹੈ। ਪੁਲਿਸ ਜਾਂਚ ਇਕ ਵਾਰ ਫਿਰ ਇਹ ਸੰਕੇਤ ਕਰ ਰਹੀ ਹੈ ਕਿ ਫਿਰੋਜ਼ਪੁਰ ਤੇ ਮੋਗਾ, ਹਥਿਆਰਾਂ ਦੇ ਫਰਜ਼ੀ ਲਾਇਸੈਂਸ ਲੈਣ ਦਾ ਹੱਬ ਬਣ ਗਏ ਹਨ। ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਚੰਗੀ ਕੀਮਤ ਮਿਲਣ ਕਾਰਨ ਤਸਕਰੀ ਕੀਤੇ ਹਥਿਆਰਾਂ ਦੀ ਸਪਲਾਈ ਕਰਨ ਵਾਲੇ ਫਰਜ਼ੀ ਲਾਇਸੈਂਸਾਂ ਨਾਲ ਇਨ੍ਹਾਂ ਨੂੰ ਕਾਨੂੰਨੀ ਬਣਾ ਲਿਆ ਕਰਦੇ ਸਨ। ਫਿਰ ਇਹ ਅਥਿਆਰ ਤਕੜੇ ਗਾਹਕਾਂ ਨੂੰ 25-30 ਲੱਖ ਰੁਪਏ ਵਿਚ 'ਪੁਰਾਣੇ ਤੇ ਵਰਤੇ ਹੋਏ' ਹਥਿਆਰਾਂ ਵਜੋਂ ਵੇਚਦੇ ਸਨ।



ਪੁਲਿਸ ਦਾ ਮੰਨਣਾ ਹੈ ਕਿ ਕੁਝ ਫਰਜ਼ੀ ਲਾਇਸੈਂਸ ਤਾਂ ਉਹ ਹਨ, ਜੋ ਸਿਰਫ ਸੂਬਾ ਸਕੱਤਰ ਹੀ ਜਾਰੀ ਕਰ ਸਕਦਾ ਹੈ ਤੇ ਇਹ ਲਾਇਸੈਂਸ ਪਾਬੰਦੀਸ਼ੁਦਾ ਹਥਿਆਰਾਂ ਲਈ ਹੁੰਦੇ ਹਨ। ਫਰੀਦਕੋਟ ਦੇ ਐਸ.ਐਸ.ਪੀ. ਸੁਖਦੇਵ ਸਿੰਘ ਕਾਹਲੋਂ ਦਾ ਕਹਿਣਾ ਹੈ ਕਿ ਪੁਲਿਸ ਜਾਂਚ ਕਰ ਰਹੀ ਹੈ ਜੋ ਹਾਲੇ ਮੁੱਢਲੇ ਪੜਾਅ ਵਿਚ ਹੀ ਹੈ। ਪੁਲਿਸ ਸੂਤਰਾਂ ਨੇ ਇਹ ਵੀ ਖੁਲਾਸਾ ਕੀਤਾ ਹੈ ਕਿ ਤਸਕਰੀ ਕੀਤੇ ਹਥਿਆਰਾਂ ਦੀ ਵੇਚ ਮੋਗਾ ਤੇ ਫਿਰੋਜ਼ਪੁਰ ਜ਼ਿਲ੍ਹਿਆਂ ਵਿਚ ਫਰਜ਼ੀ ਸਿਰਨਾਵਿਆਂ ਵਾਲੇ ਹਥਿਆਰ ਲਾਇਸੈਂਸਾਂ ਦੀ ਮਦਦ ਨਾਲ ਕੀਤੀ ਜਾਂਦੀ ਰਹੀ ਹੈ। ਤਸਕਰੀ ਕੀਤੇ ਇਨ੍ਹਾਂ ਹਥਿਆਰਾਂ ਦੇ ਫਰਜ਼ੀ ਲਾਇਸੈਂਸ ਬਣਾ ਕੇ ਇਨ੍ਹਾਂ ਨੂੰ ਜਾਇਜ਼ ਬਣਾ ਕੇ ਮਾਨਸਾ ਤੇ ਅਬੋਹਰ ਦੇ ਕੁਝ ਗੰਨ ਡੀਲਰ ਵੀ ਇਹ ਹਾਈਟੈਕ ਅਸਲਾ ਖੁੱਲ੍ਹੀ ਮੰਡੀ ਵਿਚ ਵੇਚੀ ਜਾ ਰਹੇ ਹਨ।

ਪੁਲਿਸ ਜਾਂਚ ਮੁਤਾਬਕ ਇਸ ਸਕੈਂਡਲ ਵਿਚ ਸ਼ਾਮਲ ਇਕ ਗੰਨ ਡੀਲਰ ਤਿੰਨ ਸਾਲ ਪੁਰਾਣੇ ਮਾਨਸਾ ਦੇ ਇਕ ਹਥਿਆਰਾਂ ਦੇ ਸਕੈਂਡਲ ਵਿਚ ਵੀ ਸ਼ਾਮਲ ਸਨ। ਉਦੋਂ 2011 ਵਿਚ ਮਾਨਸਾ ਪੁਲਿਸ ਨੇ ਤਕਰੀਬਨ 200 ਹਥਿਆਰਾਂ ਦੇ ਫਰਜ਼ੀ ਲਾਇਸੈਂਸ ਤੇ ਸਥਾਨਕ ਪੱਧਰ 'ਤੇ ਤਿਆਰ ਹਥਿਆਰ ਬਰਾਮਦ ਕੀਤੇ ਸਨ, ਜੋ ਪੰਜਾਬ ਤੋਂ ਬਾਹਰ ਮਾਓਵਾਦੀਆਂ ਨੂੰ ਸਪਲਾਈ ਕੀਤੇ ਜਾਂਦੇ ਸਨ। ਫਿਰੋਜ਼ਪੁਰ ਜ਼ਿਲ੍ਹਾ 2002 ਵਿਚ ਉਦੋਂ ਹੀ ਬਦਨਾਮ ਹੋ ਗਿਆ ਸੀ ਜਦੋਂ ਸੀ.ਬੀ.ਆਈ. ਜਾਂਚ ਦੌਰਾਨ ਇਹ ਪਤਾ ਲੱਗਿਆ ਸੀ ਕਿ ਹਥਿਆਰਾਂ ਲਈ ਸਥਾਨਕ ਲਾਇਸੈਂਸ ਅਥਾਰਟੀ 27,000 ਤੋਂ ਵੱਧ ਫਰਜ਼ੀ ਹਥਿਆਰਾਂ ਦੇ ਲਾਇਸੈਂਸ ਬਿਨਾਂ ਦਾਅਵੇਦਾਰਾਂ ਦੀ ਪੁਣਛਾਣ ਕੀਤੇ ਜਾਰੀ ਕਰ ਚੁੱਕੀ ਹੈ। ਜਾਂਚ ਵਿਚ ਇਹ ਪਤਾ ਲੱਗਿਆ ਸੀ ਕਿ ਇਹ ਲਾਇਸੈਂਸ 1997-2000 ਦੌਰਾਨ ਜਾਰੀ ਹੋਏ ਤੇ ਬਹੁਤੇ ਲਾਭਪਾਤਰੀ ਯੂ.ਪੀ., ਹਰਿਆਣਾ, ਦਿੱਲੀ ਤੇ ਰਾਜਸਥਾਨ ਦੇ ਸਨ, ਜਿਨ੍ਹਾਂ ਨੇ ਫਰਜ਼ੀ ਨਾਵਾਂ ਹੇਠ ਅਰਜ਼ੀਆਂ ਦਿੱਤੀਆਂ ਸਨ। ਜੁਲਾਈ 2010 ਵਿਚ ਫਿਰ ਫਰਜ਼ੀ ਲਾਇਸੈਂਸਾਂ ਦਾ ਸਕੈਂਡਲ ਫੜਿਆ ਗਿਆ ਸੀ।

ਪੁਲਿਸ ਵੱਲੋਂ ਕੋਟਕਪੂਰਾ ਦੇ ਸ਼ੇਰੇ-ਏ-ਪੰਜਾਬ ਗੰਨ ਹਾਊਸ ਵਿਚੋਂ 5-6 ਅਕਤੂਬਰ ਦੀ ਦਰਮਿਆਨੀ ਰਾਤ ਨੂੰ ਤਕਰੀਬਨ ਇਕ ਕਰੋੜ ਰੁਪਏ ਦੇ ਹਥਿਆਰਾਂ ਦੀ ਚੋਰੀ ਕਰਨ ਤੋਂ ਬਾਅਦ ਗੰਨ ਹਾਊਸ ਨੂੰ ਅੱਗ ਲਾਉਣ ਦੇ ਮਾਮਲੇ ਵਿਚ ਕਾਬੂ ਕੀਤੇ ਦੋ ਮੁਲਜ਼ਮਾਂ ਬਿਕਰਮਜੀਤ ਸਿੰਘ ਉਰਫ਼ ਬਿੱਕਾ ਤੇ ਜਗਰੂਪ ਸਿੰਘ ਉਰਫ਼ ਰੂਪਾ ਵੱਲੋਂ ਕੀਤੇ ਖੁਲਾਸਿਆਂ ਨੇ ਪੰਜਾਬ ਦਾ ਮਾਹੌਲ ਮੁੜ ਖਰਾਬ ਹੋਣ ਦੇ ਸੰਕੇਤ ਦਿੱਤੇ ਹਨ। ਪੁਲਿਸ ਨੂੰ ਇਹ ਵੀ ਜਾਣਕਾਰੀ ਮਿਲੀ ਹੈ ਕਿ ਇਸ ਗਰੋਹ ਦਾ ਇਕ ਸਬ-ਗੈਂਗ ਇਲਾਕੇ ਵਿਚ ਚੱਲ ਰਿਹਾ ਹੈ ਜਿਸ ਨੂੰ ਬਿਕਰਮਜੀਤ ਸਿੰਘ ਉਰਫ਼ ਬਿੱਕਾ ਤੇ ਜਗਰੂਪ ਸਿੰਘ, ਜਸਪ੍ਰੀਤ ਸਿੰਘ ਉਰਫ਼ ਜੰਪੀ ਉਰਫ਼ ਡੋਨ ਵਾਸੀ ਰੋੜੀਕਪੂਰਾ ਚਲਾ ਰਹੇ ਹਨ। ਥੋੜ੍ਹੇ ਦਿਨ ਪਹਿਲਾਂ ਇਸ ਗੈਂਗ ਦੇ ਇਕ ਮੈਂਬਰ ਨੇ ਕੋਟਕਪੂਰੇ ਵਿਚੋਂ ਇਕ ਫਾਰਚੂਨ ਗੱਡੀ ਦੀ ਖੋਹ ਕੀਤੀ ਸੀ। ਪੁਲਿਸ ਜਦੋਂ ਗੱਡੀ ਖੋਹਣ ਦੀ ਵਾਰਦਾਤ ਨੂੰ ਹੱਲ ਕਰਨ ਲੱਗੀ ਤਾਂ ਵਿਦੇਸ਼ੀ ਹਥਿਆਰਾਂ ਦੀ ਤਸਕਰੀ ਕਰਨ ਵਾਲਾ ਗੈਂਗ ਉਸ ਦੇ ਕਾਬੂ ਆਇਆ। ਪੁਲਿਸ ਨੇ ਪਰਮਪਾਲ ਸਿੰਘ ਉਰਫ਼ ਪਾਲਾ ਵਾਸੀ ਸੂਰਘੂਰੀ, ਅਨੰਤਦੀਪ ਸਿੰਘ ਉਰਫ਼ ਰੋਮਾ ਬਰਾੜ ਕੋਟਕਪੂਰਾ ਤੇ ਲਕਸ਼ੇ ਢੀਂਗਰਾ ਵਾਸੀ ਫਰੀਦਕੋਟ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਹੈ। ਹੁਣ ਤੱਕ ਪੁਲਿਸ ਵਿਦੇਸ਼ੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਗਰੋਹ ਤੋਂ 14 ਵਿਦੇਸ਼ੀ ਪਿਸਤੌਲ ਤੇ ਰਿਵਾਲਵਰ ਬਰਾਮਦ ਕਰ ਚੁੱਕੀ ਹੈ। ਇਹ ਗਰੋਹ ਗਾਇਕ ਹਨੀ ਸਿੰਘ ਨੂੰ ਅਗਵਾ ਕਰਨਾ ਚਾਹੁੰਦਾ ਸੀ।ਪੁਲਿਸ ਅਨੁਸਾਰ ਭੱਜੇ ਹੋਏ ਮੁਲਜ਼ਮ ਅੰਮ੍ਰਿਤਸਰ ਜ਼ਿਲ੍ਹੇ ਦੇ ਨਾਮੀਂ ਗੈਂਗਸਟਰ ਜਗਰੂਪ ਸਿੰਘ ਦੇ ਸਾਥੀ ਹਨ ਜਿਸ ਖ਼ਿਲਾਫ਼ ਅੰਮ੍ਰਿਤਸਰ ਦੇ ਕਈ ਥਾਣਿਆਂ ਵਿਚ ਸੰਗੀਨ ਮਾਮਲੇ ਦਰਜ ਹਨ। ਪੁਲਿਸ ਨੇ ਦਾਅਵਾ ਕੀਤਾ ਕਿ ਸ਼ੇਰ-ਏ-ਪੰਜਾਬ ਗੰਨ ਹਾਊਸ ਤੋਂ ਚੋਰੀ ਹਥਿਆਰਾਂ ਵਿਚੋਂ ਤਿੰਨ ਰਾਈਫਲਾਂ 315 ਬੋਰ, ਚਾਰ ਰਾਈਫਲ 12 ਬੋਰ, ਦੋ ਰਿਵਾਲਵਰ 32 ਬੋਰ, ਇਕ ਪਿਸਤੌਲ 32 ਬੋਰ ਤੇ ਭਾਰੀ ਮਾਤਰਾ ਵਿਚ ਅਸਲਾ ਬਰਾਮਦ ਕੀਤਾ ਗਿਆ ਹੈ। ਪੁਲਿਸ ਮੁਤਾਬਕ ਇਸ ਮਾਮਲੇ ਵਿਚ ਸ਼ੇਰ-ਏ-ਪੰਜਾਬ ਗੰਨ ਹਾਊਸ ਦੇ ਮਾਲਕ ਦੀ ਭੂਮਿਕਾ ਵੀ ਸ਼ੱਕੀ ਹੈ ਕਿਉਂਕਿ ਉਸ ਨੇ ਚੋਰੀ ਹੋਏ ਅਸਲੇ ਦੀ ਸਹੀ ਜਾਣਕਾਰੀ ਪੁਲਿਸ ਨੂੰ ਨਹੀਂ ਦਿੱਤੀ ਸੀ।

# ਆਪਣੀ ਜ਼ਿੰਮੇਵਾਰੀ ਨਿਭਾਉਣ ਜੋਗਾ ਵੀ ਨਾ ਰਿਹਾ ਭਾਸ਼ਾ ਵਿਭਾਗ

## ਅਸਾਮੀਆਂ ਤੇ ਫੰਡਾਂ ਦੀ ਵੱਡੀ ਥੁੜ੍ਹ ਦਾ ਹੋਇਆ ਸ਼ਿਕਾਰ

**ਪਟਿਆਲਾ:** ਭਾਸ਼ਾ ਵਿਭਾਗ ਸਰਕਾਰ ਦੀ ਬੇਕਦਰੀ ਦਾ ਸ਼ਿਕਾਰ ਹੋ ਗਿਆ ਹੈ। ਫੰਡਾਂ ਦੀ ਵੱਡੀ ਤੋਟ ਦੇ ਨਾਲ-ਨਾਲ ਲੋੜੀਂਦੀਆਂ ਅਸਾਮੀਆਂ ਨਾ ਹੋਣ ਕਾਰਨ ਵਿਭਾਗ ਦਾ ਕੰਮ ਠੱਪ ਹੋਣ ਕੰਢੇ ਆ ਗਿਆ ਹੈ। ਭਾਸ਼ਾ ਵਿਭਾਗ ਦੀ ਬੁਨਿਆਦ ਮੰਨੀਆਂ ਜਾਂਦੀਆਂ ਖੋਜ ਸਹਾਇਕ ਦੀਆਂ ਭਾਵੇਂ 60 ਮਨਜ਼ੂਰਸ਼ੁਦਾ ਅਸਾਮੀਆਂ ਹਨ ਪਰ ਇਸ ਵੇਲੇ ਇਸ ਵਿਭਾਗ ਕੋਲ ਸਿਰਫ ਸੱਤ ਖੋਜ ਸਹਾਇਕ ਹੀ ਰਹਿ ਗਏ ਹਨ। ਅਜੇ ਤੱਕ ਨਵੇਂ ਬਣੇ ਜ਼ਿਲ੍ਹਿਆਂ ਅੰਦਰ ਜ਼ਿਲ੍ਹਾ ਭਾਸ਼ਾ ਦਫ਼ਤਰਾਂ ਦੀ ਉਸਾਰੀ ਵੀ ਨਹੀਂ ਕਰਵਾਈ ਜਾ ਸਕੀ। ਮਾਨਸਾ, ਬਠਿੰਡਾ ਤੇ ਲੁਧਿਆਣਾ ਜ਼ਿਲ੍ਹਿਆਂ ਅੰਦਰ ਇੰਸਟਰਕਟਰਾਂ ਦੀ ਘਾਟ ਕਾਰਨ ਸਟੈਨੋਗ੍ਰਾਫ਼ੀ ਦੀਆਂ ਕਲਾਸਾਂ ਵੀ ਬੰਦ ਹੋ ਗਈਆਂ ਹਨ।

ਕਦੇ ਭਾਸ਼ਾ ਵਿਭਾਗ ਰਾਜ ਦੇ ਅਹਿਮ ਵਿਭਾਗਾਂ ਵਿਚੋਂ ਇਕ ਹੁੰਦਾ ਸੀ, ਪਰ ਅਜੋਕੇ ਸਮੇਂ ਇਹ ਸਰਕਾਰਾਂ ਦੀ ਬੇਕਦਰੀ ਦਾ ਸ਼ਿਕਾਰ ਹੋ ਕੇ ਰਹਿ ਗਿਆ ਹੈ। ਇਸ ਦਾ ਅਮਲਾ ਫੈਲਾ ਸਮੇਂ 'ਤੇ ਸੇਵਾਮੁਕਤੀ ਪਾ ਰਿਹਾ ਹੈ, ਪਰ ਇਸ ਦੇ ਬਦਲ ਵਿਚ ਨਵੀਂ ਭਰਤੀ ਵਰ੍ਹਿਆਂ ਤੋਂ ਠੱਪ ਹੈ। ਤਕਨੀਕੀ ਸਟਾਫ ਇਸ ਦੀ ਨੀਂਹ ਗਿਣਿਆ ਜਾਂਦਾ ਹੈ। ਖੋਜ ਸਹਾਇਕ ਦੀਆਂ ਅਸਾਮੀਆਂ ਤਾਂ ਇਸ ਅਦਾਰੇ ਦੀ ਬੁਨਿਆਦ ਮੰਨੀ ਜਾਂਦੀ ਹੈ ਪਰ ਖੋਜ ਸਹਾਇਕ ਦੀਆਂ 60 ਅਸਾਮੀਆਂ ਵਿਚੋਂ 53 ਖਾਲੀ ਹਨ। ਚਿੰਤਕਾਂ ਦਾ ਕਹਿਣਾ ਹੈ ਕਿ ਕੰਮ ਵਧਣ ਦੀ ਬਦੌਲਤ ਚਾਹੀਦਾ ਤਾਂ ਇਹ ਸੀ ਕਿ ਖੋਜ ਸਹਾਇਕ ਦੀਆਂ ਅਸਾਮੀਆਂ ਪਹਿਲਾਂ ਨਾਲੋਂ ਦੁੱਗਣੀਆਂ ਕੀਤੀਆਂ ਜਾਂਦੀਆਂ, ਪਰ ਉਲਟਾ ਇਹ ਖਤਮ ਹੋਣ ਕਿਨਾਰੇ ਹੋ ਚੁੱਕੀਆਂ ਹਨ।

ਖੋਜ ਸਹਾਇਕ ਸਿਰ ਹੀ ਭਾਸ਼ਾ ਵਿਭਾਗ ਦੀ ਆਨ ਤੇ ਸ਼ਾਨ ਕਾਇਮ ਰੱਖਣ ਦਾ ਅਹਿਮ ਕਾਰਜ ਹੁੰਦਾ ਹੈ। ਕਿਤਾਬਾਂ, ਰਸਾਲਿਆਂ ਤੇ ਹੋਰ ਲਿਖਤਾਂ ਦੀ ਪ੍ਰਕਾਸ਼ਨਾ, ਕੋਸ਼ਾਂ 'ਤੇ ਨਿੱਠ ਬੈਠ ਵਿਚਰਨਾ, ਭਾਸ਼ਾਵਾਂ ਦੇ ਤਰਜਮੇ, ਉਪ ਭਾਸ਼ਾਵਾਂ 'ਤੇ ਵਿੰਭਿਨ ਕੰਮ ਤੇ ਪੰਜਾਬ ਦੀ ਮਾਂ ਬੋਲੀ ਦੀ ਪ੍ਰਫੁਲਤਾ ਲਈ ਕਾਰਜ ਕਰਨ ਦਾ ਜ਼ਿੰਮਾ ਖੋਜ ਸਹਾਇਕਾਂ ਸਿਰ ਹੀ ਹੁੰਦਾ ਹੈ। ਵਿਭਾਗ ਇਕੱਲਾ ਖੋਜ ਸਹਾਇਕਾਂ ਦੀਆਂ ਅਸਾਮੀਆਂ ਤੋਂ ਹੀ ਪੀੜਤ ਨਹੀਂ ਬਲਕਿ ਹੋਰ ਤਕਨੀਕੀ ਤੇ ਉੱਚ ਅਸਾਮੀਆਂ ਤੋਂ ਵੀ ਖਾਲੀ ਹੈ। ਇਸ ਵੇਲੇ ਤਕਰੀਬਨ 10 ਖੋਜ ਅਫਸਰਾਂ ਤੇ 10 ਸਹਾਇਕ ਡਾਇਰੈਕਟਰਾਂ ਦੀਆਂ ਅਸਾਮੀਆਂ ਖਾਲੀ ਹਨ।

ਡਿਪਟੀ ਡਾਇਰੈਕਟਰ ਦੀਆਂ ਛੇ ਪੋਸਟਾਂ ਵਿਚੋਂ ਇਸ ਕੋਲ ਸਿਰਫ ਦੋ ਹੀ ਰਹਿ ਗਏ ਹਨ। ਜ਼ਿਲ੍ਹਾ ਪੱਧਰ 'ਤੇ ਵਿਭਾਗ ਦੀਆਂ ਯੋਜਨਾਵਾਂ ਨੂੰ ਲਾਗੂ ਕਰਨ ਵਾਲੇ ਜ਼ਿਲ੍ਹਾ ਭਾਸ਼ਾ ਅਫਸਰਾਂ ਦੀਆਂ ਅਸਾਮੀਆਂ ਵੀ ਵੱਡੀ ਤਾਦਾਦ ਵਿਚ ਖਾਲੀ ਹੋ ਚੁੱਕੀਆਂ ਹਨ। ਤਕਰੀਬਨ 10 ਜ਼ਿਲ੍ਹਾ ਭਾਸ਼ਾ ਅਫਸਰਾਂ ਦੀਆਂ ਕੁਰਸੀਆਂ ਖਾਲੀ ਹਨ। ਪੰਜਾਬ ਸਰਕਾਰ ਵੱਲੋਂ ਪਿਛਲੇ ਸਮੇਂ ਬਣਾਏ ਗਏ ਨਵੇਂ ਜ਼ਿਲ੍ਹਿਆਂ ਮੁਕਤਸਰ, ਮੋਗਾ, ਤਰਨਤਾਰਨ, ਨਵਾਂ ਸ਼ਹਿਰ ਤੇ ਫਾਜ਼ਿਲਕਾ ਵਿਚ ਅਜੇ ਤੱਕ ਜ਼ਿਲ੍ਹਾ ਭਾਸ਼ਾ ਦਫ਼ਤਰ ਵੀ ਨਹੀਂ ਸਥਾਪਤ ਹੋ ਸਕੇ।

ਭਾਸ਼ਾ ਵਿਭਾਗ ਦੇ ਡਾਇਰੈਕਟਰ ਚੇਤਨ ਸਿੰਘ ਅਨੁਸਾਰ ਖਾਲੀ ਅਸਾਮੀਆਂ ਦੀ ਪੂਰਤੀ ਲਈ ਵਿਭਾਗ ਨੇ ਸਰਕਾਰ ਨਾਲ ਗੱਲ ਤੋਰੀ ਹੋਈ ਹੈ। ਫੰਡਾਂ ਦੀ ਪੂਰਤੀ ਦਾ ਮਾਮਲਾ ਸਰਕਾਰ ਖੁਦ ਹੀ ਸੰਜੀਦਗੀ ਨਾਲ ਵਿਚਾਰ ਰਹੀ ਹੈ।


**SUPER TRAVEL**

847-676-9090, 773-465-5566

E-mail: supertravel2003@yahoo.com

*Lowest Fares With Excellent Service*

AMERICAN AIR, CONTINENTAL AIR



JET AIRWAYS, DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545

London $250



ਕੈਨਸਸ ਸਿਟੀ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਸ਼ੈਫ ਅਤੇ ਹੈਲਪਰ ਦੀ ਲੋੜ ਹੈ

ਕੈਨਸਸ ਸਿਟੀ, ਮਿਜ਼ੌਰੀ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਸ਼ੈਫ ਅਤੇ ਹੈਲਪਰ ਦੀ ਲੋੜ ਹੈ

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ

ਫੋਨ: 913-277-7794

46


## ਪਤਨੀ ਦਾ ਸਿਰ ਕਲਮ ਕਰ ਕੇ ਪਿੰਡ ਦਾ ਲਾਇਆ ਚੱਕਰ

**ਬਾਰਾਬੰਕੀ:** ਪਤਨੀ ਦੇ ਕਿਸੇ ਹੋਰ ਵਿਅਕਤੀ ਨਾਲ ਸਬੰਧਾਂ ਦੇ ਸ਼ੱਕ ਵਿਚ 38 ਸਾਲ ਦੇ ਬੰਦੇ ਨੇ ਉਸ ਦਾ ਸਿਰ ਵੱਢ ਦਿੱਤਾ। ਹੈਵਾਨੀਅਤ ਇਥੇ ਹੀ ਨਾ ਮੁੱਕੀ ਤੇ ਇਸ ਵਿਅਕਤੀ ਨੇ ਪਤਨੀ ਦੇ ਸਿਰ ਨੂੰ ਹੱਥ ਵਿਚ ਫੜ ਕੇ ਪੂਰੇ ਪਿੰਡ ਦਾ ਗੇੜਾ ਲਾਇਆ। ਬਾਰਾਬੰਕੀ ਜ਼ਿਲ੍ਹੇ ਦੇ ਦੇਵਾ ਇਲਾਕੇ ਵਿਚ ਮਨੀਰਾਮ ਗੌਤਮ ਨੇ ਤਿੱਖੇ ਹਥਿਆਰ ਨਾਲ ਤਿੰਨ ਬੱਚਿਆਂ ਦੀ ਮਾਂ ਦਾ ਸਿਰ ਕਲਮ ਕਰ ਦਿੱਤਾ। ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁੱਛਗਿੱਛ ਦੌਰਾਨ ਮਨੀਰਾਮ ਨੇ ਦੱਸਿਆ ਕਿ ਉਸ ਦੀ ਪਤਨੀ ਦੇ ਪਿੰਡ ਦੇ ਨੌਜਵਾਨ ਨਾਲ ਸਬੰਧ ਸਨ ਤੇ ਉਹ ਉਸ ਨੂੰ ਮਾਰਨ ਦੀ ਯੋਜਨਾ ਘੜ ਰਹੇ ਸਨ।

# ਬਾਦਲਾਂ ਖਿਲਾਫ ਗਵਾਹੀ ਤੋਂ ਮੁੱਕਰਨ ਵਾਲਿਆਂ ਬਾਰੇ ਫੈਸਲਾ ਰਾਖਵਾਂ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਕਰੀਬ 4 ਸਾਲ ਪਹਿਲਾਂ ਹੇਠਲੀ ਅਦਾਲਤ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਹੋਰਨਾਂ ਖ਼ਿਲਾਫ਼ ਜਾਰੀ ਅਸਾਸਿਆਂ ਤੋਂ ਵੱਧ ਜਾਇਦਾਦ ਬਣਾਉਣ ਦੇ ਕੇਸ ਵਿਚ ਗਵਾਹੀ ਤੋਂ ਮੁੱਕਰਨ ਦੇ ਦੋਸ਼ੀ ਪਾਏ ਗਏ ਪੁਲਿਸ ਅਧਿਕਾਰੀਆਂ ਦੀਆਂ ਪਟੀਸ਼ਨਾਂ ਉੱਤੇ ਫ਼ੈਸਲਾ ਰਾਖਵਾਂ ਰੱਖ ਲਿਆ ਗਿਆ ਹੈ। ਬੀ.ਕੇ. ਉੱਪਲ, ਐਸ. ਚਟੋਪਧਿਆਏ ਤੇ ਸੁਰਿੰਦਰ ਪਾਲ ਸਿੰਘ (ਸੇਵਾਮੁਕਤ) ਨਾਮੀ ਇਨ੍ਹਾਂ ਤਿੰਨਾਂ ਆਈ. ਪੀ. ਐਸ. ਅਧਿਕਾਰੀਆਂ ਖ਼ਿਲਾਫ਼ ਮੁਹਾਲੀ ਦੇ ਵਿਸ਼ੇਸ਼ ਜੱਜ ਵੱਲੋਂ ਇਕ ਅਕਤੂਬਰ 2010 ਨੂੰ ਝੂਠੀ ਗਵਾਹੀ ਤੇ ਅਦਾਲਤ ਨੂੰ ਗੁੰਮਰਾਹ ਕਰਨ ਆਦਿ ਜਿਹੇ ਦੋਸ਼ਾਂ ਤਹਿਤ ਕਾਰਵਾਈ ਦੇ ਹੁਕਮਾਂ ਨੂੰ ਹਾਈਕੋਰਟ ਵਿਚ ਚੁਣੌਤੀ ਦਿੱਤੀ ਹੋਈ ਸੀ।

ਇਸ ਬਾਰੇ ਮੁਹਾਲੀ ਦੀ ਇਕ ਵਿਸ਼ੇਸ਼ ਅਦਾਲਤ ਵੱਲੋਂ 2003 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੇਲੇ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਦਰਜ ਕੀਤੇ ਗਏ ਭ੍ਰਿਸ਼ਟਾਚਾਰ, ਆਮਦਨ ਤੋਂ ਵੱਧ ਨਾਮੀ ਤੇ ਬੇਨਾਮੀ ਜਾਇਦਾਦ ਬਣਾਉਣ ਤੇ ਕਈ ਹੋਰ ਅਪਰਾਧਿਕ ਮਾਮਲਿਆਂ ਵਿਚ ਸ. ਬਾਦਲ, ਉਨ੍ਹਾਂ ਦੀ ਪਤਨੀ ਸ੍ਰੀਮਤੀ ਸੁਰਿੰਦਰ ਕੌਰ ਬਾਦਲ (ਹੁਣ ਮਰਹੂਮ), ਪੁੱਤਰ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਣੇ 10 ਵਿਅਕਤੀਆਂ ਨੂੰ ਤਾਂ ਬਰੀ ਕਰ ਦਿੱਤਾ ਸੀ ਪਰ ਮਾਮਲੇ ਦੇ ਤਫ਼ਤੀਸ਼ੀ ਅਫ਼ਸਰ ਤੇ ਉਸ ਸਮੇਂ ਦੇ ਐਸ.ਪੀ. (ਵਿਜੀਲੈਂਸ) ਸੁਰਿੰਦਰਪਾਲ ਸਿੰਘ ਵਿਰਕ ਤੇ ਤਤਕਾਲੀ ਵਿਜੀਲੈਂਸ ਡੀ.ਆਈ.ਜੀ., ਬੀ.ਕੇ. ਉੱਪਲ ਤੇ ਹੋਰਨਾਂ ਅਧਿਕਾਰੀਆਂ ਖ਼ਿਲਾਫ਼ ਜਾਂਚ ਕਰਕੇ ਕਾਨੂੰਨੀ ਕਾਰਵਾਈ ਸ਼ੁਰੂ ਕਰਨ ਦੇ ਨਿਰਦੇਸ਼ ਵੀ ਦੇ ਦਿੱਤੇ ਗਏ। ਹਾਲਾਂਕਿ ਅਦਾਲਤ ਵੱਲੋਂ ਸਪੱਸ਼ਟ ਕਿਹਾ ਗਿਆ ਕਿ ਕਿਸੇ ਮੁਲਜ਼ਮ ਖ਼ਿਲਾਫ਼ ਠੋਸ ਸਬੂਤ ਸਾਹਮਣੇ ਨਹੀਂ ਆਏ ਤੇ ਨਾ ਹੀ ਵਿਜੀਲੈਂਸ ਪੇਸ਼ ਕਰ ਸਕੀ ਪਰ ਨਾਲ ਹੀ ਵਿਜੀਲੈਂਸ ਨੂੰ ਝਾੜਝੰਬ ਕਰਦੇ ਹੋਏ ਕਿਹਾ ਕਿ ਉਸ ਨੇ ਗ਼ਲਤ ਤੱਥ ਪੇਸ਼ ਕਰਕੇ ਅਦਾਲਤ ਨੂੰ ਗੁੰਮਰਾਹ ਕੀਤਾ ਹੈ।

ਪੰਜਾਬ ਵਿਜੀਲੈਂਸ ਵੱਲੋਂ 24 ਜੂਨ 2003 ਨੂੰ ਸੂਬੇ 'ਚ ਕਾਂਗਰਸ ਸਰਕਾਰ ਵੇਲੇ ਭ੍ਰਿਸ਼ਟਾਚਾਰ ਰੋਕੂ ਐਕਟ ਦੀਆਂ ਵੱਖ-ਵੱਖ ਧਾਰਾਵਾਂ ਅਧੀਨ ਇਹ ਮਾਮਲਾ ਮੁਹਾਲੀ ਦੇ ਫ਼ੇਜ਼ 8 ਸਥਿਤ ਵਿਜੀਲੈਂਸ ਥਾਣੇ ਵਿਚ ਦਰਜ ਕੀਤਾ ਸੀ। ਵਿਜੀਲੈਂਸ ਵੱਲੋਂ ਅਦਾਲਤ ਵਿਚ ਪੇਸ਼ ਜਾਂਚ ਰਿਪੋਰਟ ਅਤੇ ਚਲਾਨ ਦੀ ਲਿਖਤ ਆਪਸ ਵਿਚ ਨਹੀਂ ਮਿਲੀ। ਇਸ ਬਾਰੇ ਅਦਾਲਤ ਵੱਲੋਂ ਮਾਮਲੇ ਦੇ ਤਫ਼ਤੀਸ਼ੀ ਅਫ਼ਸਰ ਸੁਰਿੰਦਰਪਾਲ ਸਿੰਘ ਨੂੰ ਤਲਬ ਕਰਕੇ ਜਦੋਂ ਇਸ ਬਾਰੇ ਪੁੱਛਿਆ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਇਹ ਸਾਰੀ ਕਾਰਵਾਈ ਉਸ ਸਮੇਂ ਦੇ ਡੀ.ਆਈ.ਜੀ. (ਵਿਜੀਲੈਂਸ) ਤੇ ਸਾਲ 2010 ਵਿਚ ਆਈ.ਜੀ., ਬੀ.ਕੇ. ਉਪਲ ਦੇ ਕਹਿਣ 'ਤੇ ਕੀਤੀ ਗਈ ਸੀ।


ਟਰੱਕ ਸਟਾਪ 40-ਓਕਲਹੋਮਾ

ਕੈਸ਼ੀਅਰ, ਮਕੈਨਿਕਾਂ ਅਤੇ ਹੈਲਪਰ ਦੀ ਜ਼ਰੂਰਤ ਹੈ

■ਰੋਟੀ ਬਣਾਉਣ ਵਾਸਤੇ ਬੀਬੀਆਂ ਦੀ ਜ਼ਰੂਰਤ ਹੈ

■ਜੋੜੇ (ਪਤੀ-ਪਤਨੀ) ਨੂੰ ਪਹਿਲ

■ਚੰਗੀ ਤਨਖਾਹ ■ਮੁਫਤ ਰਿਹਾਇਸ਼

ਸੰਪਰਕ ਕਰੋ: ਰਾਜ ਸੌਕਰ

ਫੋਨ: 832-512-7172



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP

• 3 Axle Alignment $199

• Trailer Alignment $150

Special Price for Truck Wash Grand Opening

• 8 Drive Tires For $3300 Kelly KDA

• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ

1950 E Miner Ave.

Stockton, CA 95205

Ph: 209.547.9210

FAX: 209.547.9211

www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210

FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996

FAX: 209.982.9997

ਪੰਜਾਬ ਟਾਈਮਜ਼

*ਸਨਿਚਰਵਾਰ, 15 ਨਵੰਬਰ 2014*

## ਪੰਜਾਬ ਦੀ ਨਵੀਂ ਸਿਆਸੀ ਸਫਬੰਦੀ

ਭਾਰਤ ਵਿਚ ਜਦੋਂ ਦੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਬਣੀ ਹੈ, ਆਰ.ਐਸ.ਐਸ. ਲਗਾਤਾਰ ਚਰਚਾ ਵਿਚ ਹੈ। ਕਿਸੇ ਵੇਲੇ ਇਸ ਜਥੇਬੰਦੀ ਉਤੇ ਪਾਬੰਦੀ ਲੱਗੀ ਹੋਈ ਸੀ, ਪਰ ਅੱਜ ਇਹੀ ਜਥੇਬੰਦੀ ਜੋ ਭਾਰਤ ਨੂੰ ਹਿੰਦੂ ਰਾਸ਼ਟਰ ਤੋਂ ਘੱਟ ਸਵੀਕਾਰ ਹੀ ਨਹੀਂ ਕਰਦੀ ਅਤੇ ਬਾਕੀਆਂ ਨੂੰ ਇਹੀ ਮੰਨ ਲੈਣ ਦੀ ਜ਼ਿਦ ਵੀ ਕਰਦੀ ਹੈ, ਸੱਤਾ ਦਾ ਸੁਖ ਮਣਾ ਰਹੀ ਹੈ ਅਤੇ ਇਸ ਦੀ ਪਹੁੰਚ ਹੁਣ ਹਰ ਅਹਿਮ ਦਸਤਾਵੇਜ਼ ਤੱਕ ਹੋ ਗਈ ਹੈ। ਪਿਛਲੇ ਪੰਜ ਮਹੀਨਿਆਂ ਦੌਰਾਨ ਇਸ ਦੀ ਵਿਚਾਰਧਾਰਾ ਵਾਲੇ ਕਹਿੰਦੇ-ਕਹਾਉਂਦੇ ਅਫਸਰ ਅਹਿਮ ਅਹੁਦਿਆਂ 'ਤੇ ਤਾਇਨਾਤ ਹੋ ਚੁੱਕੇ ਹਨ। ਇਹ ਲੋਕ ਪਹਿਲਾਂ ਵੀ ਚੁੱਪ-ਚੁਪੀਤੇ ਕੰਮ ਤਾਂ ਕਰ ਹੀ ਰਹੇ ਸਨ, ਪਰ ਕੇਂਦਰ ਵਿਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਬਣਨ ਤੋਂ ਬਾਅਦ ਇਸ ਦੀਆਂ ਸਰਗਰਮੀਆਂ ਅਤੇ ਵੱਖ-ਵੱਖ ਅਦਾਰਿਆਂ ਵਿਚ ਇਸ ਦਾ ਦਖਲ ਬਹੁਤ ਜ਼ਿਆਦਾ ਵਧ ਗਿਆ ਹੈ। ਉਤੋਂ ਸਿਤਮਜ਼ਰੀਫੀ ਇਹ ਹੈ ਕਿ ਇਸ ਦੇ ਵਿਰੋਧੀ ਜਾਂ ਘੱਟੋ-ਘੱਟ ਇਸ ਦੀਆਂ ਆਪ-ਹੁਦਰੀਆਂ ਦਾ ਵਿਰੋਧ ਕਰਨ ਵਾਲਿਆਂ ਦੀ ਹਾਲਤ ਇੰਨੀ ਪਤਲੀ ਹੋਈ ਪਈ ਹੈ ਕਿ ਇਨ੍ਹਾਂ ਦੇ ਕੁਝ ਕਹੇ ਜਾਂ ਕਰੇ ਦਾ ਫਿਲਹਾਲ ਕਿਤੇ ਕੋਈ ਫਰਕ ਨਹੀਂ ਪੈ ਰਿਹਾ। ਜ਼ਾਹਿਰ ਹੈ ਕਿ ਭਾਰਤ ਵਿਚ ਆਰ.ਐਸ.ਐਸ. ਦੀ ਚੜ੍ਹਤ ਉਸ ਵਕਤ ਹੋਈ ਹੈ ਜਦੋਂ ਹੋਰ ਸਾਰੀਆਂ ਸਿਆਸੀ-ਸਮਾਜਕ ਤਾਕਤਾਂ ਹਾਸ਼ੀਏ ਉਤੇ ਹਨ। ਇਸ ਲਈ ਆਰ.ਐਸ.ਐਸ. ਨੂੰ ਇਨ੍ਹਾਂ ਖੇਤਰਾਂ ਵਿਚ ਖੁੱਲ੍ਹ ਕੇ ਖੇਡਣ ਲਈ ਰੜਾ ਮੈਦਾਨ ਪਿਆ ਹੈ।

ਜਿਥੋਂ ਤੱਕ ਪੰਜਾਬ ਦਾ ਸਬੰਧ ਹੈ, ਉਥੇ ਵੀ ਹਾਲਾਤ ਕੋਈ ਬਹੁਤੇ ਵੱਖਰੇ ਨਹੀਂ ਹਨ। ਸ਼੍ਰੋਮਣੀ ਅਕਾਲੀ ਦਲ ਨਾਲ ਸਿਆਸੀ ਸਾਂਝ ਕਰ ਕੇ ਆਰ.ਐਸ.ਐਸ. ਦੀ ਸਿਆਸੀ ਜਥੇਬੰਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਸੱਤਾ ਵਿਚ ਹੈ। ਉਂਜ ਵੀ ਪੰਜਾਬ ਪਿਛਲੇ ਦੋ ਦਹਾਕਿਆਂ ਤੋਂ ਆਰ.ਐਸ.ਐਸ. ਦੇ ਏਜੰਡੇ ਉਤੇ ਹੈ ਅਤੇ ਇਸ ਦੇ ਆਗੂ ਸੂਬੇ ਵਿਚ ਲਗਾਤਾਰ ਕੰਮ ਲੱਗੇ ਹੋਏ ਹਨ। ਬੱਸ, ਫਰਕ ਸਿਰਫ ਇੰਨਾ ਕੁ ਹੀ ਹੈ ਕਿ ਹੁਣ ਇਹ ਨਿੱਤਰ ਕੇ ਮੈਦਾਨ ਵਿਚ ਆ ਗਏ ਹਨ। ਹਾਲ ਹੀ ਵਿਚ ਹੋਈਆਂ ਨਵੀਂਆਂ ਨਿਯੁਕਤੀਆਂ ਨੇ ਤਾਂ ਸ਼ੀਸ਼ਾ ਹੋਰ ਵੀ ਸਾਫ ਕਰ ਦਿੱਤਾ ਹੈ। ਇਸ ਵਕਤ ਸੂਬੇ ਵਿਚ ਆਰ.ਐਸ.ਐਸ. ਨਾਲ ਸਿੱਧੇ ਤੌਰ 'ਤੇ ਜੁੜੀਆਂ 20 ਜਥੇਬੰਦੀਆਂ ਸਮਾਜਕ ਭਲਾਈ ਦੇ ਕੰਮਾਂ ਦੇ ਨਾਂ ਉਤੇ ਪੂਰੀ ਸਰਗਰਮੀ ਕਰ ਰਹੀਆਂ ਹਨ। ਸੂਬੇ ਵਿਚ ਆਰ.ਐਸ.ਐਸ. ਦੀਆਂ 650 ਦੇ ਕਰੀਬ ਸ਼ਾਖਾਵਾਂ ਹਨ ਅਤੇ 200 ਤੋਂ ਵੱਧ ਆਉਣ ਵਾਲੇ ਕੁਝ ਹੀ ਸਮੇਂ ਵਿਚ ਖੋਲ੍ਹੀਆਂ ਜਾ ਰਹੀਆਂ ਹਨ। ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਸੂਬੇ ਵਿਚ ਲਗਾਤਾਰ ਗੇੜੇ ਮਾਰ ਰਹੇ ਹਨ। ਆਰ.ਐਸ.ਐਸ. ਅਤੇ ਭਾਜਪਾ ਨੇ ਸੂਬੇ ਵਿਚ ਹੁਣ ਇਸ ਤਰ੍ਹਾਂ ਦਾ ਨੈਟਵਰਕ ਖੜ੍ਹਾ ਕਰ ਲਿਆ ਹੈ ਕਿ ਹੁਣ ਇਹ 2017 ਵਾਲੀਆਂ ਵਿਧਾਨ ਸਭਾ ਚੋਣਾਂ ਇਕੱਲਿਆਂ ਹੀ ਲੜਨ ਬਾਰੇ ਵਿਚਾਰਾਂ ਵੀ ਕਰਨ ਲੱਗੀਆਂ ਹਨ। ਦੇਸ਼ ਪੱਧਰ ਉਤੇ ਇਨ੍ਹਾਂ ਤਾਕਤਾਂ ਦੇ ਹੱਕ ਵਿਚ ਮਾਹੌਲ ਇੰਨਾ ਸਾਜ਼ਗਾਰ ਬਣਿਆ ਹੋਇਆ ਹੈ ਕਿ ਹੁਣ ਇਹ ਜੰਮੂ-ਕਸ਼ਮੀਰ ਵਰਗੇ ਸੂਬੇ ਵਿਚ ਵੀ ਸਰਕਾਰ ਬਣਾਉਣ ਲਈ ਖੰਭ ਤੋਲ ਰਹੀਆਂ ਹਨ। ਜੰਮੂ-ਕਸ਼ਮੀਰ ਵਿਚ ਨੈਸ਼ਨਲ ਕਾਨਫਰੰਸ ਅਤੇ ਕਾਂਗਰਸ ਦੀ ਸਰਕਾਰ ਚੱਲ ਰਹੀ ਹੈ, ਪਰ ਇਨ੍ਹਾਂ ਦੋਹਾਂ ਪਾਰਟੀਆਂ ਦਾ ਗਠਜੋੜ ਹੁਣ ਖਤਮ ਹੋ ਚੁੱਕਾ ਹੈ ਅਤੇ ਵਿਧਾਨ ਸਭਾ ਚੋਣਾਂ ਇਹ ਵੱਖਰੇ-ਵੱਖਰੇ ਤੌਰ 'ਤੇ ਲੜ ਰਹੀਆਂ ਹਨ। ਲੋਕ ਇਸ ਗਠਜੋੜ ਦੀ ਸਰਕਾਰ ਤੋਂ ਤਾਂ ਪਹਿਲਾਂ ਹੀ ਖੁਸ਼ ਨਹੀਂ ਸਨ, ਪਰ ਪਿਛਲੇ ਸਮੇਂ ਦੌਰਾਨ ਆਏ ਹੜ੍ਹਾਂ ਨੇ ਸਰਕਾਰ ਅਤੇ ਇਨ੍ਹਾਂ ਦੋਹਾਂ ਪਾਰਟੀਆਂ ਖਿਲਾਫ ਹੋਰ ਰੋਸ ਪੈਦਾ ਕੀਤਾ। ਇਸ ਲਈ ਜੰਮੂ-ਕਸ਼ਮੀਰ ਵਿਚ ਵੀ ਸਿਆਸੀ ਹਾਲਾਤ ਲੋਕ ਸਭਾ ਚੋਣਾਂ ਵਰਗੇ ਬਣ ਰਹੇ ਹਨ। ਲੋਕ ਸਭਾ ਚੋਣਾਂ ਵਿਚ ਕਾਂਗਰਸ ਦੀ ਮਾੜੀ ਕਾਰਗੁਜ਼ਾਰੀ ਦਾ ਸਭ ਤੋਂ ਵੱਧ ਫਾਇਦਾ ਭਾਰਤੀ ਜਨਤਾ ਪਾਰਟੀ ਨੂੰ ਹੀ ਹੋਇਆ ਸੀ। ਜੇ ਭਾਰਤੀ ਜਨਤਾ ਪਾਰਟੀ ਇਹੀ ਕੁਝ ਜੰਮੂ-ਕਸ਼ਮੀਰ ਵਿਚ ਵੀ ਦੁਹਰਾਉਂਦੀ ਹੈ, ਤਾਂ ਦੇਸ਼ ਦੀ ਸਿਆਸਤ ਉਤੇ ਇਸ ਦਾ ਜੋ ਅਸਰ ਪਵੇਗਾ, ਉਹ ਤਾਂ ਪਵੇਗਾ ਹੀ, ਪਰ ਇਸ ਦਾ ਸਭ ਤੋਂ ਵੱਧ ਅਸਰ ਪੰਜਾਬ ਉਤੇ ਪੈਣਾ ਲਾਜ਼ਮੀ ਹੈ। ਪੰਜਾਬ ਦੇ ਗੁਆਂਢੀ ਸੂਬੇ ਹਰਿਆਣਾ ਵਿਚ ਭਾਰਤੀ ਜਨਤਾ ਪਾਰਟੀ ਪਹਿਲਾਂ ਹੀ ਮੋਰਚਾ ਮਾਰ ਚੁੱਕੀ ਹੈ। ਹਰਿਆਣਾ ਉਹ ਸੂਬਾ ਹੈ ਜਿਥੇ ਕੱਲ੍ਹ ਤੱਕ ਇਸ ਪਾਰਟੀ ਦੇ ਪੈਰ ਨਹੀਂ ਸੀ ਲੱਗ ਸਕੇ, ਪਰ ਲੋਕ ਸਭਾ ਚੋਣਾਂ ਤੋਂ ਬਾਅਦ ਸਾਰਾ ਦ੍ਰਿਸ਼ ਬਦਲ ਗਿਆ। ਉਂਜ, ਭਾਵੇਂ ਇਹ ਵੀ ਸੱਚ ਹੈ ਕਿ ਇਸ ਸੂਬੇ ਵਿਚ ਵੀ ਇਸ ਦੀ ਜਿੱਤ ਦਾ ਰਾਹ ਇਕ ਲਿਹਾਜ਼ ਨਾਲ ਕਾਂਗਰਸ ਦੀ ਅਤਿ ਮਾੜੀ ਕਾਰਗੁਜ਼ਾਰੀ ਨਾਲ ਹੀ ਖੁੱਲ੍ਹਿਆ। ਕਿਸੇ ਵੀ ਸਿਆਸੀ ਵਿਸ਼ਲੇਸ਼ਕ ਦੇ ਚਿਤ-ਚੇਤੇ ਨਹੀਂ ਸੀ ਕਿ 'ਜਾਟਲੈਂਡ' ਵਜੋਂ ਮਸ਼ਹੂਰ ਹਰਿਆਣਾ ਵਿਚ ਇਹ ਪਾਰਟੀ ਇੰਨੀ ਉਚੀ ਉਡਾਣ ਭਰ ਸਕਦੀ ਹੈ। ਚੋਣਾਂ ਤੋਂ ਪਹਿਲਾਂ ਕੁਝ ਜਾਟ ਲੀਡਰਾਂ ਨੂੰ ਨਾਲ ਰਲਾ ਕੇ ਇਸ ਨੇ ਆਪਣਾ ਰਾਹ ਸੁਖਾਲਾ ਕਰ ਲਿਆ। ਹੁਣ ਪੰਜਾਬ ਵਿਚ ਇਸ ਨੇ ਆਪਣੀ ਟਿਕਟਿਕੀ ਦਲਿਤਾਂ ਉਤੇ ਲਾਈ ਹੈ। ਭਾਜਪਾ ਨੇ ਬਸਪਾ ਵਿਚੋਂ ਆਏ ਵਿਜੇ ਸਾਂਪਲਾ ਨੂੰ ਕੇਂਦਰ ਵਿਚ ਮੰਤਰੀ ਬਣਾ ਕੇ ਪੰਜਾਬ ਬਾਰੇ ਆਪਣੀ ਸਿਆਸਤ ਸਪਸ਼ਟ ਕਰ ਦਿੱਤੀ ਹੈ। ਵਿਜੇ ਸਾਂਪਲਾ ਨੂੰ ਮੰਤਰੀ ਬਣਾਉਣ ਖਾਤਰ, ਪਾਰਟੀ ਦੇ ਸੀਨੀਅਰ ਦਾਅਵੇਦਾਰਾਂ ਨੂੰ ਵੀ ਪਿੱਛੇ ਛੱਡ ਦਿੱਤਾ ਗਿਆ। ਪੰਜਾਬ ਦੇ ਇੰਚਾਰਜ ਅਤੇ ਮੱਧ ਪ੍ਰਦੇਸ਼ ਦੇ ਦਲਿਤ ਲੀਡਰ ਰਾਮ ਸ਼ੰਕਰ ਕਥੇਰੀਆ ਨੂੰ ਮੰਤਰੀ ਬਣਾਏ ਜਾਣ ਨੂੰ ਵੀ ਪੰਜਾਬ ਬਾਰੇ ਰਣਨੀਤੀ ਦਾ ਹੀ ਹਿੱਸਾ ਸਮਝਿਆ ਜਾ ਰਿਹਾ ਹੈ। ਚੋਣ ਸਿਆਸਤ ਦੇ ਹਿਸਾਬ ਨਾਲ ਪੰਜਾਬ ਵਿਚ ਦਲਿਤਾਂ ਦੀ ਸਿਆਸਤ ਦਾ ਅੱਜ ਕੱਲ੍ਹ ਆਪਣਾ ਮਹੱਤਵ ਹੈ, ਖਾਸ ਕਰ ਕੇ ਦੋਆਬਾ ਖੇਤਰ ਵਿਚ ਇਸ ਸਿਆਸਤ ਦਾ ਆਪਣਾ ਵੱਖਰਾ ਰੰਗ ਹੈ। ਭਾਜਪਾ ਇਸ ਰੰਗ ਨੂੰ ਆਪਣੇ ਰੰਗ ਵਿਚ ਕਿਸ ਹਿਸਾਬ ਨਾਲ ਰੰਗਦੀ ਹੈ, ਇਹ ਦੇਖਣ-ਵਿਚਾਰਨ ਵਾਲਾ ਮਸਲਾ ਹੈ। ਜੇ ਭਾਜਪਾ ਇਸ ਫਰੰਟ ਉਤੇ ਵੀ ਮੋਰਚਾ ਮਾਰ ਲੈਂਦੀ ਹੈ ਤਾਂ ਆਉਣ ਵਾਲੇ ਦਹਾਕੇ ਵਿਚ ਪੰਜਾਬ ਦੀਆਂ ਸਿਆਸੀ ਸਮੀਕਰਨਾਂ ਵਿਚ ਵੱਡੀ ਸਿਫਤੀ ਤਬਦੀਲੀ ਦੀ ਸੰਭਾਵਨਾ ਬਣ ਜਾਵੇਗੀ। ਇਸ ਤਬਦੀਲੀ ਦੀ ਧਾਰ ਕੀ ਹੋਵੇਗੀ, ਆਉਣ ਵਾਲਾ ਸਮਾਂ ਹੀ ਦੱਸੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਜ਼ਿੰਦਗੀ ਕਿ ਦਿਨ-ਕਟੀ?*

ਚੜ੍ਹਦਾ ਜੋਸ਼ ਇਲੈਕਸ਼ਨ ਦੇ ਦਿਨਾਂ ਅੰਦਰ, ਨੇੜੇ ਹੋਸ਼ ਦੇ ਲੋਕ ਨਾ ਜਾਣ ਬੇਲੀ।
ਪਾਉਣ ਲੱਗਿਆਂ ਵੋਟ ਬੱਸ ਰੱਖਦੇ ਨੇ, ਜਾਤ-ਪਾਤ ਯਾ ਧਰਮ ਦਾ ਮਾਣ ਬੇਲੀ।
ਖੁੰਢੀ ਸੋਚ ਨੂੰ ਲੱਗਾ ਜੰਗਾਲ ਰਹਿੰਦਾ, ਨਹੀਂਓਂ ਰਗੜਦੇ ਚਾੜ੍ਹ ਕੇ ਸਾਣ ਬੇਲੀ।
ਚੁਗ ਲੈਂਦੀਆਂ ਚਿੜੀਆਂ ਜਦ ਖੇਤ ਸਾਰਾ, ਪੰਜ ਸਾਲ ਲਈ ਫੇਰ ਪਛਤਾਣ ਬੇਲੀ।
ਲਹੂ ਚੂਸਦੇ ਹਾਕਮ ਬੇ-ਤਰਸ ਹੋ ਕੇ, ਆਉਂਦੀ ਰਾਸ ਹੀ ਉਨ੍ਹਾਂ ਨੂੰ ਖਟ-ਪਟੀ ਐ।
ਅਮਨੋ-ਚੈਨ ਨੂੰ ਤਰਸਦੀ ਰਹੇ ਪਰਜਾ, ਕਾਹਦੀ ਜ਼ਿੰਦਗੀ ਅਸਲ 'ਚ ਦਿਨ-ਕਟੀ ਐ।

# ਜੋਤਿਸ਼ ਦਾ ਆਡੰਬਰ

***ਜੋਤਿਸ਼ੀ ਆਸਮਾਨ ਵਿਚ ਤੁਰਦੇ ਪ੍ਰਤੀਤ ਹੁੰਦੇ ਸੂਰਜ ਆਸਰੇ ਹੀ ਆਪਣਾ ਕੰਮ ਚਲਾਈ ਜਾਂਦੇ ਹਨ। ਘੱਟੋ-ਘੱਟ ਰਾਸ਼ੀਆਂ ਬਾਰੇ ਉਨ੍ਹਾਂ ਦਾ ਤਰਕ ਤਾਂ ਇਸ ਪਾਸੇ ਹੀ ਸੰਕੇਤ ਕਰਦਾ ਹੈ। ਸੂਰਜ ਦੇ ਆਕਾਸ਼ ਵਿਚ ਸਾਲ ਭਰ ਵਿਚ ਦਿਸਦੇ ਮਾਰਗ ਨੂੰ ਉਹ ਇਕਲਿਪਟਿਕ ਆਖਦੇ ਹਨ। ਉਹ ਇਸ ਦੇ ਤੀਹ ਦਰਜੇ ਦੇ ਹਿਸਾਬ ਨਾਲ ਬਾਰਾਂ ਹਿੱਸੇ ਕਰਦੇ ਹਨ। ਹਰ ਹਿੱਸੇ ਨੂੰ ਉਹ ਵੱਖਰੀ ਰਾਸ਼ੀ ਦਾ ਨਾਂ ਦਿੰਦੇ ਹਨ। ਨਾ ਮਗਰਬ ਇਸ ਸੇ ਬਰੀ ਹੈ, ਨਾ ਮਸ਼ਰਕ ਇਸ ਸੇ ਬਰੀ ਹੈ। ਦੁਨੀਆਂ ਵਿਚ ਅਕਲ ਦਾ ਹਾਲ ਦੋਵੇਂ ਪਾਸੇ ਕੁਝ ਇਸੇ ਤਰ੍ਹਾਂ ਦਾ ਹੀ ਹੈ। ਪੱਛਮ ਦੇ ਜੋਤਸ਼ੀ ਰਾਸ਼ੀਫਲ ਦੇ ਸਮਾਨਾਂਤਰ ਜ਼ੋਡਕ ਦੀਆਂ ਰਾਸ਼ੀਆਂ ਦੱਸਦੇ ਹਨ। ਉਨ੍ਹਾਂ ਲਈ ਜ਼ੋਡਕ ਦੀ ਜ਼ੀਰੋ ਡਿਗਰੀ ਸੂਰਜ ਦੀ ਮਾਰਚ ਈਕੁਈਨਾਕਸ ਦੀ ਸਥਿਤੀ ਹੈ। ਇਸ ਨੂੰ ਉਹ ਏਰੀਜ਼ ਦਾ ਨਾਂ ਦਿੰਦੇ ਹਨ।***

ਡਾ. ਕੁਲਦੀਪ ਸਿੰਘ ਧੀਰ

ਭਾਰਤ ਦੇਸ਼ ਵਹਿਮਾਂ-ਭਰਮਾਂ ਤੇ ਜੋਤਿਸ਼ ਦੇ ਚੱਕਰ ਵਿਚ ਫਸਿਆ ਪਿਆ ਹੈ। ਆਮ ਆਦਮੀ ਤੋਂ ਲੈ ਕੇ ਰਾਜ ਨੇਤਾਵਾਂ ਤਕ। ਅਨਪੜ੍ਹਾਂ ਤੋਂ ਲੈ ਕੇ ਕਾਲਜਾਂ, ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਰਗ ਦਰਸ਼ਨ ਕਰਨ ਵਾਲੇ ਪ੍ਰੋਫੈਸਰਾਂ, ਪ੍ਰਿੰਸੀਪਲਾਂ ਤਕ। ਅਖਬਾਰਾਂ, ਰਸਾਲੇ ਤੇ ਟੀ.ਵੀ. ਚੈਨਲ ਵੀ ਇਸ ਧੰਦੇ ਨੂੰ ਪੈਸਾ ਕਮਾਉਣ ਲਈ ਵਰਤ ਰਹੇ ਹਨ। ਮੇਰੇ ਸਾਹਮਣੇ 7 ਨਵੰਬਰ 2006 ਦੀ ਅਖਬਾਰ ਹੈ। ਇਸ ਵਿਚ ਲੰਮਾ ਸਮਾਚਾਰ ਫੀਚਰ ਹੈ ਜਿਸ ਦਾ ਸਿਰਲੇਖ ਹੈ: ਕੀ ਫਰਨਾਂਡੇਜ਼ ਭਾਜਪਾ ਤੇ ਸਮਾਜਵਾਦੀ ਪਾਰਟੀ ਨੂੰ ਇੱਕ ਕਰ ਸਕਣਗੇ? ਹੇਠਾਂ ਤਿੰਨ ਜੂਨ 1930 ਨੂੰ ਜਨਮੇ ਜਾਰਜ ਫਰਨਾਂਡੇਜ਼ ਦੀ ਜਨਮ ਪੱਤਰੀ ਦੀ ਤਸਵੀਰ ਦੇ ਕੇ ਭਾਰਤੀ ਸਿਆਸੀ ਪਾਰਟੀਆਂ ਦਾ ਉਨ੍ਹਾਂ ਦੇ ਪ੍ਰਸੰਗ ਵਿਚ ਜੋਤਿਸ਼ ਆਚਾਰੀਆ ਨੇ ਜਾਇਜ਼ਾ ਪੇਸ਼ ਕੀਤਾ ਹੈ। ਅਚਾਰੀਆ ਆਪਣੀ ਗਿਣਤੀ-ਮਿਣਤੀ ਕਰ ਕੇ ਦੱਸਦਾ ਹੈ ਕਿ ਨਛੱਤਰਾਂ, ਤਿੱਥਾਂ ਤੇ ਗ੍ਰਹਿਆਂ ਦੇ ਕਾਲਯੋਗ ਕਾਰਨ ਫਰਨਾਂਡੇਜ਼ ਨੇ ਸਾਰੀ ਉਮਰ ਸ਼ਾਦੀ ਨਹੀਂ ਕਰਵਾਈ ਤੇ ਸਾਰਾ ਜੀਵਨ ਸੰਘਰਸ਼ ਕੀਤਾ ਹੈ। ਗੁਰੂ ਦੀ ਮਹਾਂਦਸ਼ਾ ਤੇ ਸ਼ੁੱਕਰ ਦੀ ਅੰਤਰ-ਦਸ਼ਾ ਵਿਚ ਉਸ ਨੂੰ ਮੰਤਰੀ ਦਾ ਅਹੁਦਾ ਤੇ ਪਾਰਟੀ ਦੀ ਪ੍ਰਧਾਨਗੀ ਛੱਡਣੀ ਪਈ।

ਅਚਾਰੀਆ ਦਾ ਜੋਤਿਸ਼ ਰਾਜਸੀ ਨਿਰਣਿਆਂ ਨੂੰ ਪ੍ਰਭਾਵਿਤ ਕਰਨ ਵਾਲਾ ਭਾਵੇਂ ਹੋਵੇ, ਪਰ ਮੈਨੂੰ ਇਸ ਦਾ ਕੋਈ ਸਿਰ-ਪੈਰ ਸਮਝ ਨਹੀਂ ਆਇਆ। ਜਦੋਂ ਵੀ ਕਿਤੇ ਕਿਸੇ ਅਖਬਾਰ ਰਸਾਲੇ ਵਿਚ ਰਾਸ਼ੀਫਲ ਬਾਰੇ ਪੜ੍ਹਦਾ ਹਾਂ ਤਾਂ ਵਿਭਿੰਨ ਰਾਸ਼ੀਆਂ ਹੇਠ ਲਿਖੇ ਫਿਕਰੇ ਫਰੇਬੀ ਸ਼ਬਦ-ਜਾਲ ਜਾਪਦੇ ਹਨ ਜਿਨ੍ਹਾਂ ਵਿਚ ਅੱਧੀਆਂ ਕੁ ਗੱਲਾਂ ਆਸ਼ਾਵਾਦੀ ਤੇ ਅੱਧੀਆਂ ਕੁ ਨਿਰਾਸ਼ਾਵਾਦੀ ਪੱਖ ਨੂੰ ਪੇਸ਼ ਕਰਨ ਲਈ ਜੜੀਆਂ ਪ੍ਰਤੀਤ ਹੁੰਦੀਆਂ ਹਨ। ਕਈ ਵਾਰ ਰਾਸ਼ੀਫਲ ਦੱਸਣ ਵਾਲਿਆਂ ਵੱਲੋਂ ਮਾੜੇ ਗ੍ਰਹਿਆਂ ਦਾ ਪ੍ਰਭਾਵ ਖ਼ਤਮ ਕਰਨ ਲਈ ਭਾਂਤ-ਭਾਂਤ ਦੇ ਦਾਨ ਵੀ ਦੱਸੇ ਹੁੰਦੇ ਹਨ।

ਇੱਕ ਅਖਬਾਰ ਵਿਚਲਾ ਜੋਤਸ਼ੀ ਸ਼ਨੀ ਦੀ ਸਾੜ੍ਹ-ਸਤੀ ਅਤੇ ਢਾਈਏ ਦੇ ਅਸਰ ਦਾ ਕਾਰਨ ਅਜਿਹੇ ਗ੍ਰਹਿ ਪਰਿਵਰਤਨ ਦੱਸਦਾ ਹੈ ਜੋ ਪਿਛਲੇ ਦਸ ਸਾਲ ਵਿਚ ਪਹਿਲੀ ਵਾਰ ਹੋਏ ਹਨ। ਕੁਝ ਖ਼ਾਸ ਰਾਸ਼ੀਆਂ ਵਾਲੇ ਲੋਕਾਂ ਉਤੇ ਇਹ ਅਸਰ ਸਾਢੇ ਸੱਤ ਸਾਲ ਰਹਿਣਾ ਹੈ। ਇਸ ਦੇ ਉਪਾਅ ਵਜੋਂ ਸ਼ਨੀ, ਬ੍ਰਿਸਪਤ ਤੇ ਰਾਹੂ- ਤਿੰਨਾਂ ਨੂੰ ਪ੍ਰਸੰਨ ਕਰਨ ਲਈ ਦਾਨ ਦੱਸੇ ਗਏ ਹਨ। ਬਾਕੀ ਗ੍ਰਹਿਆਂ ਨੂੰ ਛੱਡੋ, ਇਹ ਸੂਚੀ ਪੜ੍ਹ ਕੇ ਲੱਗਾ ਕਿ ਸ਼ਨੀ ਗੁਰੂ ਤੇ ਬ੍ਰਹਿਸਪਤੀ ਨੂੰ ਪ੍ਰਸੰਨ ਕਰਨ ਆਏ ਮਹਾਂਪੁਰਖ ਨੂੰ ਹਰ ਪ੍ਰਕਾਰ ਦਾ ਦਾਲ-ਫੁਲਕਾ, ਅੰਨ-ਪਾਣੀ, ਕੱਪੜਾ-ਲੱਤਾ, ਮਾਲ-ਡੰਗਰ, ਗਹਿਣਾ-ਗੱਟਾ ਸਭ ਕੁਝ ਮਿਲ ਸਕਦਾ ਹੈ। ਸਵਾ ਅਰਬ ਦੇ ਲਗਪਗ ਭਾਰਤੀਆਂ ਵਿਚੋਂ ਸਾੜ੍ਹ-ਸਤੀ ਤੋਂ ਬਚਣ ਲਈ ਤਰਲੇ ਕਰਨ ਵਾਲੇ ਬਥੇਰੇ ਲੋਕ ਮਿਲ ਸਕਦੇ ਹਨ।

ਇਹ ਸਮਝ ਨਹੀਂ ਆਉਂਦਾ ਕਿ ਮੀਡੀਆ, ਪੜ੍ਹੇ-ਲਿਖੇ ਲੋਕ ਅਤੇ ਭਾਰਤ ਸਰਕਾਰ ਇਸ ਸਿਲਸਿਲੇ ਵਿਚ ਲੋਕਾਂ ਨੂੰ ਚੇਤੰਨ ਕਰਨ ਵਾਸਤੇ ਯਤਨ ਕਿਉਂ ਨਹੀਂ ਕਰਦੇ? ਕਮਾਲ ਦੀ ਗੱਲ ਇਹ ਹੈ ਕਿ ਜੋਤਿਸ਼ ਵਿਚ ਸਭ ਤੋਂ ਵੱਧ ਮਾੜੇ ਦੱਸੇ ਜਾਂਦੇ ਗ੍ਰਹਿਆਂ ਰਾਹੂ ਤੇ ਕੇਤੂ ਦੀ ਕਿਸੇ ਅਸਮਾਨ ਵਿਚ ਹੋਂਦ ਹੀ ਨਹੀਂ। ਜੋਤਸ਼ੀ ਇਨ੍ਹਾਂ ਨੂੰ ਛਾਇਆ ਗ੍ਰਹਿ ਕਹਿ ਕੇ ਦਾਲ-ਫੁਲਕਾ ਤੋਰ ਰਹੇ ਹਨ। ਜ਼ਰਾ ਵੇਖੋ ਉਨ੍ਹਾਂ ਦਾ ਤਰਕ। ਧਰਤੀ ਦੁਆਲੇ ਚੰਦਰਮਾ ਪਰਿਕਰਮਾ ਕਰਦਾ ਹੈ। ਉਹ ਇਹ ਵੀ ਕਹਿੰਦੇ ਹਨ ਕਿ ਧਰਤੀ ਦੁਆਲੇ ਸੂਰਜ ਵੀ ਪਰਿਕਰਮਾ ਕਰਦਾ ਹੈ। ਧਰਤੀ ਦੁਆਲੇ ਚੰਦਰਮਾ ਦਾ ਪਰਿਕਰਮਾ ਪੱਥ, ਧਰਤੀ ਦੁਆਲੇ ਸੂਰਜ ਦੇ ਪਰਿਕਰਮਾ ਪੱਥ ਨੂੰ ਦੋ ਬਿੰਦੂਆਂ ਉਤੇ ਕੱਟਦਾ ਹੈ। ਇਨ੍ਹਾਂ ਬਿੰਦੂਆਂ ਵਿਚੋਂ ਇੱਕ ਨੂੰ ਉਹ ਰਾਹੂ ਕਹਿੰਦੇ ਹਨ ਅਤੇ ਦੂਜੇ ਨੂੰ ਕੇਤੂ। ਸਵਾਲ ਇਹ ਹੈ ਕਿ ਧਰਤੀ ਦੁਆਲੇ ਤਾਂ ਸੂਰਜ ਚੱਕਰ ਹੀ ਨਹੀਂ ਕੱਟਦਾ। ਇਸ ਲਈ ਇਹ ਸਾਰਾ ਤਰਕ ਫ਼ਜ਼ੂਲ ਆਡੰਬਰ ਬਣ ਕੇ ਰਹਿ ਜਾਂਦਾ ਹੈ।

ਜਾਪਦਾ ਹੈ ਕਿ ਜੋਤਿਸ਼ੀ ਆਸਮਾਨ ਵਿਚ ਤੁਰਦੇ ਪ੍ਰਤੀਤ ਹੁੰਦੇ ਸੂਰਜ ਆਸਰੇ ਹੀ ਆਪਣਾ ਕੰਮ ਚਲਾਈ ਜਾਂਦੇ ਹਨ। ਘੱਟੋ-ਘੱਟ ਰਾਸ਼ੀਆਂ ਬਾਰੇ ਉਨ੍ਹਾਂ ਦਾ ਤਰਕ ਤਾਂ ਇਸ ਪਾਸੇ ਹੀ ਸੰਕੇਤ ਕਰਦਾ ਹੈ। ਸੂਰਜ ਦੇ ਆਕਾਸ਼ ਵਿਚ ਸਾਲ ਭਰ ਵਿਚ ਦਿਸਦੇ ਮਾਰਗ ਨੂੰ ਉਹ ਇਕਲਿਪਟਿਕ ਆਖਦੇ ਹਨ। ਉਹ ਇਸ ਦੇ ਤੀਹ ਦਰਜੇ ਦੇ ਹਿਸਾਬ ਨਾਲ ਬਾਰਾਂ ਹਿੱਸੇ ਕਰਦੇ ਹਨ। ਹਰ ਹਿੱਸੇ ਨੂੰ ਉਹ ਇੱਕ ਵੱਖਰੀ ਰਾਸ਼ੀ ਦਾ ਨਾਂ ਦਿੰਦੇ ਹਨ। ਨਾ ਮਗਰਬ ਇਸ ਸੇ ਬਰੀ ਹੈ, ਨਾ ਮਸ਼ਰਕ ਇਸ ਸੇ ਬਰੀ ਹੈ। ਦੁਨੀਆਂ ਵਿਚ ਅਕਲ ਦਾ ਹਾਲ ਦੋਵੇਂ ਪਾਸੇ ਕੁਝ ਇਸੇ ਤਰ੍ਹਾਂ ਦਾ ਹੀ ਹੈ। ਪੱਛਮ ਦੇ ਜੋਤਸ਼ੀ ਰਾਸ਼ੀਫਲ ਦੇ ਸਮਾਨਾਂਤਰ ਜ਼ੋਡਕ ਦੀਆਂ ਰਾਸ਼ੀਆਂ ਦੱਸਦੇ ਹਨ। ਉਨ੍ਹਾਂ ਲਈ ਜ਼ੋਡਕ ਦੀ ਜ਼ੀਰੋ ਡਿਗਰੀ ਸੂਰਜ ਦੀ ਮਾਰਚ ਈਕੁਈਨਾਕਸ ਦੀ ਸਥਿਤੀ ਹੈ। ਇਸ ਨੂੰ ਉਹ ਏਰੀਜ਼ ਦਾ ਨਾਂ ਦਿੰਦੇ ਹਨ। ਇਸ ਉਪਰੰਤ ਉਹ ਕ੍ਰਮਵਾਰ ਬਾਕੀ ਰਾਸ਼ੀਆਂ ਗਿਣਦੇ ਹਨ। ਭਾਵ ਜਿਸ ਤੱਥ ਦਾ ਵਿਗਿਆਨਕ ਆਧਾਰ ਹੀ ਨਹੀਂ, ਜੋ ਸਿਰਫ਼ ਨਜ਼ਰ ਦਾ ਭੁਲੇਖਾ ਹੈ, ਉਸ ਉਤੇ ਹੀ ਸਾਰਾ ਜੋਤਿਸ਼ ਤੁਰੀ ਜਾਂਦਾ ਹੈ। ਇਸੇ ਆਸਰੇ ਮਨੁੱਖ ਦੇ ਜੀਵਨ ਦੀ ਭਵਿੱਖਵਾਣੀ ਕੀਤੀ ਜਾ ਰਹੀ ਹੈ। ਚੰਗੇ-ਮਾੜੇ ਦੀ ਭਵਿੱਖਵਾਣੀ। ਕਿਸੇ ਕੰਮ ਨੂੰ ਸ਼ੁਰੂ ਕਰਨ ਜਾਂ ਨਾ ਕਰਨ ਦੀ। ਇਥੋਂ ਤਕ ਕਿ ਇੱਕ ਜੋਤਸ਼ੀ ਨੇ ਪਿੱਛੇ ਜਿਹੇ ਉਤਰੀ-ਪੂਰਬੀ ਭਾਰਤ ਵਿਚ ਇੱਕ ਨਿਸ਼ਚਿਤ ਦਿਨ ਅਤੇ ਸਮੇਂ ਉਤੇ ਭਿਅੰਕਰ ਭੂਚਾਲ ਆਉਣ ਦੀ ਭਵਿੱਖਵਾਣੀ ਕੀਤੀ ਜਿਸ ਨੂੰ ਟੀ.ਵੀ. ਚੈਨਲ ਨੇ ਪ੍ਰਾਈਮ ਟਾਈਮ ਵਿਚ ਮਸਾਲਾ ਲਾ ਕੇ ਪੇਸ਼ ਕੀਤਾ। ਇਹ ਵੱਖਰੀ ਗੱਲ ਹੈ ਕਿ ਉਹ ਸਮਾਂ ਤੇ ਮਿਤੀ ਆਈ ਤੇ ਬਿਨਾਂ ਅਜਿਹੇ ਕਿਸੇ ਭੂਚਾਲ ਦੇ ਲੰਘ ਗਈ। ਇੱਕ ਹੋਰ ਜੋਤਿਸ਼ ਅਚਾਰੀਆ ਨੇ ਆਪਣੇ ਮਰਨ ਦਾ ਦਿਨ, ਸਮਾਂ, ਸਥਾਨ ਸਭ ਕੁਝ ਨਿਸ਼ਚਿਤ ਕਰ ਦਿੱਤਾ। ਮੀਡੀਆ ਨੇ ਘੰਟਿਆਂਬੱਧੀ ਕੈਮਰੇ ਉਸੇ ਉਤੇ ਫੋਕਸ ਕਰ ਕੇ ਦੇਸ਼ ਦਾ ਕੀਮਤੀ ਸਮਾਂ ਬਰਬਾਦ ਕੀਤਾ। ਉਹ ਮਹਾਂਪੁਰਖ ਵੀ ਮਰੇ ਨਹੀਂ। ਚੁੱਪ-ਚਾਪ ਸਭ ਨੂੰ ਬੇਵਕੂਫ਼ ਬਣਾ ਕੇ ਤਿੱਤਰ ਹੋ ਗਏ।

ਅਸਲ ਗੱਲ ਇਹ ਹੈ ਕਿ ਜੋਤਿਸ਼ ਆਦਿ ਸਭਿਅਤਾਵਾਂ ਦੇ ਸੀਮਿਤ ਗਿਆਨ ਨਾਲ ਡਰ ਵਿਚ ਜੀਵੇ ਜਾ ਰਹੇ ਜੀਵਨ ਵਿਹਾਰ ਦੀ ਦੇਣ ਹੈ। ਪੁਰਾਤਨ ਮਿਸਰ, ਗਰੀਕ ਤੇ ਭਾਰਤ ਦੀਆਂ ਸਭਿਅਤਾਵਾਂ ਵਿਚ ਜੋਤਿਸ਼ ਦੇ ਮੁੱਢਲੇ ਬੀਜ ਹਨ। ਮੱਧਕਾਲ ਤਕ ਲੋਕ ਇਹ ਮੰਨਣ ਲੱਗੇ ਸਨ ਕਿ ਗ੍ਰਹਿਆਂ ਦੀਆਂ ਗਤੀਆਂ/ਸਥਿਤੀਆਂ ਦਾ ਧਰਤੀ ਉਤਲੇ ਲੋਕਾਂ ਤੇ ਇੱਥੇ ਵਾਪਰਦੇ ਵਰਤਾਰਿਆਂ ਨਾਲ ਨੇੜਲਾ ਸਬੰਧ ਹੈ। ਪੁਲਾੜ ਤੇ ਬ੍ਰਹਿਮੰਡ ਨਾਲ ਜੁੜੀਆਂ ਖੋਜਾਂ ਤੇ ਪ੍ਰਯੋਗਾਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਧਰਤੀ, ਚੰਦ ਤੇ ਹੋਰ ਗ੍ਰਹਿ/ਉਪਗ੍ਰਹਿ ਸਾਰੇ ਗਣਿਤ ਤੇ ਵਿਗਿਆਨ ਦੁਆਰਾ ਨਿਸ਼ਚਿਤ ਪਰਿਕਰਮਾ ਪੱਥਾਂ ਉਤੇ ਚੱਲ ਰਹੇ ਹਨ। ਸੂਰਜ ਧਰਤੀ ਦੁਆਲੇ ਪਰਿਕਰਮਾ ਤਾਂ ਨਹੀਂ ਕਰ ਰਿਹਾ ਪਰ ਇਹ ਆਪਣੀ ਆਕਾਸ਼ ਗੰਗਾ ਦੇ ਕੇਂਦਰ ਦੁਆਲੇ ਘੁੰਮ ਰਿਹਾ ਹੈ। ਸਭ ਕੁਝ ਗਤੀਮਾਨ ਹੈ। ਬਾਬੇ ਨਾਨਕ ਦੇ ਬੋਲਾਂ ਵਿਚ:

ਭੈ ਵਿਚ ਸੂਰਜ ਭੈ ਵਿਚ ਚੰਦ॥
ਕੋਹ ਕਰੋੜੀ ਚਲਤ ਨਾ ਅੰਤ॥

ਭਾਵ ਸਾਰਾ ਕੁਝ ਇੱਕ ਨੇਮ ਵਿਧਾਨ ਵਿਚ ਗਤੀਮਾਨ ਹੈ। ਇਨ੍ਹਾਂ ਗਤੀਆਂ ਦਾ ਸਾਡੇ ਜੀਵਨ ਚੱਕਰ, ਵਰਤਮਾਨ ਤੇ ਭਵਿੱਖ ਨੂੰ ਪ੍ਰਭਾਵਿਤ ਕਰਨ ਦਾ ਕਿਤੇ ਕੋਈ ਦਾਅਵਾ ਨਹੀਂ ਪਰ ਬਾਬੇ ਦੇ ਕਈ ਸਿੱਖ ਵੀ ਇਸ ਜੋਤਿਸ਼ ਦੇ ਚੱਕਰ ਤੋਂ ਮੁਕਤ ਨਹੀਂ ਹਨ।

ਜੋਤਿਸ਼ ਦੀਆਂ ਧਾਰਨਾਵਾਂ ਦੇ ਕੋਈ ਵਿਗਿਆਨਕ ਆਧਾਰ ਸਿੱਧ ਨਹੀਂ ਹੋ ਸਕੇ ਸਗੋਂ ਇਨ੍ਹਾਂ ਦੇ ਉਲਟ ਪੁਖਤਾ ਪ੍ਰਮਾਣ ਜ਼ਰੂਰ ਮਿਲੇ ਹਨ। ਨਿੱਜੀ/ਸੰਸਾਰਕ ਘਟਨਾਵਾਂ ਤੇ ਹਾਦਸਿਆਂ ਆਦਿ ਦੇ ਜੋਤਿਸ਼ ਨਾਲ ਰਿਸ਼ਤੇ ਬਾਰੇ ਸਮੇਂ-ਸਮੇਂ ਚਰਚਾ ਹੁੰਦੀ ਰਹਿੰਦੀ ਹੈ ਪਰ ਵਿਗਿਆਨਕ ਭਾਈਚਾਰੇ ਨੇ ਹਮੇਸ਼ਾ ਇਹੀ ਕਿਹਾ ਹੈ ਕਿ ਹਰ ਵਾਰ ਜੋਤਿਸ਼ ਅਸਫ਼ਲ ਸਾਬਤ ਹੋਇਆ ਹੈ। ਜੋਤਿਸ਼ ਦੀ ਸੱਚਾਈ ਬਾਰੇ ਅਧਿਐਨ ਇਸ ਸਿੱਟੇ ਉਤੇ ਪਹੁੰਚਾਉਂਦੇ ਹਨ ਕਿ ਇਨ੍ਹਾਂ ਭਵਿੱਖਵਾਣੀਆਂ ਦੀ ਸੱਚਾਈ ਦੀ ਔਸਤ ਉਹੀ ਹੈ ਜੋ ਅੰਕੜਾ ਵਿਗਿਆਨ ਅਨੁਸਾਰ ਚਾਂਸ ਦੀ ਹੈ, ਸੰਭਾਵਨਾ ਦੀ ਹੈ। ਪੰਜ ਦਸੰਬਰ 1985 ਨੂੰ ਪ੍ਰਕਾਸ਼ਿਤ 'ਨੇਚਰ' ਰਸਾਲੇ ਵਿਚ ਸ਼ਾਨ ਕਾਰਲਸਨ ਦੇ ਪ੍ਰਯੋਗਾਂ ਬਾਰੇ ਰਿਪੋਰਟ ਛਪੀ। ਇਸ ਵਿਚ ਜਨਮ ਪੱਤਰੀ ਦੇ ਆਧਾਰ 'ਤੇ ਗਾਹਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਦੇ ਦਾਅਵੇ ਝੁਠਲਾਏ ਗਏ।

ਸੂਰਜ, ਚੰਦ, ਰਾਹੂ, ਕੇਤੂ ਦੀ ਇੱਕੋ ਸਥਿਤੀ ਵਿਚ ਜੰਮੇ ਜੌੜੇ ਬੱਚਿਆਂ ਦੇ ਵੱਡੇ ਪੱਧਰ 'ਤੇ ਕੀਤੇ ਗਏ ਅਧਿਐਨ ਵੀ ਜੋਤਿਸ਼ ਦੀ ਸੱਚਾਈ ਨੂੰ ਕਾਟੇ ਹੇਠ ਲਿਆਉਂਦੇ ਹਨ। ਮੈਨੂੰ ਲੱਗਦਾ ਹੈ ਕਿ ਜੋਤਿਸ਼ੀ ਅਸਪਸ਼ਟ ਭਾਸ਼ਾ ਦਾ ਆਸਰਾ ਲੈਂਦੇ ਹਨ। ਗੱਲ ਸਹੀ ਸਿੱਧ ਹੋ ਜਾਵੇ ਤਾਂ ਰੌਲਾ ਪਾ ਦਿੰਦੇ ਹਨ। ਗ਼ਲਤ ਸਿੱਧ ਹੋਵੇ ਤਾਂ ਚੁੱਪ ਵੱਟ ਲੈਂਦੇ ਹਨ। ਫਰਾਇਡ ਦੇ ਇੱਕ ਮਰੀਜ਼ ਦੇ ਮਰਨ ਬਾਰੇ ਭਵਿੱਖਵਾਣੀ ਗਲਤ ਸਾਬਤ ਹੋਈ ਤਾਂ ਫਰਾਇਡ ਨੇ ਬੜੀ ਸਖ਼ਤ ਟਿੱਪਣੀ ਕੀਤੀ। ਉਸ ਨੇ ਕਿਹਾ ਕਿ ਇੱਕੋ ਦਿਨ, ਇੱਕੋ ਸਮੇਂ ਦੁਨੀਆਂ ਵਿਚ ਅਨੇਕਾਂ ਲੋਕ ਜੰਮਦੇ ਹਨ। ਹਰ ਇੱਕ ਦਾ ਜੀਵਨ ਤੇ ਹਾਲ ਵੱਖਰਾ ਹੈ। ਕੋਈ ਵੀ ਇੱਕ ਜਨਮ ਪੱਤਰੀ ਇੰਨੇ ਬੰਦਿਆਂ ਦੇ ਵੇਰਵੇ ਨਹੀਂ ਦੇ ਸਕਦੀ।

ਸੰਨ 1975 ਵਿਚ 'ਦਿ ਹਿਊਨਮੈਨਿਸਟ' ਜਨਰਲ ਦੇ ਸਤੰਬਰ-ਅਕਤੂਬਰ ਅੰਕ ਵਿਚ ਬਾਰਟ ਬੋਕ, ਪਾਲ ਕੁਟਰਜ਼ ਅਤੇ ਲਾਰੈਂਸ ਜੀਰੋਮ ਦਾ ਲੇਖ ਸੀ, 'ਆਬਜੈਕਸ਼ਨਜ਼ ਟੂ ਐਸਟਰਾਲੋਜੀ'। ਇਸ ਵਿਚ ਅਮੈਰਿਕਨ ਹਿਊਮੈਨਿਸਟ ਐਸੋਸੀਏਸ਼ਨ ਵੱਲੋਂ ਕਰਵਾਏ ਗਏ ਸਰਵੇਖਣ ਦੀ ਲੋਅ ਵਿਚ ਦੁਨੀਆਂ ਦੇ 186 ਮੁੱਖ ਵਿਗਿਆਨੀਆਂ ਦੇ ਇਸ ਬਿਆਨ ਵੱਲ ਧਿਆਨ ਦਿਵਾਇਆ ਗਿਆ ਸੀ ਕਿ ਜੋਤਿਸ਼ ਦਾ ਕੋਈ ਵਿਗਿਆਨਕ ਆਧਾਰ ਸਿੱਧ ਨਹੀਂ ਹੋ ਸਕਿਆ ਸਗੋਂ ਇਸ ਦੇ ਉਲਟ ਕਈ ਅਕੱਟ ਸਬੂਤ ਜ਼ਰੂਰ ਮਿਲਦੇ ਹਨ। ਇਸ ਬਿਆਨ ਦੀ ਭਾਸ਼ਾ ਇੰਨੀ ਸਖ਼ਤ ਸੀ ਕਿ ਕਾਰਲ ਸਾਗਾਨ ਨੇ ਇਸ ਉਤੇ ਦਸਤਖ਼ਤ ਨਹੀਂ ਸਨ ਕੀਤੇ। ਉਸ ਨੇ ਕਿਹਾ ਕਿ ਭਾਵੇਂ ਮੈਂ ਸਹਿਮਤ ਹਾਂ ਕਿ ਜੋਤਿਸ਼ ਵਿੱਦਿਆ ਵਿਚ ਕੋਈ ਸੱਚਾਈ ਨਹੀਂ, ਪਰ ਇਹ ਬਿਆਨ ਤਾਨਾਸ਼ਾਹੀ ਵਾਲਾ ਹੈ।

ਐਲਨ ਵਾਗਨ ਨਾਂ ਦੇ ਮਨੋਵਿਗਿਆਨ ਦੇ ਖੋਜੀ ਨੇ 1973 ਵਿਚ ਕਿਹਾ ਸੀ ਕਿ ਜੋਤਿਸ਼ ਦੇ ਤੁੱਕੇ ਆਮ ਮਨੋਵਿਗਿਆਨ ਤੋਂ ਵੱਧ ਕੁਝ ਨਹੀਂ। ਬਹੁਤਾ ਸਮਾਂ ਨਹੀਂ ਹੋਇਆ, 'ਸਕੈਪਟੀਕਲ ਇਨਕੁਆਇਰਰ' ਦੇ 2002 ਦੇ ਇੱਕ ਵਿਸ਼ੇਸ਼ ਅੰਕ ਵਿਚ ਇੱਕ ਲੇਖ ਵਿਚ ਜੋਤਿਸ਼ ਦੇ ਸੱਚ/ਝੂਠ ਬਾਰੇ ਲੇਖ ਛਪਿਆ ਸੀ। ਇਸ ਵਿਚ ਬੜਾ ਮਜ਼ੇਦਾਰ ਕਿੱਸਾ ਇੰਜ ਸੀ। 1927 ਵਿਚ ਹਜ਼ਾਰਾਂ ਜੋਤਸ਼ੀਆਂ ਨੂੰ ਇੱਕ ਹਜ਼ਾਰ ਡਾਲਰ ਦਾ ਇਨਾਮ ਦੇਣ ਲਈ ਇਹ ਸ਼ਰਤ ਰੱਖੀ ਗਈ ਕਿ ਉਹ ਤਿੰਨ ਬੰਦਿਆਂ ਦੀ ਜਨਮ ਪੱਤਰੀ ਦੇ ਆਧਾਰ 'ਤੇ ਉਨ੍ਹਾਂ ਦੇ

*(ਬਾਕੀ ਅਗਲੇ ਸਫੇ 'ਤੇ)*

# ਨਵੰਬਰ 1984 ਦੀ ਬੇਵਸੀ...

*1984 ਦੇ ਕਤਲੇਆਮ ਦੀ ਜਾਂਚ ਲਈ ਕਮਿਸ਼ਨ ਕਾਇਮ ਕਰਨ ਦੀ ਮੰਗ ਉਠਣ ਲੱਗੀ। ਦਾਇਰ ਕੀਤੀ ਗਈ ਪਟੀਸ਼ਨ ਮੇਰੇ ਡਿਵੀਜ਼ਨ ਬੈਂਚ ਸਾਹਵੇਂ ਸੁਣਵਾਈ ਲਈ ਪੁੱਜੀ। ਕੇਂਦਰ ਸਰਕਾਰ ਦੀ ਤਰਫ਼ੋਂ ਪੇਸ਼ ਹੋਏ ਤਤਕਾਲੀ ਅਟਾਰਨੀ ਜਨਰਲ ਨੇ ਪਟੀਸ਼ਨ ਦੇ ਵਿਰੋਧ ਵਿਚ ਦਲੀਲਾਂ ਦਿੱਤੀਆਂ। ਮੈਂ ਮਹਿਸੂਸ ਕੀਤਾ ਕਿ ਇਹ ਮਹੱਤਵਪੂਰਨ ਮਾਮਲਾ ਹੈ ਤੇ ਇਸ ਦੀ ਸੁਣਵਾਈ ਨਿਯਮਤ ਰੂਪ ਵਿਚ ਹੋਣੀ ਚਾਹੀਦੀ ਹੈ ਤਾਂ ਜੋ ਚੰਗੀ ਤਰ੍ਹਾਂ ਘੋਖ ਕੀਤੀ ਜਾ ਸਕੇ। ਮੇਰੇ ਸਹਿਯੋਗੀ ਜੱਜ ਵੈਡ ਜੇ. ਦਾ ਵੀ ਇਹੋ ਵਿਚਾਰ ਸੀ। ਇਸ ਲਈ ਅਸੀਂ ਹਾਈ ਕੋਰਟ ਦੀਆਂ ਛੁੱਟੀਆਂ ਤੋਂ ਬਾਅਦ ਉਸ ਮਾਮਲੇ ਦੀ ਨਿਯਮਤ ਸੁਣਵਾਈ ਤੈਅ ਕਰ ਦਿੱਤੀ। ਉਦੋਂ ਸਰਕਾਰੀ ਹਲਕਿਆਂ ਵਿਚ ਸਹਿਮ ਦਾ ਮਾਹੌਲ ਇਸ ਕਦਰ ਸੀ ਕਿ ਹਾਈ ਕੋਰਟ ਦੇ ਚੀਫ਼ ਜਸਟਿਸ ਉਤੇ ਬੇਲੋੜਾ ਦਬਾਅ ਪੈਣ ਲੱਗਾ। ਉਸ ਦਾ ਨਤੀਜਾ ਇਹ ਨਿਕਲਿਆ ਕਿ ਛੁੱਟੀਆਂ ਤੋਂ ਬਾਅਦ ਹਾਈ ਕੋਰਟ ਮੁੜ ਖੁੱਲ੍ਹੀ ਤਾਂ ਮੁਕੱਦਮਿਆਂ ਦੇ ਨਾਂਵਾਂ ਦੀ ਮੇਰੀ ਸੂਚੀ ਬਦਲ ਦਿੱਤੀ ਗਈ ਸੀ, ਮੈਨੂੰ ਅਪਰਾਧਕ ਧਿਰ ਵਾਲੇ ਪਾਸੇ ਰੱਖ ਦਿੱਤਾ ਗਿਆ ਸੀ। ਨਤੀਜਾ ਸਪਸ਼ਟ ਸੀ, ਮੈਂ ਉਸ ਮਾਮਲੇ ਦੀ ਸੁਣਵਾਈ ਨਹੀਂ ਕਰ ਸਕਦਾ ਸਾਂ। ਫਿਰ ਮਾਮਲੇ ਦੀ ਸੁਣਵਾਈ ਕਿਸੇ ਹੋਰ ਬੈਂਚ ਨੇ ਕੀਤੀ ਅਤੇ ਪਟੀਸ਼ਨ ਖਾਰਜ ਕਰ ਦਿੱਤੀ ਗਈ।*

ਜਸਟਿਸ ਰਾਜਿੰਦਰ ਸੱਚਰ

ਜਦੋਂ 31 ਅਕਤੂਬਰ 1984 ਦੀ ਸ਼ਾਮ ਨੂੰ ਮੈਂ ਸ਼ਾਹਦਰਾ ਅਦਾਲਤਾਂ ਦਾ ਨਿਰੀਖਣ ਕਰ ਕੇ ਪਰਤ ਰਿਹਾ ਸਾਂ ਤਾਂ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਦੀ ਦੁਖਦਾਈ ਖ਼ਬਰ ਸੁਣੀ। ਇਹ ਹੱਤਿਆ ਸ੍ਰੀਮਤੀ ਗਾਂਧੀ ਦੀ ਰਿਹਾਇਸ਼ਗਾਹ ਉਤੇ ਨਿਯੁਕਤ ਉਨ੍ਹਾਂ ਦੇ ਹੀ ਦੋ ਅੰਗ-ਰੱਖਿਅਕਾਂ ਨੇ ਕੀਤੀ ਸੀ। ਅਦਾਲਤ ਨੇ ਵੇਖਿਆ ਕਿ ਸ੍ਰੀਮਤੀ ਗਾਂਧੀ ਦੇ ਕਤਲ ਪਿੱਛੇ ਸਿਰਫ ਤਿੰਨ ਵਿਅਕਤੀਆਂ ਦਾ ਹੱਥ ਸੀ। ਇਸ ਸਾਜ਼ਿਸ਼ ਵਿਚ ਹੋਰ ਕੋਈ ਵੀ ਬਾਹਰਲਾ ਵਿਅਕਤੀ ਸ਼ਾਮਲ ਨਹੀਂ ਪਾਇਆ ਗਿਆ ਪਰ ਉਸ ਤੋਂ ਬਾਅਦ ਜਿਹੋ-ਜਿਹੀਆਂ ਹੌਲਨਾਕ ਘਟਨਾਵਾਂ ਵਾਪਰੀਆਂ, ਉਹ ਰਾਸ਼ਟਰ ਨੂੰ ਸਦਾ ਸਤਾਉਂਦੀਆਂ ਰਹਿਣਗੀਆਂ। ਉਦੋਂ ਸੱਤਾਧਾਰੀ ਕਾਂਗਰਸ ਪਾਰਟੀ ਵਲੋਂ ਗਿਣੀ-ਮਿੱਥੀ ਸਾਜ਼ਿਸ਼ ਅਧੀਨ ਵੱਡੇ ਪੱਧਰ 'ਤੇ ਕਤਲ ਕਰਨ ਦੀ ਯੋਜਨਾ ਉਲੀਕੀ ਗਈ ਸੀ; ਜਿਸ ਦਾ ਨਤੀਜਾ 3,000 ਸਿੱਖਾਂ ਦੇ ਵਹਿਸ਼ੀਆਨਾ ਕਤਲਾਂ 'ਚ ਨਿਕਲਿਆ। ਇਹ ਕਿਸੇ ਸਿਆਸੀ ਪਾਰਟੀ ਵੱਲੋਂ ਕੀਤਾ ਗਿਆ ਨਾਕਾਬਿਲੇ-ਮੁਆਫੀ ਅਪਰਾਧ ਹੈ। ਇਹ ਸਦਾ ਉਨ੍ਹਾਂ ਵਿਅਕਤੀਆਂ ਦੇ ਮੱਥੇ 'ਤੇ ਬਦਨੁਮਾ ਦਾਗ ਬਣਿਆ ਰਹੇਗਾ ਜਿਹੜੇ ਵੀ ਇਸ ਸਾਜ਼ਿਸ਼ ਵਿਚ ਸ਼ਾਮਲ ਸਨ ਤੇ ਜਿਨ੍ਹਾਂ ਨੇ ਅਜਿਹਾ ਕੁਝ ਕਰਨ ਦੀ ਹੱਲਾਸ਼ੇਰੀ ਸ਼ਰਾਰਤੀ ਅਨਸਰਾਂ ਨੂੰ ਦਿੱਤੀ ਸੀ।

ਉਦੋਂ ਮੈਂ ਦਿੱਲੀ ਹਾਈ ਕੋਰਟ ਵਿਚ ਜੱਜ ਸਾਂ। ਬਾਹਰ ਹਾਲਾਤ ਬਹੁਤ ਭਿਆਨਕ ਸਨ ਕਿਉਂਕਿ ਸਮੁੱਚੇ ਦਿੱਲੀ ਸ਼ਹਿਰ ਵਿਚ ਵੱਡੀਆਂ ਭੀੜਾਂ ਸਿੱਖਾਂ ਨੂੰ ਲੱਭ-ਲੱਭ ਕੇ ਨਿਸ਼ਾਨਾ ਬਣਾਉਂਦੀਆਂ ਘੁੰਮ ਰਹੀਆਂ ਸਨ, ਉਦੋਂ ਕਿਤੇ ਕਾਨੂੰਨ-ਵਿਵਸਥਾ ਵਿਖਾਈ ਨਹੀਂ ਸੀ ਦਿੰਦੀ। ਅਰਾਜਕਤਾ ਇਸ ਹੱਦ ਤਕ ਫੈਲੀ ਹੋਈ ਸੀ ਕਿ ਦਿੱਲੀ ਹਾਈ ਕੋਰਟ ਵਿਚ ਮੇਰੇ ਨਾਲ ਕੰਮ ਕਰਦੇ ਇੱਕ ਸਿੱਖ ਜੱਜ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਹਾਈ ਕੋਰਟ ਦੇ ਇੱਕ ਕਮਰੇ 'ਚ ਆ ਕੇ ਪਨਾਹ ਲੈਣੀ ਪਈ ਸੀ ਕਿਉਂਕਿ ਅਸੀਂ ਉਨ੍ਹਾਂ ਦੇ ਘਰ ਵਿਚ ਉਨ੍ਹਾਂ ਦੀ ਸੁਰੱਖਿਆ ਯਕੀਨੀ ਨਹੀਂ ਬਣਾ ਸਕਦੇ ਸਾਂ। ਉਨ੍ਹਾਂ ਦਾ ਘਰ ਹਾਈ ਕੋਰਟ ਤੋਂ ਸਿਰਫ ਇੱਕ ਕਿਲੋਮੀਟਰ ਦੂਰ ਸੀ। ਉਹ ਬੇਵੱਸੀ ਵਾਲੀ ਸ਼ਰਮਨਾਕ ਸਥਿਤੀ ਮੈਨੂੰ ਹਾਲੇ ਵੀ ਡਰਾ ਕੇ ਰੱਖ ਦਿੰਦੀ ਹੈ। ਪੁਲਿਸ ਕੋਈ ਐਫ਼.ਆਈ.ਆਰ. ਵੀ ਦਰਜ ਨਹੀਂ ਕਰ ਰਹੀ ਸੀ ਤੇ ਇਸ ਜ਼ੁਲਮ ਵਿਰੁਧ ਆਵਾਜ਼ ਉਠਾਉਣ ਵਾਲਿਆਂ ਨੂੰ ਕਿਵੇਂ ਨਾ ਕਿਵੇਂ ਵਰਜਿਆ ਜਾ ਰਿਹਾ ਸੀ। ਇਸ ਬਾਰੇ ਇੱਕ ਸ਼ਿਕਾਇਤ ਮੇਰੇ ਕੋਲ ਵੀ ਆਈ ਸੀ। ਆਮ ਤੌਰ ਉਤੇ ਐਫ਼.ਆਈ.ਆਰ. ਕਿਸੇ ਵੀ ਸਬੰਧਿਤ ਇਲਾਕੇ ਦੇ ਥਾਣੇ 'ਚ ਦਰਜ ਹੁੰਦੀ ਹੈ ਪਰ ਉਦੋਂ ਭਿਆਨਕ ਹਾਲਾਤ ਕਾਰਨ ਸਿੱਖਾਂ ਲਈ ਵੱਖੋ-ਵੱਖਰੇ ਇਲਾਕਿਆਂ ਤੋਂ ਥਾਣਿਆਂ 'ਚ ਜਾ ਕੇ ਐਫ਼.ਆਈ.ਆਰ. ਦਰਜ ਕਰਵਾਉਣਾ ਸੰਭਵ ਨਹੀਂ ਸੀ। ਇਸ ਲਈ ਮੈਂ ਨੋਟਿਸ ਜਾਰੀ ਕਰ ਕੇ ਸਰਕਾਰੀ ਵਕੀਲ ਨੂੰ ਕਿਹਾ: ਮੈਂ ਹੁਕਮ ਜਾਰੀ ਕਰ ਰਿਹਾ ਹਾਂ ਕਿ ਪੀਪਲਜ਼ ਯੂਨੀਅਨ ਫ਼ਾਰ ਸਿਵਲ ਲਿਬਰਟੀਜ਼ (ਪੀ.ਯੂ.ਸੀ.ਐਲ) ਵੱਲੋਂ ਸਮੁੱਚੇ ਦਿੱਲੀ ਸ਼ਹਿਰ 'ਚੋਂ ਇਕੱਠੀਆਂ ਕੀਤੀਆਂ ਗਈਆਂ ਸ਼ਿਕਾਇਤਾਂ ਦੀਆਂ ਐਫ਼.ਆਈ.ਆਰਜ਼ ਕਿਸੇ ਵੀ ਇੱਕ ਥਾਣੇ 'ਚ ਦਰਜ ਕੀਤੀਆਂ ਜਾਣ ਜੋ ਸਰਕਾਰ ਵੱਲੋਂ ਮਨੋਨੀਤ ਕੀਤਾ ਜਾ ਸਕਦਾ ਹੈ। ਇਸ ਤੋਂ ਬਾਅਦ ਇਹ ਐਫ਼.ਆਈ.ਆਰਜ਼ ਸਬੰਧਿਤ ਥਾਣਿਆਂ ਤਕ ਪਹੁੰਚਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੋਵੇਗਾ। ਸੱਚ ਪੁੱਛੋ ਤਾਂ ਮੈਨੂੰ ਪਤਾ ਸੀ ਕਿ ਮੇਰਾ ਹੁਕਮ ਕਾਨੂੰਨੀ ਆਧਾਰ 'ਤੇ ਸ਼ਾਇਦ ਪੂਰੀ ਤਰ੍ਹਾਂ ਖਰਾ ਨਹੀਂ ਉਤਰਨਾ। ਇਹ ਵੀ ਸੱਚਾਈ ਸੀ ਕਿ ਉਨ੍ਹਾਂ ਅਸਾਧਾਰਨ ਹਾਲਾਤ ਵਿਚ ਅਜਿਹੀ ਕਾਰਵਾਈ ਨਾ ਕੀਤੇ ਜਾਣ ਦੀ ਸੂਰਤ ਵਿਚ ਹਾਲਾਤ ਬਦ ਤੋਂ ਬਦਤਰ ਵੀ ਹੋ ਸਕਦੇ ਸਨ। ਇਸ ਦਾ ਅਦਾਲਤਾਂ ਦੀ ਮਜ਼ਬੂਤੀ 'ਤੇ ਵੀ ਨਾਂਹ-ਪੱਖੀ ਪ੍ਰਭਾਵ ਪੈ ਸਕਦਾ ਸੀ ਜਿਨ੍ਹਾਂ ਤੋਂ ਹਰ ਸਮੇਂ ਦੱਬੇ ਕੁਚਲੇ ਜਾ ਰਹੇ ਲੋਕਾਂ ਦੀ ਮਦਦ ਦੀ ਆਸ ਕੀਤੀ ਜਾਂਦੀ ਹੈ।

ਫਿਰ 1984 ਦੇ ਕਤਲੇਆਮ ਦੀ ਜਾਂਚ ਲਈ ਕਮਿਸ਼ਨ ਕਾਇਮ ਕਰਨ ਦੀ ਮੰਗ ਉਠਣ ਲੱਗੀ। ਇਸ ਲਈ ਦਾਇਰ ਕੀਤੀ ਗਈ ਪਟੀਸ਼ਨ ਮੇਰੇ ਡਿਵੀਜ਼ਨ ਬੈਂਚ ਸਾਹਵੇਂ ਸੁਣਵਾਈ ਲਈ ਪੁੱਜੀ। ਕੇਂਦਰ ਸਰਕਾਰ ਦੀ ਤਰਫ਼ੋਂ ਪੇਸ਼ ਹੋਏ ਤਤਕਾਲੀ ਅਟਾਰਨੀ ਜਨਰਲ ਨੇ ਉਸ ਪਟੀਸ਼ਨ ਦੇ ਵਿਰੋਧ ਵਿਚ ਦਲੀਲਾਂ ਦਿੱਤੀਆਂ। ਮੈਂ ਮਹਿਸੂਸ ਕੀਤਾ ਕਿ ਇਹ ਮਹੱਤਵਪੂਰਨ ਮਾਮਲਾ ਹੈ ਤੇ ਇਸ ਦੀ ਸੁਣਵਾਈ ਨਿਯਮਤ ਰੂਪ ਵਿਚ ਹੋਣੀ ਚਾਹੀਦੀ ਹੈ ਤਾਂ ਜੋ ਚੰਗੀ ਤਰ੍ਹਾਂ ਘੋਖ ਕੀਤੀ ਜਾ ਸਕੇ। ਮੇਰੇ ਸਹਿਯੋਗੀ ਜੱਜ ਵੈਡ ਜੇ. ਦਾ ਵੀ ਇਹੋ ਵਿਚਾਰ ਸੀ। ਇਸ ਲਈ ਅਸੀਂ ਹਾਈ ਕੋਰਟ ਦੀਆਂ ਛੁੱਟੀਆਂ ਤੋਂ ਬਾਅਦ ਉਸ ਮਾਮਲੇ ਦੀ ਨਿਯਮਤ ਸੁਣਵਾਈ ਤੈਅ ਕਰ ਦਿੱਤੀ। ਉਦੋਂ ਸਰਕਾਰੀ ਹਲਕਿਆਂ ਵਿਚ ਸਹਿਮ ਦਾ ਮਾਹੌਲ ਇਸ ਕਦਰ ਸੀ ਕਿ ਹਾਈ ਕੋਰਟ ਦੇ ਚੀਫ਼ ਜਸਟਿਸ ਉਤੇ ਬੇਲੋੜਾ ਦਬਾਅ ਪੈਣ ਲੱਗਾ। ਉਸ ਦਾ ਨਤੀਜਾ ਇਹ ਨਿਕਲਿਆ ਕਿ ਛੁੱਟੀਆਂ ਤੋਂ ਬਾਅਦ ਹਾਈ ਕੋਰਟ ਮੁੜ ਖੁੱਲ੍ਹੀ ਤਾਂ ਮੁਕੱਦਮਿਆਂ ਦੇ ਨਾਂਵਾਂ ਦੀ ਮੇਰੀ ਸੂਚੀ ਬਦਲ ਦਿੱਤੀ ਗਈ ਸੀ, ਮੈਨੂੰ ਅਪਰਾਧਕ ਧਿਰ ਵਾਲੇ ਪਾਸੇ ਰੱਖ ਦਿੱਤਾ ਗਿਆ ਸੀ। ਨਤੀਜਾ ਸਪਸ਼ਟ ਸੀ, ਮੈਂ ਉਸ ਮਾਮਲੇ ਦੀ ਸੁਣਵਾਈ ਨਹੀਂ ਕਰ ਸਕਦਾ ਸਾਂ। ਫਿਰ ਮਾਮਲੇ ਦੀ ਸੁਣਵਾਈ ਕਿਸੇ ਹੋਰ ਬੈਂਚ ਨੇ ਕੀਤੀ ਅਤੇ ਪਟੀਸ਼ਨ ਖਾਰਜ ਕਰ ਦਿੱਤੀ ਗਈ। ਇਸ ਮਾਮਲੇ 'ਚ ਆਮ ਜਨਤਾ ਦਾ ਦਬਾਅ ਇੰਨਾ ਜ਼ਿਆਦਾ ਸੀ ਕਿ ਸਰਕਾਰ ਨੇ ਆਪ ਹੀ ਜਸਟਿਸ ਰੰਗਨਾਥ ਮਿਸ਼ਰਾ ਕਮਿਸ਼ਨ ਕਾਇਮ




ਕਰ ਦਿੱਤਾ ਪਰ ਉਸ ਦੀ ਰਿਪੋਰਟ ਨੂੰ ਵੇਖ ਕੇ ਹਰ ਨਿਰਪੱਖ ਵਿਅਕਤੀ ਨੂੰ ਝਟਕਾ ਹੀ ਲੱਗਾ।

ਸੱਚਾਈ ਇਹੋ ਹੈ ਕਿ ਕੇਂਦਰ ਸਰਕਾਰ ਦਾ ਰਵੱਈਆ ਇਸ ਮਾਮਲੇ 'ਚ ਸ਼ੁਰੂ ਤੋਂ ਹੀ ਬੇਭਰੋਸਗੀ ਵਾਲਾ ਹੀ ਬਣਿਆ ਰਿਹਾ। ਉਧਰ ਪੀ.ਯੂ.ਸੀ.ਐਲ. ਨੇ ਇਸ ਮਾਮਲੇ ਦੀ ਘੋਖ-ਪੜਤਾਲ ਲਈ ਉਘੇ ਨਾਗਰਿਕਾਂ ਦੀ ਇੱਕ ਕਮੇਟੀ ਕਾਇਮ ਕਰ ਦਿੱਤੀ ਸੀ। ਇਸ ਦੇ ਮੈਂਬਰਾਂ ਵਿਚ ਭਾਰਤ ਦੇ ਸਾਬਕਾ ਚੀਫ਼ ਜਸਟਿਸ ਐਸ. ਐਮ. ਸੀਕਰੀ ਅਤੇ ਭਾਰਤ ਦੇ ਸਾਬਕਾ ਗ੍ਰਹਿ ਸਕੱਤਰ ਗੋਵਿੰਦ ਨਾਰਾਇਣ ਜਿਹੀਆਂ ਹਸਤੀਆਂ ਸ਼ਾਮਲ ਸਨ। ਇਸ ਕਮੇਟੀ ਨੇ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਚਿੱਠੀ ਲਿਖ ਕੇ ਮੀਟਿੰਗ ਰੱਖਣ ਦੀ ਮੰਗ ਕੀਤੀ ਤਾਂ ਜੋ ਮਹੱਤਵਪੂਰਨ ਨੁਕਤਿਆਂ ਉਤੇ ਵਿਚਾਰ-ਵਟਾਂਦਰਾ ਕੀਤਾ ਜਾ ਸਕੇ ਤੇ ਇਹ ਪਰਖ ਕੀਤੀ ਜਾ ਸਕੇ ਕਿ ਕੀ ਜਾਂਚ ਕਮਿਸ਼ਨ ਨੇ ਕਾਨੂੰਨ ਦੇ ਘੇਰੇ 'ਚ ਰਹਿ ਕੇ ਆਪਣੀ ਜਾਂਚ ਰਿਪੋਰਟ ਮੁਕੰਮਲ ਕੀਤੀ ਸੀ ਜਾਂ ਨਹੀਂ। ਆਮ ਜਨਤਾ ਦਾ ਵਿਸ਼ਵਾਸ ਬਹਾਲ ਕਰਨ ਲਈ ਇਹ ਕਰਨਾ ਜ਼ਰੂਰੀ ਵੀ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਰਾਜੀਵ ਗਾਂਧੀ ਨੇ ਉਸ ਅਹਿਮ ਕਮੇਟੀ ਦੇ ਸੁਆਲਾਂ ਦਾ ਜੁਆਬ ਦੇਣਾ ਤਾਂ ਦੂਰ ਦੀ ਗੱਲ, ਉਸ ਦੀ ਚਿੱਠੀ ਦਾ ਜੁਆਬ ਤਕ ਨਹੀਂ ਦਿੱਤਾ। ਤੁਸੀਂ ਇਸ ਤੋਂ ਸਰਕਾਰੀ ਪੱਖਪਾਤ ਦੀ ਹੱਦ ਦਾ ਅੰਦਾਜ਼ਾ ਲਾ ਸਕਦੇ ਹੋ ਅਤੇ ਫਿਰ ਅਜਿਹੇ ਹਾਲਾਤ ਵਿਚ ਉਸ ਕਮੇਟੀ ਨੇ ਅਸਤੀਫ਼ਾ ਦੇ ਦਿੱਤਾ। ਰੰਗਨਾਥ ਮਿਸ਼ਰਾ ਰਿਪੋਰਟ ਦੇ ਥੋਪੇ ਜਾਣ ਨੇ ਸਾਡੇ ਮਨਾਂ ਵਿਚ ਕੇਂਦਰ ਦੀ ਕਾਂਗਰਸ ਸਰਕਾਰ ਵੱਲੋਂ ਨਿਭਾਈ ਜਾ ਰਹੀ ਪੱਖਪਾਤੀ ਭੂਮਿਕਾ ਦਾ ਤੌਖਲਾ ਹੋਰ ਵੀ ਵਧਾ ਦਿੱਤਾ ਸੀ।

ਪੀ.ਯੂ.ਸੀ.ਐਲ. ਵੱਲੋਂ 1984 ਦੀ ਆਪਣੀ ਰਿਪੋਰਟ ਵਿਚ ਉਠਾਏ ਗਏ ਪ੍ਰਸ਼ਨਾਂ ਦੇ ਉਤਰ ਹਾਲੇ ਤਕ ਵੀ ਨਹੀਂ ਮਿਲ ਸਕੇ। ਉਦੋਂ 31 ਅਕਤੂਬਰ ਤੋਂ ਲੈ ਕੇ 4 ਨਵੰਬਰ ਤਕ ਉਚ ਪ੍ਰਸ਼ਾਸਨਕ ਅਧਿਕਾਰੀਆਂ ਅਤੇ ਸੱਤਾਧਾਰੀ ਪਾਰਟੀ ਨੇ ਕਿਸੇ ਤਰ੍ਹਾਂ ਦੀ ਕੋਈ ਚਿੰਤਾ ਨਹੀਂ ਪ੍ਰਗਟਾਈ ਅਤੇ ਡਿਊਟੀ ਤੇ ਜ਼ਿੰਮੇਵਾਰੀ ਪ੍ਰਤੀ ਜਾਣਬੁੱਝ ਕੇ ਕੋਤਾਹੀ ਵਰਤੀ ਗਈ। ਉਦੋਂ ਨਵੇਂ ਬਣੇ ਗ੍ਰਹਿ ਮੰਤਰੀ ਪੀ.ਵੀ. ਨਰਸਿਮਹਾ ਰਾਓ ਨੇ 31 ਅਕਤੂਬਰ ਦੀ ਸ਼ਾਮ ਨੂੰ ਭਾਰਤੀ ਜਨਤਾ ਪਾਰਟੀ ਦੇ ਆਗੂ ਅਟਲ ਬਿਹਾਰੀ ਵਾਜਪਾਈ ਨੂੰ ਭਰੋਸਾ ਦਿਵਾਇਆ ਸੀ ਕਿ 'ਕੁਝ ਘੰਟਿਆਂ ਦੇ ਅੰਦਰ ਹੀ ਸਥਿਤੀ ਉਤੇ ਪੂਰੀ ਤਰ੍ਹਾਂ ਕਾਬੂ ਪਾ ਲਿਆ ਜਾਵੇਗਾ।' ਪਰ ਪੀ.ਯੂ.ਸੀ.ਐਲ. ਨੇ ਇਸ ਮਾਮਲੇ ਵਿਚ ਕਾਫ਼ੀ ਸਖ਼ਤ ਟਿੱਪਣੀ ਕੀਤੀ ਹੈ: "ਸਾਨੂੰ ਭਰੋਸੇਯੋਗ ਸੂਤਰ ਤੋਂ ਪਤਾ ਲੱਗਾ ਕਿ 31 ਅਕਤੂਬਰ ਨੂੰ ਕਤਲ ਤੋਂ ਛੇਤੀ ਬਾਅਦ ਪ੍ਰਧਾਨ ਮੰਤਰੀ ਦੀ ਸਰਕਾਰੀ ਰਿਹਾਇਸ਼ 1 ਸਫ਼ਦਰਜੰਗ ਰੋਡ ਵਿਖੇ ਕੀਤੀ ਗਈ ਮੀਟਿੰਗ ਵਿਚ ਹੋਰਨਾਂ ਦੇ ਨਾਲ-ਨਾਲ ਤਤਕਾਲੀ ਲੈਫ਼ਟੀਨੈਂਟ ਗਵਰਨਰ ਪੀ.ਜੀ. ਗਵਈ, ਕਾਂਗਰਸ (ਆਈ) ਦੇ ਆਗੂ ਐਮ.ਐਲ. ਫ਼ੋਤੇਦਾਰ ਅਤੇ ਪੁਲਿਸ ਕਮਿਸ਼ਨਰ ਵੀ ਸ਼ਾਮਲ ਸਨ। ਉਸ ਮੀਟਿੰਗ ਵਿਚ ਮੌਜੂਦ ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ ਸੀ ਕਿ ਫ਼ੌਜ ਨੂੰ ਸੱਦ ਲੈਣਾ ਚਾਹੀਦਾ ਹੈ, ਨਹੀਂ ਤਾਂ ਇੱਥੇ ਬਹੁਤ ਵੱਡੇ ਪੱਧਰ 'ਤੇ ਖ਼ੂਨ-ਖ਼ਰਾਬਾ ਹੋ ਜਾਵੇਗਾ। ਇਸ ਵਿਚਾਰ ਉਤੇ ਕਿਸੇ ਨੇ ਧਿਆਨ ਨਾ ਦਿੱਤਾ।"

ਇਸ ਰਿਪੋਰਟ ਵਿਚ ਇਹ ਵੀ ਲਿਖਿਆ ਹੈ, "ਜਿਵੇਂ ਪਹਿਲਾਂ ਵਰਣਨ ਕੀਤਾ ਜਾ ਚੁੱਕਾ ਹੈ, ਦੇਰ ਰਾਤ ਤਕ ਨਾ ਤਾਂ ਕਿਤੇ ਕਰਫ਼ਿਊ ਲਾਇਆ ਗਿਆ ਅਤੇ ਨਾ ਹੀ ਫ਼ੌਜ ਸੱਦੀ ਗਈ। ਪੁਲਿਸ ਦੇ ਸਾਹਮਣੇ ਸ਼ਰਾਰਤੀ ਅਨਸਰ ਆਪਣੀਆਂ ਹਿੰਸਕ ਗਤੀਵਿਧੀਆਂ ਨੂੰ ਅੰਜਾਮ ਦੇ ਰਹੇ ਸਨ। ਮਹਾਂਨਗਰ ਦੇ ਦਿਲ ਸਮਝੇ ਜਾਂਦੇ ਕਨਾਟ ਸਰਕਸ 'ਚ ਭਾਰੀ ਗਿਣਤੀ ਵਿਚ ਨੀਮ ਫ਼ੌਜੀ ਦਸਤਿਆਂ ਅਤੇ ਪੁਲਿਸ ਬਲਾਂ ਦੀ ਮੌਜੂਦਗੀ ਦੇ ਬਾਵਜੂਦ ਸਿੱਖਾਂ ਦੀਆਂ ਦੁਕਾਨਾਂ ਨੂੰ ਅੱਗ ਲਾਈ ਜਾ ਰਹੀ ਸੀ। ਸਾਨੂੰ ਬਾਅਦ ਵਿਚ ਪਤਾ ਲੱਗਾ ਸੀ ਕਿ ਫ਼ਰੀਦਾਬਾਦ ਦੇ ਡਿਪਟੀ ਕਮਿਸ਼ਨਰ ਨੇ ਪਹਿਲੀ ਨਵੰਬਰ ਨੂੰ ਫ਼ੌਜ ਭੇਜਣ ਲਈ ਆਖਿਆ ਸੀ ਪਰ ਫ਼ੌਜ 3 ਨਵੰਬਰ ਨੂੰ ਆਈ ਸੀ।" ਇਨ੍ਹਾਂ 'ਚੋਂ ਕਿਸੇ ਪ੍ਰਸ਼ਨ ਦਾ ਉਤਰ ਹਾਲੇ ਤਕ ਨਹੀਂ ਮਿਲਿਆ। ਇੰਜ ਜਦੋਂ ਨਾਨਾਵਤੀ ਕਮਿਸ਼ਨ ਕਾਇਮ ਕੀਤਾ ਗਿਆ ਸੀ ਤਾਂ ਮੈਂ ਇਹੋ ਆਸ ਕੀਤੀ ਸੀ ਕਿ ਇਹ ਕਮਿਸ਼ਨ ਦੱਖਣੀ ਅਫ਼ਰੀਕਾ 'ਚ ਨੈਲਸਨ ਮੰਡੇਲਾ ਵੱਲੋਂ ਕਾਇਮ ਕੀਤੇ 'ਟਰੁੱਥ ਐਂਡ ਕਨਸਿਲੀਏਸ਼ਨ ਕਮਿਸ਼ਨ' (ਸੱਚਾਈ ਅਤੇ ਸਦਾਚਾਰ ਕਮਿਸ਼ਨ) ਦੀਆਂ ਲੀਹਾਂ 'ਤੇ ਹੀ ਚੱਲੇਗਾ। ਮੈਂ ਹਾਲੇ ਵੀ ਮੰਨਦਾ ਹਾਂ ਕਿ ਕੇਂਦਰ ਸਰਕਾਰ ਨੂੰ ਇਸ ਪਾਸੇ ਅੱਗੇ ਵਧਣਾ ਚਾਹੀਦਾ ਹੈ ਕਿਉਂਕਿ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੇ ਜਾਣ ਦੇ ਨਾਲ-ਨਾਲ ਉਸ ਸੱਚ ਦਾ ਪਤਾ ਲਾਉਣਾ ਵੀ ਅਹਿਮ ਹੈ, ਜਿਹੜਾ ਹਾਲੇ ਤਕ ਸਰਕਾਰੀ ਫ਼ਾਈਲਾਂ 'ਚ ਦਫ਼ਨ ਹੈ- ਪੀੜਤ ਪਰਿਵਾਰਾਂ ਦੇ ਮਨੁੱਖੀ ਅਧਿਕਾਰ ਸਿਧਾਂਤ ਤੇ ਨਿਆਂ ਇਸ ਗੱਲ ਦੀ ਮੰਗ ਕਰਦੇ ਹਨ।

## ਜੋਤਿਸ਼ ਦਾ ਆਡੰਬਰ

*(ਪਿਛਲੇ ਸਫੇ ਦੀ ਬਾਕੀ)*

ਸੁਭਾਅ, ਕਿਸਮਤ ਅਤੇ ਭੂਤਕਾਲ ਬਾਰੇ ਸਹੀ ਭਵਿੱਖਵਾਣੀ ਕਰਨ। ਹਜ਼ਾਰਾਂ ਜੋਤਸ਼ੀਆਂ ਤੋਂ ਪ੍ਰਾਪਤ ਉਤਰਾਂ ਵਿਚ ਕੋਈ ਵੀ ਪੂਰੀ ਤਰ੍ਹਾਂ ਠੀਕ ਨਹੀਂ ਸੀ। ਪ੍ਰਾਪਤ ਵੇਰਵੇ ਇੱਕ-ਦੂਜੇ ਦੇ ਉਲਟ ਅਤੇ ਪਰਸਪਰ ਵਿਰੋਧੀ ਸਨ। ਕੋਈ ਵੀ ਇਨਾਮ ਨਾ ਜਿੱਤ ਸਕਿਆ।

ਪੀਟਰ ਰਾਬਰਟਸ ਤੇ ਹੈਲਨ ਗਰੀਨ ਗਰਾਸ ਨੇ 1994 ਵਿਚ ਪ੍ਰਕਾਸ਼ਿਤ ਆਪਣੇ ਲੰਮੇ ਖੋਜ ਪੱਤਰ ਵਿਚ ਜੋਤਿਸ਼ ਬਾਰੇ ਇੱਕ ਹੋਰ ਦਿਲਚਸਪ ਸਰਵੇਖਣ ਦੇ ਵੇਰਵੇ ਦਿੱਤੇ ਹਨ। ਇਹ ਸਰਵੇਖਣ ਤਿੰਨ ਤੋਂ ਨੌਂ ਮਾਰਚ 1958 ਦਰਮਿਆਨ ਜੰਮੇ 2101 ਬੱਚਿਆਂ ਉਤੇ ਕੀਤਾ ਗਿਆ ਜੋ ਇੱਕੋ ਸਮੇਂ ਜੰਮੇ ਸਨ। ਉਨ੍ਹਾਂ ਬਾਰੇ 110 ਵੱਖ-ਵੱਖ ਨੁਕਤਿਆਂ ਉਤੇ ਨਿਰੰਤਰ ਨਿਗ੍ਹਾ ਰੱਖੀ ਗਈ। ਇਨ੍ਹਾਂ ਲੱਛਣਾਂ ਦੀ ਨਿਰਖ-ਪਰਖ ਇਨ੍ਹਾਂ ਬੱਚਿਆਂ ਦੇ ਪ੍ਰਸੰਗ ਵਿਚ ਗਿਆਰਾਂ ਸਾਲ, ਸੋਲਾਂ ਸਾਲ ਅਤੇ ਫਿਰ ਤੇਈ ਸਾਲ ਦੀ ਉਮਰ ਵਿਚ ਕੀਤੀ ਗਈ। ਇਸ ਤੋਂ ਪਹਿਲਾਂ ਕਹਿੰਦੇ-ਕਹਾਉਂਦੇ ਜੋਤਸ਼ੀਆਂ ਤੋਂ ਇਨ੍ਹਾਂ ਦੇ ਸੁਭਾਅ ਅਤੇ ਕਿਸਮਤ ਬਾਰੇ ਭਵਿੱਖਵਾਣੀ ਪ੍ਰਾਪਤ ਕੀਤੀ ਗਈ। ਸਮੁੱਚੇ ਅਧਿਐਨ ਵਿਸ਼ਲੇਸ਼ਣ ਨੇ ਜੋਤਸ਼ੀਆਂ ਦੀਆਂ ਸਾਰੀਆਂ ਭਵਿੱਖਵਾਣੀਆਂ ਨੂੰ ਗਲਤ ਸਿੱਧ ਕੀਤਾ। ਵਿਹਾਰਕ ਸਿੱਟੇ ਜੋਤਿਸ਼ ਦੇ ਉਲਟ ਭੁਗਤੇ।

ਇਸ ਸਭ ਦੇ ਬਾਵਜੂਦ ਮਹਾਨ ਭਾਰਤ ਵਿਚ ਹਰ ਪੰਜ ਹਜ਼ਾਰ ਬੰਦਿਆਂ ਪਿੱਛੇ ਇੱਕ ਜੋਤਸ਼ੀ ਹੈ!

## ਕੌਣ ਬਦਲੇਗਾ ਤਕਦੀਰਾਂ?

**ਸਮੱਸਿਆ ਇਹ ਹੈ ਕਿ ਅਜਿਹੇ ਦਾਗੀ ਬੰਦੇ ਲੋਕ ਸਭਾ ਤੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਵਿਚ ਪਹੁੰਚ ਕਿਵੇਂ ਜਾਂਦੇ ਹਨ? ਇਸ ਲਈ ਪਹਿਲਾਂ ਉਹ ਰਾਜਨੀਤਕ ਪਾਰਟੀਆਂ ਜ਼ਿੰਮੇਵਾਰ ਹਨ, ਜਿਹੜੀਆਂ ਅਜਿਹੇ ਦਾਗੀ ਬੰਦਿਆਂ ਨੂੰ ਆਪਣੀ ਪਾਰਟੀ ਵੱਲੋਂ ਉਮੀਦਵਾਰ ਬਣਾ ਕੇ ਚੋਣਾਂ ਲੜਾਉਂਦੀਆਂ ਹਨ। ਉਹ ਵੋਟਰ (ਆਮ ਲੋਕ) ਵੀ ਜ਼ਿੰਮੇਵਾਰ ਮੰਨੇ ਜਾ ਸਕਦੇ ਹਨ, ਜਿਹੜੇ ਅਜਿਹੇ ਦਾਗੀ ਨੇਤਾਵਾਂ ਨੂੰ ਵੋਟਾਂ ਪਾ ਕੇ ਮੈਂਬਰ ਬਣਾ ਦਿੰਦੇ ਹਨ।**

ਗੁਰਦਿਆਲ ਸਿੰਘ
ਫੋਨ: 91-97799-03485

ਭਾਰਤ ਦੀ ਸੁਪਰੀਮ ਕੋਰਟ ਨੇ ਪ੍ਰਧਾਨ ਮੰਤਰੀ ਅਤੇ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਲੋਕ ਸਭਾ ਤੇ ਵਿਧਾਨ ਸਭਾਵਾਂ ਦੇ ਦਾਗੀ ਮੈਂਬਰਾਂ ਨੂੰ ਉਚ ਪਦਵੀਆਂ 'ਤੇ ਨਾ ਲਾਉਣ। ਅਦਾਲਤ ਦੇ ਜੱਜਾਂ ਨੇ ਆਪਣੀ ਰਿਪੋਰਟ ਵਿਚ ਇਹ ਵੀ ਕਿਹਾ ਹੈ ਕਿ ਲੋਕ ਸਭਾ ਵਿਚ 34 ਫ਼ੀਸਦੀ ਮੈਂਬਰ ਦਾਗੀ ਹਨ ਤੇ 21 ਫ਼ੀਸਦੀ (ਇਕ ਸੌ ਤੋਂ ਵਧੇਰੇ) ਤਾਂ ਕਤਲਾਂ ਤੇ ਬਲਾਤਕਾਰ ਵਰਗੇ ਗੰਭੀਰ ਜੁਰਮਾਂ 'ਚ ਫਸੇ ਹੋਏ ਹਨ (ਜਾਂ ਉਨ੍ਹਾਂ ਉਤੇ ਦੋਸ਼ੀ ਹੋਣ ਦੇ ਮੁਕੱਦਮੇ ਚੱਲ ਰਹੇ ਹਨ)। ਇੱਕ ਹੋਰ ਰਿਪੋਰਟ ਅਨੁਸਾਰ, ਮਹਾਰਾਸ਼ਟਰ ਵਿਧਾਨ ਸਭਾ ਦੇ ਮੈਂਬਰਾਂ ਨੇ 2009 ਦੀਆਂ ਚੋਣਾਂ ਵਿਚ ਚੋਣਾਂ ਲਈ ਜੋ ਵੇਰਵੇ ਲਿਖਤੀ ਰੂਪ 'ਚ ਦਿੱਤੇ, ਉਨ੍ਹਾਂ ਅਨੁਸਾਰ 148 ਮੈਂਬਰਾਂ ਵਿਰੁਧ ਮੁਕੱਦਮੇ ਚੱਲ ਰਹੇ ਹਨ। ਇਨ੍ਹਾਂ ਵਿਚੋਂ 94 ਉਤੇ ਗੰਭੀਰ ਦੋਸ਼ਾਂ ਅਧੀਨ ਮੁਕੱਦਮੇ ਸਨ। 11 ਮੈਂਬਰਾਂ 'ਤੇ ਕਤਲ ਦੇ ਦੋਸ਼ ਸਨ। ਧਨ ਦੀ ਹਾਲਤ ਇਹ ਸੀ ਕਿ ਇੱਕ ਮੈਂਬਰ ਕੋਲ 126 ਕਰੋੜ ਅਤੇ ਇੱਕ ਹੋਰ ਸ਼ਿਵ ਸੈਨਾ ਦੇ ਮੈਂਬਰ ਕੋਲ 82 ਕਰੋੜ ਧਨ ਹੈ। ਕੋਈ ਵੀ ਪਾਰਟੀ ਧਨ ਕੁਬੇਰਾਂ ਦੇ ਮਾਮਲੇ 'ਚ ਘੱਟ ਨਹੀਂ ਸੀ। ਕਾਂਗਰਸ ਦੇ 74 ਫ਼ੀਸਦੀ ਮੈਂਬਰ ਕਰੋੜਪਤੀ ਸਨ। ਨੈਸ਼ਨਲ ਕਾਂਗਰਸ ਪਾਰਟੀ ਦੇ 87 ਫ਼ੀਸਦੀ, ਭਾਜਪਾ ਦੇ 61 ਫ਼ੀਸਦੀ, ਸ਼ਿਵ ਸੈਨਾ ਦੇ 58 ਮੈਂਬਰ ਕਰੋੜਪਤੀ ਸਨ। ਜਿਨ੍ਹਾਂ ਉਤੇ ਮੁਕੱਦਮੇ ਚੱਲ ਰਹੇ ਹਨ, ਉਨ੍ਹਾਂ ਦੀ ਗਿਣਤੀ-ਕਾਂਗਰਸ ਦੇ 14 ਫ਼ੀਸਦੀ, ਨੈਸ਼ਨਲ ਕਾਂਗਰਸ ਪਾਰਟੀ 23 ਫ਼ੀਸਦੀ, ਭਾਜਪਾ 41 ਫ਼ੀਸਦੀ, ਸ਼ਿਵ ਸੈਨਾ ਦੇ 53 ਫ਼ੀਸਦੀ ਮੈਂਬਰ ਹਨ। ਸਰਕਾਰੀ ਵਕੀਲਾਂ ਦੀ ਦਲੀਲ ਹੈ ਕਿ ਜੋ ਵੀ ਮੈਂਬਰ ਲੋਕਾਂ ਨੇ ਚੁਣ ਕੇ ਭੇਜਿਆ ਹੈ, ਉਸ ਨੂੰ ਦਾਗੀ ਨਹੀਂ ਮੰਨਿਆ ਜਾ ਸਕਦਾ, ਉਹ ਤਾਂ ਸਤਿਕਾਰਤ ਵਿਅਕਤੀ ਹੈ ਤੇ ਉਸ ਨੂੰ ਪ੍ਰਧਾਨ ਮੰਤਰੀ ਤੇ ਮੁੱਖ ਮੰਤਰੀ ਕਿਸੇ ਵੀ ਅਹੁਦੇ 'ਤੇ ਲਾ ਸਕਦੇ ਹਨ।

ਦੋਵੇਂ ਧਿਰਾਂ ਦੀਆਂ ਦਲੀਲਾਂ ਆਪੋ-ਆਪਣੀਆਂ ਹਨ ਪਰ ਸਮੱਸਿਆ ਇਹ ਹੈ ਕਿ ਅਜਿਹੇ ਦਾਗੀ ਬੰਦੇ ਲੋਕ ਸਭਾ ਤੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਵਿਚ ਪਹੁੰਚ ਕਿਵੇਂ ਜਾਂਦੇ ਹਨ? ਇਸ ਲਈ ਪਹਿਲਾਂ ਉਹ ਰਾਜਨੀਤਕ ਪਾਰਟੀਆਂ ਜ਼ਿੰਮੇਵਾਰ ਹਨ, ਜਿਹੜੀਆਂ ਅਜਿਹੇ ਦਾਗੀ ਬੰਦਿਆਂ ਨੂੰ ਆਪਣੀ ਪਾਰਟੀ ਵੱਲੋਂ ਉਮੀਦਵਾਰ ਬਣਾ ਕੇ ਚੋਣਾਂ ਲੜਾਉਂਦੀਆਂ ਹਨ। ਉਹ ਵੋਟਰ (ਆਮ ਲੋਕ) ਵੀ ਜ਼ਿੰਮੇਵਾਰ ਮੰਨੇ ਜਾ ਸਕਦੇ ਹਨ, ਜਿਹੜੇ ਅਜਿਹੇ ਦਾਗੀ ਨੇਤਾਵਾਂ ਨੂੰ ਵੋਟਾਂ ਪਾ ਕੇ ਮੈਂਬਰ ਬਣਾ ਦਿੰਦੇ ਹਨ।

ਸਭ ਤੋਂ ਗੰਭੀਰ ਸਮੱਸਿਆ ਇਹ ਹੈ ਕਿ ਚਾਹੇ ਦਾਗੀ ਜਾਂ ਸੱਚੇ-ਸੁੱਚੇ ਮੈਂਬਰ ਹੀ ਉਚ ਅਹੁਦਿਆਂ 'ਤੇ ਲਾਏ ਜਾਣ, ਕੀ ਦੇਸ਼ ਦੀ ਸਵਾ ਅਰਬ ਆਬਾਦੀ ਦੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ? ਸਵਾ ਅਰਬ ਲੋਕਾਂ ਲਈ ਕੋਈ ਸਰਕਾਰ ਕੀ ਕੰਮ ਦੇਵੇਗੀ? ਕੰਮ ਤੋਂ ਬਿਨਾਂ ਕੋਈ ਵੀ ਵਿਕਾਸ ਨਹੀਂ ਹੋ ਸਕਦਾ। ਪਹਿਲਾਂ ਕਾਂਗਰਸ ਤੇ ਉਸ ਦੀਆਂ ਸਾਥੀ ਪਾਰਟੀਆਂ ਤੇ ਹੁਣ ਸ੍ਰੀ ਮੋਦੀ, ਬਾਹਰਲੇ ਸਮਰੱਥ ਦੇਸ਼ਾਂ ਜਿਵੇਂ ਜਾਪਾਨ, ਚੀਨ ਤੇ ਅਮਰੀਕਾ ਆਦਿ ਨੂੰ ਤਰੱਕੀ ਲਈ ਹਾਕਾਂ ਮਾਰ-ਮਾਰ ਸੱਦ ਰਹੇ ਹਨ, ਪਰ ਕੀ ਕੋਈ ਵੀ ਦੇਸ਼ ਸਾਡੀਆਂ ਮੁਸ਼ਕਿਲਾਂ ਹੱਲ ਕਰਨ ਲਈ ਕਦੇ ਆਇਆ ਹੈ, ਜਾਂ ਆਏਗਾ? ਸਮਰੱਥ ਦੇਸ਼ ਸਾਡੇ ਲੋਕਾਂ ਦੀ ਸਸਤੀ ਮਜ਼ਦੂਰੀ ਤੇ ਕੱਚੇ ਮਾਲ ਨੂੰ ਵਰਤ ਕੇ ਆਪਣੇ ਦੇਸ਼ਾਂ ਨੂੰ ਹੋਰ ਸਮਰੱਥ ਬਣਾ ਰਹੇ ਹਨ ਤੇ ਸਾਨੂੰ ਵਧੇਰੇ ਕੰਗਾਲ ਬਣਾਈ ਜਾਂਦੇ ਹਨ। ਇਸ ਸੱਚਾਈ ਨੂੰ ਕੋਈ ਝੁਠਲਾ ਨਹੀਂ ਸਕਦਾ ਕਿ ਵਰਤਮਾਨ ਸਮੇਂ ਕੋਈ ਸਮਰੱਥ ਦੇਸ਼ ਕਿਸੇ ਦੀ ਮਦਦ ਕਰਨ ਨਹੀਂ ਆਉਂਦਾ, ਸਗੋਂ ਗਰੀਬ ਦੇਸ਼ਾਂ ਦੇ ਤਨ ਦੇ ਕੱਪੜੇ ਲਾਹੁਣ ਵਿਚ ਵੀ ਕੋਈ ਨਹੀਂ ਝਿਜਕਦਾ। ਫਿਰ ਕੀ ਕੋਈ ਭਾਰਤ ਦੀ ਨਰਕ-ਭਰੀ ਜ਼ਿੰਦਗੀ ਦੂਰ ਕਰਨ ਲਈ ਆਏਗਾ? ਚਾਹੇ ਡਾ. ਮਨਮੋਹਨ ਸਿੰਘ 10 ਸਾਲ ਲਾਰੇ ਲਾ ਕੇ ਤੁਰ ਗਏ ਤੇ ਚਾਹੇ ਹੁਣ ਮੋਦੀ ਆਪਣੇ ਢੰਗ ਨਾਲ ਲੋਕਾਂ ਨੂੰ ਸਮਰੱਥ ਬਣਾਉਣ ਅਤੇ 'ਸਵੱਛ ਭਾਰਤ' ਦੇ ਦਾਅਵੇ ਕਰਦੇ ਰਹਿਣ ਪਰ ਬਿਗਾਨੀ ਛਾਹ 'ਤੇ ਮੁੱਛਾਂ ਮਨਾਉਣ ਤੋਂ ਵੱਧ ਕਿਸੇ ਨੇ ਕੁਝ ਨਹੀਂ ਕਰਨਾ।

ਸ਼ੁਰੂ ਵਿਚ ਦਾਗੀ ਮੈਂਬਰਾਂ ਦਾ ਜੋ ਵੇਰਵਾ ਦਿੱਤਾ ਹੈ, ਕੀ ਉਹ ਸਵਾ ਅਰਬ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕਰਨਗੇ? ਭਾਰਤ 'ਚ ਲੋਕਤੰਤਰ ਤਾਂ ਨਿਰਾ ਫੋਕਾ ਸ਼ਬਦ ਹੈ, ਇਥੇ ਰਾਜਿਆਂ ਦੇ ਰਾਜ ਵਾਂਗ ਲਗਭਗ ਹਰ ਛੋਟਾ ਵੱਡਾ ਨੇਤਾ ਆਪਣੇ ਪੁੱਤਰ ਧੀਆਂ ਤੇ ਰਿਸ਼ਤੇਦਾਰਾਂ ਨੂੰ ਗੱਦੀਆਂ ਸੌਂਪਣ ਵਿਚ ਕੋਈ ਵੀ ਝਿਜਕ ਮਹਿਸੂਸ ਨਹੀਂ ਕਰਦਾ। ਤੇ ਲੋਕਾਂ ਨੂੰ ਵੀ ਕਿਸ ਨੇ ਇਹ ਗਿਆਨ ਦਿੱਤਾ ਹੈ ਕਿ ਤੁਹਾਡੀ ਨਰਕਮਈ ਜ਼ਿੰਦਗੀ ਦੀ ਇਬਾਰਤ ਕਿਸੇ 'ਬਿਧ ਮਾਤਾ' ਨੇ ਨਹੀਂ ਲਿਖੀ, ਸਗੋਂ ਇਹ ਤੁਹਾਡੇ ਰਾਜਸੀ ਦਲਾਂ ਦੇ ਦਾਗੀ ਤੇ ਖ਼ੁਦਗਰਜ਼ ਆਗੂਆਂ ਨੇ ਹੀ ਲਿਖੀ ਹੈ ਅਤੇ ਇਸ ਨੂੰ ਕੋਈ ਵੀ 'ਬਾਬਾ' ਬਦਲ ਨਹੀਂ ਸਕਦਾ। ਤੁਸੀਂ ਆਪ ਹੀ ਇਸ ਨੂੰ ਬਦਲ ਸਕੋਗੇ, ਪਰ ਇਹ ਤਬਦੀਲੀ ਦੀਆਂ ਗੱਲਾਂ ਤੁਸੀਂ ਕਦੋਂ ਸਮਝ ਸਕੋਗੇ, ਇਹ ਤੁਸੀਂ ਜਾਣੋ!

# ਨਵੰਬਰ 84 ਦਾ ਕਤਲੇਆਮ ਅਤੇ ਭਾਰਤ 'ਚ ਸਿੱਖੀ ਦਾ ਭਵਿੱਖ



ਕੁਲਦੀਪ ਸਿੰਘ ਢੀਂਡਸਾ
ਫੋਨ: 510-676-4440

1984 ਦਾ ਸਾਲ, ਹਿੰਦੋਸਤਾਨ ਦੇ ਇਤਿਹਾਸ ਦਾ ਉਹ ਕਾਲਾ ਤੇ ਮਨਹੂਸ ਪੰਨਾ ਹੈ, ਜਿਸ ਨੂੰ ਸਿੱਖ ਰਹਿੰਦੀ ਦੁਨੀਆਂ ਤੱਕ ਯਾਦ ਰੱਖਣਗੇ ਅਤੇ ਭਾਰਤ ਸਰਕਾਰ ਵੱਲੋਂ ਕੀਤੇ ਸਿੱਖ ਕਤਲੇਆਮ ਅਤੇ ਨਸਲਕੁਸ਼ੀ ਦੇ ਆਪਣੇ ਸਮੂਹ ਸ਼ਹੀਦਾਂ ਨੂੰ ਯਾਦ ਕਰਕੇ ਹਮੇਸ਼ਾ ਸ਼ਰਧਾ ਦੇ ਫੁੱਲ ਭੇਟ ਕਰਦੇ ਰਹਿਣਗੇ।

ਅਬਲਾਂ ਦੀਆਂ ਇੱਜਤਾਂ ਲੁੱਟੀਆਂ,
ਬੋਟਾਂ ਨੂੰ ਕੋਹ ਕੋਹ ਮਾਰਿਆ,
ਤੜਪ ਤੜਪ ਕੇ ਮਰ ਗਿਆ,
ਹਰ ਸਰਦਾਰ ਤੇਰੇ ਸ਼ਹਿਰ ਦਾ।
ਜਿੱਥੇ ਦੁੱਧ ਚੁੰਘਦੇ ਬੱਚਿਆਂ ਨੂੰ ਵੀ,
ਟਾਇਰ ਪਾ ਕੇ ਸਾੜਿਆ,
ਕੌਣ ਮੂਰਖ ਕਰੇ ਹੁਣ ਦੱਸ,
ਇਤਬਾਰ ਤੇਰੇ ਸ਼ਹਿਰ ਦਾ।
ਕੁਝ ਜ਼ਖ਼ਮਾਂ 'ਤੇ ਮੱਲ੍ਹਮ ਲੱਗਦੀ,
ਜੇ ਕਾਤਲਾਂ ਨੂੰ ਵੇਖਦੇ,
ਪਰ ਇਨਸਾਫ਼ ਤੋਂ ਵੀ ਹੋ ਗਿਆ
ਇਨਕਾਰ ਤੇਰੇ ਸ਼ਹਿਰ ਦਾ।
ਹਰ ਖੁਸ਼ੀ ਗਮੀ ਨੂੰ ਭੁੱਲ ਸਕਦੇ,
ਭੁੱਲ ਸਕਦੇ ਹਰ ਇੱਕ ਦਾਸਤਾਂ
ਪਰ ਨਹੀਂ ਭੁੱਲਣਾ ਜੋ ਦਿੱਤਾ ਤੋਹਫਾ,
ਯਾਰ ਤੇਰੇ ਸ਼ਹਿਰ ਦਾ।

ਜਿਹੜੇ ਲੋਕ ਕਹਿੰਦੇ ਹਨ ਕਿ ਉਨੀ ਸੌ ਚੁਰਾਸੀ ਨੂੰ ਭੁੱਲ ਜਾਵੋ, ਕੀ ਉਨ੍ਹਾਂ ਕਦੇ ਸੋਚਿਆ ਹੈ, ਕਿਸ ਤਰ੍ਹਾਂ ਭੁੱਲਣਗੀਆਂ ਉਹ ਮਾਂਵਾਂ ਜਿਨ੍ਹਾਂ ਦੇ ਸਾਹਮਣੇ ਉਨ੍ਹਾਂ ਦੇ ਪੁੱਤਰਾਂ ਨੂੰ ਕੋਹ ਕੋਹ ਕੇ ਮਾਰਿਆ ਅਤੇ ਜਿਉਂਦੇ ਸਾੜਿਆ ਗਿਆ; ਕਿਵੇਂ ਭੁੱਲ ਜਾਣਗੀਆਂ ਉਹ ਪਤਨੀਆਂ ਜਿਨ੍ਹਾਂ ਦੇ ਸੁਹਾਗ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਲੋਹੇ ਦੀਆਂ ਸਲਾਖਾਂ ਨਾਲ ਕੁੱਟ ਕੁੱਟ ਕੇ ਮਾਰ ਅਤੇ ਗਲਾਂ 'ਚ ਟਾਇਰ ਪਾ ਕੇ ਸਾੜ ਦਿੱਤੇ ਗਏ। ਕਿਵੇਂ ਭੁੱਲ ਜਾਣਗੇ ਉਹ ਬੱਚੇ ਜਿਨ੍ਹਾਂ ਦੇ ਸਾਹਮਣੇ ਉਨ੍ਹਾਂ ਦੇ ਮਾਪੇ, ਭੈਣ-ਭਰਾ, ਦਾਦਾ-ਦਾਦੀ, ਨਾਨਾ ਨਾਨੀ, ਚਾਚੇ-ਤਾਏ ਜਿਉਂਦੇ ਸਾੜ ਦਿੱਤੇ ਗਏ? ਕਿਵੇਂ ਭੁੱਲ ਜਾਣਗੀਆਂ ਉਹ ਭੈਣਾਂ ਜਿਨ੍ਹਾਂ ਨੂੰ ਆਪਣਿਆਂ ਦੀ ਮੌਤ ਅਤੇ ਸੋਗ ਦੀਆਂ ਘੜੀਆਂ ਵਿਚ ਬਲਾਤਕਾਰਾਂ ਦਾ ਸ਼ਿਕਾਰ ਹੋਣਾ ਪਿਆ? ਕਿਸ ਤਰ੍ਹਾਂ ਮਿਟਣਗੇ ਉਨ੍ਹਾਂ ਪੀੜਤਾਂ ਦੇ ਦਿਲ-ਦਿਮਾਗਾਂ ਤੋਂ ਉਹ ਦਰਦਨਾਕ ਦ੍ਰਿਸ਼, ਜਿਨ੍ਹਾਂ ਨੂੰ ਵੇਖ ਵੇਖ ਉਹ ਹਰ ਰੋਜ਼ ਕਈ ਕਈ ਵਾਰ ਮਰਦੇ ਹਨ? ਕੀ ਕਦੇ ਚੁਰਾਸੀ ਨੂੰ ਭੁੱਲ ਜਾਣ ਲਈ ਕਹਿਣ ਵਾਲਿਆਂ ਨੇ ਉਨ੍ਹਾਂ ਦੇ ਦਰਦ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ? ਕੀ ਕਦੇ ਉਨ੍ਹਾਂ ਦਾ ਦੁੱਖ ਵੰਡਾਉਣ ਜਾਂ ਘਟਾਉਣ ਦੀ ਕੋਈ ਕੋਸ਼ਿਸ਼ ਕੀਤੀ ਹੈ? ਕੀ 1984 ਨੂੰ ਭੁੱਲ ਜਾਣ ਲਈ ਕਹਿਣ ਵਾਲੇ, ਉਨ੍ਹਾਂ ਬਜ਼ੁਰਗਾਂ, ਮਾਂਵਾਂ, ਵੀਰਾਂ-ਭੈਣਾਂ ਅਤੇ ਬੱਚਿਆਂ ਦੀ ਮਾਨਸਿਕਤਾ ਨੂੰ ਕਦੇ ਸਮਝਣ ਦੀ ਕੋਸ਼ਿਸ਼ ਸਕਣਗੇ?

ਸਿਰਦਾਰ ਕਪੂਰ ਸਿੰਘ ਦਾ ('ਸੱਚੀ ਸਾਖੀ' ਵਿਚ) ਮੰਨਣਾ ਹੈ ਕਿ ਸਿੱਖਾਂ ਨੂੰ ਆਪਣੇ ਨਾਲ ਹੋਏ ਧੋਖੇ ਅਤੇ ਅਵਿਸ਼ਵਾਸ ਦਾ ਅਹਿਸਾਸ ਦੇਸ਼ ਦੀ ਆਜ਼ਾਦੀ ਤੋਂ ਤੁਰੰਤ ਬਾਅਦ ਉਦੋਂ ਹੀ ਹੋ ਗਿਆ ਸੀ, ਜਦੋਂ ਉਨ੍ਹਾਂ ਨੂੰ ਆਪਣੀਆਂ ਕੁਰਬਾਨੀਆਂ ਬਦਲੇ ਜ਼ਰਾਇਮ ਪੇਸ਼ਾ ਕੌਮ ਹੋਣ ਦਾ ਖਿਤਾਬ ਦਿੱਤਾ ਗਿਆ ਸੀ। ਬੜੀ ਚਲਾਕੀ ਅਤੇ ਗੁਮਰਾਹਕੁਨ ਤਰੀਕੇ ਨਾਲ ਆਜ਼ਾਦ ਭਾਰਤ ਦੇ ਸੰਵਿਧਾਨ ਵਿਚ ਇਸ ਦੀ ਧਾਰਾ 25 ਰਾਹੀਂ ਸਿੱਖਾਂ ਨੂੰ ਹਿੰਦੂ ਧਰਮ ਦਾ ਇੱਕ ਹਿੱਸਾ ਗਰਦਾਨਿਆ ਗਿਆ ਸੀ, ਜਿਸ ਦਾ ਸਿੱਖ ਉਸ ਵੇਲੇ ਤੋਂ ਲੈ ਕੇ ਅੱਜ ਤੱਕ ਵਿਰੋਧ ਕਰਦੇ ਆ ਰਹੇ ਹਨ। ਇਥੇ ਹੀ ਬੱਸ ਨਹੀਂ, ਬਾਕੀ ਸੂਬਿਆਂ ਦੀ ਤਰਜ਼ ਅਤੇ ਭਾਸ਼ਾ ਦੇ ਆਧਾਰ 'ਤੇ ਬਣੇ ਹੋਰ ਸੂਬਿਆਂ ਵਾਂਗ, ਪੰਜਾਬੀ ਸੂਬਾ ਲੈਣ ਲਈ ਸਿੱਖਾਂ ਨੂੰ 13 ਸਾਲ ਸੰਘਰਸ਼ ਕਰਨਾ ਪਿਆ ਤਾਂ ਕਿਧਰੇ ਹਰਿਆਣਾ ਅਤੇ ਹਿਮਾਚਲ ਨੂੰ ਪੰਜਾਬ ਨਾਲੋਂ ਵੱਖ ਕਰਕੇ 1966 ਵਿਚ ਮਿਨੀ ਪੰਜਾਬੀ ਸੂਬਾ ਹੋਂਦ ਵਿਚ ਆਇਆ ਜਿਸ ਵਿਚ ਕਦੇ ਵੀ ਲੋਕਤੰਤਰਕ ਤਰੀਕੇ ਨਾਲ ਚੁਣੀ ਨਿਰੋਲ ਸਿੱਖਾਂ ਦੀ ਕਿਸੇ ਵੀ ਸਰਕਾਰ ਨੂੰ ਕੇਂਦਰੀ ਹਿੰਦ ਸਰਕਾਰ ਨੇ ਆਪਣਾ ਸਮਾਂ ਕਾਲ ਪੂਰਾ ਨਹੀਂ ਕਰਨ ਦਿੱਤਾ।

ਸਾਲ 1984 ਵਿਚ ਸਿੱਖ ਅਤੇ ਸਿੱਖੀ 'ਤੇ ਹੋਏ ਦੋ ਵੱਡੇ ਹਮਲਿਆਂ ਨੇ, ਸਿੱਖ ਕੌਮ ਨੂੰ ਆਪਣੇ ਹੀ ਮੁਲਕ ਵਿਚ, ਗੁਲਾਮ ਹੋਣ ਦਾ ਅਹਿਸਾਸ ਕਰਵਾ ਦਿੱਤਾ ਹੈ, ਜਿਸ ਸਦਕਾ ਹੁਣ ਬਹੁਤ ਸਾਰੇ ਸਿੱਖ ਇਹ ਗੱਲ ਸਮਝਣ ਲੱਗ ਪਏ ਹਨ ਕਿ ਭਾਰਤ ਸਰਕਾਰ ਦੀਆਂ ਸਿੱਖ ਵਿਰੋਧੀ ਨੀਤੀਆਂ ਦੇ ਚਾਰ ਮੁੱਖ ਪਹਿਲੂ ਹਨ।

ਪਹਿਲਾ: ਸਿੱਖ ਅਤੇ ਸਿੱਖਾਂ ਦੀ ਪਹਿਚਾਣ ਨੂੰ ਖਤਮ ਕਰਨਾ ਅਤੇ ਉਨ੍ਹਾਂ ਦੇ ਧਾਰਮਿਕ ਮਸਲਿਆਂ ਵਿਚ ਦਖ਼ਲਅੰਦਾਜ਼ੀ ਕਰਨਾ। ਦੂਜਾ: ਸਿੱਖ ਵਿਰਸੇ, ਸਿੱਖ ਇਤਿਹਾਸ, ਸਿੱਖ ਸਭਿਆਚਾਰ ਅਤੇ ਸਿੱਖ ਧਰਮ ਵਿਚ ਮਿਲਾਵਟ ਕਰਨਾ। ਤੀਜਾ: ਸਿੱਖਾਂ ਨੂੰ ਆਤਮ-ਨਿਰਭਰ, ਆਜ਼ਾਦ ਹੋਣ ਅਤੇ ਰਾਜ ਕਰਨ ਤੋਂ ਰੋਕਣਾ ਅਤੇ ਪੰਜਾਬ ਵਿਚ ਸਿੱਖਾਂ ਦੀ ਬਹੁਗਿਣਤੀ ਨੂੰ ਘਟਾਉਣਾ। ਚੌਥਾ: ਪੰਜਾਬ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕਰਨਾ ਅਤੇ ਇਸ ਦੇ ਸਾਧਨਾਂ ਦੀ ਲੁੱਟ-ਖਸੁੱਟ ਕਰਨਾ ਜਿਸ ਵਿਚ ਭਾਖੜਾ ਡੈਮ ਦੀ ਬਿਜਲੀ, ਨਹਿਰੀ ਪਾਣੀ ਅਤੇ ਲਾਹੌਰ ਦੀ ਥਾਂ ਤੇ ਪੰਜਾਬ ਲਈ ਬਣਾਈ ਰਾਜਧਾਨੀ ਚੰਡੀਗੜ੍ਹ ਆਦਿ ਸ਼ਾਮਲ ਹਨ।

ਭਾਵੇਂ ਇਹ ਗੱਲ ਬਹੁਤੀ ਹੈਰਾਨੀ ਵਾਲੀ ਨਹੀਂ, ਪਰ ਸੱਚ ਹੈ ਕਿ ਹਿੰਦੋਸਤਾਨ ਵਿਚ ਮੀਡੀਆ 'ਤੇ ਪੂਰੀ ਤਰ੍ਹਾਂ ਬਹੁਮੱਤ ਹਿੰਦੂ ਜਮਾਤ ਦਾ ਕਬਜ਼ਾ ਹੈ ਜਿਸ ਨੇ ਹਮੇਸ਼ਾ ਹੀ ਘੱਟ ਗਿਣਤੀਆਂ ਅਤੇ ਸਿੱਖਾਂ ਪ੍ਰਤੀ ਪੱਖਪਾਤੀ ਹੋਣ ਦਾ ਸਬੂਤ ਦਿੱਤਾ ਹੈ। 'ਮੀਡੀਆ ਸਟੱਡੀ ਗਰੁਪ ਦਿੱਲੀ' ਦੀ ਰਿਪੋਰਟ ਵਿਚ ਸਰਗਰਮ ਪੱਤਰਕਾਰਾਂ ਦੀ ਇੱਕ ਸਰਵੇਖਣ ਟੀਮ ਵੱਲੋਂ ਤਿਆਰ ਕੀਤੇ ਗਏ ਇੱਕ ਸਾਧਾਰਨ ਚਾਰਟ ਤੋਂ ਇਹ ਗੱਲ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ।

| ਸਰਵੇਖਣ ਚਾਰਟ | ਹਿੰਦੂ | ਮੁਸਲਮਾਨ | ਈਸਾਈ | ਸਿੱਖ |
|---|---|---|---|---|
| ਭਾਰਤ ਵਿਚ ਕੁੱਲ ਆਬਾਦੀ ਦਾ ਹਿੱਸਾ | 81% | 13% | 2% | 2% |
| ਹਿੰਦੀ ਦਾ ਪ੍ਰਿੰਟ ਮੀਡੀਆ | 97% | 2% | 0% | 0% |
| ਅੰਗਰੇਜ਼ੀ ਦਾ ਪ੍ਰਿੰਟ ਮੀਡੀਆ | 90% | 3% | 4% | 0% |
| ਇਲੈਕਟ੍ਰਾਨਿਕ ਹਿੰਦੀ ਮੀਡੀਆ | 90% | 6% | 1% | 0% |
| ਇਲੈਕਟ੍ਰਾਨਿਕ ਅੰਗਰੇਜ਼ੀ ਮੀਡੀਆ | 85% | 0% | 13% | 2% |
| ਕੁੱਲ | 90% | 3% | 4% | 1% |

ਇਸ ਚਾਰਟ ਤੋਂ ਇੱਕ ਗੱਲ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ ਕਿ ਸਿੱਖਾਂ ਨੂੰ ਆਪਣੀ ਗੱਲ ਆਪਣਿਆਂ, ਦੇਸ਼ ਵਾਸੀਆਂ ਅਤੇ ਦੁਨੀਆਂ ਦੇ ਹੋਰ ਲੋਕਾਂ ਤੱਕ ਪਹੁੰਚਾਣ ਲਈ ਹਰ ਤਰ੍ਹਾਂ ਦੇ ਮੀਡੀਏ ਅਤੇ ਵੱਖ ਵੱਖ ਭਾਸ਼ਾਵਾਂ ਰਾਹੀਂ ਪਹੁੰਚਾਉਣ ਵੱਲ ਖਾਸ ਧਿਆਨ ਦੇਣ ਦੀ ਸਖ਼ਤ ਜ਼ਰੂਰਤ ਹੈ। ਵਿਦੇਸ਼ੀ ਵਿਚਲਾ ਸਿੱਖ ਮੀਡੀਆ ਕੁਝ ਹੱਦ ਤੱਕ ਆਪਣਾ ਰੋਲ ਨਿਭਾ ਰਿਹਾ ਹੈ ਪਰ ਇਸ ਦਾ ਵੀ ਕਾਫੀ ਹਿੱਸਾ ਅਤੇ ਸਮਾਂ ਆਪਸੀ ਵਿੱਤਕਰੇ, ਮੱਤ-ਭੇਦਾਂ, ਇਸ਼ਤਿਹਾਰਾਂ ਅਤੇ ਨਿੱਜੀ ਸ਼ੋਹਰਤਬਾਜ਼ੀ ਦੇ ਧੱਕੇ ਚੜ੍ਹ ਜਾਂਦਾ ਹੈ। ਅੱਜ ਲੋੜ ਹੈ ਥੋੜ੍ਹਾ ਹੋਰ ਸੁਹਿਰਦ ਹੋਣ ਦੀ। ਸ਼ਾਇਦ ਇਹੀ ਕਾਰਨ ਹੈ ਕਿ ਸਿੱਖ ਕੌਮ ਆਪਣੇ ਨਾਲ ਵਾਪਰੀਆਂ ਅਤੇ ਵਾਪਰ ਰਹੀਆਂ ਘਟਨਾਵਾਂ ਨੂੰ ਸਿੱਖ ਸੰਦਰਭ ਵਿਚ ਵੇਖਣ ਅਤੇ ਸਮਝਣ ਵਿਚ ਅਸਮਰਥ ਰਹੀ ਹੈ ਜਿਸ ਦਾ ਸਬੂਤ ਬਹੁਤ ਸਾਰੇ ਸਿੱਖਾਂ ਵੱਲੋਂ ਅਜੇ ਵੀ ਸਰਕਾਰ ਅਤੇ ਬਹੁਮਤ ਪ੍ਰੈਸ ਵੱਲੋਂ ਇਸਤੇਮਾਲ ਕੀਤੇ ਅਤੇ ਕੀਤੇ ਜਾ ਰਹੇ ਪ੍ਰਚਾਰ ਅਤੇ ਸ਼ਬਦਾਂ ਦਾ ਇਸਤੇਮਾਲ ਕਰਨਾ ਸ਼ਾਮਿਲ ਹੈ ਜਿਵੇਂ ਕਿ 'ਸਾਕਾ ਨੀਲਾ ਤਾਰਾ', ਅਤੇ 'ਦੰਗੇ' ਆਦਿ।

ਬਹੁਤ ਸਾਰੇ ਸਿੱਖ ਚਿੰਤਕਾਂ ਅਤੇ ਵਿਦਵਾਨਾਂ ਦਾ ਵਿਚਾਰ ਹੈ ਕਿ ਸਿੱਖ ਸੰਦਰਭ ਵਿਚ ਇਨ੍ਹਾਂ ਘਟਨਾਵਾਂ ਨੂੰ ਕ੍ਰਮਵਾਰ 'ਅੰਮ੍ਰਿਤਸਰ ਦੀ ਲੜਾਈ' ਅਤੇ 'ਸਰਕਾਰੀ ਕਤਲੇਆਮ' ਜਾਂ 'ਸਿੱਖ ਨਸਲਕੁਸ਼ੀ' ਦੇ ਨਾਮ ਨਾਲ ਸੱਦਿਆ ਜਾਣਾ ਚਾਹੀਦਾ ਸੀ ਕਿਉਂਕਿ ਜੂਨ 1984 ਦੀ ਇਹ ਲੜਾਈ ਭਾਰਤੀ ਫੌਜ ਅਤੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਾਥੀ ਕੁਝ ਧਰਮੀ ਸਿੱਖਾਂ ਵਿਚਕਾਰ ਸੀ, ਭਾਵ ਦਿੱਲੀ ਦੇ ਤਖਤ ਅਤੇ



ਸ੍ਰੀ ਅਕਾਲ ਤਖਤ ਸਾਹਿਬ ਵਿਚਕਾਰ ਸੀ ਜਿਸ ਵਿਚ ਮੁੱਠੀ ਭਰ ਸਿੰਘਾਂ ਨੇ ਖਾਲਸੇ ਦੇ ਸਵਾ ਸਵਾ ਲੱਖ ਨਾਲ ਲੜਨ ਦੇ ਇਤਿਹਾਸ ਨੂੰ ਇੱਕ ਵਾਰ ਫਿਰ ਦੁਹਰਾ ਦਿੱਤਾ। ਜੇਕਰ ਇਹ ਲੜਾਈ ਸਿਰਫ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਕੁਝ ਸਾਥੀਆਂ ਨੂੰ ਬਾਹਰ ਕੱਢਣ ਤੱਕ ਹੀ ਸੀਮਤ ਹੁੰਦੀ ਤਾਂ ਪੰਜਾਬ ਦੇ ਅਨੇਕਾਂ ਹੋਰ ਗੁਰਦੁਆਰਿਆਂ 'ਤੇ ਫੌਜੀ ਹਮਲੇ ਦੀ ਕੀ ਲੋੜ ਸੀ ਜਿਥੋਂ ਫੌਜ ਵਿਰੁਧ ਗੋਲੀ ਚਲਾਏ ਜਾਣ ਦੀ ਕਿਸੇ ਵੀ ਥਾਂ ਤੋਂ ਕੋਈ ਖਬਰ ਨਹੀਂ।

ਨਵੰਬਰ 1984 ਦੀ ਘਟਨਾ ਨੂੰ ਦੰਗੇ ਨਹੀਂ ਕਿਹਾ ਜਾ ਸਕਦਾ ਇਹ ਤਾਂ ਸਿੱਖਾਂ ਦਾ ਸਮੇਂ ਦੀ ਸਰਕਾਰ ਵੱਲੋਂ ਕੀਤਾ ਗਿਆ 'ਕਤਲੇਆਮ' ਅਤੇ 'ਨਸਲਕੁਸ਼ੀ' ਸੀ। ਦੰਗੇ ਉਹ ਹੁੰਦੇ ਹਨ- ਜਦੋਂ ਦੋ ਧਿਰਾਂ ਆਪਸ ਵਿਚ ਲੜਦੀਆਂ ਹੋਣ। ਪਰ ਨਵੰਬਰ 1984 ਵਿਚ ਤਾਂ ਸਿੱਖਾਂ ਵੱਲੋਂ ਕਿਸੇ ਧਿਰ 'ਤੇ ਕੋਈ ਹਮਲਾ ਨਹੀਂ ਕੀਤਾ ਗਿਆ ਸਗੋਂ ਸਿੱਖਾਂ ਨੂੰ ਤਾਂ ਉਨ੍ਹਾਂ ਦੇ ਆਪਣੇ ਹੀ ਘਰਾਂ ਵਿਚ ਜਾਂ ਜਿੱਥੇ ਵੀ ਕੋਈ ਸਿੱਖ ਮਿਲਿਆ ਧਾੜਵੀਆਂ ਦੀ ਫੌਜ ਨੇ ਜਾਨੋਂ ਮਾਰ ਦਿੱਤਾ। ਸਿੱਖ ਨਸਲਕੁਸ਼ੀ ਵਿਚ ਸਥਾਨਕ ਪੁਲਿਸ, ਪ੍ਰਸ਼ਾਸਨ ਅਤੇ ਰਾਜਨੀਤਕ ਲੀਡਰਾਂ ਦੇ ਆਪਸੀ ਤਾਲ-ਮੇਲ ਦੇ ਪੁਖਤਾ ਸਬੂਤ ਮੌਜੂਦ ਹੋਣ ਦੇ ਬਾਵਜੂਦ ਵੀ ਭਾਰਤੀ ਅਦਾਲਤਾਂ ਵੱਲੋਂ ਕਾਤਲਾਂ ਅਤੇ ਕਾਤਲੀ ਦੀਆਂ ਭੀੜਾਂ ਵਿਰੁਧ ਕੋਈ ਕਾਰਵਾਈ ਨਹੀਂ ਹੋਈ। ਇੱਥੋਂ ਤੱਕ ਕਿ ਮੁੱਖ ਦੋਸ਼ੀਆਂ ਵਿਰੁਧ ਐਫ ਆਈ ਆਰ ਤੱਕ ਦਰਜ ਕਰਵਾਉਣ ਲਈ ਸਿੱਖਾਂ ਨੂੰ 13 ਸਾਲ ਜਦੋਜਹਿਦ ਕਰਨੀ ਪਈ। ਉਪਰੰਤ ਚਾਰਜਸ਼ੀਟ ਪੇਸ਼ ਕਰਵਾਉਣ ਵਿਚ ਹੋਰ 7 ਸਾਲ ਲੱਗੇ ਜਦੋਂਕਿ ਇੰਦਰਾ ਗਾਂਧੀ ਨੂੰ ਮਾਰਨ ਵਾਲਿਆਂ ਨੂੰ 2 ਸਾਲ ਵਿਚ ਹੀ ਫਾਂਸੀ 'ਤੇ ਲਟਕਾ ਦਿੱਤਾ ਗਿਆ। ਇਸ ਦੂਹਰੇ ਮਾਪ-ਦੰਡ ਸਦਕਾ ਸਿੱਖਾਂ ਦੇ ਮਨਾਂ ਵਿਚੋਂ ਹੁਣ ਭਾਰਤੀ ਨਿਆਂ ਪ੍ਰਣਾਲੀ ਤੋਂ ਬਿਲਕੁਲ ਵਿਸ਼ਵਾਸ ਉਠ ਚੁੱਕਾ ਹੈ।

1984 ਦੇ ਦੁਖਾਂਤ ਦੇ ਸਮਕਾਲੀ ਲੋਕ, ਗਾਂਧੀਵਾਦੀ ਸੋਚ ਰੱਖਣ ਵਾਲੇ ਮੀਡੀਏ ਵੱਲੋਂ ਨਿਭਾਈ ਅਤੇ ਨਿਭਾਈ ਜਾ ਰਹੀ ਭੂਮਿਕਾ ਤੋਂ ਭਲੀਭਾਂਤ ਜਾਣੂ ਹਨ। ਉਹ ਇਹ ਵੀ ਜਾਣਦੇ ਹਨ ਕਿ ਕਿਸ ਤਰ੍ਹਾਂ ਵਿਦੇਸ਼ੀ ਪ੍ਰੈਸ ਨੂੰ ਪੰਜਾਬ ਤੋਂ ਦੂਰ ਰੱਖਿਆ ਗਿਆ ਅਤੇ ਕਿਸ ਤਰ੍ਹਾਂ ਸੰਤ ਜਰਨੈਲ ਸਿੰਘ ਖਾਲਸਾ ਵਰਗੇ ਇੱਕ ਸੱਚੇ ਸੁੱਚੇ ਸਿੱਖ ਦੀ ਛਵੀ ਵਿਗਾੜ ਕੇ ਲੋਕਾਂ ਸਾਹਮਣੇ ਪੇਸ਼ ਕੀਤੀ ਜਾਂਦੀ ਰਹੀ। ਪਰ ਸੰਤ ਜਰਨੈਲ ਸਿੰਘ ਖਾਲਸਾ ਆਪਣੇ ਨਾਂ ਨਾਲ ਜੁੜੇ ਸ਼ਬਦਾਂ ਸੰਤ, ਜਰਨੈਲ ਅਤੇ ਖਾਲਸਾ 'ਤੇ ਪੂਰਾ ਉਤਰਿਆ। ਅੱਜ ਤੱਕ ਕੋਈ ਅਜਿਹਾ ਸਬੂਤ ਨਜ਼ਰ ਨਹੀਂ ਆਇਆ ਜੋ ਇਹ ਸਿੱਧ ਕਰਦਾ ਹੋਵੇ ਕਿ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਸਿੱਧੇ ਤੌਰ 'ਤੇ ਕਿਸੇ ਦੀ ਜਾਨ ਲਈ ਹੋਵੇ ਪਰ ਇਸ ਗੱਲ ਦੇ ਸਬੂਤ ਜ਼ਰੂਰ ਮਿਲਦੇ ਹਨ ਕਿ ਉਹ ਹਰ ਇਨਸਾਨ ਨੂੰ ਆਪੋ-ਆਪਣੇ ਧਰਮ ਵਿਚ ਪਰਪੱਕ ਵੇਖਣਾ ਚਾਹੁੰਦੇ ਸਨ।

ਅੱਜ ਸਿੱਖਾਂ ਨੂੰ ਵੱਧ ਤੋਂ ਵੱਧ ਗਿਣਤੀ ਅਤੇ ਭਾਸ਼ਾਵਾਂ ਵਿਚ ਹਰ ਪ੍ਰਕਾਰ ਦਾ ਆਪਣਾ ਮੀਡੀਆ ਸਥਾਪਤ ਕਰਕੇ ਆਪਣੇ ਦੇਸ਼ ਵਾਸੀਆਂ ਅਤੇ ਦੁਨੀਆਂ ਦੇ ਲੋਕਾਂ ਨੂੰ ਇਹ ਗੱਲ ਸਮਝਾਉਣ ਦੀ ਸਖ਼ਤ ਜ਼ਰੂਰਤ ਹੈ ਕਿ ਸਿੱਖ ਇਨਸਾਨੀਅਤ ਦਾ ਪਹਿਰੇਦਾਰ ਹੈ ਕਿਸੇ ਦਾ ਦੁਸ਼ਮਣ ਨਹੀਂ। ਨੌਜਵਾਨਾਂ ਨੂੰ ਇਸ ਕੰਮ ਵਿਚ ਅੱਗੇ ਆਉਣਾ ਚਾਹੀਦਾ ਹੈ। ਸਿੱਖ ਕਿਸੇ ਵੀ ਕੌਮ, ਜਾਤ ਜਾਂ ਧਰਮ ਦਾ ਵਿਰੋਧੀ ਨਹੀਂ ਸਗੋਂ ਸਾਰੀਆਂ ਕੌਮਾਂ, ਜਾਤਾਂ ਅਤੇ ਸਾਰੇ ਧਰਮਾਂ ਦਾ ਸਤਿਕਾਰ ਕਰਦਾ ਹੈ। ਸਿੱਖ ਹਰ ਵੇਲੇ ਸਰਬੱਤ ਦਾ ਭਲਾ ਮੰਗਣ ਵਾਲਾ ਵਿਅਕਤੀ ਹੈ ਅਤੇ ਮਨੁੱਖਤਾ ਦੇ ਹਰ ਦੁੱਖ-ਸੁੱਖ ਦਾ ਭਾਈਵਾਲ ਹੈ। ਸਿੱਖ ਸਿਰਫ ਜ਼ੁਲਮ ਅਤੇ ਜ਼ਾਬਰ ਦਾ ਵਿਰੋਧੀ ਹੈ। ਸਿੱਖਾਂ ਵੱਲੋਂ ਆਹੂਤੀਆਂ ਦੇ ਕੇ ਦੂਜੇ ਧਰਮਾਂ ਅਤੇ ਲੋਕਾਂ ਦੀ ਰੱਖਿਆ ਕਰਨ ਦੀਆਂ ਬਹੁਤ ਸਾਰੀਆਂ ਇਤਿਹਾਸਕ ਮਿਸਾਲਾਂ ਵੀ ਮੌਜੂਦ ਹਨ।

ਅੱਜ ਹਰ ਸਿੱਖ ਨੂੰ ਸਿੱਖਾਂ ਨਾਲ ਹੋ ਰਹੇ ਵਿਤਕਰੇ, ਭੇਦ-ਭਾਵ, ਧਰਮ ਅਤੇ ਉਨ੍ਹਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ, ਤਸ਼ੱਦਦ, ਕਤਲੇਆਮ ਅਤੇ ਨਸਲਕੁਸ਼ੀ ਦੇ ਕਾਰਨਾਂ ਨੂੰ ਜਾਣਨ, ਸੋਚਣ, ਸਮਝਣ ਅਤੇ ਵਿਚਾਰਨ ਦੀ ਲੋੜ ਹੈ। ਇਤਿਹਾਸ ਗਵਾਹ ਹੈ ਕਿ ਭਾਰਤੀ ਹੁਕਮਰਾਨ, ਗਾਂਧੀਵਾਦੀ ਸੋਚ ਨਾਲ, ਭਾਰਤ ਵਿਚ ਵਸਦੀਆਂ ਘੱਟਗਿਣਤੀਆਂ ਅਤੇ ਬਹੁ-ਕੌਮਾਂ ਨੂੰ ਹਿੰਦੂ ਧਰਮ ਵਿਚ ਤਬਦੀਲ ਕਰਨ ਲਈ ਲਗਾਤਾਰ ਕਾਨੂੰਨੀ, ਪ੍ਰਬੰਧਕੀ ਅਤੇ ਰਾਜਨੀਤਕ ਸਾਧਨਾਂ ਦਾ ਇਸਤੇਮਾਲ ਕਰਦੇ ਹੋਏ, ਖਤਮ ਕਰਦੇ ਆ ਰਹੇ

## ਦੁਖਦੀ ਰਗ

ਹਨ। ਗਾਂਧੀਵਾਦੀ ਸੋਚ ਦੇ ਇਨ੍ਹਾਂ ਭਾਰਤੀ ਹੁਕਮਰਾਨਾਂ ਨੂੰ ਆਪਣੇ ਮਨਸੂਬੇ ਪੂਰੇ ਕਰਨ ਵਿਚ ਸਭ ਤੋਂ ਵੱਡੀ ਚੁਣੌਤੀ ਸਿੱਖਾਂ ਤੋਂ ਹੈ ਜਿਸ ਕਰਕੇ ਪਿਛਲੇ ਕੁਝ ਸਾਲਾਂ ਤੋਂ ਉਨ੍ਹਾਂ ਦੀ ਪੂਰੀ ਤਾਕਤ ਸਿੱਖ ਅਤੇ ਸਿੱਖੀ ਨੂੰ ਖਤਮ ਕਰਨ 'ਤੇ ਲੱਗੀ ਹੋਈ ਹੈ। ਆਉ ਸਾਰੇ ਰਲ ਕੇ ਜ਼ਰਾ ਸੋਚੀਏ ਅਤੇ ਵਿਚਾਰੀਏ ਕਿ

ਬੇਜ਼ਾਰੀਆਂ, ਲਾਚਾਰੀਆਂ,
ਬਦਨਾਮੀਆਂ, ਦੁਸ਼ਵਾਰੀਆਂ,
ਅੱਜ ਸਾਡੇ ਹੀ ਲੇਖੀਂ ਕਿਉਂ
ਆਈਆਂ ਇਹ ਸਾਰੀਆਂ?
ਵਾਰੇ ਜਿਨ੍ਹਾਂ ਲਈ ਸੀਸ,
ਚਲਵਾਈਆਂ ਸਿਰਾਂ 'ਤੇ ਆਰੀਆਂ
ਲਾਉਣ ਸਾਡੇ ਹੀ ਖੂਨ ਵਿਚ
ਉਹ ਹੱਸ ਹੱਸ ਤਾਰੀਆਂ।
ਕੁਝ ਸੋਚੀਏ, ਪੜਤਾਲੀਏ,
ਰਲ ਲੱਭੀਏ ਇਸ ਦੀ ਵਜ੍ਹਾ
ਕਿ ਅਸਾਂ ਜਿੱਤ ਕੇ ਹੀ ਸਦਾ,
ਬਾਜ਼ੀਆਂ ਕਿਉਂ ਹਾਰੀਆਂ?
ਲੜਦੇ ਰਹੇ ਆਪਸ 'ਚ ਹੀ,
ਨਾ ਸਮਝੇ ਹੁਣ ਵੀ ਅਗਰ
ਇਤਿਹਾਸ ਬਣ ਜਾਣੀਆਂ
ਇਹ ਵੇਖਿਓ ਸਰਦਾਰੀਆਂ।

## ਕਾਵਿ-ਕਿਆਰੀ

### ਗੀਤ

ਅਸੀਂ ਤਾਂ ਪਾਈ ਜਾਂਦੇ ਹਾਂ ਗਲ ਹਾਰ ਸ਼ਹੀਦਾਂ ਦੇ।
ਭੁੱਖੇ ਮਰਦੇ ਫਿਰਦੇ ਨੇ ਪਰਿਵਾਰ ਸ਼ਹੀਦਾਂ ਦੇ।

ਕਾਲੇ ਧਨ ਦੇ ਖਾਤੇ ਦੇਸੋਂ ਬਾਹਰ ਖੁਲਾ ਲਏ ਨੇ,
ਲੋਕ ਲੀਡਰਾਂ ਲੁੱਟ ਕੇ ਕਾਰੋਬਾਰ ਵਧਾ ਲਏ ਨੇ,
ਕਰਦੇ ਨੇ ਮਜ਼ਦੂਰੀ ਰਿਸ਼ਤੇਦਾਰ ਸ਼ਹੀਦਾਂ ਦੇ...

ਰੁਲੀਆਂ ਧੀਆਂ ਫਾਹੇ ਲੈ ਕਿਰਸਾਨ ਮਰੇ ਏਥੇ,
ਨਸ਼ਿਆਂ ਦੇ ਵਿਚ ਡੁੱਬ-ਡੁੱਬ ਪੁੱਤ ਜਵਾਨ ਮਰੇ ਏਥੇ,
ਚੜ੍ਹਦਾ ਜਾਵੇ ਰੂਹਾਂ ਉਤੇ ਭਾਰ ਸ਼ਹੀਦਾਂ ਦੇ...

ਖਾਬ ਸ਼ਹੀਦਾਂ ਦੇ ਹਾਲੇ ਸਾਕਾਰ ਨਹੀਂ ਹੋਏ,
ਲੋਕ ਗਰੀਬੀ ਮਾਰੂਥਲ 'ਚੋਂ ਪਾਰ ਨਹੀਂ ਹੋਏ,
ਗੁਣ ਗਾ ਕੇ ਘਰ ਮੁੜ ਜਾਈਏ ਹਰ ਵਾਰ ਸ਼ਹੀਦਾਂ ਦੇ...

ਮਰੇ ਵਤਨ ਜਿਹੜੇ ਲਈ ਉਹ ਮਨਜ਼ੂਰੀ ਲਈ ਦਿੰਦਾ,
'ਕੰਗ' ਸ਼ਹੀਦਾਂ ਨੂੰ ਮਾਨਤਾ ਪੂਰੀ ਨਹੀਂ ਦਿੰਦਾ,
ਰੋਲ ਦੇਣ ਨਾ ਮੜੀਆ ਅਤੇ ਮਜ਼ਾਰ ਸ਼ਹੀਦਾਂ ਦੇ...
ਭੁੱਖੇ ਮਰਦੇ ਫਿਰਦੇ ਨੇ ਪਰਿਵਾਰ ਸ਼ਹੀਦਾਂ ਦੇ।

-ਹਰਜਿੰਦਰ ਕੰਗ
ਫੋਨ: 559-917-4890

---

### ਗ਼ਜ਼ਲ

ਛੱਤਾਂ ਤਾਂ ਥੰਮ੍ਹ ਲੈਣਗੇ ਮਜ਼ਬੂਤ ਇਹ ਥੰਮੁਲੇ।
ਫੁੱਲਾਂ ਤੋਂ ਸੱਖਣੇ ਰਹਿਣਗੇ ਤੇਰੇ ਬਿਨਾਂ ਗਮਲੇ।
ਕੁਝ ਚਿਰਾਂ ਤੋਂ ਸ਼ਾਂਤ ਸਨ ਲਗਦਾ ਸੀ ਮਰ ਗਏ,
ਮੌਕਾ ਜਾਂ ਮਿਲਿਆ ਮਨਾਂ 'ਚ ਸਭ ਅਰਮਾਨ ਚੰਭਲੇ।
ਜੇ ਕਿਤੇ ਉਹ ਸਾਹਵੇਂ ਆਵੇ ਮੁੱਦਤਾਂ ਤੋਂ ਬਾਅਦ
'ਕੇਰਾਂ ਤਾਂ ਮਨਾਉਣਗੇ ਮੇਰਾ ਦਿਲ ਭਵਾਂ ਸੰਭਲੇ।
ਤੇਰੇ ਤੱਕ ਪਹੁੰਚਣ ਦੀ ਗੱਲ ਮਨਾਂ 'ਚ ਰਹਿ ਗਈ,
ਰਾਹਾਂ 'ਚ ਦਮ ਤੋੜ ਗਏ ਸਨ ਮੇਰੇ ਸਭ ਹੰਭਲੇ।
ਦੋ ਜਮ੍ਹਾਂ ਦੋ ਜ਼ਿੰਦਗੀ ਵਿਚ ਚਾਰ ਕਦ ਹੋਏ,
ਤਿੰਨ ਜਾਂ ਪੰਜ ਵੀ ਸਮਝ ਲਾਂ'ਗੇ ਹਾਂ ਏਨੇ ਕਮਲੇ।
ਕਿਤੇ ਕਿਤੇ ਤਾਂ ਤਲ ਦੀ ਰੇਤ ਵੀ ਨਜ਼ਰ ਲੈ ਆਉਂਦੀ,
ਸ਼ੁਕਰ 'ਬੀਸਲੇ' ਹਰ ਜਗ੍ਹਾ ਦਰਿਆ ਨਹੀਂ ਗੰਧਲੇ!

-ਹਰਿੰਦਰ ਸਿੰਘ ਬੀਸਲਾ
ਫੋਨ: 314-226-4120


### ਉਹ ਧਰਤੀ ਭੁਲਾ ਆਏ...

ਅਸੀਂ ਜੰਮੇ-ਪਲੇ ਜਿਥੇ ਸੀ,
ਉਹ ਧਰਤੀ ਭੁਲਾ ਆਏ।
ਮੁਹੱਬਤ ਪਿਆਰ ਵਤਨਾਂ ਦਾ,
ਤੇ ਸਭ ਸਾਂਝਾਂ ਮੁਕਾ ਆਏ।
ਬੱਸ ਐਨਾ ਰਹਿ ਗਿਆ,
ਸਾਡਾ ਵਤਨ ਦੇ ਨਾਲ ਰਿਸ਼ਤਾ ਹੁਣ,
ਵਰ੍ਹੀਂ ਸਾਲੀਂ ਕਿਤੇ ਬੱਚਿਆਂ ਨੂੰ,
ਪਿੰਡ ਆਪਣਾ ਦਿਖਾ ਆਏ।
ਮਹੱਲਾਂ ਜਿਹੇ ਨੇ ਘਰ ਸਾਡੇ,
ਜੋ ਲੋਕਾਂ ਨੇ ਸੰਭਾਲੇ ਨੇ,
ਘਰਾਂ ਦੇ ਦੁਸ਼ਮਣਾਂ ਨੂੰ
ਘਰਾਂ ਦੀ, ਰਾਖੀ ਬਿਠਾ ਆਏ।
ਜਿਨ੍ਹਾਂ ਵਿਚ ਮਿਹਨਤਾਂ ਕਰ ਕੇ,
ਬਜ਼ੁਰਗਾਂ ਪਾਲਿਆ ਸਾਨੂੰ,
ਅਸੀਂ ਉਹ ਭੰਗ ਦੇ ਭਾੜੇ,
ਨਿਸ਼ਾਨੀ ਵੀ ਲੁਟਾ ਆਏ।
ਬੱਸ ਐਨੀ ਰਹਿ ਗਈ ਸਾਡੀ,
ਵਤਨ ਵਿਚ ਹੁਣ ਜ਼ਿਮੀਦਾਰੀ,
ਕਿਰਾਏ ਲਈ ਰਹਿਣ ਰੱਖੀਆਂ,
ਜ਼ਮੀਨਾਂ ਨਾਂ ਛੁਡਾ ਆਏ।
ਜੇ ਡਾਲਰ ਨੇ ਤਾਂ ਜ਼ਰਬਾਂ ਨੇ,
ਰੁਪਈਏ ਨੇ ਤਾਂ ਤਕਸੀਮਾਂ,
ਕਦੇ ਰੋਕੜ ਵਧਾ ਆਏ,
ਕਦੇ ਰੋਕੜ ਘਟਾ ਆਏ।
ਵਤਨ ਦੇ ਦੋਸਤਾਂ ਨਾਲ,
ਰਹਿ ਗਈ ਹੁਣ ਦੋਸਤੀ ਐਨੀ
ਕਦੇ ਚਾਹ ਪੀ ਲਈ ਬਹਿ ਕੇ,
ਯਾ ਦੋ ਫੋਟੋ ਖਿਚਾ ਆਏ।
ਖਿਆਲਾਂ ਵਿਚ ਵੀ ਹੁਣ ਸਾਡੇ,
ਹਨੇਰਾ ਈ ਹਨੇਰਾ ਏ,
ਅਸੀਂ ਵਤਨਾਂ ਦੀਆਂ ਯਾਦਾਂ ਦੇ,
ਸਭ ਦੀਵੇ ਬੁਝਾ ਆਏ।
ਕਦੀ ਪਰਤੇ ਵੀ ਜੇ 'ਆਜ਼ਾਦ',
ਵਤਨੀਂ ਬਹਿਣਗੇ ਕਿਥੇ,
ਜੋ ਰੁੱਖ ਮਮਤਾ ਦੀਆਂ ਛਾਵਾਂ ਦੇ ਨੇ,
ਹੱਥੀਂ ਜਲਾ ਆਏ।

-ਆਜ਼ਾਦ ਜਲੰਧਰੀ

# ਪੈ'ਗੀ ਯਾਰੀ 'ਚ ਤਰੇੜ ਕਿ 'ਆਪਣੇ' ਸ਼ਰੀਕ ਹੋ ਗਏ...

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

*ਅਕਾਲੀ-ਭਾਜਪਾ ਸਾਂਝ ਨਿਭਣ ਦੀਆਂ ਸੰਭਾਵਨਾਵਾਂ ਹੁਣ ਜਦੋਂ ਖਤਮ ਹੁੰਦੀਆਂ ਜਾ ਰਹੀਆਂ ਹਨ, ਬਾਦਲ ਸਾਹਿਬ ਦੇ ਬਿਆਨ ਨਿਰ੍ਹੇ ਬਿਆਨ ਹੀ ਨਹੀਂ, ਆਪਣੀਆਂ ਸਫਾਂ ਨੂੰ ਅਗਲੇ ਮੋਰਚੇ ਲਈ ਤਿਆਰ ਹੋਣ ਦਾ ਲਲਕਾਰਾ ਵੀ ਲੱਗਦੇ ਹਨ। ਰਾਜ ਕਰਦੇ ਗੱਠਜੋੜ ਦੇ ਹਾਲਾਤ ਕਿਸ ਪਾਸੇ ਜਾਣਗੇ, ਉਨ੍ਹਾਂ ਦਾ ਨਿਭਾਅ ਹੋ ਸਕੇਗਾ ਜਾਂ ਤਲਾਕ ਹੋ ਜਾਵੇਗਾ- ਇਹ ਦੋ ਪਾਰਟੀਆਂ ਦਾ ਆਪਸੀ ਮਾਮਲਾ ਹੋ ਸਕਦਾ ਹੈ, ਪਰ ਲਲਕਾਰੇ ਵਰਗਾ ਬਿਆਨ ਦੋ ਪਾਰਟੀਆਂ ਦਾ ਮਾਮਲਾ ਨਹੀਂ। ਇਸ ਬਿਆਨ ਦੇ ਨਾਲ ਪੰਜਾਬ ਦੇ ਭਵਿੱਖ ਦਾ ਸਬੰਧ ਹੈ, ਉਸ ਪੰਜਾਬ ਦੇ ਭਵਿੱਖ ਦਾ ਸਬੰਧ ਹੈ, ਜਿਹੜਾ ਪਹਿਲਾਂ ਪੰਝੀ ਹਜ਼ਾਰ ਪੰਜਾਬੀਆਂ ਦੀ ਕੁਰਬਾਨੀ ਦੇ ਕੇ ਮਸਾਂ ਇੱਕ ਅੰਨ੍ਹੀ ਗਲੀ ਵਿਚੋਂ ਬਾਹਰ ਨਿਕਲਿਆ ਸੀ।*

ਬੀਤਿਆ ਹਫਤਾ ਬੜੀ ਅਜੀਬ ਜਿਹੀ ਹਲਚਲ ਵਾਲਾ ਸੀ। ਇਸ ਇੱਕੋ ਹਫਤੇ ਵਿਚ ਕਈ ਵਾਰ ਸਾਥੋਂ ਲੋਕਾਂ ਨੇ ਇਹ ਸਵਾਲ ਪੁੱਛਿਆ ਕਿ ਪੰਜਾਬ ਦੀ ਮੌਜੂਦਾ ਵਿਧਾਨ ਸਭਾ ਆਪਣੀ ਮਿਆਦ ਪੂਰੀ ਕਰੇਗੀ ਜਾਂ ਅੱਧ-ਵਿਚਾਲੇ ਚੋਣਾਂ ਦੇ ਰਾਹ ਪੈ ਜਾਵੇਗੀ? ਪਹਿਲੇ ਦੋ ਦਿਨ ਅਸੀਂ ਸਾਫ ਕਿਹਾ ਕਿ ਇਹ ਮਿਆਦ ਪੂਰੀ ਕਰੇਗੀ। ਤੀਸਰਾ ਅਤੇ ਚੌਥਾ ਦਿਨ ਅਸੀਂ ਇਹ ਕਿਹਾ ਕਿ ਸ਼ਾਇਦ ਇਹ ਮਿਆਦ ਪੂਰੀ ਕਰ ਜਾਵੇ। ਪੰਜਵਾਂ ਦਿਨ ਚੜ੍ਹਨ ਤੱਕ ਸਾਨੂੰ ਅਗਲੀ ਗੱਲ ਕਹਿਣੀ ਪੈ ਗਈ ਕਿ ਹੁਣ ਇਹ ਵਿਧਾਨ ਸਭਾ ਆਪਣੀ ਮਿਆਦ ਪੂਰੀ ਕਰਦੀ ਨਹੀਂ ਜਾਪਦੀ। ਸਿਆਸੀ ਘਟਨਾਵਾਂ ਦਾ ਵਹਿਣ ਏਨਾ ਤੇਜ਼ ਤੁਰ ਪਿਆ ਕਿ ਕਿਸੇ ਵੀ ਵੇਲੇ ਕੁਝ ਵਾਪਰ ਜਾਣ ਦੀ ਸੰਭਾਵਨਾ ਦਿੱਸਣ ਲੱਗ ਪਈ। ਇਨ੍ਹਾਂ ਘਟਨਾਵਾਂ ਦੇ ਵਹਿਣ ਦਾ ਸਿਖਰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਇਹ ਕਹਿਣਾ ਸੀ ਕਿ ਜੇ ਭਾਜਪਾ ਨੇ 'ਅਕਾਲੀ ਦਲ ਨਾਲ ਆਪਣਾ ਗੱਠਜੋੜ ਤੋੜਿਆ ਤਾਂ ਪੰਜਾਬ ਦੀ ਸ਼ਾਂਤੀ ਤੇ ਸਦਭਾਵਨਾ ਨੂੰ ਖਤਰਾ ਪੈਦਾ ਹੋ ਜਾਵੇਗਾ।' ਅੱਧੀ ਸਦੀ ਤੋਂ ਵੱਧ ਰਾਜਨੀਤੀ ਵਿਚ ਛਾਏ ਰਹੇ ਆਗੂ ਦੇ ਮੂੰਹੋਂ ਇਹ ਗੱਲ ਜਦੋਂ ਨਿਕਲਦੀ ਹੈ ਤਾਂ ਐਵੇਂ ਨਹੀਂ ਨਿਕਲਦੀ, ਇਸ ਦੇ ਪਿੱਛੇ ਉਸ ਦੀ ਮੌਕਾ ਸੰਭਾਲਣ ਵਿਚ ਆਪਣੀ ਬੇਵੱਸੀ ਝਲਕਦੀ ਹੈ, ਜਿਸ ਨੂੰ ਕੋਈ ਵੀ ਸੁੰਘ ਸਕਦਾ ਹੈ।

ਇਸ ਬੀਤੇ ਹਫਤੇ ਵਿਚ ਮੁੱਖ ਮੰਤਰੀ ਬਾਦਲ ਦੇ ਮੂੰਹੋਂ ਸ਼ਬਦ ਬਦਲਦੇ ਰਹੇ। ਪਹਿਲਾਂ ਉਹ ਇਹ ਕਹਿੰਦੇ ਸਨ ਕਿ ਅਕਾਲੀ-ਭਾਜਪਾ ਗੱਠਜੋੜ ਵਿਚ ਪਾਟਕ ਦੀ ਗੱਲ ਸੋਚੀ ਹੀ ਨਹੀਂ ਜਾ ਸਕਦੀ। ਫਿਰ ਇਹ ਕਹਿਣ ਲੱਗ ਪਏ ਕਿ ਮੇਰੇ ਜਿਉਂਦੇ-ਜੀਅ ਇਹ ਗੱਠਜੋੜ ਨਹੀਂ ਟੁੱਟ ਸਕਦਾ। ਹਫਤੇ ਦੇ ਅੰਤ ਵਿਚ ਬਾਦਲ ਦਾ ਇਹ ਪੈਂਤੜਾ ਵੀ ਪੱਕਾ ਨਾ ਰਹਿ ਸਕਿਆ ਤਾਂ ਉਨ੍ਹਾਂ ਉਹ ਕੁਝ ਕਹਿ ਦਿੱਤਾ, ਜਿਸ ਦੀ ਕਿਸੇ ਨੂੰ ਏਨੀ ਛੇਤੀ ਆਸ ਨਹੀਂ ਸੀ। ਬਾਦਲ ਸਾਹਿਬ ਨੇ ਕਿਹਾ, "ਜੇ ਕੋਈ ਵੱਖ ਹੋਣ ਲਈ ਮਨ ਹੀ ਬਣਾ ਲਵੇ ਤਾਂ ਮੈਂ ਕੀ ਕਰ ਸਕਦਾ ਹਾਂ?" ਸਥਿਤੀ ਦੇ ਅਸਲੀ ਅਹਿਸਾਸ ਬਾਰੇ ਬਾਦਲ ਦਾ ਇਹ ਬਿਆਨ ਭਾਜਪਾ ਦੇ ਕੇਂਦਰੀ ਇੰਚਾਰਜ ਦੇ ਪੰਜਾਬ ਦਾ ਗੇੜਾ ਲਾਉਣ ਪਿੱਛੋਂ ਆਇਆ ਹੈ।

ਪੰਜਾਬ ਦੇ ਮਾਮਲਿਆਂ ਦੇ ਭਾਜਪਾ ਵੱਲੋਂ ਕੇਂਦਰੀ ਇੰਚਾਰਜ ਰਾਮ ਸ਼ੰਕਰ ਕਥੇਰੀਆ ਨੇ ਜਦੋਂ ਪੰਜਾਬ ਦਾ ਗੇੜਾ ਲਾਇਆ ਤਾਂ ਇਹ ਪਹਿਲੀ ਵਾਰ ਹੋਇਆ ਕਿ ਭਾਜਪਾ ਦਾ ਕੇਂਦਰੀ ਇੰਚਾਰਜ ਇਥੇ ਆਵੇ ਤੇ ਮੁੱਖ ਮੰਤਰੀ ਬਾਦਲ ਜਾਂ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਮਿਲਣ ਦੀ ਲੋੜ ਨਾ ਸਮਝੇ। ਇਸ ਤੋਂ ਪਹਿਲਾਂ ਭਾਜਪਾ ਨੇ ਪੰਜਾਬ ਦਾ ਇੰਚਾਰਜ ਬੜੇ ਸ਼ਾਂਤ ਜਿਹੇ ਸ਼ਾਂਤਾ ਕੁਮਾਰ ਨੂੰ ਲਾ ਰੱਖਿਆ ਸੀ, ਜਿਹੜਾ ਹਰ ਕਿਸੇ ਦਾ ਪੈਰ ਮਿੱਧਣ ਤੋਂ ਬਚਣ ਵਾਲਾ ਬੰਦਾ ਸੀ। ਨਵਾਂ ਇੰਚਾਰਜ ਰਾਮ ਸ਼ੰਕਰ ਕਥੇਰੀਆ ਸੁਭਾਅ ਵੱਲੋਂ ਅੜਬੰਗ ਹੈ। ਆਗਰੇ ਤੋਂ ਜਿੱਤ ਕੇ ਪਾਰਲੀਮੈਂਟ ਵਿਚ ਪਹੁੰਚਿਆ ਇਹ ਆਗੂ ਕਿੱਤੇ ਵਜੋਂ ਪ੍ਰੋਫੈਸਰ ਹੈ। ਜਦੋਂ ਉਸ ਨੇ ਚੋਣ ਲੜੀ, ਆਪਣੇ ਐਫੀਡੇਵਿਟ ਵਿਚ ਇਹ ਵੇਰਵਾ ਉਸ ਨੇ ਖੁਦ ਦਰਜ ਕੀਤਾ ਸੀ ਕਿ ਉਸ ਦੇ ਖਿਲਾਫ ਕਈ ਵੰਨਗੀਆਂ ਦੇ ਇੱਕੀ ਕੇਸ ਚੱਲਦੇ ਹਨ। ਇਸ ਤਰ੍ਹਾਂ ਦਾ ਬੰਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਰੇ ਰਾਜਸੀ ਪੱਖ ਸੋਚ ਕੇ ਹੀ ਪੰਜਾਬ ਨੂੰ ਭੇਜਿਆ ਸੀ।

ਭਾਰਤੀ ਜਨਤਾ ਪਾਰਟੀ ਅੰਦਰ ਪੰਜਾਬ ਦੇ ਰਾਜਸੀ ਗੱਠਜੋੜ ਅਤੇ ਖਾਸ ਤੌਰ 'ਤੇ ਅਕਾਲੀ ਦਲ ਵਾਸਤੇ ਉਹ ਸੁਹਿਰਦਤਾ ਨਹੀਂ ਰਹੀ, ਜਿਹੜੀ ਪਾਰਲੀਮੈਂਟ ਚੋਣਾਂ ਤੋਂ ਪਹਿਲਾਂ ਹੁੰਦੀ ਸੀ। ਅਰੁਣ ਜੇਤਲੀ ਨੂੰ ਅੰਮ੍ਰਿਤਸਰ ਤੋਂ ਭਾਜਪਾ ਦਾ ਉਮੀਦਵਾਰ ਬਣਵਾਉਣ ਵੇਲੇ ਜਿਹੜੀ ਸੋਚ ਅਕਾਲੀਆਂ ਨੇ ਰੱਖੀ ਸੀ, ਉਹ ਉਲਟੀ ਪੈ ਗਈ ਹੈ। ਚੋਣ ਪ੍ਰਚਾਰ ਵੇਲੇ ਅਰੁਣ ਜੇਤਲੀ ਨੇ ਪੰਜਾਬ ਦੇ ਸਾਰੇ ਉਨ੍ਹਾਂ ਹਾਲਾਤ ਨੂੰ ਵੀ ਸਮਝ ਲਿਆ, ਜਿਹੜੇ ਹੁਣ ਤੱਕ ਦਿੱਲੀ ਬੈਠੀ ਭਾਜਪਾ ਹਾਈ ਕਮਾਨ ਨੂੰ ਪਤਾ ਨਹੀਂ ਸਨ। ਨਸ਼ਿਆਂ ਦੇ ਵਿਕਣ ਬਾਰੇ ਵੀ ਅਤੇ ਵਿਕਾਉਣ ਵਾਲਿਆਂ ਬਾਰੇ ਵੀ ਉਨ੍ਹਾਂ ਨੂੰ ਸਾਰੀ ਸੂਚਨਾ ਮਿਲ ਗਈ ਤੇ ਪੰਜਾਬ ਦੇ ਪ੍ਰਸ਼ਾਸਕੀ ਅਧਿਕਾਰੀਆਂ ਦੇ ਵਿਚਾਰੇ ਜਿਹੇ ਬਣ ਜਾਣ ਬਾਰੇ ਵੀ।

ਚੋਣਾਂ ਪਿੱਛੋਂ ਅਰੁਣ ਜੇਤਲੀ ਦੇਸ਼ ਦਾ ਖਜ਼ਾਨਾ ਮੰਤਰੀ ਬਣ ਗਿਆ ਤਾਂ ਅਕਾਲੀ ਆਗੂ ਖਿੜ ਗਏ, ਪਰ ਉਸ ਦੀ ਪਹਿਲੀ ਚਿੱਠੀ ਆਉਂਦੇ ਸਾਰ ਇਹੋ ਜਿਹੇ ਭੁੰਜੇ ਲੱਥੇ ਕਿ ਫਿਰ ਲੀਹ ਉਤੇ ਨਹੀਂ ਆ ਸਕੇ। ਉਸ ਨੇ ਜੋ ਕੁਝ ਲਿਖਿਆ, ਉਸ ਦਾ ਭਾਵ ਇਹ ਨਿਕਲਦਾ ਸੀ ਕਿ ਪਿਛਲੀ ਕੇਂਦਰ ਸਰਕਾਰ ਦੇ ਵਕਤ ਪੰਜਾਬ ਲਈ ਏਨੀ ਮਾਇਆ ਮਿਲੀ ਹੈ ਕਿ ਕੋਈ ਅੰਤ ਨਹੀਂ ਰਿਹਾ ਤੇ ਇਸ ਪੈਸੇ ਦੀ ਜਿੰਨੀ ਦੁਰਵਰਤੋਂ ਹੋਈ, ਉਸ ਦਾ ਵੀ ਕੋਈ ਸਾਨੀ ਨਹੀਂ ਹੋਣਾ। ਇਸ ਚਿੱਠੀ ਨੇ ਏਨੀ ਘਾਬਰ ਪਾ ਦਿੱਤੀ ਕਿ ਪਹਿਲਾਂ ਦੋ ਦਿਨ ਬਾਦਲ ਸਾਹਿਬ ਇਸ ਚਿੱਠੀ ਦੇ ਆਉਣ ਤੋਂ ਇਨਕਾਰ ਕਰਦੇ ਰਹੇ ਤੇ ਤੀਸਰੇ ਦਿਨ ਇਹ ਕਹਿ ਦਿੱਤਾ ਕਿ ਇਹ ਚਿੱਠੀ ਸਾਰੇ ਲੋਕਾਂ ਨੇ ਪੜ੍ਹ ਹੀ ਲਈ ਹੈ, ਹੁਣ ਟਿੱਪਣੀ ਕਰਨ ਦੀ ਲੋੜ ਨਹੀਂ ਰਹਿ ਗਈ। ਜੇ ਪੰਜਾਬ ਵਿਚ ਵਿਰੋਧੀ ਧਿਰ ਕਾਂਗਰਸ ਕਾਸੇ ਜੋਗੀ ਹੁੰਦੀ ਤਾਂ ਸਰਕਾਰ ਨੂੰ ਵਾਹਣੀਂ ਪਾ ਛੱਡਦੀ, ਪਰ ਬਾਦਲ ਸਰਕਾਰ ਦੀ ਖੁਸ਼ਕਿਸਮਤੀ ਸੀ ਕਿ ਕਾਂਗਰਸੀ ਆਪਣੇ ਕੋੜਮੇ ਦੀ ਜੰਗ ਵਿਚ ਹੀ ਉਲਝੇ ਪਏ ਸਨ।

ਕਿਉਂਕਿ ਪੰਜਾਬ ਵਿਚ ਕਾਂਗਰਸੀ ਆਗੂ ਆਪਣੀ ਖਾਨਾ-ਜੰਗੀ ਵਿਚ ਰੁੱਝੇ ਰਹਿਣ ਦੀ ਆਦਤ ਪਾ ਬੈਠੇ ਹਨ, ਇਸ ਲਈ ਭਾਜਪਾ ਹੁਣ ਇਸ ਰਾਜ ਵਿਚ ਇੱਕ ਹਕੀਕੀ ਵਿਰੋਧੀ ਧਿਰ ਪੇਸ਼ ਕਰਨ ਲਈ ਤਿਆਰ ਹੋ ਰਹੀ ਹੈ। ਦਿੱਲੀ ਤੋਂ ਆਏ ਕੇਂਦਰੀ ਇੰਚਾਰਜ ਰਾਮ ਸ਼ੰਕਰ ਕਥੇਰੀਆ ਦੀਆਂ ਮੀਟਿੰਗਾਂ ਦੌਰਾਨ ਭਾਜਪਾ ਲੀਡਰਾਂ ਨੇ ਪਹਿਲੀ ਵਾਰੀ ਕੁਝ ਜ਼ੋਰ ਨਾਲ ਆਪਣੇ ਇਤਰਾਜ਼ ਦਰਜ ਕਰਵਾਏ ਤੇ ਸਰਕਾਰ ਵਿਚੋਂ ਬਾਹਰ ਨਿਕਲ ਜਾਣ ਦੀ ਮੰਗ ਚੁੱਕਣ ਦੀ ਜੁਰਅੱਤ ਕੀਤੀ, ਵਰਨਾ ਲਿਲਕੜੀਆਂ ਜਿਹੀਆਂ ਕੱਢਦੇ ਰਹਿੰਦੇ ਸਨ। ਉਨ੍ਹਾਂ ਨੂੰ ਇਹ ਡਰ ਰਹਿੰਦਾ ਸੀ ਕਿ ਮੀਟਿੰਗ ਮੁੱਕਦੇ ਸਾਰ ਫਲਾਣਾ ਬੰਦਾ ਸਾਡੀਆਂ ਗੱਲਾਂ ਬਾਦਲ ਬਾਪ-ਬੇਟੇ ਨੂੰ ਦੱਸ ਕੇ ਸਿਆਪਾ ਪਾ ਦੇਵੇਗਾ। ਜਿਸ ਫਲਾਣੇ ਬੰਦੇ ਦਾ ਡਰ ਉਨ੍ਹਾਂ ਨੂੰ ਰਹਿੰਦਾ ਸੀ, ਉਹ ਹੁਣ ਵੀ ਭਾਜਪਾ ਮੀਟਿੰਗਾਂ ਵਿਚ ਅਕਾਲੀ-ਭਾਜਪਾ ਗੱਠਜੋੜ ਦੇ ਪੱਖ




ਵਿਚ ਇਸੇ ਤਰ੍ਹਾਂ ਬੋਲਿਆ, ਜਿਵੇਂ ਬਾਦਲ ਅਕਾਲੀ ਦਲ ਦਾ ਡੈਲੀਗੇਟ ਹੋਵੇ, ਪਰ ਇਸ ਵਾਰੀ ਉਸ ਨੂੰ ਹੁੰਗਾਰਾ ਦੇਣ ਵਾਲੇ ਨਹੀਂ ਸਨ ਲੱਭ ਰਹੇ। ਆਗੂਆਂ ਦੀ ਵੱਡੀ ਗਿਣਤੀ ਤੋੜ-ਵਿਛੋੜੇ ਦੇ ਪੱਖ ਵਿਚ ਬੋਲਣ ਵਾਲੀ ਸੀ। ਇਸ ਦੇ ਬਾਵਜੂਦ ਬਾਦਲ ਸਾਹਿਬ ਆਪਣੇ ਪੁਰਾਣੇ ਬਿਆਨ ਉਤੇ ਕਾਇਮ ਸਨ ਕਿ 'ਮੇਰੇ ਜਿਉਂਦੇ ਜੀਅ ਇਹ ਗੱਠਜੋੜ ਟੁੱਟ ਨਹੀਂ ਸਕਦਾ।'

ਮੁੱਖ ਮੰਤਰੀ ਬਾਦਲ ਦੀ ਬੋਲੀ ਆਖਰ ਨੂੰ ਦੋ ਗੱਲਾਂ ਨੇ ਬਦਲੀ, ਅਤੇ ਏਨੀ ਬਦਲੀ ਕਿ ਉਸ ਵਿਚੋਂ ਸਿੱਧੇ ਭੇੜ ਦੀ ਤਿਆਰੀ ਦੇ ਪੈਂਤੜੇ ਲੱਭਣ ਲੱਗ ਪਏ। ਇਨ੍ਹਾਂ ਵਿਚੋਂ ਇੱਕ ਤਾਂ ਪੰਜਾਬ ਦੇ ਭਾਜਪਾ ਪ੍ਰਧਾਨ ਕਮਲ ਸ਼ਰਮਾ ਦਾ ਇਹ ਬਿਆਨ ਸੀ ਕਿ ਅਕਾਲੀ ਦਲ ਨਾਲ ਹੁਣ ਸਾਡੇ ਸਬੰਧ ਪਹਿਲਾਂ ਵਾਲੇ ਨਹੀਂ ਰਹਿ ਗਏ। ਇਹ ਕਮਲ ਸ਼ਰਮਾ ਉਹੋ ਹੈ, ਜਿਹੜਾ ਭਾਜਪਾ ਦਾ ਪੰਜਾਬ ਦਾ ਪ੍ਰਧਾਨ ਬਣਾਏ ਜਾਣ ਤੋਂ ਚਾਰ ਦਿਨ ਪਿੱਛੋਂ ਤੱਕ ਵੀ ਮੁੱਖ ਮੰਤਰੀ ਬਾਦਲ ਦੇ ਦਫਤਰ ਵਿਚ ਇੱਕ ਆਫੀਸਰ ਆਨ ਸਪੈਸ਼ਲ ਡਿਊਟੀ ਦੇ ਅਹੁਦੇ ਵਾਲਾ ਬਾਦਲ ਦਾ ਕਾਰਿੰਦਾ ਹੁੰਦਾ ਸੀ। ਉਸ ਬਾਰੇ ਆਮ ਰਾਏ ਇਹ ਸੀ ਕਿ ਉਹ ਬਾਦਲ ਦੀ ਇੱਛਾ ਨਾਲ ਪ੍ਰਧਾਨ ਬਣਾਇਆ ਗਿਆ ਹੈ, ਪਰ ਦਿੱਲੀ ਦਾ ਸੰਕੇਤ ਸਮਝਦੇ ਸਾਰ ਉਹ ਵੀ ਇਸ ਗੱਠਜੋੜ ਬਾਰੇ ਅਕਾਲੀਆਂ ਨਾਲ ਟਕਰਾਵੀਂ ਬੋਲੀ ਬੋਲਣ ਲੱਗ ਪਿਆ ਸੀ। ਮੁੱਖ ਮੰਤਰੀ ਬਾਦਲ ਲਈ ਇਹ ਪਹਿਲਾ ਇਸ਼ਾਰਾ ਸੀ ਕਿ ਅਗਲੇ ਦਿਨਾਂ ਵਿਚ ਰਾਜਨੀਤੀ ਨਵਾਂ ਮੋੜ ਕੱਟਣ ਵਾਲੀ ਹੈ।

ਦੂਸਰਾ ਮਾਮਲਾ ਉਹ ਸੀ, ਜਿਹੜਾ ਸਰਕਾਰ ਤੇ ਅਕਾਲੀ-ਭਾਜਪਾ ਗੱਠਜੋੜ ਦੇ ਆਗੂਆਂ ਨੇ ਛੁਪਾਈ ਰੱਖਿਆ, ਪਰ ਕਾਂਗਰਸ ਦੇ ਵਿਰੋਧੀ ਧਿਰ ਦੇ ਆਗੂ ਸੁਨੀਲ ਜਾਖੜ ਨੇ ਪਰਦਾ ਚੁੱਕ ਦਿੱਤਾ। ਉਨ੍ਹਾਂ ਦੱਸ ਦਿੱਤਾ ਕਿ ਨਰਿੰਦਰ ਮੋਦੀ ਦੀ ਕੇਂਦਰ ਸਰਕਾਰ ਨੇ ਪੰਜਾਬ ਦੇ ਪੰਜਾਹ ਤੋਂ ਵੱਧ ਉਨ੍ਹਾਂ ਪ੍ਰਾਜੈਕਟਾਂ ਨੂੰ ਰੱਦ ਕਰਨ ਦਾ ਫੈਸਲਾ ਕਰ ਦਿੱਤਾ ਹੈ, ਜਿਨ੍ਹਾਂ ਨੂੰ ਪਿਛਲੀ ਮਨਮੋਹਨ ਸਿੰਘ ਦੀ ਸਰਕਾਰ ਪ੍ਰਵਾਨਗੀ ਦੇ ਕੇ ਗਈ ਸੀ ਤੇ ਜਿਨ੍ਹਾਂ ਵਿਚੋਂ ਅੱਧਿਆਂ ਦੇ ਨੀਂਹ-ਪੱਥਰ ਰੱਖਣ ਦੀ ਰਸਮ ਭੁਗਤਾਈ ਜਾ ਚੁੱਕੀ ਹੈ। ਕੁੱਲ ਇੱਕ ਹਜ਼ਾਰ ਚਾਰ ਸੌ ਅੱਠ ਕਰੋੜ ਰੁਪਏ ਤੋਂ ਵੱਧ ਦੇ ਇਨ੍ਹਾਂ ਪ੍ਰਾਜੈਕਟਾਂ ਬਾਰੇ ਕੇਂਦਰ ਸਰਕਾਰ ਦਾ ਨਵਾਂ ਫੈਸਲਾ ਪੰਜਾਬ ਦੀ ਸਰਕਾਰ ਨੂੰ ਵੱਡਾ ਹਲੂਣਾ ਦੇਣ ਵਾਲਾ ਹੈ। ਕਈ ਪ੍ਰਾਜੈਕਟ ਪੰਜਾਬ ਵਿਚ ਪਹਿਲਾਂ ਵੀ ਲਟਕ ਜਾਂਦੇ ਰਹੇ ਸਨ ਅਤੇ ਉਨ੍ਹਾਂ ਲਈ ਰੱਖੇ ਗਏ ਨੀਂਹ-ਪੱਥਰਾਂ ਦੀਆਂ ਤਸਵੀਰਾਂ ਜਦੋਂ ਕਦੀ ਅਖਬਾਰਾਂ ਵਿਚ ਛਪਦੀਆਂ ਹਨ ਤਾਂ ਸਰਕਾਰ ਦੀ ਬਦਨਾਮੀ ਹੁੰਦੀ ਹੈ। ਨੀਂਹ-ਪੱਥਰ ਭਾਵੇਂ ਮੁੱਖ ਮੰਤਰੀ ਬੇਅੰਤ ਸਿੰਘ ਦੇ ਸਮੇਂ ਦੇ ਵੀ ਕਈ ਥਾਂ ਖਾਲੀ ਖੜ੍ਹੇ ਲੱਭ ਜਾਂਦੇ ਹਨ, ਪਰ ਜੇ ਸਭ ਤੋਂ ਪੁਰਾਣੇ ਲੱਭਣੇ ਹੋਣ ਤਾਂ ਇੱਕ ਅਖਬਾਰ ਨੇ ਪਿਛਲੇਰੇ ਸਾਲ ਉਨ੍ਹਾਂ ਦੀਆਂ ਤਸਵੀਰਾਂ ਵੀ ਛਾਪੀਆਂ ਸਨ। ਪੰਜਾਬ ਵਿਚ ਖਾਲੀ ਖੜ੍ਹਾ ਸਭ ਤੋਂ ਪੁਰਾਣਾ ਇੱਕ ਨੀਂਹ-ਪੱਥਰ ਮੁੱਖ ਮੰਤਰੀ ਬਾਦਲ ਦਾ ਉਦੋਂ ਦਾ ਰੱਖਿਆ ਹੈ, ਜਦੋਂ ਕੇਂਦਰ ਵਿਚ ਮੋਰਾਰਜੀ ਡਿਸਾਈ ਸਰਕਾਰ ਹੁੰਦੀ ਸੀ। ਮੋਦੀ ਸਰਕਾਰ ਵੱਲੋਂ ਪ੍ਰਾਜੈਕਟਾਂ ਨੂੰ ਰੱਦ ਕਰਨ ਦਾ ਇਹ ਤਾਜ਼ਾ ਫੈਸਲਾ ਵੀ ਖਜ਼ਾਨਾ ਮੰਤਰੀ ਅਰੁਣ ਜੇਤਲੀ ਦੀ ਪਿਛਲੀ ਚਿੱਠੀ ਵਾਂਗ ਬਾਦਲ ਸਾਹਿਬ ਲਈ ਪ੍ਰੇਸ਼ਾਨੀ ਦਾ ਏਨਾ ਸਬੱਬ ਬਣਿਆ ਕਿ ਦੋ ਦਿਨ ਚੁੱਪ ਰਹੇ ਅਤੇ ਫਿਰ ਇੱਕ ਦਮ ਉਸ ਰਾਜਸੀ ਪੈਂਤੜੇ ਉਤੇ ਪਹੁੰਚ ਗਏ, ਜਿਸ ਦੀ ਏਨੀ ਛੇਤੀ ਆਸ ਕਿਸੇ ਵਿਸ਼ਲੇਸ਼ਣਕਾਰ ਨੇ ਵੀ ਨਹੀਂ ਕੀਤੀ ਹੋਵੇਗੀ।

ਨਵਾਂ ਰਾਜਸੀ ਪੈਂਤੜਾ ਕੀ ਹੈ? ਪਿਛਲੇ ਸਾਲ ਪੰਜਾਬ ਵਿਚ ਨਸ਼ੀਲੇ ਪਦਾਰਥਾਂ ਦੇ ਵਪਾਰ ਬਾਰੇ ਅਸੀਂ ਬਾਦਲ ਸਾਹਿਬ ਦੇ ਮੂੰਹੋਂ ਇਹ ਸੁਣਦੇ ਹੁੰਦੇ ਸਾਂ ਕਿ ਨਸ਼ਾ ਗਵਾਂਢੀ ਦੇਸ਼ ਤੋਂ ਆਉਂਦਾ ਹੈ, ਕੇਂਦਰ ਸਰਕਾਰ ਆਪ ਰੋਕਦੀ ਨਹੀਂ ਤੇ ਸਾਡੀ ਬਦਨਾਮੀ ਕਰਵਾ ਰਹੀ ਹੈ। ਜਦੋਂ ਨਰਿੰਦਰ ਮੋਦੀ ਦੀ ਸਰਕਾਰ ਬਣ ਗਈ ਤਾਂ ਬਾਦਲ ਸਾਹਿਬ ਨੇ ਇਸ ਤਰ੍ਹਾਂ ਕਹਿਣਾ ਛੱਡ ਦਿੱਤਾ। ਹੁਣ ਫਿਰ ਕਹਿਣ ਲੱਗ ਪਏ ਹਨ ਅਤੇ ਇਸ ਤੋਂ ਅੱਗੇ ਦੀ ਗੱਲ ਕਹਿਣ ਲੱਗੇ ਹਨ। ਉਨ੍ਹਾਂ ਨੇ ਜਿਸ ਦਿਨ ਇਹ ਕਿਹਾ ਕਿ 'ਜੇ ਕੋਈ ਵੱਖ ਹੋਣ ਲਈ ਮਨ ਹੀ ਬਣਾ ਲਵੇ ਤਾਂ ਮੈਂ ਕੀ ਕਰ ਸਕਦਾ ਹਾਂ', ਨਾਲ ਇਹ ਵੀ ਕਹਿ ਦਿੱਤਾ ਕਿ ਨਸ਼ੀਲੇ ਪਦਾਰਥ ਗਵਾਂਢ ਦੇ ਦੇਸ਼ ਤੋਂ ਆਉਂਦੇ ਹਨ, ਬਾਰਡਰ ਉਤੇ ਕੇਂਦਰ ਦੀਆਂ ਫੋਰਸਾਂ ਹਨ, ਉਹ ਉਥੇ ਰੋਕ ਲੈਣ। ਇਹ ਸਾਰਾ ਦੋਸ਼ ਨਰਿੰਦਰ ਮੋਦੀ ਦੀ ਸਰਕਾਰ ਦੇ ਸਿਰ ਪਾਉਣ ਵਾਲੀ ਗੱਲ ਸੀ, ਪਰ ਅਗਲੀ ਗੱਲ ਮੋਦੀ ਸਰਕਾਰ ਦੀ ਥਾਂ ਨਰਿੰਦਰ ਮੋਦੀ ਦੀ ਪਾਰਟੀ ਭਾਜਪਾ ਦੇ ਸਿਰ ਪਾਉਣ ਵਾਲੀ ਵੀ ਕਹਿ ਦਿੱਤੀ। ਬਾਦਲ ਨੇ ਕਿਹਾ ਕਿ ਅਫੀਮ ਦੀ ਖੇਤੀ ਹਿੰਦੁਸਤਾਨ ਵਿਚ ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿਚ ਹੁੰਦੀ ਹੈ, ਉਥੇ ਜਿਨ੍ਹਾਂ ਦੀ ਸਰਕਾਰ ਹੈ, ਉਹ ਇਸ ਨੂੰ ਰੋਕਦੇ ਨਹੀਂ ਤੇ ਬਦਨਾਮੀ ਸਾਡੀ ਹੁੰਦੀ ਹੈ। ਰਾਜਸਥਾਨ ਤੇ ਮੱਧ ਪ੍ਰਦੇਸ਼ ਦੀਆਂ ਦੋਵੇਂ ਸਰਕਾਰਾਂ ਭਾਜਪਾ ਦੇ ਮੁੱਖ ਮੰਤਰੀਆਂ ਵਸੁੰਧਰਾ ਰਾਜੇ ਤੇ ਸ਼ਿਵਰਾਜ ਸਿੰਘ ਚੌਹਾਨ ਦੀਆਂ ਹਨ। ਉਨ੍ਹਾਂ ਦੇ ਬਹਾਨੇ ਨਿਸ਼ਾਨਾ ਸਿੱਧਾ ਭਾਜਪਾ ਲੀਡਰਸ਼ਿਪ ਤੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਵੱਲ ਸਾਧਿਆ ਗਿਆ ਹੈ।

ਏਦਾਂ ਦੇ ਨਿਸ਼ਾਨੇ ਅਕਾਲੀ ਆਗੂ ਉਦੋਂ ਸਾਧਦੇ ਹੁੰਦੇ ਹਨ, ਜਦੋਂ ਉਹ ਕਿਸੇ ਨਾਲ ਲੜਨ ਦੇ ਲਈ ਆਪਣੇ ਪੱਕੇ ਆਧਾਰ ਨੂੰ ਮਾਨਸਿਕ ਪੱਖੋਂ ਤਿਆਰ ਕਰਨ ਦੀ ਧਾਰ ਚੁੱਕੇ ਹੁੰਦੇ ਹਨ। ਹੁਣ ਅਗਲੀ ਗੱਲ ਬਾਦਲ ਨੇ ਇਹ ਕਹਿ ਦਿੱਤੀ ਹੈ ਕਿ ਜੇ ਭਾਜਪਾ ਨੇ 'ਅਕਾਲੀ ਦਲ ਨਾਲੋਂ ਆਪਣਾ ਗੱਠਜੋੜ ਤੋੜਿਆ ਤਾਂ ਪੰਜਾਬ ਦੀ ਸ਼ਾਂਤੀ ਤੇ ਸਦਭਾਵਨਾ ਨੂੰ ਖਤਰਾ ਪੈਦਾ ਹੋ ਜਾਵੇਗਾ।' ਇਹ ਗੱਲ ਪਹਿਲੀ ਤੋਂ ਵੀ ਵੱਧ ਗੰਭੀਰਤਾ ਨਾਲ ਸੋਚਣ ਵਾਲੀ ਹੈ। ਅਕਾਲੀ-ਭਾਜਪਾ ਸਾਂਝ ਨਿਭਣ ਦੀਆਂ ਸੰਭਾਵਨਾਵਾਂ ਹੁਣ ਜਦੋਂ ਖਤਮ ਹੁੰਦੀਆਂ ਜਾ ਰਹੀਆਂ ਹਨ, ਬਾਦਲ ਸਾਹਿਬ ਦਾ ਇਹ ਬਿਆਨ ਨਿਰ੍ਹਾ ਬਿਆਨ ਹੀ ਨਹੀਂ, ਆਪਣੀਆਂ ਸਫਾਂ ਨੂੰ ਅਗਲੇ ਮੋਰਚੇ ਲਈ ਤਿਆਰ ਹੋਣ ਦਾ ਲਲਕਾਰਾ ਵੀ ਲੱਗਦਾ ਹੈ। ਰਾਜ ਕਰਦੇ ਗੱਠਜੋੜ ਦੇ ਹਾਲਾਤ ਕਿਸ ਪਾਸੇ ਜਾਣਗੇ, ਉਨ੍ਹਾਂ ਦਾ ਨਿਭਾਅ ਹੋ ਸਕੇਗਾ ਜਾਂ ਤਲਾਕ ਹੋ ਜਾਵੇਗਾ- ਇਹ ਦੋ ਪਾਰਟੀਆਂ ਦਾ ਆਪਸੀ ਮਾਮਲਾ ਹੋ ਸਕਦਾ ਹੈ, ਪਰ ਇਹ ਲਲਕਾਰੇ ਵਰਗਾ ਬਿਆਨ ਦੋ ਪਾਰਟੀਆਂ ਦਾ ਮਾਮਲਾ ਨਹੀਂ। ਇਸ ਬਿਆਨ ਦੇ ਨਾਲ ਪੰਜਾਬ ਦੇ ਭਵਿੱਖ ਦਾ ਸਬੰਧ ਹੈ, ਉਸ ਪੰਜਾਬ ਦੇ ਭਵਿੱਖ ਦਾ ਸਬੰਧ ਹੈ, ਜਿਹੜਾ ਪਹਿਲਾਂ ਪੰਝੀ ਹਜ਼ਾਰ ਪੰਜਾਬੀਆਂ ਦੀ ਕੁਰਬਾਨੀ ਦੇ ਕੇ ਮਸਾਂ ਇੱਕ ਅੰਨ੍ਹੀ ਗਲੀ ਵਿਚੋਂ ਬਾਹਰ ਨਿਕਲਿਆ ਸੀ।



ਪੰਜਾਬ ਟਾਈਮਜ਼ ਦਾ ਨਾਂ ਲਓ
ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

*24/7 Customer Service Available*

*Same rate for lanline and mobile.*

ਟੌਲ ਫਰੀ ਨੰਬਰ 1-888-652-6268
732-983-4332/4333

# ਬੁਢਾਪਾ ਪੈਨਸ਼ਨਰਾਂ ਵਾਲਾ ਪੈਸਾ ਹੋਰ ਪਾਸੇ ਖਰਚਿਆ

## ਲਾਭਪਾਤਰੀਆਂ ਨੂੰ ਤਿੰਨ ਮਹੀਨੇ ਤੋਂ ਪੈਨਸ਼ਨ ਦੀ ਉਡੀਕ



**ਬਠਿੰਡਾ:** ਪੰਜਾਬ ਦੇ ਤਕਰੀਬਨ 20 ਲੱਖ ਲਾਭਪਾਤਰੀ ਤਿੰਨ ਮਹੀਨੇ ਤੋਂ ਪੈਨਸ਼ਨ ਦੀ ਉਡੀਕ ਵਿਚ ਹਨ। ਸੂਬਾ ਸਰਕਾਰ ਪਿਛਲੇ ਪੰਜ ਵਰ੍ਹਿਆਂ ਤੋਂ ਬੁਢਾਪਾ ਪੈਨਸ਼ਨ ਵਾਲੀ ਰਕਮ ਬਿਜਲੀ ਸਬਸਿਡੀ ਲਈ ਵਰਤ ਰਹੀ ਹੈ। ਪੰਜਾਬ ਵਿਚ 20 ਲੱਖ ਬਜ਼ੁਰਗ, ਵਿਧਵਾਵਾਂ, ਅਪਾਹਜਾਂ ਤੇ ਯਤੀਮ ਬੱਚਿਆਂ ਨੂੰ ਜੁਲਾਈ ਮਗਰੋਂ ਪੈਨਸ਼ਨ ਨਹੀਂ ਮਿਲੀ। ਸਰਕਾਰ ਵੱਲੋਂ ਬੁਢਾਪਾ ਪੈਨਸ਼ਨ ਦੇ ਤਕਰੀਬਨ 1500 ਕਰੋੜ ਰੁਪਏ ਬਿਜਲੀ ਸਪਲਾਈ ਮੁਫ਼ਤ ਦੇਣ ਲਈ ਵਰਤੇ ਗਏ ਹਨ।

ਮਿਲੀ ਜਾਣਕਾਰੀ ਮੁਤਾਬਕ ਪੰਜਾਬ ਸਰਕਾਰ ਨੇ 25 ਦਸੰਬਰ 2004 ਨੂੰ 'ਸਮਰਪਿਤ ਸੋਸ਼ਲ ਸਕਿਉਰਿਟੀ ਫੰਡ' ਕਾਇਮ ਕੀਤਾ ਸੀ ਤਾਂ ਜੋ ਬਜ਼ੁਰਗਾਂ ਨੂੰ ਰੈਗੂਲਰ ਪੈਨਸ਼ਨ ਦਿੱਤੀ ਜਾ ਸਕੇ। ਸਰਕਾਰ ਨੇ ਉਦੋਂ ਇਨ੍ਹਾਂ ਫੰਡਾਂ ਦੇ ਸਰੋਤ ਵਜੋਂ ਬਿਜਲੀ ਬਿੱਲਾਂ 'ਤੇ ਪੰਜ ਫ਼ੀਸਦੀ ਬਿਜਲੀ ਕਰ ਤੇ ਤਿੰਨ ਫ਼ੀਸਦੀ ਸਟੈਂਪ ਡਿਊਟੀ ਲਾਈ ਸੀ। ਇਹ ਪੰਜ ਫ਼ੀਸਦੀ ਸੈੱਸ ਹਰ ਵਰ੍ਹੇ ਸਮਾਜਿਕ ਸੁਰੱਖਿਆ ਤੇ ਮਹਿਲਾ ਭਲਾਈ ਵਿਭਾਗ ਦੇ ਖਾਤੇ ਵਿਚ ਸਿੱਧਾ ਜਮ੍ਹਾਂ ਹੋਣਾ ਸੀ। ਪਾਵਰਕੌਮ ਵੱਲੋਂ ਪਿਛਲੇ ਕੁਝ ਸਮੇਂ ਤੋਂ ਸਮਾਜਿਕ ਸੁਰੱਖਿਆ ਫੰਡ ਵਿਚ ਪੈਸਾ ਨਹੀਂ ਪਾਇਆ ਜਾ ਰਿਹਾ। ਸਰਕਾਰ ਸਮਾਜਿਕ ਸੁਰੱਖਿਆ ਫੰਡਾਂ ਦਾ ਪੈਸਾ ਬਿਜਲੀ ਸਬਸਿਡੀ ਲਈ ਅਡਜਸਟ ਕਰ ਰਹੀ ਹੈ। ਇਸਦੇ ਨਤੀਜੇ ਵਜੋਂ ਲਾਭਪਾਤਰੀਆਂ ਨੂੰ ਪੈਨਸ਼ਨ ਨਹੀਂ ਮਿਲ ਰਹੀ।

ਪਾਵਰਕੌਮ ਦੇ ਵਿੱਤੀ ਸਲਾਹਕਾਰ (ਬਜਟ ਸੈਕਸ਼ਨ) ਵੱਲੋਂ ਆਰ.ਟੀ.ਆਈ. ਤਹਿਤ ਪ੍ਰਾਪਤ ਸੂਚਨਾ ਮੁਤਾਬਕ ਪਾਵਰਕੌਮ ਨੇ ਬਿਜਲੀ ਕਰ ਦੇ ਸਾਲ 2013-14 ਵਿਚ 1694 ਕਰੋੜ ਰੁਪਏ ਬਿਜਲੀ ਸਬਸਿਡੀ ਵਿਚ ਪਾ ਦਿੱਤੇ ਹਨ। ਇਨ੍ਹਾਂ ਵਿਚ ਤਕਰੀਬਨ 651 ਕਰੋੜ ਰੁਪਏ ਸਮਾਜਿਕ ਸੁਰੱਖਿਆ ਫੰਡ ਦੇ ਸਨ। ਸਾਲ 2012-13 ਵਿਚ ਸਰਕਾਰ ਨੇ 1521 ਕਰੋੜ ਦੇ ਬਿਜਲੀ ਕਰ ਦੀ ਅਡਜਸਟਮੈਂਟ ਬਿਜਲੀ ਸਬਸਿਡੀ ਵਿਚ ਕਰਾਈ ਹੈ।

ਇਸ ਵਿਚ ਤਕਰੀਬਨ 585 ਕਰੋੜ ਰੁਪਏ ਸਮਾਜਿਕ ਸੁਰੱਖਿਆ ਫੰਡਾਂ ਦੇ ਸਨ। ਪਾਵਰਕੌਮ ਇਸ ਵੇਲੇ ਬਿਜਲੀ ਬਿੱਲਾਂ 'ਤੇ 13 ਫ਼ੀਸਦੀ ਬਿਜਲੀ ਕਰ ਵਸੂਲ ਕਰ ਰਹੀ ਹੈ। ਇਸ ਵਿਚ ਪੰਜ ਫ਼ੀਸਦੀ ਸਮਾਜਿਕ ਸੁਰੱਖਿਆ ਸੈੱਸ ਹੈ, ਜੋ ਬਿਜਲੀ ਸਬਸਿਡੀ ਵਿਚ ਅਡਜਸਮੈਂਟ ਕਰਨ ਦੀ ਥਾਂ ਸਿੱਧਾ ਸਮਾਜਿਕ ਸੁਰੱਖਿਆ ਫੰਡ ਦੇ ਖਾਤੇ ਵਿਚ ਜਮ੍ਹਾਂ ਕਰਾਉਣਾ ਹੁੰਦਾ ਹੈ। ਪਾਵਰਕੌਮ ਨੇ ਸਮਾਜਿਕ ਸੁਰੱਖਿਆ ਫੰਡ ਦੇ ਸਾਲ 2009-10 ਵਿਚ 135 ਕਰੋੜ ਤੇ ਸਾਲ 2010-11 ਵਿਚ 134 ਕਰੋੜ ਰੁਪਏ ਬਿਜਲੀ ਸਬਸਿਡੀ ਵਿਚ ਅਡਜਸਟ ਕਰ ਲਏ ਹਨ।

ਦੱਸਣਯੋਗ ਹੈ ਕਿ ਸਰਕਾਰ ਬਜ਼ੁਰਗਾਂ ਨੂੰ 250 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇ ਰਹੀ ਹੈ। ਜੂਨ, ਜੁਲਾਈ ਤੇ ਅਗਸਤ ਦੀ ਪੈਨਸ਼ਨ ਸਰਕਾਰ ਨੇ ਅਜੇ ਤੱਕ ਨਹੀਂ ਦਿੱਤੀ। ਸਰਕਾਰ ਨੂੰ ਪੈਨਸ਼ਨ ਲਈ ਤਕਰੀਬਨ 600 ਕਰੋੜ ਰੁਪਏ ਸਾਲਾਨਾ ਚਾਹੀਦੇ ਹਨ। ਸਮਾਜਿਕ ਸੁਰੱਖਿਆ ਤੇ ਮਹਿਲਾ ਭਲਾਈ ਵਿਭਾਗ ਦੇ ਸਕੱਤਰ ਜਸਪਾਲ ਸਿੰਘ ਦਾ ਕਹਿਣਾ ਹੈ ਕਿ ਵਿੱਤ ਵਿਭਾਗ ਨੇ ਪੈਨਸ਼ਨਾਂ ਲਈ 50 ਕਰੋੜ ਰੁਪਏ ਜਾਰੀ ਕਰ ਦਿੱਤੇ ਹਨ। ਵਿਭਾਗ ਦੀ ਡਾਇਰੈਕਟਰ ਅਲਕ ਨੰਦਾ ਦਿਆਲ ਦਾ ਕਹਿਣਾ ਹੈ ਕਿ ਸਮਾਜਿਕ ਸੁਰੱਖਿਆ ਫੰਡ ਦੀ ਰਕਮ ਵਿੱਤ ਵਿਭਾਗ ਰਾਹੀਂ ਹੀ ਪ੍ਰਾਪਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਅਗਸਤ ਤੱਕ ਦੀ ਪੈਨਸ਼ਨ ਜਾਰੀ ਕੀਤੀ ਜਾ ਚੁੱਕੀ ਹੈ।

### ਆਡਿਟ ਵਿਭਾਗ ਵੱਲੋਂ ਸਖਤ ਇਤਰਾਜ਼

ਆਡਿਟ ਵਿਭਾਗ ਨੇ ਵੀ ਸਰਕਾਰ ਵੱਲੋਂ ਸਮਾਜਿਕ ਸੁਰੱਖਿਆ ਫੰਡਾਂ ਦਾ ਪੈਸਾ ਬਿਜਲੀ ਸਬਸਿਡੀ ਲਈ ਅਡਜਸਟ ਕਰਨ 'ਤੇ ਇਤਰਾਜ਼ ਕੀਤਾ ਹੈ। ਆਡਿਟ ਰਿਪੋਰਟ ਵਿਚ ਸਪੱਸ਼ਟ ਹੈ ਕਿ ਅਜਿਹੀ ਅਡਜਸਟਮੈਂਟ ਕਰਕੇ ਸਮਾਜ ਦੇ ਲੋੜਵੰਦ ਤੇ ਕਮਜ਼ੋਰ ਤਬਕਿਆਂ ਨੂੰ ਮਾਲੀ ਮਦਦ ਤੋਂ ਵਾਂਝੇ ਰੱਖਿਆ ਗਿਆ ਹੈ। ਪਾਵਰਕੌਮ ਦੇ ਡਾਇਰੈਕਟਰ (ਵਿੱਤ) ਐਸ.ਸੀ. ਅਰੋੜਾ ਦਾ ਕਹਿਣਾ ਹੈ ਕਿ ਵਿੱਤ ਵਿਭਾਗ ਵੱਲੋਂ ਬਾਕਾਇਦਾ ਲਿਖਤੀ ਪੱਤਰ ਜਾਰੀ ਕਰਕੇ ਖੇਤੀ ਸਬਸਿਡੀ ਦੇ ਬਦਲੇ ਬਿਜਲੀ ਕਰ ਦੀ ਅਡਜਸਟਮੈਂਟ ਕਰਾਈ ਗਈ ਹੈ। ਇਸ ਵਿਚ ਸਮਾਜਿਕ ਸੁਰੱਖਿਆ ਫੰਡ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਪਾਵਰਕੌਮ ਆਪਣੇ ਆਪ ਅਡਜਸਮੈਂਟ ਨਹੀਂ ਕਰਦਾ। ਸਰਕਾਰ ਕੁਝ ਸਬਸਿਡੀ ਸਿੱਧੀ ਪਾਵਰਕੌਮ ਨੂੰ ਦੇ ਦਿੰਦੀ ਹੈ ਤੇ ਬਾਕੀ ਰਾਸ਼ੀ ਬਿਜਲੀ ਕਰ ਵਿਚ ਅਡਜਸਟ ਕਰਾ ਦਿੰਦੀ ਹੈ, ਜੋ ਬਿਜਲੀ ਕਰ ਪਾਵਰਕੌਮ ਨੇ ਸਰਕਾਰ ਨੂੰ ਦੇਣਾ ਹੁੰਦਾ ਹੈ। ਇਸ ਬਾਰੇ ਵਿੱਤ ਵਿਭਾਗ ਦੀ ਪ੍ਰਿੰਸੀਪਲ ਸਕੱਤਰ ਵਿੰਨੀ ਮਹਾਜਨ ਨੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

# ਅਕਾਲੀਆਂ ਦੀ ਸ਼ਹਿ 'ਤੇ ਪਰਵਾਸੀ ਦੀ ਜ਼ਮੀਨ ਦੱਬੀ




**ਮੋਗਾ:** ਜ਼ਿਲ੍ਹੇ ਦੀ ਸਬ ਡਿਵੀਜ਼ਨ ਨਿਹਾਲ ਸਿੰਘ ਵਾਲਾ ਦੇ ਪਿੰਡ ਰਣੀਆ ਵਿਚ ਇਕ ਪਰਵਾਸੀ ਭਾਰਤੀ ਦੀ ਖੇਤੀ ਵਾਲੀ 10 ਏਕੜ ਜ਼ਮੀਨ ਪੰਜ ਸਾਲ ਪਹਿਲਾਂ ਧੋਖੇ ਨਾਲ ਵੇਚ ਦੇਣ ਤੋਂ ਬਾਅਦ ਭੌਂ ਮਾਫੀਆ ਨੇ ਹੁਣ ਸਥਾਨਕ ਮਾਲ ਅਧਿਕਾਰੀਆਂ ਦੀ ਮਦਦ ਨਾਲ ਇਸ ਜ਼ਮੀਨ ਦਾ ਕਬਜ਼ਾ ਵੀ ਲੈ ਲਿਆ ਹੈ। ਹਾਲਾਂਕਿ ਧੋਖੇ ਨਾਲ ਜ਼ਮੀਨ ਵੇਚਣ ਦਾ ਕੇਸ ਹਾਲੇ ਅਦਾਲਤ ਵਿਚ ਹੈ ਤੇ ਜ਼ਮੀਨ ਦੀ ਮਾਲਕੀ ਬਾਰੇ ਕੇਸ ਵੀ ਫੈਸਲੇ ਦੀ ਉਡੀਕ ਕਰ ਰਿਹਾ ਹੈ।

ਕੈਨੇਡਾ ਰਹਿੰਦੇ ਪਰਵਾਸੀ ਨਿਰਮਲ ਸਿੰਘ ਸਿੱਧੂ ਨੇ ਦੋਸ਼ ਲਾਇਆ ਕਿ ਪੰਜਾਬ ਦੇ ਦੋ ਮੰਤਰੀਆਂ ਦੇ ਦਬਾਅ ਕਾਰਨ ਜ਼ਿਲ੍ਹਾ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨੇ ਇਸ ਫਸਲੀ ਸੀਜ਼ਨ ਦੌਰਾਨ ਜ਼ਮੀਨ ਦੀ ਗਿਰਦਾਵਰੀ ਉਸ ਦੇ ਨਾਂ ਤੋਂ ਬਦਲ ਕੇ ਹੋਰ ਵਿਅਕਤੀਆਂ ਦੇ ਨਾਂ ਚੜ੍ਹਾ ਦਿੱਤੀ। ਗਿਰਦਾਵਰੀ ਬਦਲਣ ਕਾਰਨ ਪਰਵਾਸੀ ਭਾਰਤੀ ਤੋਂ ਇਸ ਵਿਵਾਦਗ੍ਰਸਤ ਜ਼ਮੀਨ ਦਾ ਕਬਜ਼ਾ ਖੁਸ ਗਿਆ। ਹਾਲਾਂਕਿ ਪਿਛਲੇ ਕਈ ਸਾਲਾਂ ਤੋਂ ਇਹ ਜ਼ਮੀਨ ਸ੍ਰੀ ਸਿੱਧੂ ਦੇ ਕਬਜ਼ੇ ਹੇਠ ਸੀ ਤੇ ਉਨ੍ਹਾਂ ਇਹ ਠੇਕੇ 'ਤੇ ਦਿੱਤੀ ਹੋਈ ਸੀ। ਮੋਗਾ ਨਾਲ ਸਬੰਧਤ ਅਕਾਲੀ ਮੰਤਰੀ ਨੇ ਸਾਰੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਪਰਵਾਸੀ ਭਾਰਤੀ ਵੱਲੋਂ ਬਿਨਾਂ ਕਾਰਨ ਉਨ੍ਹਾਂ ਨੂੰ ਇਸ ਵਿਵਾਦ ਵਿਚ ਘਸੀਟਿਆ ਜਾ ਰਿਹਾ ਹੈ। ਜ਼ਿਲ੍ਹਾ ਮੈਜਿਸਟਰੇਟ ਪੀ.ਐਸ. ਗਿੱਲ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਮਾਮਲੇ ਬਾਰੇ ਜਾਣਕਾਰੀ ਨਹੀਂ।

ਪੁਲਿਸ ਨੇ ਇਸ ਬਾਰੇ ਪਹਿਲਾਂ ਹੀ ਆਈ.ਪੀ.ਸੀ. ਦੀਆਂ ਧਾਰਾਵਾਂ ਤਹਿਤ ਨੌਂ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਹੋਇਆ ਹੈ। ਜੋ ਸਥਾਨਕ ਅਦਾਲਤ ਵਿਚ ਵਿਚਾਰ ਅਧੀਨ ਹੈ। ਇਸ ਜ਼ਮੀਨ ਦੀ ਮਾਲਕੀ ਮੁੜ ਹਾਸਲ ਕਰਨ ਬਾਰੇ ਸ੍ਰੀ ਸਿੱਧੂ ਵੱਲੋਂ ਦਾਇਰ ਕੇਸ ਵੀ ਦੀਵਾਨੀ ਅਦਾਲਤ ਵਿਚ ਚੱਲ ਰਿਹਾ ਹੈ। ਨਿਰਮਲ ਉਦੋਂ ਇਟਲੀ ਵਿਚ ਸੀ ਜਦੋਂ ਉਸ ਦੇ ਰਿਸ਼ਤੇਦਾਰਾਂ ਵਿਚੋਂ ਇਕ ਸਵਰਨ ਸਿੰਘ ਪੁੱਤਰ ਜੀਤ ਸਿੰਘ, ਵਾਸੀ ਰਣਧੀਰ ਸਿੰਘ ਨਗਰ ਲੁਧਿਆਣਾ ਨੇ ਇਹ ਜ਼ਮੀਨ ਕਿਸੇ ਨੂੰ ਵੇਚ ਦਿੱਤੀ। ਨਿਰਮਲ ਨੇ ਜ਼ਮੀਨ ਦੀ ਸੰਭਾਲ ਲਈ ਉਸ ਨੂੰ ਜਨਰਲ ਪਾਵਰ ਆਫ ਅਟਾਰਨੀ ਦਿੱਤੀ ਹੋਈ ਸੀ। ਜਦੋਂ ਪਰਵਾਸੀ ਭਾਰਤੀ 2011 ਵਿਚ ਵਾਪਸ ਆਇਆ ਤਾਂ ਉਸ ਨੂੰ ਪਤਾ ਲੱਗਿਆ ਕਿ ਪਾਵਰ ਆਫ ਅਟਾਰਨੀ ਵਾਲੇ ਵਿਅਕਤੀ ਨੇ ਮਾਲ ਰਿਕਾਰਡ ਵਿਚ ਹੇਰਾਫੇਰੀ ਕਰਦਿਆਂ ਇਹ ਜ਼ਮੀਨ ਹੋਰਨਾਂ ਨੂੰ ਵੇਚ ਦਿੱਤੀ। ਸ਼ਿਕਾਇਤਕਰਤਾ ਅਨੁਸਾਰ ਸਵਰਨ ਸਿੰਘ ਤੇ ਹੋਰਨਾਂ ਨੇ 2009 ਤੇ 2010 ਵਿਚ ਉਸ ਦੀ ਸਹਿਮਤੀ ਤੋਂ ਬਗ਼ੈਰ ਹੀ ਪਾਵਰ ਆਫ ਅਟਾਰਨੀ ਵਿਚ ਬਦਲਾਅ ਕਰਕੇ ਜ਼ਮੀਨ ਦੇ ਸੌਦੇ ਕਰ ਲਏ। ਪੁਲਿਸ ਨੇ ਜਾਂਚ ਪਿਛੋਂ ਸਵਰਨ ਸਿੰਘ ਤੇ ਉਸ ਦੀ ਪਤਨੀ ਸੁਖਜੀਤ ਕੌਰ ਖ਼ਿਲਾਫ਼ ਵੀ ਕੇਸ ਦਰਜ ਕਰ ਲਿਆ। ਬਾਕੀ ਮੁਲਜ਼ਮਾਂ ਵਿਚ ਲੁਧਿਆਣਾ ਦਾ ਮੁਹੰਮਦ ਅਕਬਰ, ਪਿੰਡ ਕਨੇਜਾ (ਲੁਧਿਆਣਾ) ਦਾ ਨੰਬਰਦਾਰ ਰੋਸ਼ਨ ਸਿੰਘ, ਲੁਧਿਆਣਾ ਵਾਸੀ ਸੰਜੀਵ ਕੁਮਾਰ, ਪਿੰਡ ਰਣੀਆ ਦਾ ਨੰਬਰਦਾਰ ਅਜਾਇਬ ਸਿੰਘ, ਪਿੰਡ ਬੁਰਜ ਦੁੰਨਾ (ਮੋਗਾ) ਦਾ ਸੁਖਮੰਦਰ ਸਿੰਘ, ਲਲਤੋਂ ਕਲਾਂ ਦਾ ਮਹਿੰਦਰ ਸਿੰਘ ਤੇ ਪਿੰਡ ਖਾਈ ਦਾ ਰੇਸ਼ਮ ਸਿੰਘ ਸ਼ਾਮਲ ਹਨ।

# ਪੰਜਾਬਣ ਵਕੀਲ 35 ਲੱਖ ਡਾਲਰ ਦੀ ਠੱਗੀ ਮਾਰ ਕੇ ਫਰਾਰ

**ਟੋਰਾਂਟੋ:** ਕੁਝ ਵਰ੍ਹਿਆਂ ਤੋਂ ਮਿਸੀਸਾਗਾ ਸ਼ਹਿਰ ਵਿਚ ਰੀਅਲ ਐਸਟੇਟ ਬਾਰੇ ਸੇਵਾਵਾਂ ਦਿੰਦੀ ਵਕੀਲ ਰੀਟਾ ਗਰੇਵਾਲ ਆਪਣੇ ਗਾਹਕਾਂ ਨਾਲ 35 ਲੱਖ ਡਾਲਰ ਦੀ ਧੋਖਾਧੜੀ ਕਰ ਕੇ ਭਾਰਤ ਫ਼ਰਾਰ ਹੋ ਗਈ ਹੈ। ਕੈਨੇਡਾ ਦੀ ਲਾਅ ਸੁਸਾਇਟੀ ਮੁਤਾਬਕ ਰੀਟਾ ਗਰੇਵਾਲ ਆਪਣਾ ਘਰ ਛੱਡ ਕੇ ਜੁਲਾਈ ਵਿਚ ਰੂਪੋਸ਼ ਹੋ ਗਈ ਸੀ। ਸੁਸਾਇਟੀ ਨੇ ਉਸਦਾ ਲਾਈਸੈਂਸ ਮੁਲਤਵੀ ਕਰ ਦਿੱਤਾ ਹੈ। ਟ੍ਰਿਬਿਊਨਲ ਸੁਣਵਾਈ ਦੌਰਾਨ ਡੇਵਿਡ ਰਾਈਟ ਨੇ ਦੱਸਿਆ ਕਿ ਰੀਟਾ ਗਰੇਵਾਲ ਨੇ ਲੋਕਾਂ ਦਾ ਪੈਸਾ ਹੜੱਪ ਕੇ ਕੈਨੇਡਾ ਵਿਚੋਂ ਚਲੇ ਜਾਣ ਦੀ ਪੂਰੀ ਵਿਉਂਤ ਬਣਾਈ ਹੋਈ ਸੀ। ਉਸ ਦੀ ਗੁਮਸ਼ੁਦਗੀ ਮਗਰੋਂ ਲਾਅ ਸੁਸਾਇਟੀ ਨੂੰ ਗਾਹਕਾਂ ਵੱਲੋਂ ਦਰਜਨ ਹੋਰ ਸ਼ਿਕਾਇਤਾਂ ਮਿਲੀਆਂ। ਰੀਟਾ ਗਰੇਵਾਲ ਨੇ ਆਰ.ਜੀ. ਬੈਰਿਸਟਰ/ਸਾਲਿਸਟਰ ਕਾਰਪੋਰੇਸ਼ਨ ਦੇ ਨਾਂ ਹੇਠ ਇਸ ਸਾਲ ਫਰਵਰੀ ਤੋਂ ਜੁਲਾਈ ਤੱਕ ਕੰਮ ਕੀਤਾ।

ਸੂਤਰਾਂ ਮੁਤਾਬਕ ਉਸ ਨੇ ਭਾਰਤ ਵਿਚ ਵਕਾਲਤ ਕੀਤੀ ਤੇ 2005 ਵਿਚ ਕੈਨੇਡਾ ਆ ਗਈ ਤੇ ਤਕਰੀਬਨ ਤਿੰਨ ਸਾਲ ਬਾਅਦ ਉਹ ਇਕ ਪਰਸਨਲ ਇੰਜਰੀ ਲਾਅ ਫਰਮ ਨਾਲ ਜੁੜ ਗਈ। ਉਸ ਨੇ 2011 ਵਿਚ ਵਕਾਲਤ ਨੂੰ ਆਪਣਾ ਪੇਸ਼ਾ ਬਣਾ ਲਿਆ। ਉਹ ਕੁਝ ਸਮਾਂ ਸਾਊਥ ਏਸ਼ੀਅਨ ਵਿਮੈਨਜ਼ ਸੈਂਟਰ ਵਿਚ ਬੋਰਡ ਮੈਂਬਰ ਵੀ ਰਹੀ ਪਰ ਪਿਛਲੇ ਸਾਲ ਉਸ ਨੇ ਕਿਸੇ ਨਿੱਜੀ ਕਾਰਨ ਕਰਕੇ ਅਸਤੀਫ਼ਾ ਦੇ ਦਿੱਤਾ। ਉਸ ਦੇ ਨਾਲ ਕੰਮ ਕਰਦੀ ਵਕੀਲ ਮੋਇਰਾ ਗਰੇਸੀ ਮੁਤਾਬਕ ਰੀਟਾ ਗਰੇਵਾਲ ਦਾ ਪਤੀ ਵੀ ਉਸੇ ਫਰਮ ਵਿਚ ਫਾਈਲ ਕਲਰਕ ਸੀ ਪਰ ਆਪਸੀ ਅਣਬਣ ਕਾਰਨ ਤਲਾਕ ਮਗਰੋਂ ਉਹ ਭਾਰਤ ਪਰਤ ਗਿਆ।

ਸੂਤਰਾਂ ਮੁਤਾਬਕ ਰੀਟਾ ਗਰੇਵਾਲ ਦੀ ਬੈਂਕ ਨੇ ਉਸ ਦੇ ਟਰੱਸਟੀ ਖਾਤੇ ਨੂੰ ਸੀਲ ਕਰ ਦਿੱਤਾ ਹੈ, ਜਿਸ ਵਿਚ ਇਕ ਲੱਖ ਡਾਲਰ ਤੋਂ ਘੱਟ ਰਕਮ ਹੈ। ਉਸ ਦੇ ਕਰੈਡਿਟ ਕਾਰਡਾਂ ਦੀ ਹਰਕਤ ਤੋਂ ਪਤਾ ਲੱਗਦਾ ਹੈ ਕਿ ਉਹ ਇਸ ਵੇਲੇ ਭਾਰਤ ਵਿਚ ਹੈ ਪਰ ਲਾਅ ਸੁਸਾਇਟੀ ਆਫ਼ ਕੈਨੇਡਾ ਕੋਲ ਏਨਾ ਹੱਕ ਨਹੀਂ ਹੈ ਕਿ ਉਸ ਨੂੰ ਭਾਰਤ ਵਿਚੋਂ ਕਾਨੂੰਨਨ ਮੰਗਵਾ ਕੇ ਕੈਨੇਡਾ ਵਿਚ ਸਜ਼ਾ ਦਿਵਾ ਸਕੇ। ਲਾਅ ਸੁਸਾਇਟੀ ਨੇ ਪੁਲਿਸ ਕੋਲ ਕੇਸ ਦਰਜ ਕਰਵਾ ਦਿੱਤਾ ਹੈ ਪਰ ਕੈਨੇਡਾ ਦੀ ਕੌਮੀ ਪੁਲਿਸ ਆਰ.ਸੀ.ਐਮ.ਪੀ. ਨੇ ਰੀਟਾ ਗਰੇਵਾਲ ਖ਼ਿਲਾਫ਼ ਜਾਂਚ ਬਾਰੇ ਅਜੇ ਕੋਈ ਸੰਕੇਤ ਨਹੀਂ ਦਿੱਤੇ।

# ਵਾਹਗਾ ਸਰਹੱਦ 'ਤੇ ਸੈਰ ਸਪਾਟੇ ਬਾਰੇ ਯੋਜਨਾ ਫਿਲਹਾਲ ਠੱਪ

## ਪਾਕਿ ਵਾਲੇ ਪਾਸੇ ਹੋਏ ਧਮਾਕੇ ਪਿੱਛੋਂ ਬਦਲਿਆ ਫੈਸਲਾ



**ਅੰਮ੍ਰਿਤਸਰ:** ਵਾਹਗਾ ਸਰਹੱਦ 'ਤੇ ਹੋਏ ਬੰਬ ਧਮਾਕੇ ਕਾਰਨ ਬੀ.ਐਸ.ਐਫ. ਵੱਲੋਂ ਸਰਹੱਦ 'ਤੇ ਸਵੇਰ ਦੇ ਸੈਰ ਸਪਾਟੇ ਨੂੰ ਉਤਸ਼ਾਹਿਤ ਕਰਨ ਦੀ ਯੋਜਨਾ ਦੀ ਸ਼ੁਰੂਆਤ ਨੂੰ ਫਿਲਹਾਲ ਮੁਲਤਵੀ ਕਰ ਦਿੱਤਾ ਗਿਆ ਹੈ ਤੇ ਹੁਣ ਇਹ ਯੋਜਨਾ ਬਾਅਦ ਵਿਚ ਸ਼ੁਰੂ ਹੋਵੇਗੀ। ਬੀ.ਐਸ.ਐਫ ਵੱਲੋਂ ਇਹ ਯੋਜਨਾ ਤਜਰਬੇ ਵਾਸਤੇ 10 ਨਵੰਬਰ ਤੋਂ ਸ਼ੁਰੂ ਕਰਨ ਦਾ ਪ੍ਰੋਗਰਾਮ ਤੈਅ ਕੀਤਾ ਹੋਇਆ ਸੀ।

ਬੀ.ਐਸ.ਐਫ ਵੱਲੋਂ ਰਿਟਰੀਟ ਰਸਮ ਵਿਚ ਦਰਸ਼ਕਾਂ ਦੀ ਭੀੜ ਨੂੰ ਕਾਬੂ ਰੱਖਣ ਲਈ ਨਵੀਂ ਯੋਜਨਾ ਬਣਾਈ ਗਈ ਸੀ, ਜਿਸ ਤਹਿਤ ਸਰਹੱਦ 'ਤੇ ਸਵੇਰ ਸਮੇਂ ਸੈਰ-ਸਪਾਟੇ ਨੂੰ ਉਤਸ਼ਾਹਿਤ ਕੀਤਾ ਜਾਣਾ ਸੀ। ਇਸ ਯੋਜਨਾ ਤਹਿਤ ਯਾਤਰੂਆਂ ਨੂੰ ਸਵੇਰੇ 11 ਤੋਂ ਦੁਪਹਿਰ ਬਾਅਦ ਤਿੰਨ ਵਜੇ ਤੱਕ ਸਰਹੱਦ ਦੇਖਣ ਦੀ ਆਗਿਆ ਦਿੱਤੀ ਜਾਣੀ ਸੀ, ਜਿਸ ਤਹਿਤ ਯਾਤਰੂ ਸਰਹੱਦ ਤੇ ਜ਼ੀਰੋ ਲਾਈਨ 'ਤੇ ਬਣੇ ਭਾਰਤ-ਪਾਕਿਸਤਾਨ ਦਰਵਾਜ਼ਿਆਂ ਤੱਕ ਜਾ ਸਕਣਗੇ। ਯਾਤਰੂ ਸਰਹੱਦੀ ਬੁਰਜੀਆਂ ਤੇ ਰਿਟਰੀਟ ਰਸਮ ਵਾਲਾ ਖੇਤਰ ਵੀ ਦੇਖ ਸਕਣਗੇ। ਭਵਿੱਖ ਵਿਚ ਬੀ.ਐਸ.ਐਫ ਵੱਲੋਂ ਸਰਹੱਦ 'ਤੇ ਅਜਾਇਬ ਘਰ ਸਥਾਪਤ ਕਰਨ ਦੀ ਵੀ ਯੋਜਨਾ ਹੈ। ਮੌਜੂਦਾ ਸਮੇਂ ਵਿਚ ਬੀ.ਐਸ.ਐਫ ਵੱਲੋਂ ਯਾਤਰੂਆਂ ਨੂੰ ਸਵੇਰ ਸਮੇਂ ਸਰਹੱਦ 'ਤੇ ਘੁੰਮਣ ਦੀ ਆਗਿਆ ਨਹੀਂ ਦਿੱਤੀ ਜਾਂਦੀ। ਯਾਤਰੂ ਚਾਰ ਵਜੇ ਤੋਂ ਬਾਅਦ ਹੀ ਸਰਹੱਦ 'ਤੇ ਆ ਸਕਦੇ ਹਨ ਤੇ ਉਸ ਵੇਲੇ ਰਿਟਰੀਟ ਰਸਮ ਦੀਆਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ। ਬੀ.ਐਸ.ਐਫ ਦੇ ਅਧਿਕਾਰੀਆਂ ਨੂੰ ਉਮੀਦ ਹੈ ਕਿ ਸਵੇਰ ਵੇਲੇ ਸਰਹੱਦ 'ਤੇ ਸੈਰ ਸਪਾਟੇ ਨੂੰ ਉਤਸ਼ਾਹਤ ਕਰਨ ਦੀ ਯੋਜਨਾ ਨਾਲ ਸ਼ਾਮ ਸਮੇਂ ਇਕੋ ਵਾਰ ਇਕੱਠੀ ਹੁੰਦੀ ਭੀੜ ਦੀ ਥਾਂ ਲੋਕ ਸਵੇਰ ਸਮੇਂ ਵੀ ਸਰਹੱਦ 'ਤੇ ਆਉਣਗੇ ਤੇ ਇਸ ਨਾਲ ਭੀੜ ਘੱਟ ਜਾਵੇਗੀ।

ਇਸ ਦੌਰਾਨ ਬੀ.ਐਸ.ਐਫ ਵੱਲੋਂ ਰਿਟਰੀਟ ਰਸਮ ਦੇਖਣ ਲਈ ਆਉਣ ਵਾਲੇ ਯਾਤਰੂਆਂ ਦੀ ਲਗਾਤਾਰ ਵਧ ਰਹੀ ਗਿਣਤੀ 'ਤੇ ਕਾਬੂ ਰੱਖਣ ਲਈ ਇਕ ਹੋਰ ਵੀ ਯੋਜਨਾ ਹੈ, ਜਿਸ ਤਹਿਤ ਇਸ ਲਈ ਆਨਲਾਈਨ ਬੁਕਿੰਗ ਸ਼ੁਰੂ ਕੀਤੀ ਜਾਵੇਗੀ। ਬੀ.ਐਸ.ਐਫ. ਦੇ ਪੰਜਾਬ ਫਰੰਟੀਅਰ ਦੇ ਆਈ.ਜੀ. ਅਸ਼ੋਕ ਕੁਮਾਰ ਨੇ ਦੱਸਿਆ ਕਿ ਇਸ ਪ੍ਰਣਾਲੀ ਤਹਿਤ ਦਰਸ਼ਕਾਂ ਨੂੰ ਆਪਣੀ ਆਮਦ ਬਾਰੇ ਅਗਾਊਂ ਬੁਕਿੰਗ ਕਰਾਉਣਾ ਲਾਜ਼ਮੀ ਹੋਵੇਗਾ ਤੇ ਇਸ ਨਾਲ ਤੈਅ ਸੀਟਾਂ 'ਤੇ ਦਰਸ਼ਕ ਹੀ ਆਉਣਗੇ। ਉਨ੍ਹਾਂ ਆਖਿਆ ਕਿ ਇਸ ਪ੍ਰਣਾਲੀ ਤਹਿਤ ਦਰਸ਼ਕ ਰੋਜ਼ਾਨਾ ਹੀ ਆਪਣੀ ਆਮਦ ਬਾਰੇ ਸੀਟ ਪਹਿਲਾਂ ਬੁੱਕ ਕਰਵਾ ਸਕਣਗੇ। ਇਸ ਤੋਂ ਇਲਾਵਾ ਵੀ ਬੀ.ਐਸ.ਐਫ ਵੱਲੋਂ ਰਿਟਰੀਟ ਰਸਮ ਸਮੇਂ ਵੱਖ-ਵੱਖ ਥਾਵਾਂ 'ਤੇ ਵੱਡੀਆਂ ਐਲ.ਈ.ਡੀ. ਲਾਉਣ ਦੀ ਯੋਜਨਾ ਹੈ, ਜਿਸ ਨਾਲ ਦੂਰ ਬੈਠੇ ਦਰਸ਼ਕ ਵੀ ਅਸਾਨੀ ਨਾਲ ਸਾਰੀ ਰਸਮ ਦੇਖ ਸਕਣਗੇ। ਇਸ ਨਾਲ ਵੀ ਭੀੜ 'ਤੇ ਕਾਬੂ ਰੱਖਣ ਦੀ ਯੋਜਨਾ ਵਿਚ ਮਦਦ ਮਿਲੇਗੀ।

ਇਸ ਵੇਲੇ ਸਰਹੱਦ 'ਤੇ ਹੁੰਦੀ ਰਿਟਰੀਟ ਰਸਮ ਦੇਖਣ ਵਾਸਤੇ ਬਣੀ ਦਰਸ਼ਕ ਗੈਲਰੀ ਵਿਚ ਤਕਰੀਬਨ ਪੰਜ ਹਜ਼ਾਰ ਲੋਕਾਂ ਦੇ ਬੈਠਣ ਦੀ ਸਮਰੱਥਾ ਹੈ ਪਰ ਰੋਜ਼ਾਨਾ ਇਸ ਤੋਂ ਵੱਧ ਗਿਣਤੀ ਵਿਚ ਹੀ ਦਰਸ਼ਕ ਪੁੱਜਦੇ ਹਨ। ਖਾਸ ਕਰਕੇ ਛੁੱਟੀਆਂ ਤੇ ਹਫਤੇ ਦੇ ਅਖੀਰਲੇ ਦਿਨਾਂ ਵਿਚ ਯਾਤਰੂਆਂ ਦੀ ਗਿਣਤੀ ਸਮਰੱਥਾ ਨਾਲੋਂ ਦੁੱਗਣੀ ਹੋ ਜਾਂਦੀ ਹੈ, ਜੋ ਕਿ ਬੀ.ਐਸ.ਐਫ ਤੇ ਹੋਰ ਸਹਾਇਕ ਸੁਰੱਖਿਆ ਏਜੰਸੀਆਂ ਲਈ ਸਿਰਦਰਦੀ ਬਣ ਜਾਂਦੀ ਹੈ।

ਕੌਮਾਂਤਰੀ ਸਰਹੱਦ ਹੋਣ ਕਾਰਨ ਤੇ ਅਤਿਵਾਦੀਆਂ ਦੇ ਨਿਸ਼ਾਨੇ 'ਤੇ ਹੋਣ ਕਾਰਨ ਸੁਰੱਖਿਆ ਏਜੰਸੀਆਂ ਇਸ ਬਾਰੇ ਵਧੇਰੇ ਚਿੰਤਤ ਹਨ ਤੇ ਹਾਲ ਹੀ ਵਿਚ ਪਾਕਿਸਤਾਨ ਵਾਲੇ ਪਾਸੇ ਹੋਏ ਧਮਾਕੇ ਤੋਂ ਬਾਅਦ ਸੁਰੱਖਿਆ ਏਜੰਸੀਆਂ ਹੋਰ ਵੀ ਚੌਕਸ ਹੋ ਗਈਆਂ ਹਨ। ਇਸ ਤੋਂ ਇਲਾਵਾ ਸਰਹੱਦ 'ਤੇ ਆਈ.ਸੀ.ਪੀ. ਵਿਖੇ ਚੱਲ ਰਹੇ ਦੁਵੱਲੇ ਵਪਾਰ ਦੌਰਾਨ ਪਾਕਿਸਤਾਨ ਵਿਚ ਕਾਮਿਆਂ ਤੇ ਕੁੱਲੀਆਂ ਦੀ ਕਿਸੇ ਸਮੱਸਿਆ ਦੇ ਕਾਰਨ ਬਰਾਮਦ ਦਾ ਕੰਮ ਰੁਕ ਗਿਆ ਹੈ।

# ਪੁਲਿਸ ਦਾ ਰਹਿਣ ਬਸੇਰਾ ਬਣੇ ਕਿਸਾਨ ਆਰਾਮਘਰ

**ਬਠਿੰਡਾ:** ਪੰਜਾਬ ਮੰਡੀ ਬੋਰਡ ਵੱਲੋਂ ਕਿਸਾਨਾਂ ਦੀ ਸਹੂਲਤ ਲਈ ਬਣਾਏ ਗਏ ਆਰਾਮ ਘਰਾਂ ਵਿਚ ਪੁਲਿਸ ਡੇਰੇ ਲਾਈ ਬੈਠੀ ਹੈ। ਮੰਡੀ ਬੋਰਡ ਵੀ ਆਰਾਮ ਘਰਾਂ ਨੂੰ ਖਾਲੀ ਕਰਾਉਣ ਲਈ ਲਿਖਾ-ਪੜ੍ਹੀ ਤੋਂ ਅਗਾਂਹ ਨਹੀਂ ਵਧ ਰਿਹਾ, ਜਿਸ ਕਾਰਨ ਬੋਰਡ ਦਾ ਕਰੋੜਾਂ ਰੁਪਏ ਕਿਰਾਇਆ ਪੁਲਿਸ ਵਿਭਾਗ ਵੱਲ ਖੜ੍ਹਾ ਹੈ। ਪੰਜਾਬ ਵਿਚ ਤਕਰੀਬਨ ਦੋ ਦਰਜਨ ਕਿਸਾਨ

## ਦਰਜਨਾਂ ਇਮਾਰਤਾਂ 'ਚ ਮੁਫਤੋ ਮੁਫਤ ਚੱਲ ਰਹੇ ਨੇ ਥਾਣੇ

ਆਰਾਮ ਘਰਾਂ 'ਤੇ ਪੁਲਿਸ ਨੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ। ਵਰ੍ਹਿਆਂ ਤੋਂ ਪੁਲਿਸ ਅਫਸਰ ਨਾ ਤਾਂ ਆਰਾਮ ਘਰ ਖ਼ਾਲੀ ਕਰ ਰਹੇ ਹਨ ਤੇ ਨਾ ਹੀ ਮੰਡੀ ਬੋਰਡ ਨੂੰ ਕਿਰਾਇਆ ਦੇ ਰਹੇ ਹਨ।

ਪੰਜਾਬ ਮੰਡੀ ਬੋਰਡ ਤੋਂ ਆਰ.ਟੀ.ਆਈ. ਤਹਿਤ ਮਿਲੇ ਵੇਰਵਿਆਂ ਮੁਤਾਬਕ ਕਿਸਾਨ ਭਵਨ ਚੰਡੀਗੜ੍ਹ ਵਿਚ ਤਕਰੀਬਨ 22 ਵਰ੍ਹਿਆਂ ਤੋਂ ਪੁਲਿਸ ਬੈਠੀ ਹੈ। ਕਿਸਾਨ ਭਵਨ ਦੇ ਕੁਝ ਕਮਰੇ 21 ਨਵੰਬਰ, 1992 ਤੋਂ ਪੁਲਿਸ ਦੇ ਕਬਜ਼ੇ ਹੇਠ ਹਨ। 30 ਜੂਨ 2014 ਤੱਕ ਇਨ੍ਹਾਂ ਕਮਰਿਆਂ ਦਾ ਕਿਰਾਇਆ 1.12 ਕਰੋੜ ਰੁਪਏ ਬਣ ਚੁੱਕਿਆ ਹੈ ਜੋ ਹਾਲੇ ਤੱਕ ਤਾਰਿਆ ਨਹੀਂ ਗਿਆ ਹੈ। ਖੰਨਾ ਦੇ ਰੈਸਟ ਹਾਊਸ 'ਤੇ 1986 ਤੋਂ ਪੁਲਿਸ ਦਾ ਕਬਜ਼ਾ ਹੈ, ਜਿਸ ਦਾ ਹੁਣ ਤੱਕ 1.68 ਕਰੋੜ ਰੁਪਏ ਕਿਰਾਇਆ ਬਣ ਚੁੱਕਿਆ ਹੈ। ਪੁਲਿਸ ਨੇ ਅਜੇ ਤੱਕ ਕੋਈ ਅਦਾਇਗੀ ਨਹੀਂ ਕੀਤੀ ਹੈ। ਬਰਨਾਲਾ ਦਾ ਰੈਸਟ ਹਾਊਸ ਡਿਪਟੀ ਕਮਿਸ਼ਨਰ ਦੇ ਕਬਜ਼ੇ ਹੇਠ 12 ਨਵੰਬਰ 2006 ਤੋਂ ਹੈ, ਜਿਸ ਦਾ ਕੋਈ ਕਿਰਾਇਆ ਨਹੀਂ ਦਿੱਤਾ ਜਾ ਰਿਹਾ ਹੈ।

ਬਰਨਾਲਾ ਵਿਚਲੇ ਵਿਕਾਸ ਭਵਨ ਵਿਚ ਐਸ.ਐਸ.ਪੀ. ਦਫ਼ਤਰ ਚੱਲ ਰਿਹਾ ਹੈ ਤੇ ਇਵੇਂ ਹੀ ਗੱਡਾ ਖਾਨਾ ਵਾਲੀ ਜਗ੍ਹਾ 'ਤੇ ਵੀ ਸਾਲ 2000 ਤੋਂ ਪੁਲਿਸ ਦਾ ਕਬਜ਼ਾ ਹੈ। ਮਾਰਕੀਟ ਕਮੇਟੀ, ਤਰਨਤਾਰਨ ਨੇ ਕਬਜ਼ਾ ਛੁਡਾਉਣ ਲਈ ਅਦਾਲਤ ਵਿਚ ਕੇਸ ਦਾਇਰ ਕਰ ਦਿੱਤਾ। ਅਦਾਲਤੀ ਹੁਕਮਾਂ 'ਤੇ ਪੁਲਿਸ ਨੇ 26 ਫਰਵਰੀ 2013 ਨੂੰ ਇਮਾਰਤ ਖ਼ਾਲੀ ਕਰ ਦਿੱਤੀ ਪਰ 14 ਮਾਰਚ 2013 ਨੂੰ ਮੁੜ ਕਬਜ਼ਾ ਕਰ ਲਿਆ। ਬਠਿੰਡਾ ਦੇ ਮੌੜ ਵਿਚਲੇ ਕਿਸਾਨ ਆਰਾਮ ਘਰ ਵਿਚ ਵੀ ਮਈ 2010 ਤੋਂ ਡੀ.ਐਸ.ਪੀ. ਦਫ਼ਤਰ ਚੱਲ ਰਿਹਾ ਹੈ, ਜਿਸ ਦਾ ਜੁਲਾਈ 2014 ਤੱਕ ਦਾ 22.29 ਲੱਖ ਰੁਪਏ ਕਿਰਾਇਆ ਬਣ ਚੁੱਕਿਆ ਹੈ।



*ਕਿਸਾਨ ਭਵਨ ਚੰਡੀਗੜ੍ਹ ਜਿਸ ਦੇ ਕਮਰੇ 22 ਸਾਲਾਂ ਤੋਂ ਪੁਲਿਸ ਦੇ ਕਬਜ਼ੇ ਹੇਠ ਹਨ*

ਬਠਿੰਡਾ ਵਿਚਲੇ ਜ਼ਿਲ੍ਹਾ ਮੰਡੀ ਦਫ਼ਤਰ ਦੀ ਪੂਰੀ ਇਮਾਰਤ 'ਤੇ 16 ਮਈ 2001 ਤੋਂ 27 ਮਈ 2005 ਤੱਕ ਕਬਜ਼ਾ ਰਿਹਾ। ਉਸ ਮਗਰੋਂ ਹੁਣ ਤੱਕ ਪੁਲਿਸ ਦੇ ਕਬਜ਼ੇ ਹੇਠ 16 ਕਮਰੇ ਹਨ। ਪੁਲਿਸ ਨੇ ਹਾਲੇ ਤੱਕ 64.51 ਲੱਖ ਰੁਪਏ ਕਿਰਾਇਆ ਨਹੀਂ ਤਾਰਿਆ।

ਇਵੇਂ ਹੀ ਰਾਏਕੋਟ ਦੇ ਕਿਸਾਨ ਆਰਾਮ ਘਰ ਵਿਚ ਡੀ.ਐਸ.ਪੀ ਦਫ਼ਤਰ ਹੈ, ਜਿਸ ਵੱਲ 21.23 ਲੱਖ ਰੁਪਏ ਬਕਾਇਆ ਖੜ੍ਹਾ ਹੈ। ਅਮਲੋਹ ਦਾ ਡੀ.ਐਸ.ਪੀ. ਦਫ਼ਤਰ ਵੀ ਆਰਾਮ ਘਰ ਵਿਚ ਹੈ ਜਿਸ ਵੱਲ 21.11 ਲੱਖ ਦਾ ਕਿਰਾਇਆ ਖੜ੍ਹਾ ਹੈ। ਸੁਨਾਮ ਦੇ ਰੈਸਟ ਹਾਊਸ 'ਤੇ ਵੀ ਪੁਲਿਸ ਦਾ ਕਬਜ਼ਾ ਹੈ ਜਦੋਂਕਿ ਮੁਕਤਸਰ ਦੇ ਰੈਸਟ ਹਾਊਸ ਦੇ ਦੋ ਕਮਰੇ ਰੁਜ਼ਗਾਰ ਵਿਭਾਗ ਕੋਲ ਹਨ। ਮਲੋਟ ਦੀ ਕਿਸਾਨ ਸਰਾਏ 'ਤੇ 15 ਸਤੰਬਰ 1997 ਤੋਂ ਡੀ.ਐਸ.ਪੀ. ਦਾ ਕਬਜ਼ਾ ਹੈ। ਤਕਰੀਬਨ 32 ਲੱਖ ਰੁਪਏ ਦਾ ਕਿਰਾਇਆ ਹਾਲੇ ਖੜ੍ਹਾ ਹੈ। ਐਸ.ਡੀ.ਐਮ ਵੱਲ 21.88 ਲੱਖ ਰੁਪਏ ਕਿਰਾਏ ਦੇ ਬਕਾਏ ਖੜ੍ਹੇ ਹਨ। ਮਹਿਲ ਕਲਾਂ ਦੇ ਆਰਾਮ ਘਰ 'ਤੇ ਡੀ.ਐਸ.ਪੀ ਦਾ ਕਬਜ਼ਾ ਹੈ ਜਦੋਂਕਿ ਖਡੂਰ ਸਾਹਿਬ ਵਿਚ ਮੰਡੀ ਬੋਰਡ ਦੀ ਇਮਾਰਤ ਵਿਚ ਥਾਣਾ ਚੱਲ ਰਿਹਾ ਹੈ, ਜਿਸ ਬਾਰੇ ਮਾਰਕੀਟ ਕਮੇਟੀ ਨੇ ਅਦਾਲਤ ਵਿਚ ਕੇਸ ਵੀ ਕੀਤਾ ਹੋਇਆ ਹੈ।

ਸਰਦੂਲਗੜ੍ਹ ਦੇ ਆਰਾਮ ਘਰ 'ਤੇ ਡੀ.ਐਸ.ਪੀ. ਦਾ 23 ਅਪਰੈਲ 1992 ਤੋਂ ਕਬਜ਼ਾ ਹੈ ਜਿਸ ਵੱਲ ਅਗਸਤ 2014 ਤੱਕ 12.63 ਲੱਖ ਰੁਪਏ ਦਾ ਕਿਰਾਇਆ ਬਣ ਚੁੱਕਿਆ ਹੈ। ਜੈਤੋ ਵਿਚ ਮਾਰਕੀਟ ਕਮੇਟੀ ਦੀ ਪੁਰਾਣੀ ਇਮਾਰਤ ਵਿਚ ਥਾਣਾ ਜੈਤੋ ਮੁਫਤੋ ਮੁਫ਼ਤ ਚੱਲ ਰਿਹਾ ਹੈ। ਕੋਟਕਪੂਰਾ ਵਿਚ ਪੁਰਾਣੀ ਇਮਾਰਤ ਦਾ ਕਿਰਾਇਆ ਪੁਲਿਸ ਤੋਂ 38.29 ਲੱਖ ਰੁਪਏ ਵਸੂਲਣਾ ਬਾਕੀ ਹੈ। ਧਰਮਕੋਟ ਦੇ ਆਰਾਮ ਘਰ 'ਤੇ ਵੀ 14 ਜਨਵਰੀ 2000 ਤੋਂ ਡੀ.ਐਸ.ਪੀ ਦਾ ਕਬਜ਼ਾ ਹੈ, ਜਿਸ ਬਾਰੇ ਅਦਾਲਤ ਵਿਚ ਕੇਸ ਵੀ ਕੀਤਾ ਗਿਆ ਸੀ। ਮਖੂ ਦੇ ਕਿਸਾਨ ਆਰਾਮ ਘਰ ਵਿਚ ਮਾਲ ਮਹਿਕਮੇ ਦਾ ਦਫ਼ਤਰ ਹੋਣ ਦੀ ਸੂਚਨਾ ਹੈ ਜਦੋਂਕਿ ਨਿਹਾਲ ਸਿੰਘ ਵਾਲਾ ਦੇ ਰੈਸਟ ਹਾਊਸ ਵਿਚ ਖੇਤੀ ਮਹਿਕਮੇ ਦੇ ਦਫ਼ਤਰ ਚੱਲ ਰਹੇ ਹਨ।

ਲਹਿਰਾਗਾਗਾ ਦੀ ਕਿਸਾਨ ਸਰਾਏ ਵਿਚ ਐਸ.ਡੀ.ਐਮ ਦਫ਼ਤਰ ਚੱਲ ਰਿਹਾ ਹੈ ਤੇ ਰਾਮਾਂ ਮੰਡੀ ਦੇ ਆਰਾਮ ਘਰ ਵਿਚ ਨਾਇਬ ਤਹਿਸੀਲਦਾਰ ਦਾ ਦਫ਼ਤਰ ਹੈ। ਨਵਾਂ ਸ਼ਹਿਰ ਦੀ ਕਿਸਾਨ ਸਰਾਏ ਵੀ ਪੁਲਿਸ ਕੋਲ ਹੈ ਪਰ ਇਥੇ ਪੁਲਿਸ ਕਿਰਾਇਆ ਦੇ ਰਹੀ ਹੈ। ਮਲੇਰਕੋਟਲਾ ਦੇ ਵਿਕਾਸ ਭਵਨ ਵਿਚ ਐਸ.ਪੀ ਦਫ਼ਤਰ ਤੇ ਐਸ.ਡੀ.ਐਮ ਦਫ਼ਤਰ ਤੇ ਰਈਆ (ਅੰਮ੍ਰਿਤਸਰ) ਦੀ ਇਮਾਰਤ ਵਿਚ ਪਨਗਰੇਨ ਦਾ ਦਫ਼ਤਰ ਚੱਲ ਰਿਹਾ ਹੈ। ਕੁਰਾਲੀ ਦੇ ਰੈਸਟ ਹਾਊਸ ਦੇ ਦੋ ਕਮਰੇ ਖੁਰਾਕ ਤੇ ਸਪਲਾਈ ਮਹਿਕਮੇ ਕੋਲ ਹਨ। ਸ੍ਰੀ ਹਰਗੋਬਿੰਦਪੁਰ ਦਾ ਰੈਸਟ ਹਾਊਸ ਵੀ ਸਰਕਾਰੀ ਮਹਿਕਮੇ ਕੋਲ ਹੈ। ਅਬੋਹਰ ਦੇ ਵਿਕਾਸ ਭਵਨ ਵਿਚ ਵੀ ਡੀ.ਐਸ.ਪੀ. ਦਫ਼ਤਰ ਚੱਲ ਰਿਹਾ ਹੈ।

ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਦਾ ਕਹਿਣਾ ਸੀ ਕਿ ਕਿਸਾਨਾਂ ਵਾਸਤੇ ਇਕੱਲੇ ਆਰਾਮ ਘਰ ਕੀ, ਕੋਈ ਜਗ੍ਹਾ ਵੀ ਨਹੀਂ ਛੱਡੀ ਜਾ ਰਹੀ ਹੈ। ਸਾਂਝੀਆਂ ਥਾਵਾਂ ਹੁਣ ਪੁਲਿਸ ਕੋਲ ਹਨ ਜਾਂ ਫਿਰ ਕੰਪਨੀਆਂ ਕੋਲ। ਸ਼ਾਮਲਾਟਾਂ ਵੀ ਖ਼ਤਰੇ ਵਿਚ ਹਨ।


ਉਨ੍ਹਾਂ ਕਿਹਾ ਕਿ ਅਸਲ ਵਿਚ ਹੁਣ ਇਹ ਪੁਲਿਸ ਆਰਾਮ ਘਰ ਬਣ ਗਏ ਹਨ। ਮੰਡੀ ਬੋਰਡ ਦੇ ਵਾਈਸ ਚੇਅਰਮੈਨ ਰਵਿੰਦਰ ਸਿੰਘ ਚੀਮਾ ਦਾ ਕਹਿਣਾ ਸੀ ਕਿ ਉਹ ਗ੍ਰਹਿ ਵਿਭਾਗ ਕੋਲ ਨਾਜਾਇਜ਼ ਕਬਜ਼ਿਆਂ ਦਾ ਮਾਮਲਾ ਉਠਾ ਰਹੇ ਹਨ ਕਿਉਂਕਿ ਕੋਈ ਵੀ ਪੁਲਿਸ ਅਧਿਕਾਰੀ ਰੈਸਟ ਹਾਊਸ ਖਾਲੀ ਕਰਨ ਨੂੰ ਤਿਆਰ ਨਹੀਂ ਹੈ। ਉਨ੍ਹਾਂ ਕਿਹਾ ਕਿ ਮੰਡੀ ਬੋਰਡ ਨੂੰ ਜਗ੍ਹਾ ਦੀ ਕਮੀ ਕਰਕੇ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ।


WEBSITE: DHOLRADIO.ORG

Dhol Radio

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

Request Song



Listen On Phone

Live Calls: USA 1-951-824-6365
Canada 1-604-210-1955
Skype: DHOLRADIO.ORG
1PM to 3PM
9:30PM To 11:30PM (IST)
Listen By Call: USA 702-489-0211
UK 44-20-3519-1210

Music 24/7

*Application for android and iPhone- Dhol Radio*



1984 ਦੇ ਸਿੱਖ ਨਸਲਘਾਤ ਦੀ ਯਾਦ ਵਿਚ ਉਤਰੀ ਅਮਰੀਕਾ ਦੇ ਸਿੱਖ ਨੌਜਵਾਨਾਂ ਵੱਲੋਂ ਪਹਿਲੀ ਵਾਰ ਕਰਵਾਈ ਜਾ ਰਹੀ ਖੋਜ ਕਾਨਫਰੰਸ

ਜਾਗੋ ਕਾਨਫਰੰਸ-2014

30 ਨਵੰਬਰ 2014 (ਐਤਵਾਰ)
ਸਵੇਰੇ 10 ਵਜੇ ਤੋਂ ਸ਼ਾਮੀ 6 ਵਜੇ ਤੱਕ

ਜੇਮਜ਼ ਲੋਗਨ ਹਾਈ ਸਕੂਲ
ਯੂਨੀਅਨ ਸਿਟੀ (ਕੈਲੀਫੋਰਨੀਆ)

(JAGO is a movement and youth-led conference that aims to bring together deferent organizations, artists and activists that aims to discuss the social and political issues that face the Sikh nation today, and set a collective agenda to move forward)

ਇਹ ਨਵੀਂ ਖੋਜ ਤੇ ਵਿਲੱਖਣ ਢੰਗ ਨਾਲ ਉਲੀਕਿਆ ਸਮਾਗਮ ਹੋਵੇਗਾ, ਜਿਸ ਵਿਚ ਨੌਜਵਾਨ ਵਿਦਿਆਰਥੀ/ਵਿਦਿਅਰਥਣਾਂ, ਕਲਾਕਾਰ ਤੇ ਪੰਥਕ ਜਥੇਬੰਦੀਆਂ ਪੰਜਾਬ ਅਤੇ ਸਿੱਖ ਕੌਮ ਦੇ ਮੌਜੂਦਾ ਸਮਾਜਿਕ ਤੇ ਰਾਜਨੀਤਕ ਮਸਲਿਆਂ ਬਾਰੇ ਵਿਚਾਰ ਕਰਦਿਆਂ ਕੌਮ ਦੇ ਸਾਂਝੇ ਮੁੱਦੇ ਵੱਲ ਅੱਗੇ ਵਧਿਆ ਜਾਵੇਗਾ।



ਇਸ ਕਾਨਫਰੰਸ ਵਿਚ ਸਿੱਖ ਨੌਜਵਾਨਾਂ ਤੇ ਸਿੱਖ ਬੀਬੀਆਂ ਦਾ ਪਹੁੰਚ ਕੇ ਵਿਚਾਰਾਂ ਦੀ ਸਾਂਝ ਪਾਉਣਾ ਬਹੁਤ ਜ਼ਰੂਰੀ ਹੈ, ਕਿਉਂਕਿ ਇਸ ਕਾਨਫਰੰਸ ਵਿਚ ਸਿੱਖ ਬੀਬੀਆਂ ਦਾ ਸਿੱਖ ਸੰਘਰਸ਼ ਵਿਚ ਪਾਇਆ ਹਿੱਸਾ ਅਤੇ ਪੰਜਾਬ ਦੀ ਨੌਜਵਾਨ ਪੀੜ੍ਹੀ ਦਾ ਸੰਕਟ, ਵਿਸ਼ੇਸ਼ ਤੌਰ ਉਤੇ ਵਿਚਾਰੇ ਜਾਣਗੇ। ਇਸ ਵਿਚ ਹੇਠ ਲਿਖੇ ਖੋਜੀ ਆਪਣੇ ਵਿਚਾਰ ਦੇਣਗੇ:

1. ਕਿਰਨ ਰਾਏ- ਸਿੱਖ ਐਕਟੀਵਿਸਟ ਨੈਟਵਰਕ
2. ਰੂਪੀ ਕੌਰ- ਸਲੈਮ ਪੋਇਟ ਐਂਡ ਐਕਟੀਵਿਸਟ
3. ਦਮਨਜੀਤ ਸਿੰਘ- ਯੂਨੀਵਰਸਿਟੀ ਆਫ ਕੈਲੀਫੋਰਨੀਆ, ਸੈਂਟਾ ਕਰੂਜ਼
4. ਮੋਨਿੰਦਰਪਾਲ ਸਿੰਘ- ਯੂਨੀਵਰਸਿਟੀ ਆਫ ਫਰੇਜ਼ਰ ਵੈਲੀ ਕੈਨੇਡਾ
5. ਨੀਨਾ ਕੌਰ- ਕੈਲੀਫੋਰਨੀਆ ਸਕੂਲ ਆਫ ਪ੍ਰੋਫੈਸ਼ਨਲ ਸਾਈਕਾਲੋਜੀ
6. ਪੁਨੀਤ ਕੌਰ ਖਾਲਸਾ- ਇਨਸਾਫ, ਯੂਨੀਵਰਸਿਟੀ ਆਫ ਕੈਲੀਫੋਰਨੀਆ, ਡੇਵਿਸ
7. ਜਾਸਮੀਨ ਕੌਰ- ਯੂਨੀਵਰਸਿਟੀ ਆਫ ਫਰੇਜ਼ਰ ਵੈਲੀ, ਕੈਨੇਡਾ
8. ਕੰਵਰਰੂਪ ਕੌਰ- ਯੂਨੀਵਰਸਿਟੀ ਆਫ ਕੈਲੀਫੋਰੀਆ, ਬਰਕਲੇ
9. ਢਾਡੀ ਸਰਬਜੀਤ ਸਿੰਘ ਸਾਜਨ (ਢਾਡੀ ਵਾਰਾਂ)

ਸੰਪਰਕ: jagoconference@gmail.com Ph: 510-648-0953

ਜ਼ਰੂਰੀ: ਚਾਹ ਪਾਣੀ ਤੇ ਲੰਗਰ ਦਾ ਪੂਰਾ ਪ੍ਰਬੰਧ ਹੋਵੇਗਾ

# ਪੰਜਾਬ ਲੋਕ ਰੰਗ ਵਲੋਂ ‘ਉਮਰਾਂ ਲੰਘੀਆਂ ਪੱਬਾਂ ਭਾਰ’ ਦਾ ਸਫਲ ਮੰਚਨ

**ਯੂਨੀਅਨ ਸਿਟੀ (ਐਸ. ਅਸ਼ੋਕ ਭੌਰਾ):** ਸ਼ੇਕਸਪੀਅਰ ਦਾ ਕਥਨ ਹੈ ਕਿ ਦੁਨੀਆਂ ਇਤਿਹਾਸ ਦੀਆਂ ਗੱਲਾਂ ਤਾਂ ਕਰ ਰਹੀ ਹੁੰਦੀ ਹੈ, ਪਰ ਇਤਿਹਾਸ ਬਣਾਉਣਾ ਕੁਝ ਕੁ ਲੋਕਾਂ ਦੇ ਹਿੱਸੇ ਹੀ ਆਉਂਦਾ ਹੈ। ਕੈਲੀਫੋਰਨੀਆ ਵਿਚ ਪੰਜਾਬ ਲੋਕ ਰੰਗ ਅਤੇ ਸੁਰਿੰਦਰ ਧਨੋਆ ਨੇ ਲੋਕ ਨਾਚਾਂ ਤੋਂ ਬਾਅਦ ਥੀਏਟਰ ਨੂੰ ਜੋ ਦਿੱਤਾ ਹੈ, ਉਹਦੇ ਬਾਰੇ ਕੋਈ ਸਿਰ-ਫ਼ਿਰਿਆ ਸਿਰ ਫੇਰ ਦੇਵੇ ਤਾਂ ਅਲੱਗ ਗੱਲ ਹੈ, ਸਿਆਣਾ ਬੰਦਾ ਕਹੇਗਾ, ਕੰਮ ਕਰਨ ਵਾਲਿਆਂ ਨੂੰ ਦਿਨ ਪਹਿਲਾਂ ਛਿਪੇ, ਜਾਂ ਸਵੇਰ ਦੇਰੀ ਨਾਲ ਹੋਵੇ, ਕੁਝ ਵੀ ਫਰਕ ਨਹੀਂ ਪੈਣ ਹੁੰਦਾ।

ਕਰੀਬ ਅੱਧੀ ਦਰਜਨ ਨਾਟਕਾਂ ਦੀ ਸਫਲ ਪੇਸ਼ਕਾਰੀ ਤੋਂ ਬਾਅਦ ਸੁਰਿੰਦਰ ਧਨੋਆ ਦਾ ਆਪਣਾ ਲਿਖਿਆ, ਨਿਰਦੇਸ਼ਤ ਕੀਤਾ ਨਵਾਂ ਨਾਟਕ ‘ਉਮਰਾਂ ਲੰਘੀਆਂ ਪੱਬਾਂ ਭਾਰ’ ਲੰਘੇ ਸਨਿਚਰਵਾਰ ਸਥਾਨਕ ਲੋਗਨ ਹਾਈ ਸਕੂਲ ਦੇ ਪ੍ਰਫ਼ਾਰਮਿੰਗ ਆਰਟ ਸੈਂਟਰ ਵਿਚ ਖੇਡਿਆ ਗਿਆ। ਇਹ ਨਾਟਕ ਪੰਜਾਬੀ ਜ਼ੁਬਾਨ ਨੂੰ ਜਿਉਂਦਿਆਂ ਰੱਖਣ ਦਾ ਵੱਡਾ ਯਤਨ ਇਸ ਕਰ ਕੇ ਗਿਣਿਆ ਜਾਵੇਗਾ, ਕਿਉਂਕਿ ਇਸ ਨੂੰ ਵੇਖਣ ਲਈ ਵੱਡੀ ਗਿਣਤੀ ਵਿਚ ਆਏ ਦਰਸ਼ਕਾਂ ਵਿਚ ਉਹ ਨੌਜਵਾਨ ਮੁੰਡੇ-ਕੁੜੀਆਂ ਸ਼ਾਮਲ ਸਨ ਜਿਨ੍ਹਾਂ ਦਾ ਜਨਮ ਇਥੇ ਅਮਰੀਕਾ ਵਿਚ ਹੋਇਆ। ਪੂਰੇ ਚਾਅ ਨਾਲ ਉਨ੍ਹਾਂ ਇਹ ਨਾਟਕ ਦੇਖਿਆ। ਉਂਜ, ਇਸ ਨਾਟਕ ਨੇ ਕਈ ਨਵੇਂ ਪੱਖ ਵੀ ਉਭਾਰੇ। ਪਹਿਲਾ ਇਹ ਕਿ ਸ਼ੋਰ-ਸ਼ਰਾਬੇ ਵਾਲੇ ਸਮਾਗਮਾਂ ਵਿਚ ਸ਼ਰਾਬ ਦਾ ਘੁੱਟ ਪੀ ਕੇ ਵਿਚਰਦੇ ਮਰਦਾਂ ਦੀ ਹਾਜ਼ਰੀ ਦੇ ਮੁਕਾਬਲੇ ਸੁਹਿਰਦ, ਸੂਝਵਾਨ ਤੇ ਚੇਤੰਨ ਲੋਕਾਂ ਨੇ ਆਪਣੇ ਪਰਿਵਾਰਾਂ ਅਤੇ ਬੱਚਿਆਂ ਨਾਲ ਕਰੀਬ ਪੌਣੇ ਤਿੰਨ ਘੰਟੇ ਇਕ ਚਿਤ ਹੋ ਕੇ ਇਹ ਨਾਟਕ ਦੇਖਿਆ। ਦੂਜੀ ਗੱਲ ਇਹ ਕਿ ਖ਼ੂਨੀ ਰਿਸ਼ਤਿਆਂ ਦੇ ਆਧਾਰ ਉਤੇ ਆਪਣਿਆਂ ਨੂੰ ਮੰਗਵਾਉਣ ਦੀ ਕਹਾਣੀ ਤਾਂ ਅਲੱਗ ਹੈ, ਪਹਿਲਾਂ ਜਿਨ੍ਹਾਂ ਨੂੰ ਅਜਿਹੇ ਮੁਲਕਾਂ ਵਿਚ ਆਉਣ, ਵਸਣ ਤੇ ਵਿਕਸਤ ਹੋਣ ਵੇਲੇ ਜੋ ਸਮੱਸਿਆਵਾਂ ਝੱਲਣੀਆਂ ਪਈਆਂ ਤੇ ਬੇਅੰਤ ਦਰਦ ਸਹਿਣਾ ਪਿਆ, ਉਹੀ ਇਸ ਨਾਟਕ ਦਾ ਬਿਰਤਾਂਤ ਹੈ। ਜ਼ਿੰਦਗੀ ਪੱਬਾਂ ਭਾਰ ਮਸ਼ੀਨ ਵਾਂਗ ਲੰਘਦੀ ਕਿਵੇਂ ਹੈ, ਤੇ ਸੰਤਾਪ ਸਭ ਦਾ ਇਕੋ ਜਿਹਾ ਹੈ, ਇਸੇ ਲਈ ਘਰ-ਘਰ ਦੀ ਕਹਾਣੀ ਹੋਣ ਕਰ ਕੇ ਨਵਾਂ ਰੰਗ ਭਰਨ ਦਾ ਉਪਦੇਸ਼ ਦੇਣ ਵਿਚ ਨਾਟਕ ਸਫਲ ਰਿਹਾ।

ਕਹਾਣੀ ਦੀ ਰਵਾਨੀ ਲਾ-ਜਵਾਬ ਸੀ, ਪਰ ਅਮਰੀਕਾ ਦੇ ਪੰਜਾਬੀ ਰੰਗ-ਮੰਚ ਦੇ ਖੇਤਰ ਵਿਚ ਜਿਸ ਵਡਿਆਈ ਲਈ ਸੁਰਿੰਦਰ ਧਨੋਆ ਦਾ ਲੰਮਾ ਕੱਦ ਹੋਰ ਉਚਾ ਹੁੰਦਾ ਰਿਹਾ ਹੈ, ਉਹ ਇਹ ਹੈ ਕਿ ਕੁਝ ਅਸਲੋਂ ਨਵੇਂ ਕਲਾਕਾਰਾਂ ਵੱਲੋਂ ਸੰਪੂਰਨਤਾ ਦੇ ਨੇੜੇ ਪੁੱਜਣ ਅਤੇ ਆਰਟ ਨਾਲ ਓਤ-ਪੋਤ ਕਰਨ ਦਾ ਇਤਿਹਾਸ ਫਿਰ ਬਣ ਗਿਆ ਹੈ। ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਨਵਾਂ ਚਿਹਰਾ ਹੋਣ ਦੇ ਬਾਵਜੂਦ ਪੰਜਾਬੀ ਥੀਏਟਰ ਨੂੰ ਤਜਰਬੇਕਾਰ ਕੁੜੀ ਲੱਗੀ। ਕੰਵਰ ਸਰਾਂ ਤੇ ਸੋਨੀਆ ਚੇੜਾ, ਦੋ ਨਵੇਂ ਚਿਹਰੇ ਭਵਿੱਖ ਦੀ ਚੰਗੀ ਉਮੀਦ ਬਣ ਕੇ ਨਿਕਲ ਸਕਦੇ ਹਨ। ਡਿੰਪਲ ਜੋਸ਼ੀ ਦਾ ਬਠਿੰਡੇ ਵਾਲਾ ਸਟਾਈਲ ‘ਅਸੀਂ ਤਾਂ ਪਹਿਲਾਂ ਹੀ ਲੇਟ ਆਂ’ ਰੰਗ-ਮੰਚ ਦੇ ਪੂਰਾ ਮਾਫ਼ਕ ਹੈ।

‘ਉਮਰਾਂ ਲੰਘੀਆਂ ਪੱਬਾਂ ਭਾਰ’ ਨਾਟਕ ਨੂੰ ਅਦਾਕਾਰੀ ਵਾਲੇ ਪੱਖ ਤੋਂ ਜੇ ਵਿਚਾਰਨਾ ਹੋਵੇ, ਤਾਂ ਜਸਵਿੰਦਰ ਧਨੋਆ ਮਾਂ ਦੇ ਪਿਛਲੇ ਕਿਰਦਾਰਾਂ ਨਾਲੋਂ ਕਾਫ਼ੀ ਅੱਗੇ ਜਾ ਖਲੋਤੀ ਹੈ। ਨਾਟਕ ਵਿਚ ਸਭ ਤੋਂ ਲੰਮਾ, ਪ੍ਰਭਾਵਸ਼ਾਲੀ ਕਿਰਦਾਰ ਗੁਰਮੀਤ ਸਿੰਘ ਦੇ ਰੂਪ ਵਿਚ ਇੰਜੀਨੀਅਰ ਅੰਮ੍ਰਿਤਪਾਲ ਸਰਾਂ ਸਾਰੇ ਦਾ ਸਾਰਾ ਹੀ ਕਲਾ ਵਿਚ ਉਤਰ ਗਿਆ। ਨਾਟਕ ਦੇ ਥੀਮ ਦੀ ਸਮੁੱਚੀ ਘੇਰਾਬੰਦੀ ਉਹਦੇ ਦੁਆਲੇ ਸੀ, ਇਸ ਲਈ ਇਤਿਹਾਸ ਵਿਚ ਧਨੋਏ ਦਾ ਸਿਖਰਲੇ ਪੌਡੇ ਨੂੰ ਹੱਥ ਪੁਆਉਣ ਵਿਚ ਸਫ਼ਲ ਰਿਹਾ ਹੈ। ਪਾਲੀ ਧਨੌਲਾ ਬਿਨਾਂ ਸ਼ੱਕ ਓਹਲੇ ਵਿਚ


*(ਬਾਕੀ ਸਫਾ 21 ਉਤੇ)*



*ਨਾਟਕ ‘ਉਮਰਾਂ ਲੰਘੀਆਂ ਪੱਬਾਂ ਭਾਰ’ ਦੀ ਸਮੁੱਚੀ ਟੀਮ*



*ਕੁਝ ਸਹਿਯੋਗੀ ਤੇ ਸਪਾਂਸਰ*



*ਅੰਮ੍ਰਿਤ ਸਰਾਂ, ਸੋਨੂੰ ਰਾਣਾ ਤੇ ਸੁਰਿੰਦਰ ਧਨੋਆ*



*ਦਰਸ਼ਨ ਔਜਲਾ ਅਤੇ ਕੇ.ਕੇ. ਕੋਹਲੀ ਦੇ ਰੂਪ ਵਿਚ ਪਾਲੀ*



*ਡਿੰਪਲ ਜੋਸ਼ੀ ਤੇ ਪਾਲੀ ਧਨੌਲਾ*



*ਅਲੀ ਸ਼ੇਰ, ਬਲਦੀਸ਼ਾਂ: ਲਹਿੰਦੇ ਪੰਜਾਬ ਦੀ ਸਾਂਝ*



*ਸ਼ਕਤੀ ਮਾਣਕ ਤੇ ਜਸਵਿੰਦਰ ਧਨੋਆ।*



*ਨਾਟਕ ਦਾ ਇਕ ਭਾਵਪੂਰਤ ਤੇ ਜਜ਼ਬਾਤੀ ਦ੍ਰਿਸ਼*



*ਅੰਮ੍ਰਿਤ ਸਰਾਂ ਤੇ ਸ਼ਕਤੀ ਮਾਣਕ- ਗੁਰਮੀਤ ਸਿੰਘ ਤੇ ਮਨਜੀਤ ਦੇ ਰੋਲ ਵਿਚ*



*ਸੁਰਿੰਦਰ ਧਨੋਆ ਤੇ ਮੋਨਿਕਾ ਉਪਲ*





# ਸਿੱਖ ਸਪੋਰਟਸ ਐਸੋਸੀਏਸ਼ਨ ਨੇ ਕਰਵਾਈ 8ਵੀਂ ਮੈਰਾਥਨ

**ਫਰੀਮਾਂਟ (ਬਿਊਰੋ):** ਸਿੱਖ ਸਪੋਰਟਸ ਐਸੋਸੀਏਸ਼ਨ ਆਫ ਯੂ ਐਸ ਏ ਵਲੋਂ ਲੰਘੇ ਦਿਨੀਂ 8ਵੀਂ ਮੈਰਾਥਨ ਕਰਵਾਈ ਗਈ। ਇਹ ਦੌੜ ਫਰੀਮਾਂਟ ਦੇ ਕੁਐਰੀ ਲੇਕਸ ਪਾਰਕ ਵਿਚ ਹੋਈ ਅਤੇ ਇਸ ਵਿਚ ਪੰਜਾਬੀ ਭਾਈਚਾਰੇ ਸਮੇਤ ਹੋਰਨਾਂ ਭਾਈਚਾਰਿਆਂ ਦੇ ਸਵਾ ਦੋ ਸੌ ਦੇ ਕਰੀਬ ਦੌੜਾਕਾਂ ਨੇ ਹਿੱਸਾ ਲੈ ਕੇ ਇਸ ਮੈਰਾਥਨ ਨੂੰ ਸਫਲ ਬਣਾਇਆ।

ਇਸ ਵਾਰ ਦੀ ਮੈਰਾਥਨ ਦੀ ਇਕ ਖਾਸੀਅਤ ਇਹ ਸੀ ਕਿ ਦਸ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੇ ਇਸ ਦੌੜ ਵਿਚ ਹਿੱਸਾ ਲਿਆ ਹੀ ਲਿਆ, ਬਲਕਿ ਆਪਣੇ ਮਾਪਿਆਂ ਨੂੰ ਵੀ ਮੈਰਾਥਨ ਦਾ ਹਿੱਸਾ ਬਣਨ ਲਈ ਮਜਬੂਰ ਕੀਤਾ। ਦੌੜ ਦੌਰਾਨ ਲੋਗਨ ਹਾਈ ਸਕੂਲ ਦੇ ਇਕ ਵਿਦਿਆਰਥੀ ਨੇ ਇਕ ਘੰਟਾ 25 ਮਿੰਟ ਅਤੇ 17 ਸੈਕੰਡ ਵਿਚ ਦੌੜ ਪੂਰੀ ਕਰ ਕੇ ਅਤੇ ਨਾਲ ਹੀ ਇਸੇ ਸਕੂਲ ਦੀ ਇਕ ਵਿਦਿਆਰਥਣ ਨੇ ਇਹ ਦੌੜ ਮੁਕੰਮਲ ਕਰ ਕੇ ਪਹਿਲਾ ਸਥਾਨ ਹਾਸਲ ਕੀਤਾ। ਜੇਤੂਆਂ ਨੂੰ ਇਨਾਮ ਦੇ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ।

ਦੌੜਾਕਾਂ ਲਈ ਫਲ-ਫਰੂਟ, ਚਾਹ-ਪਕੌੜੇ, ਛੋਲੇ-ਭਠੂਰੇ ਅਤੇ ਠੰਡੇ-ਬੱਤੇ ਦਾ ਉਚੇਚਾ ਇੰਤਜ਼ਾਮ ਕੀਤਾ ਗਿਆ ਸੀ ਜਿਸ ਦੀ ਸੇਵਾ ਲਛਮਣ ਸਿੰਘ ਮਾਂਗਟ, ਭੁਪਿੰਦਰ ਸਿੰਘ ਪਰਮਾਰ ਅਤੇ ਕੁਲਦੀਪ ਸਿੰਘ ਭੰਡਾਲ ਬ੍ਰਦਰਜ਼ ਅਤੇ ਪਰਿਵਾਰਾਂ ਵਲੋਂ ਕੀਤੀ ਗਈ। ਇਸ ਮੈਰਾਥਨ ਦੌੜ ਵਿਚ ਲਿਵਿੰਗਸਟਨ ਹਾਈ ਸਕੂਲ ਦੇ ਪੰਜਾਬੀ ਕਲੱਬ ਨੇ ਵੀ ਭਰਵੀਂ ਹਾਜ਼ਰੀ ਲੁਆਈ ਅਤੇ ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਵਾਂ ਉਤੇ ਚੱਲਣ ਦਾ ਵਾਅਦਾ ਕੀਤਾ। ਸਥਾਨਕ ਹਾਈ ਸਕੂਲ ਦੇ ਦੌੜਾਕ ਵੀ ਇਸ ਮੈਰਾਥਨ ਵਿਚ ਹਿੱਸਾ ਲੈਣ ਲਈ ਉਚੇਚਾ ਆਏ।


ਪੰਜਾਬ ਤੋਂ ਆਏ ਡਿਸਕਸ ਥਰੋ ਵਿਚ ਗੋਲਡ ਮੈਡਲ ਜੇਤੂ ਸੁਰਜੀਤ ਸਿੰਘ ਛੀਨਾ ਵੀ ਮੈਰਾਥਨ ਵਿਚ ਸ਼ਾਮਲ ਹੋਏ। ਉਹ ਵੈਟਰਨ ਅਥਲੀਟ ਹਨ। ਇਸ ਮੌਕੇ ਉਨ੍ਹਾਂ ਬੱਚਿਆਂ ਨਾਲ ਆਪਣੇ ਤਜਰਬੇ ਸਾਂਝੇ ਕੀਤੇ ਅਤੇ ਖੇਡਾਂ ਦੇ ਖੇਤਰ ਵਿਚ ਮੱਲਾਂ ਮਾਰਨ ਲਈ ਪ੍ਰੇਰਿਆ।

ਮੈਰਾਥਨ ਵਿਚ ਬੱਚਿਆਂ ਦੀ ਵਧੇਰੇ ਸ਼ਮੂਲੀਅਤ ਅਤੇ ਖੇਡਾਂ ਪ੍ਰਤੀ ਉਨ੍ਹਾਂ ਦੀ ਲਗਨ ਨੂੰ ਦੇਖਦਿਆਂ ਪਹਿਲੇ, ਦੂਜੇ ਅਤੇ ਤੀਜੇ ਇਨਾਮ ਦੀ ਰਾਸ਼ੀ ਕਰੀਬ 10 ਹਜ਼ਾਰ ਡਾਲਰ ਕਰਨ ਲਈ ਸਪਾਂਸਰਾਂ ਨੇ ਸਿੱਖ ਸਪੋਰਟਸ ਐਸੋਸੀਏਸ਼ਨ ਕੋਲ ਆਪਣੇ ਨਾਂ ਲਿਖਵਾਏ ਜਿਨ੍ਹਾਂ ਵਿਚ ਏ ਐਂਡ ਆਈ ਟਰੱਕਿੰਗ ਦੇ ਗਾਖਲ ਭਰਾ, ਨਿੱਜਰ ਭਰਾ, ਸਹੋਤਾ ਭਰਾ-ਯੂਨੀਅਨ ਸਿਟੀ, ਮਾਨ ਭਰਾ, ਸਬਵੇ ਦੇ ਮਾਲਕ ਸ. ਕਾਹਲੋਂ, ਸ੍ਰੀ ਸਿੱਧੂ ਤੇ ਸ੍ਰੀ ਢਿੱਲੋਂ ਸ਼ਾਮਲ ਹਨ।





















*To Advertise with Punjab Times Call: 847-359-0746*

**M.K. Nijjar DDS**
**Ruchi Nijjar DDS**

*Laser Dentistry*
*No shots, No Drill, No Pain.*
*Family Dentistry*
*Cosmetic Dentistry*


*Esthetic Crowns, Bridges & Dentures Teeth Whitening * Oral Surgery Root Canal Treatments*
*Treatments & Prevention of Gum Diseases New Patients & Children Welcome*

**510-794-7058**
WWW.DRNIJJAR.COM
*(Across From Washigton Hospital & Bart)*
*1895 Mowry Ave. Ste 104 Fremont*

**Jammu Chiropractic**

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*
Medicare & Most Private Insurances Accepted



*Contact:* Dr. Baljit Jammu
*Doctor of Chiropractic*
Ph: 510-940-8236
1090 La Playa Dr., Hayward CA 94545

# ਨੰਦਿਤਾ ਦਾ ਨਾਟਕ

## ਬੈਟਵੀਨ ਦਿ ਲਾਈਨਜ਼



## ਖਹਿ ਕੇ ਲੰਘ ਰਹੀਆਂ ਨੇ ਰਵਾਇਤਾਂ ਤੇ ਆਧੁਨਿਕਤਾ...

ਮਸ਼ਹੂਰ ਅਦਾਕਾਰਾ ਅਤੇ ਫਿਲਮਸਾਜ਼ ਨੰਦਿਤਾ ਦਾਸ ਦਾ ਨਵਾਂ ਨਾਟਕ 'ਬੈਟਵੀਨ ਦਿ ਲਾਈਨਜ਼' ਅਕਤੂਬਰ ਦੇ ਆਖ਼ਰੀ ਹਫ਼ਤੇ ਨਿਊ ਯਾਰਕ ਦੇ 'ਮਿਊਜ਼ੀਅਮ ਆਫ ਮੂਵਿੰਗ ਇਮੇਜਸ' ਵਿਚ ਪੇਸ਼ ਕੀਤਾ ਗਿਆ ਤਾਂ ਦਰਸ਼ਕ ਅਸ਼-ਅਸ਼ ਕਰ ਉਠੇ। ਇਸ ਪੇਸ਼ਕਾਰੀ ਤੋਂ ਬਾਅਦ ਦਰਸ਼ਕਾਂ ਦੀਆਂ ਵਧਾਈਆਂ ਦਾ ਤਾਂਤਾ ਹੀ ਲੱਗ ਗਿਆ। ਇਹ ਨਾਟਕ ਨੰਦਿਤਾ ਦਾਸ ਦੇ ਪਤੀ ਸੁਬੋਧ ਮਸਕਾਰਾ ਦੇ ਦਿਮਾਗ ਦੀ ਉਪਜ ਹੈ। ਦੋਹਾਂ ਨੇ ਇਸ ਨਾਟਕ ਲਈ ਟਿੱਲ ਵੀ ਪੂਰਾ ਲਾਇਆ ਅਤੇ ਨਤੀਜਾ ਸਭ ਦੇ ਸਾਹਮਣੇ ਹੈ। ਹੁਣ ਇਹ ਜੋੜੀ ਆਪਣੀ ਇਸ ਉਮਦਾ ਪੇਸ਼ਕਾਰੀ ਦੀ ਕਾਮਯਾਬੀ ਤੋਂ ਫੁੱਲੀ ਨਹੀਂ ਸਮਾ ਰਹੀ।


ਨਿਊ ਯਾਰਕ ਤੋਂ ਬਾਅਦ ਇਹੀ ਪੇਸ਼ਕਾਰੀ ਕੁਨੈਕਟੀਕਟ ਵਿਚ ਯੇਲ ਯੂਨੀਵਰਸਿਟੀ ਦੇ ਵ੍ਹਿਟਨੀ ਹਿਊਮੈਨਟੀਜ਼ ਸੈਂਟਰ ਆਡੀਟੋਰੀਅਮ ਵਿਖੇ ਕੀਤੀ ਗਈ। ਉਥੇ ਵੀ ਦਰਸ਼ਕਾਂ ਦਾ ਹੁੰਗਾਰਾ ਬੇਮਿਸਾਲ ਸੀ। ਦਰਸ਼ਕ ਇਸ ਕਲਾਕਾਰ ਜੋੜੀ ਨੂੰ ਮਿਲਣ ਲਈ ਪੱਬਾਂ ਭਾਰ ਹੋ ਰਹੇ ਸਨ। ਇਸ ਨਾਟਕ ਵਿਚ ਨੰਦਿਤਾ ਦਾਸ ਅਤੇ ਸੁਬੋਧ ਮਸਕਾਰਾ ਨੇ ਪਤੀ-ਪਤਨੀ ਦੇ

ਗੁਰਬਖਸ਼ ਸਿੰਘ ਸੋਢੀ

ਕਿਰਦਾਰ ਹੀ ਨਿਭਾਏ ਹਨ। ਅਗਲੀ ਪੇਸ਼ਕਾਰੀ ਸ਼ਿਕਾਗੋ ਵਿਚ 22 ਅਤੇ 23 ਨਵੰਬਰ ਨੂੰ ਕੀਤੀ ਜਾ ਰਹੀ ਹੈ। ਇਹ ਨਾਟਕ 'ਸਿਨੇਪਲੇ' ਦੇ ਬੈਨਰ ਹੇਠ ਪੇਸ਼ ਕੀਤਾ ਜਾ ਰਿਹਾ ਹੈ। ਇਸ ਸੰਸਥਾ ਦੇ ਮੋਢੀ ਅਤੇ ਮੁਖੀ ਖੁਦ ਸੁਬੋਧ ਮਸਕਾਰਾ ਹਨ।

ਇਸ ਨਾਟਕ ਦੀ ਇਕ ਹੋਰ ਖਾਸੀਅਤ ਇਹ ਸੀ ਕਿ ਇਹ ਨਾਟਕ ਸਕਰੀਨ ਕੀਤਾ ਗਿਆ। ਨੰਦਿਤਾ ਦਾਸ ਦੱਸਦੀ ਹੈ, "ਨਿਊ ਯਾਰਕ ਦੇ 'ਮਿਊਜ਼ੀਅਮ ਆਫ ਮੂਵਿੰਗ ਇਮੇਜਸ' ਵਿਚ ਮਿਲਿਆ ਹੁੰਗਾਰਾ ਬੇਮਿਸਾਲ ਸੀ। ਮੈਂ ਇੰਨਾ ਵੱਡਾ ਸਕਰੀਨ ਪਹਿਲੀ ਵਾਰ ਹੀ ਦੇਖ ਰਹੀ ਸਾਂ।" ਇਹ ਨਾਟਕ ਨੰਦਿਤਾ ਦਾਸ ਅਤੇ ਦਿਵਿਆ ਜਗਦਲੇ ਨੇ ਰਲ ਕੇ ਲਿਖਿਆ ਹੈ। ਨਾਟਕ ਨੂੰ ਨਿਰਦੇਸ਼ਨ ਨੰਦਿਤਾ ਦਾਸ ਨੇ ਹੀ ਦਿੱਤਾ ਹੈ। ਉਹ ਨਿਊ ਯਾਰਕ ਵਿਚ ਨਾਟਕ ਦੀ ਪੇਸ਼ਕਾਰੀ ਬਾਰੇ ਵਾਰ-ਵਾਰ ਗੱਲਾਂ ਕਰਦੀ ਹੈ। ਉਸ ਮੁਤਾਬਕ, "ਪੇਸ਼ਕਾਰੀ ਤੋਂ ਬਾਅਦ ਨਾਟਕ ਦੀ ਲੇਖਕਾ ਦਿਵਿਆ ਜਗਦਲੇ ਨੂੰ ਦਰਸ਼ਕ ਜਿਸ ਤਰ੍ਹਾਂ ਮਿਲ ਰਹੇ ਸਨ, ਉਸ ਨਾਲ ਗੱਲਾਂ ਕਰ ਰਹੇ ਸਨ ਅਤੇ ਉਸ ਤੋਂ ਬਾਅਦ ਜਿਹੜੀ ਗੱਲਬਾਤ ਚੱਲੀ, ਉਹ ਚਿਣਗ ਬਾਲਣ ਵਾਲੀ ਸੀ।"

ਸੁਬੋਧ ਦਾ ਕਹਿਣਾ ਹੈ ਕਿ ਨਾਟਕਾਂ ਦੀ ਸਕਰੀਨਿੰਗ ਦੇ ਮਾਮਲੇ ਵਿਚ 'ਸਿਨੇਪਲੇ' ਨੇ ਭਾਰਤ ਵਿਚ ਆਪਣੀ ਚੰਗੀ ਥਾਂ ਬਣਾਈ ਹੋਈ ਹੈ ਅਤੇ ਹੁਣ ਕੌਮਾਂਤਰੀ ਪੱਧਰ ਉਤੇ ਇਸ ਨੇ ਆਪਣੀ ਕਾਮਯਾਬੀ ਦਾ ਝੰਡਾ ਗੱਡ ਦਿੱਤਾ ਹੈ। ਉਹ ਖੁਸ਼ੀ ਵਿਚ ਖੀਵਾ




*ਨਾਟਕ 'ਬੈਟਵੀਨ ਦਿ ਲਾਈਨਜ਼' ਭਾਰਤ ਦੀ ਇਕ ਸ਼ਹਿਰੀ ਜੋੜੀ ਦਾ ਚਿਤਰਨ ਹੈ ਜੋ ਪੜ੍ਹੇ-ਲਿਖੇ ਹਨ ਅਤੇ ਆਪਣੇ ਆਲੇ-ਦੁਆਲੇ ਬਾਰੇ ਪੂਰੇ ਚੇਤੰਨ ਵੀ ਹਨ; ਪਰ ਜ਼ਿੰਦਗੀ ਦੇ ਇਕ ਮੋੜ ਉਤੇ ਆ ਉਹ ਆਧੁਨਿਕਤਾ ਅਤੇ ਰਿਵਾਇਤ ਦੇ ਪਾਟ ਰਹੇ ਰਸਤਿਆਂ ਉਤੇ ਪਹੁੰਚ ਜਾਂਦੇ ਹਨ। ਪਤੀ-ਪਤਨੀ ਦੇ ਆਪਸੀ ਤਕਰਾਰ ਨੂੰ ਨਾਟਕ ਵਿਚ ਬਹੁਤ ਸ਼ਿੱਦਤ ਨਾਲ ਪੇਸ਼ ਕੀਤਾ ਗਿਆ ਹੈ।*

ਹੋ ਰਿਹਾ ਸੀ ਕਿ ਇਸ ਪੇਸ਼ਕਾਰੀ ਨੂੰ ਦਰਸ਼ਕਾਂ ਨੇ ਇੰਨੀ ਵੱਡੀ ਪੱਧਰ ਉਤੇ ਹੁੰਗਾਰਾ ਭਰਿਆ ਹੈ। ਨਾਟਕ 'ਬੈਟਵੀਨ ਦਿ ਲਾਈਨਜ਼' ਭਾਰਤ ਦੀ ਇਕ ਸ਼ਹਿਰੀ ਜੋੜੀ ਦਾ ਚਿਤਰਨ ਹੈ ਜੋ ਪੜ੍ਹੇ-ਲਿਖੇ ਹਨ ਅਤੇ ਆਪਣੇ ਆਲੇ-ਦੁਆਲੇ ਬਾਰੇ ਪੂਰੇ ਚੇਤੰਨ ਵੀ ਹਨ; ਪਰ ਜ਼ਿੰਦਗੀ ਦੇ ਇਕ ਮੋੜ ਉਤੇ ਆ ਉਹ ਆਧੁਨਿਕਤਾ ਅਤੇ ਰਵਾਇਤ ਦੇ ਪਾਟ ਰਹੇ ਰਸਤਿਆਂ ਉਤੇ ਪਹੁੰਚ ਜਾਂਦੇ ਹਨ। ਪਤੀ-ਪਤਨੀ ਦੇ ਆਪਸੀ ਤਕਰਾਰ ਨੂੰ ਨਾਟਕ ਵਿਚ ਬਹੁਤ ਸ਼ਿੱਦਤ ਨਾਲ ਪੇਸ਼ ਕੀਤਾ ਗਿਆ ਹੈ। ਨੰਦਿਤਾ ਦਾਸ ਨੇ ਆਪਣੇ ਕਰੀਅਰ ਦੌਰਾਨ ਹੁਣ ਤੱਕ 10 ਭਾਸ਼ਾਵਾਂ ਵਿਚ ਆਪਣਾ ਕੰਮ ਕੀਤਾ ਹੈ ਅਤੇ 'ਅਰਥ' ਤੇ 'ਵਬੰਡਰ' ਵਰਗੀਆਂ ਜਾਨਦਾਰ ਫਿਲਮਾਂ ਵਿਚ ਅਦਾਕਾਰੀ ਕੀਤੀ ਹੈ। 2002 ਵਿਚ ਹੋਏ ਗੁਜਰਾਤ ਕਤਲੇਆਮ ਬਾਰੇ ਉਸ ਨੇ ਫਿਲਮ 'ਫ਼ਿਰਾਕ' ਬਣਾਈ ਸੀ। ਇਸ ਫ਼ਿਲਮ ਨੂੰ ਕੌਮੀ ਅਤੇ ਕੌਮਾਂਤਰੀ ਮੇਲਿਆਂ ਵਿਚ ਖੂਬ ਹੁੰਗਾਰਾ ਮਿਲਿਆ। ਬਾਅਦ ਵਿਚ ਦਰਸ਼ਕਾਂ ਨੇ ਵੀ ਇਸ ਫਿਲਮ ਨੂੰ ਬੇਹੱਦ ਪ੍ਰਸੰਦ ਕੀਤਾ। ਇਸ ਫਿਲਮ ਨੇ 5 ਪੁਰਸਕਾਰ ਵੀ ਹਾਸਿਲ ਕੀਤੇ ਅਤੇ ਇਹ ਹਿੰਦੀ ਤੇ ਉਰਦੂ ਤੋਂ ਇਲਾਵਾ ਗੁਜਰਾਤੀ ਵਿਚ ਵੀ ਡੱਬ ਕੀਤੀ ਗਈ।

ਨੰਦਿਤਾ ਦਾਸ ਨਾਟਕ ਅਤੇ ਫ਼ਿਲਮਾਂ ਤੋਂ ਇਲਾਵਾ ਸਮਾਜਕ ਸਰੋਕਾਰਾਂ ਨਾਲ ਵੀ ਡੂੰਘੀ ਜੁੜੀ ਹੋਈ ਹੈ। 30 ਅਕਤੂਬਰ 2014 ਨੂੰ ਉਸ ਨੇ 'ਸਿਨੇਮਾ ਅਤੇ ਸੁਸਾਇਟੀ' ਬਾਰੇ ਟਫਟਸ ਯੂਨੀਵਰਸਿਟੀ ਵਿਚ ਲੈਕਚਰ ਦਿੱਤਾ। ਇਹ ਯੂਨੀਵਰਸਿਟੀ ਅਮਰੀਕੀ ਸ਼ਹਿਰ ਬੋਸਟਨ ਨੇੜੇ ਮੈਡਫਰਲਡ ਵਿਖੇ ਸਥਿਤ ਹੈ। ਨੰਦਿਤਾ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਜਨ ਨਾਟਿਆ ਮੰਚ ਤੋਂ ਕੀਤੀ ਸੀ।

'ਸਿਨੇਪਲੇ' ਹੁਣ ਤੱਕ ਆਪਣੀਆਂ 5 ਪੇਸ਼ਕਾਰੀਆਂ ਕਾਮਯਾਬੀ ਨਾਲ ਨੇਪਰੇ ਚਾੜ੍ਹ ਚੁੱਕੀ ਹੈ ਅਤੇ 12 ਪ੍ਰੋਜੈਕਟਾਂ ਦੀ ਵੱਖ-ਵੱਖ ਪੜਾਵਾਂ 'ਤੇ ਤਿਆਰੀ ਚੱਲ ਰਹੀ ਹੈ। ਨੰਦਿਤਾ ਦਾਸ ਅਤੇ ਸੁਬੋਧ ਮਸਕਾਰਾ ਚਾਹੁੰਦੇ ਹਨ ਕਿ ਉਹ ਆਪਣੇ ਇਹ ਨਾਟਕ ਵੱਧ ਤੋਂ ਵੱਧ ਲੋਕਾਂ ਤੱਕ ਲੈ ਕੇ ਜਾਣ।



# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 22 ਨਵੰਬਰ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-143



*ਕੱਢ ਕੇ ਪੂਣੀ 'ਚੋਂ ਲਾ'ਤੀਆਂ ਢੇਰੀਆਂ, ਚਿੱਤ ਖੁਸ਼ ਹੋ ਗਿਆ ਬੰਤ ਕੁਰੇ।*
*ਚੱਲੀ ਮਸ਼ੀਨ ਤੇ ਭਰ ਦੂ ਟਰਾਲੀ, ਚੱਲ ਲਿਆ ਟੋਕਰਾ ਸੰਤ ਕੁਰੇ।*
*ਛੱਲੀਆਂ ਦੇ ਹੁਣ ਗੁੱਲ ਬਣ ਜਾਣੇ, ਵੇਖੀ ਚੱਲ ਅੱਡ ਹੋ ਜਾਣੇ ਦਾਣੇ।*
*ਰੋਟੀ ਮੱਕੀ ਦੀ ਤੇ ਸਾਗ ਸਰੋਂ ਦਾ, ਵਾਹ ਵਾਹ ਪੰਜਾਬੀ ਖਾਣੇ।*

## ਕੈਪਸ਼ਨ ਮੁਕਾਬਲਾ-141



ਪਾਪਾ ਵਾਲੀਆਂ ਲਾ ਕੇ ਐਨਕਾਂ
ਮੰਮੀ ਵਾਲੀ ਲੈ ਲਈ ਚੁੰਨੀ।
ਹੁਣ ਤਾਂ ਵੱਡੀ ਹੋ ਗਈ ਆਂ ਮੈਂ
ਹੁਣ ਨਾ ਅਖਿਓ ਮੈਨੂੰ ਮੁੰਨੀ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਮੈਂ ਮੰਮੀ ਦੀ ਲਾਡੋ ਰਾਣੀ
ਮੈਂ ਪਾਪਾ ਦਾ ਸੋਹਣਾ ਪੁੱਤ।
ਮੇਰੀ ਟੌਹਰ ਤੋਂ ਸਦਕੇ ਦੋਵੇਂ
ਲਾਈ ਐਨਕ, ਕੀਤੀ ਗੁੱਤ।
ਚੁੰਨੀ ਇਕ ਮੋਢੇ ਲਮਕਾਈ
ਖਿਚਾਣੀ ਫੋਟੋ, ਬਣ'ਗੀ ਬੁੱਤ।
***-ਹਰਮੀਕ ਸਿੰਘ ਵਿੱਕੀ***
***ਸਟਾਕਟਨ, ਕੈਲੀਫੋਰਨੀਆ।***

---

ਵੇਖੋ ਫੋਟੋ ਮੇਰੀ ਸਾਰੇ
ਮੇਰੇ ਕੰਮ ਹੁੰਦੇ ਨੇ ਨਿਆਰੇ।
ਮੰਮੀ ਦੀ ਐਨਕ ਲਾ ਕੇ
ਚੁੰਨੀ ਰੱਖ ਲਈ ਮੋਢੇ ਕਿਨਾਰੇ।
ਮੰਮੀ ਮਾਰੇ ਮੈਨੂੰ ਦਬਕੇ
ਕਹਿੰਦੀ, ਪਾਪਾ ਬੜੇ ਪਿਆਰੇ।
ਏਸੇ ਉਮਰੇ ਬੱਚੇ ਸਾਰੇ
ਲੁੱਟਦੇ ਖੂਬ ਨਜ਼ਾਰੇ।
ਹਰ ਮਾਂ-ਪਿਓ ਆਪਣੇ ਬੱਚਿਆਂ
ਉਤੋਂ ਹੱਸ ਹੱਸ ਜਿੰਦ ਵਾਰੇ।
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

---

ਹੁਣ ਮੈਂ ਵੱਡੀ ਹੋ ਗਈ ਪਾਪਾ
ਸਭ ਨੂੰ ਖੁਸ਼ੀ ਖੁਸ਼ੀ ਦੱਸੂੰਗੀ।
ਲੈ ਕੇ ਚੁੰਨੀ, ਲਾ ਕੇ ਐਨਕ
ਮੈਂ ਮੰਮੀ ਵਾਂਗੂੰ ਜੱਚੂੰਗੀ।
***-ਤਰਨਪ੍ਰੀਤ ਕੌਰ ਤੁੰਗ***
***ਨਿਊ ਜਰਸੀ।***

# ਲਾਲਸਾ

"ਐਡੀਟਰ ਸਾਹਿਬ, ਕੱਲ੍ਹ ਮੈਂ ਪੰਦਰਾਂ ਟਰੱਕਾਂ ਨੂੰ ਹਰੀ ਝੰਡੀ ਵਿਖਾ ਕੇ ਭੁਚਾਲ ਪੀੜਤਾਂ ਲਈ ਰਸਦ ਦਾ ਕਾਫਲਾ ਭੇਜਿਆ ਸੀ, ਪਰ ਅੱਜ ਤੁਹਾਡੇ ਅਖਬਾਰ ਵਿਚ ਮੇਰੀ ਥਾਂ ਮੇਰੀ ਵਿਰੋਧੀ ਪਾਰਟੀ ਦੇ ਲੀਡਰ ਦੀ ਟਰੱਕ ਤੋਰਨ ਦੀ ਫੋਟੋ ਲਾਈ ਪਈ ਐ।" ਮੰਤਰੀ ਨੇ ਲੋਹਾ ਲਾਖਾ ਹੁੰਦਿਆਂ ਪੁੱਛਿਆ।

"ਸਰ ਇਸ ਵਿਚ ਮੇਰਾ ਕੀ ਕਸੂਰ ਐ? ਪੱਤਰਕਾਰ ਨੇ ਜੋ ਰਿਪੋਰਟ ਭੇਜੀ, ਉਹ ਲੱਗ ਗਈ...।"

"ਹੈਤਿ ਤੇਰੀ ਦੀ! ਫਿਰ ਤਾਂ ਪੱਤਰਕਾਰ ਉਧਰੋਂ ਗੋਲਮਾਲ ਕਰ ਗਿਆ।" ਠੱਕ ਕਰਕੇ ਮੰਤਰੀ ਨੇ ਫੋਨ ਰੱਖ ਦਿੱਤਾ।

***ਅਵਤਾਰ ਸਿੰਘ ਹੰਸਰਾ, ਫੋਨ: 661-368-6572***

# ਇਸਲਾਮਿਕ ਸਟੇਟ ਨੇ ਭਾਰਤ ਵਿਚ ਵੀ ਪੈਰ ਪਸਾਰੇ

**ਨਵੀਂ ਦਿੱਲੀ:** ਇਰਾਕ ਤੇ ਸੀਰੀਆ ਵਿਚ ਤਰਥੱਲੀ ਮਚਾ ਰਹੀ ਇਸਲਾਮਿਕ ਸਟੇਟ ਨੇ ਭਾਰਤ ਵਿਚ ਵੀ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਜੇਕਰ ਭਾਰਤੀ ਸੁਰੱਖਿਆ ਏਜੰਸੀਆਂ ਦੇ ਸੂਤਰਾਂ ਦੀ ਮੰਨੀਏ ਤਾਂ 12 ਸਥਾਨਕ ਦਹਿਸ਼ਤੀ ਗੁੱਟਾਂ ਨੇ 70 ਨੌਜਵਾਨਾਂ ਨੂੰ ਇਸਲਾਮਿਕ ਸਟੇਟ ਦੀਆਂ ਸਰਗਰਮੀਆਂ ਲਈ ਭਰਤੀ ਕੀਤਾ ਹੈ। ਸੁਰੱਖਿਆ ਏਜੰਸੀਆਂ ਨੇ ਖੁਲਾਸਾ ਕੀਤਾ ਹੈ ਕਿ ਜੇਕਰ ਇਹ ਦਹਿਸ਼ਤੀ ਧੜੇ ਦੇਸ਼ ਵਿਚ ਇਸੇ ਤਰ੍ਹਾਂ ਸਰਗਰਮ ਰਹੇ ਤਾਂ ਆਉਂਦੇ ਸਮੇਂ ਵਿਚ ਇਸਲਾਮਿਕ ਸਟੇਟ ਵਿਚ ਸ਼ਾਮਲ ਹੋਣ ਵਾਲੇ ਨੌਜਵਾਨਾਂ ਦੀ ਗਿਣਤੀ ਹੋਰ ਵਧ ਸਕਦੀ ਹੈ।

ਰਾਸ਼ਟਰੀ ਜਾਂਚ ਏਜੰਸੀ (ਐਨ.ਆਈ.ਏ.) ਨੇ ਸਤੰਬਰ ਵਿਚ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਤਜਵੀਜ਼ ਭੇਜੀ ਕਿ ਦੇਸ਼ ਅੰਦਰ ਇਸਲਾਮਿਕ ਸਟੇਟ ਦੀਆਂ ਵਧ ਰਹੀਆਂ ਸਰਗਰਮੀਆਂ ਖ਼ਿਲਾਫ਼ ਐਫ.ਆਈ.ਆਰ. ਦਰਜ ਕੀਤੀ ਜਾਵੇ। ਸੂਤਰਾਂ ਮੁਤਾਬਕ ਐਨ.ਆਈ.ਏ. ਨੇ ਤਫਸੀਲ ਨਾਲ ਦੱਸਿਆ ਹੈ ਕਿ ਐਫ.ਆਈ.ਆਰ. ਦਰਜ ਹੋਣ ਨਾਲ ਕਾਨੂੰਨੀ ਪ੍ਰਕਿਰਿਆ ਸ਼ੁਰੂ ਹੋ ਜਾਏਗੀ ਪਰ ਅਜੇ ਤੱਕ ਕੋਈ ਐਫ.ਆਈ.ਆਰ. ਦਰਜ ਨਹੀਂ ਹੋਈ ਹੈ। ਭਾਰਤ ਸਰਕਾਰ ਇਸ ਗੱਲੋਂ ਫਿਕਰਮੰਦ ਹੈ ਕਿ ਜੇਕਰ ਇਸਲਾਮਿਕ ਸਟੇਟ ਖ਼ਿਲਾਫ਼



ਐਫ.ਆਈ.ਆਰ. ਦਰਜ ਹੋ ਗਈ ਤਾਂ ਇਰਾਕ ਦੇ ਮੋਸੂਲ ਵਿਚ ਬੰਦੀ ਬਣਾਏ ਗਏ 40 ਪੰਜਾਬੀਆਂ ਦੀ ਜਾਨ ਨੂੰ ਖ਼ਤਰਾ ਹੋ ਸਕਦਾ ਹੈ।

ਸੂਤਰਾਂ ਨੇ ਕਿਹਾ ਕਿ ਵਿਦੇਸ਼ ਵਿਚ ਲੜ ਰਹੇ ਭਾਰਤੀ ਦਹਿਸ਼ਤਗਰਦਾਂ ਨੇ ਨਿਰਦੇਸ਼ ਦਿੱਤੇ ਹਨ ਕਿ ਭਾਰਤ ਵਿਚ ਨੌਜਵਾਨਾਂ ਦੀ ਭਰਤੀ ਕੀਤੀ ਜਾਵੇ। ਸਰੀਰਕ ਤੌਰ 'ਤੇ ਮਜ਼ਬੂਤ ਨੌਜਵਾਨਾਂ ਨੂੰ ਇਸਲਾਮਿਕ ਸਟੇਟ ਲਈ ਲੜਨ ਵਾਸਤੇ ਭੇਜਣ ਨੂੰ ਕਿਹਾ ਗਿਆ ਹੈ। ਦੂਜੇ ਪਾਸੇ ਨੌਜਵਾਨਾਂ ਨੂੰ ਭਰਤੀ ਕਰਨ ਲਈ ਹੱਲਾਸ਼ੇਰੀ ਦੇਣ ਵਾਲੇ ਵੀ ਇਸ ਵਿਚ ਸ਼ਾਮਲ ਹਨ। ਤੀਜੇ ਉਹ ਵਿਅਕਤੀ ਸ਼ਾਮਲ ਹਨ, ਜੋ ਪੈਸਿਆਂ ਲਈ ਕਿਸੇ ਵੀ ਜਥੇਬੰਦੀ ਵੱਲੋਂ ਲੜਨ ਲਈ ਤਿਆਰ ਹਨ।

## ਨਰੇਂਦਰ ਮੋਦੀ ਤਾਲਿਬਾਨ ਦੇ ਨਿਸ਼ਾਨੇ 'ਤੇ

**ਇਸਲਾਮਾਬਾਦ:** ਪਾਕਿਸਤਾਨ ਸਥਿਤ ਇਕ ਅਤਿਵਾਦੀ ਸੰਗਠਨ ਜਮਾਤ-ਉੱਲ-ਅਹਿਰਾਰ ਨੇ ਵਾਹਗਾ ਸਰਹੱਦ 'ਤੇ ਆਤਮਘਾਤੀ ਬੰਬ ਧਮਾਕਾ ਕਰਵਾਉਣ ਤੋਂ ਬਾਅਦ ਹੁਣ ਭਾਰਤ ਵਿਚ ਅਤਿਵਾਦੀ ਹਮਲੇ ਕਰਨ ਦੀ ਧਮਕੀ ਦਿੱਤੀ ਹੈ।

ਇਸ ਅਤਿਵਾਦੀ ਸੰਗਠਨ ਦਾ ਕਹਿਣਾ ਹੈ ਕਿ ਉਹ ਕਸ਼ਮੀਰ ਤੇ ਗੁਜਰਾਤ ਵਿਚ ਬੇਗੁਨਾਹਾਂ ਦੀ ਮੌਤ ਦਾ ਬਦਲਾ ਲਵੇਗਾ। ਅਤਿਵਾਦੀ ਸੰਗਠਨ ਦੇ ਬੁਲਾਰੇ ਅਹਿਸਾਨਉੱਲਾ ਅਹਿਸਨ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ 'ਤੇ ਹਮਲਾ ਕਰਨ ਦੀ ਧਮਕੀ ਦਿੱਤੀ ਹੈ। ਉਸ ਨੇ ਅੰਗਰੇਜ਼ੀ ਵਿਚ ਟਵੀਟ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੂੰ ਕਿਹਾ ਕਿ ਤੁਸੀਂ ਹਜ਼ਾਰਾਂ ਮੁਸਲਿਮਾਂ ਦੇ ਹੱਤਿਆਰੇ ਹੋ। ਜੇਕਰ ਅਸੀਂ ਸਰਹੱਦ ਦੇ ਇਕ ਪਾਸੇ ਹਮਲਾ ਕਰ ਸਕਦੇ ਹਾਂ ਤਾਂ ਦੂਜੇ ਪਾਸੇ ਵੀ ਹਮਲੇ ਨੂੰ ਅੰਜਾਮ ਦੇ ਸਕਦੇ ਹਾਂ। ਅਹਿਸਨ ਅਨੁਸਾਰ ਵਾਹਗਾ ਸਰਹੱਦ 'ਤੇ ਕੀਤਾ ਹਮਲਾ ਦੋਵੇਂ ਹੀ ਦੇਸ਼ ਦੀਆਂ ਸਰਕਾਰਾਂ ਨੂੰ ਸੰਦੇਸ਼ ਹੈ। ਸੰਗਠਨ ਦਾ ਕਹਿਣਾ ਹੈ ਕਿ ਸਾਡਾ ਅਗਲਾ ਟੀਚਾ ਪ੍ਰਧਾਨ ਮੰਤਰੀ ਮੋਦੀ ਤੋਂ ਬਦਲਾ ਲੈਣਾ ਹੈ।

# ਚੀਨ ਵਿਚ ਕੈਂਸਰ ਤੋਂ ਬਚਾਅ ਦੀ ਦਰ ਅਮਰੀਕਾ ਨਾਲੋਂ ਅੱਧੀ

**ਪੇਇਚਿੰਗ:** ਚੀਨ ਵਿਚ ਕੈਂਸਰ ਤੋਂ ਬਚਣ ਵਾਲਿਆਂ ਦੀ ਦਰ 30.9 ਫੀਸਦੀ ਹੈ। ਇਹ ਦਰ ਅਮਰੀਕਾ ਨਾਲੋਂ ਅੱਧ ਤੋਂ ਵੀ ਘੱਟ ਹੈ। ਪਹਿਲੀ ਵਾਰ ਮੁਲਕ ਭਰ ਵਿਚ ਹੋਏ ਸਰਵੇਖਣ ਤੋਂ ਇਹ ਖੁਲਾਸਾ ਹੋਇਆ ਹੈ। ਚੀਨ ਵਿਚ ਸਾਰੇ ਕੈਂਸਰਾਂ ਵਿਚ ਪੰਜ ਸਾਲ ਲਈ ਬਚਣ ਦਰ 30.9 ਫੀਸਦੀ ਹੈ ਜੋ ਕਿ ਅਮਰੀਕਾ ਵਿਚ 66 ਫੀਸਦੀ ਹੈ। ਹਾਂਗਕਾਂਗ ਤੋਂ ਨਿਕਲਦੇ ਦੱਖਣੀ ਚੀਨ ਦੇ ਮਾਰਨਿੰਗ ਪੋਸਟ ਨੇ ਇਸ ਅਧਿਐਨ ਦੇ ਹਵਾਲੇ ਨਾਲ ਰਿਪੋਰਟ ਛਾਪੀ ਹੈ।

ਖੋਜਕਾਰਾਂ ਨੇ 2003 ਤੋਂ 2005 ਦੌਰਾਨ ਦੇਸ਼ ਭਰ ਤੋਂ ਕੋਈ 140,000 ਮਰੀਜ਼ਾਂ ਦਾ ਵਿਸ਼ਲੇਸ਼ਣ ਕੀਤਾ ਸੀ। ਇਸ ਦਾ ਅਧਿਐਨ 2011 ਵਿਚ ਸ਼ੁਰੂ ਹੋਇਆ, ਜੋ ਨੈਸ਼ਨਲ ਆਫਿਸ ਫਾਰ ਕੈਂਸਰ ਪ੍ਰੀਵੈਨਸ਼ਨ ਤੇ ਕੰਟਰੋਲ ਤੇ ਨੈਸ਼ਨਲ ਕੈਂਸਰ ਰਜਿਸਟਰੀ ਦੇ ਮਾਹਿਰਾਂ ਵੱਲੋਂ ਕੀਤਾ ਗਿਆ। ਇਸ ਦੇ ਨਤੀਜੇ ਪਿਛਲੇ ਮਹੀਨੇ ਇੰਟਰਨੈਸ਼ਨਲ ਜਨਰਲ ਆਫ ਕੈਂਸਰ ਵਿਚ ਛਪੇ ਸਨ। ਇਨ੍ਹਾਂ ਨਤੀਜਿਆਂ ਅਨੁਸਾਰ ਔਰਤਾਂ ਵਿਚ ਛਾਤੀ ਦੇ ਕੈਂਸਰ ਵਿਚ ਬਚਣ ਦੀ ਦਰ ਸਭ ਤੋਂ ਵੱਧ 73 ਫੀਸਦੀ ਹੈ। ਪੇਟ ਤੇ ਸਾਹ ਨਾਲੀ ਦੇ ਕੈਂਸਰ ਵਿਚ ਬਚਣ ਦਰ ਬਹੁਤ ਘੱਟ ਸਿਰਫ 27.4 ਤੇ 20.9 ਫੀਸਦੀ ਹੀ ਹੈ। ਇਹ ਦੋਵੇਂ ਕੈਂਸਰ ਇਥੇ ਬੜੇ ਆਮ ਹਨ। ਫੇਫੜਿਆਂ ਦਾ ਕੈਂਸਰ ਤੇ ਜਿਗਰ ਦੇ ਕੈਂਸਰ ਦੀ ਦਰ ਤਾਂ ਉੱਕਾ ਹੀ ਘੱਟ ਕ੍ਰਮਵਾਰ 16.1 ਫੀਸਦੀ ਤੇ 10.1 ਫੀਸਦੀ ਹੀ ਹੈ। ਜਾਣਕਾਰੀ ਅਨੁਸਾਰ ਔਰਤਾਂ ਵਿਚ ਮਰਦਾਂ ਦੇ ਮੁਕਾਬਲੇ ਬਚਣ ਦਰ ਵਧੇਰੇ ਹੈ। ਪੇਂਡੂ ਮਰੀਜ਼ਾਂ ਵਿਚ ਬਚਣ ਦਰ ਸਮੁੱਚੇ ਤੌਰ 'ਤੇ ਸਿਰਫ 21.8 ਹੈ ਜੋ ਸ਼ਹਿਰੀਆਂ ਵਿਚ 39.5 ਫੀਸਦੀ ਹੈ।

ਸਰਕਾਰੀ ਅੰਕੜਿਆਂ ਅਨੁਸਾਰ ਚੀਨ ਵਿਚ ਹਰ ਸਾਲ 31.2 ਲੱਖ ਲੋਕਾਂ ਜਾਂ ਕਹਿ ਲਓ 8550 ਲੋਕਾਂ ਦੀ ਰੋਜ਼ਾਨਾ ਕੈਂਸਰ ਪੀੜਤ ਹੋਣ ਵਜੋਂ ਪਛਾਣ ਹੁੰਦੀ ਹੈ। 2009 ਵਿਚ 100,000 ਪਿੱਛੇ ਮੁੱਖ ਚੀਨ ਵਿਚ ਹਰ ਤਰ੍ਹਾਂ ਦੇ ਕੈਂਸਰ ਦੇ ਕੁੱਲ 285.91 ਕੇਸ ਹੁੰਦੇ ਸਨ, 2012 ਦੀ ਰਿਪੋਰਟ ਅਨੁਸਾਰ 100,000 ਲੋਕਾਂ ਪਿੱਛੇ ਕੈਂਸਰ ਕਾਰਨ ਮੌਤ ਦਰ 180.54 ਸੀ ਜੋ 1980ਵਿਆਂ ਤੋਂ ਕਿਤੇ ਵੱਧ ਹੈ। ਚੀਨ ਦੇ ਕੈਂਸਰ ਮਾਹਰਾਂ ਦਾ ਕਹਿਣਾ ਹੈ ਕਿ ਚੀਨ ਵਿਚ ਹੋਰ ਅੰਗਾਂ ਦਾ ਕੈਂਸਰ ਵਧੇਰੇ ਹੈ ਜਿਨ੍ਹਾਂ ਵਿਚ ਬਚਣ ਦਰ ਘੱਟ ਹੁੰਦੀ ਹੈ ਪਰ ਅਮਰੀਕਾ ਵਿਚ ਛਾਤੀ ਦਾ ਕੈਂਸਰ ਵਧੇਰੇ ਹੁੰਦਾ ਹੈ ਜਿਸ ਵਿਚ ਬਚਣ ਦੇ ਮੌਕੇ ਬਹੁਤ ਜ਼ਿਆਦਾ ਹੁੰਦੇ ਹਨ ਤੇ ਇਸ ਤਰ੍ਹਾਂ ਅਮਰੀਕਾ ਦਾ ਰਿਕਾਰਡ ਉੱਚੀ ਦਰ ਵਾਲਾ ਹੈ।

## ਕਾਲੇ ਧਨ ਬਾਰੇ ਸੂਚੀ 'ਚੋਂ ਅੱਧੇ ਖਾਤੇ ਖਾਲੀ




**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੀਤੇ ਦਿਨੀਂ ਦਾਅਵਾ ਕੀਤਾ ਸੀ ਕਿ ਵਿਦੇਸ਼ਾਂ ਵਿਚ ਜਮ੍ਹਾਂ ਕਾਲੇ ਧਨ ਦਾ ਇਕ-ਇਕ ਪੈਸਾ ਭਾਰਤ ਵਿਚ ਲਿਆਂਦਾ ਜਾਵੇਗਾ ਪਰ ਲੱਗਦਾ ਹੈ ਕਿ ਇਹ ਦਾਅਵੇ ਸਿਰਫ਼ ਦਾਅਵੇ ਹੀ ਰਹਿ ਜਾਣਗੇ, ਭਾਰਤ ਦੇ ਹੱਥ-ਪੱਲੇ ਕੁਝ ਨਹੀਂ ਪੈਣਾ। ਬੀਤੇ ਦਿਨੀਂ ਸਰਕਾਰ ਨੇ 600 ਖਾਤਿਆਂ ਦੀ ਜਿਹੜੀ ਸੂਚੀ ਸੁਪਰੀਮ ਕੋਰਟ ਨੂੰ ਸੌਂਪੀ ਸੀ, ਉਸ ਵਿਚੋਂ ਤਕਰੀਬਨ 300 ਖਾਤਿਆਂ ਵਿਚ ਤਾਂ ਇਕ ਧੇਲਾ ਵੀ ਨਹੀਂ।

ਕਾਲੇ ਧਨ ਬਾਰੇ ਜਾਂਚ ਕਰ ਰਹੀ ਵਿਸ਼ੇਸ਼ ਕਮੇਟੀ ਨੇ ਜਾਂਚ ਦੌਰਾਨ ਪਾਇਆ ਹੈ ਕਿ ਸਵਿਟਜ਼ਰਲੈਂਡ ਦੇ ਐਚਐਸਬੀਸੀ ਬੈਂਕ ਦੀ 600 ਤੋਂ ਵੱਧ ਖਾਤਿਆਂ ਦੀ ਸੂਚੀ ਵਿਚੋਂ ਅੱਧੇ ਖਾਤਿਆਂ ਵਿਚ ਕੋਈ ਪੈਸਾ ਨਹੀਂ ਜਦਕਿ 100 ਤੋਂ ਵੱਧ ਨਾਂ ਦੁਹਰਾਏ ਗਏ ਹਨ ਜਿਸ ਕਾਰਨ ਇਨ੍ਹਾਂ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ ਜਾ ਸਕਦੀ। ਆਮਦਨ ਕਰ ਵਿਭਾਗ ਹੁਣ 628 ਇੰਦਰਾਜਾਂ ਵਾਲੀ ਸੂਚੀ ਵਿਚਲੇ 300 ਖਾਤੇਦਾਰਾਂ ਵਿਰੁਧ ਕਾਰਵਾਈ ਕਰਨ ਬਾਰੇ ਵਿਚਾਰ ਕਰ ਰਿਹਾ ਹੈ ਪਰ ਕਾਰਵਾਈ ਕਦੋਂ ਹੋਵੇਗੀ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਸੁਪਰੀਮ ਕੋਰਟ ਦੀ ਵਿਸ਼ੇਸ਼ ਜਾਂਚ ਟੀਮ ਨੇ ਵੇਖਿਆ ਹੈ ਕਿ ਤਕਰੀਬਨ 289 ਖਾਤਿਆਂ ਵਿਚ ਕੋਈ ਰਕਮ ਨਹੀਂ ਵਿਖਾਈ ਗਈ ਜਦਕਿ ਇਨ੍ਹਾਂ ਵਿਚੋਂ 122 ਨਾਂ ਤਾਂ ਇਕੋ ਸੂਚੀ ਵਿਚ ਦੋ ਵਾਰ ਪਾਏ ਗਏ ਹਨ। ਸੂਤਰਾਂ ਦਾ ਕਹਿਣਾ ਹੈ ਕਿ ਸੂਚੀ ਵਿਚ ਦਰਜ ਖਾਤੇਦਾਰਾਂ ਵਿਰੁੱਧ ਕਾਰਵਾਈ ਕਰਨ ਵਿਚ ਸਭ ਤੋਂ ਵੱਡਾ ਅੜਿੱਕਾ ਇਹ ਹੈ ਕਿ ਇਸ ਬਾਰੇ ਕੋਈ ਵੇਰਵਾ ਨਹੀਂ ਕਿ ਇਹ ਖਾਤੇ ਚੱਲਦੇ ਹਨ ਜਾਂ ਨਹੀਂ।

# ਕਤਲੇਆਮ 84: ਅਮਰੀਕੀ ਅਪੀਲ ਕੋਰਟ ਵੱਲੋਂ ਸੁਣਵਾਈ ਦੋ ਦਸੰਬਰ ਨੂੰ

**ਨਿਊਯਾਰਕ:** ਅਮਰੀਕਾ ਦੀ ਇਕ ਅਪੀਲ ਕੋਰਟ ਅਗਲੇ ਮਹੀਨੇ 1984 ਦੇ ਦੰਗਿਆਂ ਵਿਚ ਕਾਂਗਰਸੀ ਆਗੂਆਂ ਖ਼ਿਲਾਫ਼ ਮੁਨੱਖੀ ਹੱਕਾਂ ਦੀ ਉਲੰਘਣਾ ਦੇ ਮਾਮਲੇ 'ਤੇ ਸੁਣਵਾਈ ਕਰੇਗੀ। ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਨੇ ਦੱਸਿਆ ਕਿ ਅਦਾਲਤ ਵੱਲੋਂ ਦੋ ਦਸੰਬਰ ਨੂੰ ਸੁਣਵਾਈ ਕੀਤੀ ਜਾਵੇਗੀ।

ਸਿੱਖਸ ਫਾਰ ਜਸਟਿਸ ਦਾ ਕਹਿਣਾ ਹੈ ਕਿ ਉਸ ਨੇ ਇਹ ਅਪੀਲ ਇਸ ਬਿਨ੍ਹਾ 'ਤੇ ਦਾਇਰ ਕੀਤੀ ਹੈ ਕਿ ਕਾਂਗਰਸ ਖ਼ਿਲਾਫ਼ ਪੀੜਤਾਂ ਦਾ ਦਾਅਵਾ ਅਮਰੀਕੀ ਸੁਪਰੀਮ ਕੋਰਟ ਵੱਲੋਂ ਵਰਜਿਤ ਨਹੀਂ ਕੀਤਾ ਗਿਆ ਕਿਉਂਕਿ ਇਸ ਕੇਸ ਦੇ ਸ਼ਿਕਾਇਤਕਰਤਿਆਂ ਨੂੰ ਕੈਲੀਫੋਰਨੀਆ ਸੰਘੀ ਅਦਾਲਤ ਵੱਲੋਂ ਸ਼ਰਨਾਰਥੀਆਂ ਦਾ ਦਰਜਾ ਦਿੱਤਾ ਗਿਆ ਸੀ। ਗੌਰਤਲਬ ਹੈ ਕਿ ਸਿੱਖਸ ਫਾਰ ਜਸਟਿਸ ਪਿਛਲੇ ਕਈ ਸਾਲਾਂ ਤੋਂ ਮੰਗ ਕਰਦੀ ਆ ਰਹੀ ਹੈ ਕਿ 1984 ਵਿਚ ਸਿੱਖ ਭਾਈਚਾਰੇ ਖ਼ਿਲਾਫ਼ ਹੋਈ ਹਿੰਸਾ ਦੰਗੇ ਨਹੀਂ ਸਨ ਜਿਸ ਤਰ੍ਹਾਂ ਸਰਕਾਰ ਪ੍ਰਚਾਰ ਕਰ ਰਹੀ ਹੈ। ਇਸ ਹਿੰਸਾ ਨੂੰ 'ਨਸਲਘਾਤ' ਐਲਾਨਿਆ ਜਾਵੇ। ਉਨ੍ਹਾਂ ਕਿਹਾ ਕਿ 1984 ਦੇ ਦੰਗਾ ਪੀੜਤਾਂ ਵੱਲੋਂ ਭਾਰਤ ਵਿਚ ਸਾਰੀਆਂ ਕਾਨੂੰਨੀ ਚਾਰਾਜੋਈਆਂ ਕਰਨ ਤੋਂ ਬਾਅਦ ਹੁਣ ਇਨਸਾਫ਼ ਲਈ ਕੌਮਾਂਤਰੀ ਅਦਾਲਤਾਂ ਦਾ ਦਰਵਾਜ਼ਾ ਖੜਕਾਇਆ ਹੈ।

# ਉਮਰਾਂ ਲੰਘੀਆਂ ਪੱਬਾਂ ਭਾਰ....

*(ਸਫਾ 18 ਦੀ ਬਾਕੀ)*

ਰਹਿ ਰਿਹਾ ਸੀ, ਤੇ ਵਕੀਲ ਦੇ ਰੂਪ ਵਿਚ ਹਾਸਰਸ ਰੂਪ ਉਹ ਘੁੱਗੀ ਦੇ ਨੇੜੇ ਰੱਖਦਾ ਹੈ; ਖਾਸ ਕਰ ਕੇ, ਕੇ.ਕੇ. ਕੋਹਲੀ ਵਾਲੇ ਰੂਪ ਵਿਚ ਉਹ ਖੂਬ ਜਚਿਆ ਹੈ ਤੇ ਨਾਟਕ ਵਿਚ 27 ਵਾਰ ਹਾਸਿਆਂ ਤੇ ਤਾਲੀਆਂ ਦੀ ਗਿਣਤੀ ਵਿਚੋਂ 9 ਉਹਦੇ ਇਕੱਲੇ ਦੇ ਹਿੱਸੇ ਸਨ। ਕੰਵਰ ਸਰਾਂ ਭਵਿੱਖ ਵਿਚ ਵੱਡੀ ਉਮੀਦ ਬਣ ਗਿਆ ਹੈ। ਸ਼ਕਤੀ ਮਾਨਕ ਆਪਣੇ ਪਿਤਾ ਦੇ ਨਾਂ ਨਾਲ ਸਲਾਹੁਣਯੋਗ ਕਿਰਦਾਰ ਮਨਜੀਤ ਦੇ ਰੂਪ ਵਿਚ ਘੱਟੋ-ਘੱਟ ਤੇਰਾਂ ਕਲਾ ਸ਼ਿੰਗਾਰ ਗਈ। ਨਾਟਕ ਵਿਚ ਸਭ ਤੋਂ ਖ਼ੂਬਸੂਰਤ ਕੁੜੀ ਮਨਮੀਤ ਚੌਧਰੀ ਤੇ ਸੋਨੂੰ ਰਾਣਾ ਕ੍ਰਮਵਾਰ ਸੁੱਖੀ, ਬਲਦੀਸ਼ਾਂ, ਸ਼ਰਮਾ ਤੇ ਅਲੀ ਸ਼ੇਰ ਦੇ ਦੂਹਰੇ ਕਿਰਦਾਰ ਵਿਚ ਖ਼ੂਬ ਨਿਭੇ। ਵਕੀਲ ਭਾਰਤੀ ਹੋਣ, ਚਾਹੇ ਉਥੋਂ ਆ ਕੇ ਇਥੇ ਕਾਨੂੰਨ ਦੇ ਵਿਆਖਿਆਕਾਰ ਬਣਨ, ਲੁੱਟ ਦਾ ਫ਼ੀਤਾ ਉਹੀ ਰਹਿੰਦਾ ਹੈ। ਤੇ ਇਸ ਪੱਖ ਨੂੰ ਵੀ ਇਹ ਨਾਟਕ ਉਜਾਗਰ ਕਰਦਾ ਹੈ। ਹੌਲੀ-ਹੌਲੀ ਧਨੋਏ ਨੇ ਅਦਾ ਤੋਂ ਕੋਹਾਂ ਦੂਰ ਜਸਵਿੰਦਰ ਸੱਗੀ ਨੂੰ ਥੀਏਟਰ ਦੇ ਇੰਨਾ ਨੇੜੇ ਲੈ ਆਂਦਾ ਹੈ ਕਿ ਸੰਵਾਦ ਉਚਾਰਨ ਤੇ ਉਹ ਵੀ ਦੋ ਪਾਤਰਾਂ ਦੇ ਰੂਪ ਵਿਚ ਬਾ-ਕਮਾਲ ਹੈ। ਮੋਨਿਕਾ ਉਪਲ ਆਪਣੇ ਆਪ ਵਿਚ ਹੀ ਮੀਡੀਏ ਤੋਂ ਰੰਗ-ਮੰਚ ਦਾ ਸਫ਼ਲ ਰਾਹ ਹੈ। ਦਰਸ਼ਨ ਔਜਲਾ ਵੀ ਇਸ ਵਾਰ ਨਿਖਰ ਗਿਆ ਹੈ। ਵੇਸ਼-ਭੂਸ਼ਾ ਵਿਚ ਲਵੀ ਸਰਾਂ ਦੀ ਕਲਾ ਹਰ ਇਕ ਨੇ ਸਲਾਹੀ। ਇੰਦਰਜੀਤ ਦੀ ਸਾਊਂਡ ਤੇ ਵਿਵੇਕ ਪੋਪਲੀ ਦੀ ਲਾਈਟ ਤਵਾਜ਼ਨ ਬਣੀ ਰਹੀ। ਧਨੋਏ ਦਾ ਵਫ਼ਾਦਾਰ ਸੇਵਾ ਸਰਾਂ ਵੀ ਚਮਕ ਗਿਆ ਹੈ।

ਹੋਰ ਥਾਂਵਾਂ 'ਤੇ ਨਾਟਕ ਨੂੰ ਅੱਗੇ ਖੇਡਣ ਦਾ ਐਲਾਨ ਹੋਣਾ, ਮਹਾਰਾਣੀ ਜਿੰਦਾ ਅਗਲਾ ਇਤਿਹਾਸਕ ਨਾਟਕ ਖੇਡਣ ਦਾ ਵਾਅਦਾ ਕਰਨਾ ਪੰਜਾਬ ਲੋਕ ਰੰਗ ਅਤੇ ਸੁਰਿੰਦਰ ਧਨੋਆ ਦੀ ਪ੍ਰਾਪਤੀ ਹੈ। ਸਿਰ ਦੁਖਣ ਦਾ ਅਰਥ ਬਿਮਾਰ ਹੋਣਾ ਨਹੀਂ ਹੁੰਦਾ, ਇਸ ਕਰ ਕੇ ਛੋਟੇ-ਮੋਟੇ ਨੁਕਸ ਰਹਿ ਵੀ ਗਏ ਹੋਣਗੇ। ਉਂਜ, ਸਫ਼ਲਤਾ ਦੇ ਗਹਿਣਿਆਂ ਨਾਲ ਸ਼ਿੰਗਾਰਿਆ ਗਿਆ ਹੈ ਨਾਟਕ 'ਉਮਰਾਂ ਲੰਘੀਆਂ ਪੱਬਾਂ ਭਾਰ'।

# ਸਿੱਖਸ ਫਾਰ ਜਸਟਿਸ 'ਪ੍ਰਭੁਸੱਤਾ ਰਾਏਸ਼ੁਮਾਰੀ' ਕਰਵਾਏਗੀ

**ਨਿਊ ਯਾਰਕ (ਬਿਊਰੋ):** ਮਨੁੱਖੀ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ 1984 ਦੀ ਨਸਲਕੁਸ਼ੀ ਹਿੰਸਾ ਦੇ 30ਵੇਂ ਸਾਲ 'ਤੇ ਸਾਲ 2020 ਵਿਚ ਪ੍ਰਭੁਸੱਤਾ ਰਾਇਸ਼ੁਮਾਰੀ ਕਰਵਾਏਗੀ। ਇਹ ਐਲਾਨ ਸੰਸਥਾ ਨੇ ਨਵੰਬਰ 1984 ਦੇ ਸਿੱਖ ਕਤਲੇਆਮ ਦੀ 30ਵੀਂ ਵਰ੍ਹੇਗੰਢ ਮੌਕੇ ਸੰਯੁਕਤ ਰਾਸ਼ਟਰ ਅੱਗੇ ਕੀਤੀ ਗਈ 'ਨਸਲਕੁਸ਼ੀ ਜਾਗਰੂਕਤਾ ਰੈਲੀ' ਵਿਚ ਕੀਤਾ।

ਸੰਸਥਾ ਦੇ ਕੋਆਰਡੀਨੇਟਰ ਅਵਤਾਰ ਸਿੰਘ ਪੰਨੂ, ਡਾ. ਬਖਸ਼ੀਸ਼ ਸਿੰਘ ਸੰਧੂ, ਬਰਜਿੰਦਰ ਸਿੰਘ ਬਰਾੜ, ਅਮਰਦੀਪ ਸਿੰਘ ਪੁਰੇਵਾਲ ਅਤੇ ਸੁਖਵਿੰਦਰ ਸਿੰਘ ਠਾਣਾ ਨੇ ਕਿਹਾ ਕਿ 'ਰਾਏਸ਼ੁਮਾਰੀ 2020' ਵਿਚ ਸਿੱਖ ਭਾਈਚਾਰੇ ਤੋਂ ਪੁਛਿਆ ਜਾਵੇਗਾ ਕਿ ਕੀ ਉਹ ਭਾਰਤ ਦੇ ਕਬਜ਼ੇ ਵਾਲੇ ਪੰਜਾਬ ਵਿਚ ਇਸ ਆਧਾਰ ਉਤੇ ਅਜ਼ਾਦ ਅਤੇ ਪ੍ਰਭੁਸੱਤਾ ਪ੍ਰਾਪਤ ਦੇਸ਼ ਦੀ ਸਥਾਪਨਾ ਚਾਹੁੰਦੇ ਹਨ ਕਿ ਸਿੱਖ ਪੰਜਾਬ ਦੇ ਖੁਦਮੁਖਤਿਆਰ ਲੋਕ ਹਨ, ਉਨ੍ਹਾਂ ਦੀ ਆਪਣੀ ਮਾਤਭੂਮੀ ਹੈ, ਵਖਰਾ ਧਰਮ ਹੈ ਅਤੇ ਉਨ੍ਹਾਂ ਨੂੰ ਖੁਦਮੁਖਤਿਆਰੀ ਦਾ ਹੱਕ ਹੈ।

'ਨਸਲਕੁਸ਼ੀ ਜਾਗਰੂਕਤਾ ਰੈਲੀ' ਨੂੰ ਸੰਬੋਧਨ ਕਰਦਿਆਂ ਨਵੰਬਰ 1984 ਦੀ ਪੀੜਤ ਬੀਬੀ ਗੁਰਦੀਪ ਕੌਰ ਅਤੇ ਜਸਬੀਰ ਸਿੰਘ ਦਿੱਲੀ ਨੇ ਉਹ ਸਾਰਾ ਵਾਕਿਆ ਬਿਆਨ ਕੀਤਾ ਕਿ ਕਿਵੇਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਕਾਤਲ ਟੋਲਿਆਂ ਨੇ ਸਿੱਖਾਂ ਨੂੰ ਜਿਉਂਦਿਆਂ ਸਾੜਿਆ ਅਤੇ ਦਿੱਲੀ ਪ੍ਰਸ਼ਾਸਨ ਨੇ ਅੱਖਾਂ ਬੰਦ ਕੀਤੀਆਂ ਹੋਈਆਂ ਸਨ।

ਕੈਨੇਡਾ ਤੋਂ ਸਮਾਜ ਸ਼ਾਸਤਰੀ ਪ੍ਰੋ. ਇੰਦਰਾ ਪ੍ਰਾਸ਼ਟ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਵਿਚ ਸਿੱਖਾਂ ਨਾਲ ਲਗਾਤਾਰ ਹੋ ਰਹੇ ਵਿਤਕਰੇ ਅਤੇ ਸਿੱਖਾਂ ਖਿਲਾਫ ਨਸਲਕੁਸ਼ੀ ਹਿੰਸਾ ਕਾਰਨ ਵਿਸ਼ਵ ਭਰ ਦੇ ਸਿੱਖਾਂ ਵਿਚ ਬੇਗਾਨਗੀ ਦੀ ਭਾਵਨਾ ਪੈਦਾ ਹੋ ਗਈ ਹੈ ਤੇ ਉਨ੍ਹਾਂ ਕੋਲ ਇਕ ਆਜ਼ਾਦ ਸਿੱਖ ਰਾਜ ਦੀ ਮੰਗ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਰਹਿ ਗਿਆ।




ਯੂ ਐਨ ਦੇ ਚਾਰਟਰ ਦੀ ਧਾਰਾ 1 ਦਾ ਹਵਾਲਾ ਦਿੰਦਿਆਂ ਸਿੱਖਸ ਫਾਰ ਜਸਟਿਸ ਦੇ ਇੰਟਰਨੈਸ਼ਨਲ ਪਾਲਿਸੀ ਡਾਇਰੈਕਟਰ ਜਤਿੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਸਾਰੇ ਲੋਕਾਂ ਨੂੰ ਖੁਦਮੁਖਤਿਆਰੀ ਦਾ ਅਧਿਕਾਰ ਹੈ ਤੇ ਇਸੇ ਅਧਿਕਾਰ ਕਰਕੇ ਉਹ ਪੰਜਾਬ ਦੇ ਆਜ਼ਾਦ ਲੋਕ ਹੁੰਦਿਆਂ ਆਪਣੇ ਰੇਖਾਂਕਿਤ ਖੇਤਰ ਵਿਚ ਪ੍ਰਭੁਸੱਤਾ ਰਾਜ ਦੇ ਹੱਕਦਾਰ ਹਨ।

ਸਿੱਖ ਵਿਦਵਾਨ ਡਾ. ਅਮਰਜੀਤ ਸਿੰਘ ਨੇ ਕਿਹਾ ਕਿ ਭਾਰਤ ਸਰਕਾਰ ਦੀਆਂ ਇਕ ਤੋਂ ਬਾਅਦ ਇਕ ਨੀਤੀਆਂ ਸਿੱਖਾਂ ਨੂੰ ਖਤਮ ਕਰਨ ਅਤੇ ਇਸ ਨੂੰ ਹਿੰਦੂ ਧਰਮ ਵਿਚ ਜਜ਼ਬ ਕਰਨ ਵਾਲੀਆਂ ਹੀ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਸਾਨੂੰ ਆਪਣੇ ਖੁਦਮਖਤਿਆਰੀ ਦੇ ਅਧਿਕਾਰ ਦੀ ਵਰਤੋਂ ਕਰਨੀ ਚਾਹੀਦੀ ਹੈ। ਸਾਨੂੰ 'ਰਾਏਸ਼ੁਮਾਰੀ 2020' ਦਾ ਸਮਰਥਨ ਕਰਨਾ ਚਾਹੀਦਾ ਹੈ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਨੁਮਾਇੰਦੇ ਬੂਟਾ ਸਿੰਘ ਖੜੌਦ ਨੇ ਕਿਹਾ ਕਿ 1984 ਦੇ ਸਿੱਖ ਕਾਤਲਾਂ ਨੂੰ ਸਜ਼ਾ ਦਿਵਾਉਣ ਲਈ ਸਾਨੂੰ ਖੁਦਮੁਖਤਿਆਰੀ ਦੀ ਗੱਲ ਸੰਯੁਕਤ ਰਾਸ਼ਟਰ ਤੱਕ ਪਹੁੰਚਾਉਣੀ ਚਾਹੀਦੀ ਹੈ। ਕੁਝ ਅਜਿਹੇ ਹੀ ਵਿਚਾਰ ਪੇਸ਼ ਕਰਦਿਆਂ ਸਰੀ ਬੀ ਸੀ ਤੋਂ ਤਜਿੰਦਰ ਕੌਰ ਨੇ ਕਿਹਾ ਕਿ ਸਮੂਹ ਸਿੱਖਾਂ ਨੂੰ ਰਾਏਸ਼ੁਮਾਰੀ 2020 ਵਿਚ ਹਿੱਸਾ ਲੈਣਾ ਚਾਹੀਦਾ ਹੈ।



# ਹਰਿਮੰਦਰ ਸਾਹਿਬ 'ਚ ਸੋਨੇ ਦੇ ਪੱਤਰਿਆਂ ਦੀ ਸੰਭਾਲ ਦਾ ਕੰਮ ਆਖਰੀ ਪੜਾਅ 'ਤੇ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਅੰਦਰ ਚੱਲ ਰਹੀ ਸੋਨੇ ਦੇ ਪੱਤਰਿਆਂ ਦੀ ਸਾਂਭ-ਸੰਭਾਲ ਦੀ ਸੇਵਾ ਤਹਿਤ ਪਹਿਲੀ ਮੰਜ਼ਿਲ 'ਤੇ ਕੰਧਾਂ ਤੇ ਛੱਤਾਂ 'ਤੇ ਲੱਗੇ ਸੋਨੇ ਨੂੰ ਸਾਫ਼ ਕਰਨ ਤੇ ਇਸ ਦੀ ਸੰਭਾਲ ਦਾ ਕੰਮ ਮੁਕੰਮਲ ਹੋਣ ਨੇੜੇ ਹੈ। ਇਹ ਕੰਮ ਦਸੰਬਰ ਮਹੀਨੇ ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ। ਇਸ ਤੋਂ ਪਹਿਲਾਂ ਮਾਹਿਰਾਂ ਵਾਲੀਆਂ ਪੌੜੀਆਂ ਵਿਚ ਹੋਏ ਨੱਕਾਸ਼ੀ ਵਿਚੋਂ ਵੀ ਤਕਰੀਬਨ 30 ਫੀਸਦੀ ਕੰਮ ਮੁਕੰਮਲ ਹੋ ਚੁੱਕਾ ਹੈ। ਇਨ੍ਹਾਂ ਪੌੜੀਆਂ ਵਿਚੋਂ ਇਕ ਵਿਚ ਤਾਂ ਕੰਧ ਕਲਾ ਤੇ ਸੋਨੇ ਦਾ ਕੰਮ ਪੂਰੀ ਤਰ੍ਹਾਂ ਖਤਮ ਹੋ ਚੁੱਕਾ ਹੈ ਜਦੋਂਕਿ ਦੋ ਪੌੜੀਆਂ ਵਿਚ ਇਸ ਦਾ ਕੁਝ ਹਿੱਸਾ ਬਚਿਆ ਹੋਇਆ ਹੈ।

ਪਹਿਲੀ ਮੰਜ਼ਿਲ 'ਤੇ ਹਰਿ ਕੀ ਪਉੜੀ ਵਾਲੀ ਕੰਮ ਖਰਾਬ ਹੋ ਰਿਹਾ ਸੀ ਤੇ ਕਈ ਥਾਵਾਂ ਤੋਂ ਕੰਧ ਕਲਾ ਗਾਇਬ ਹੋ ਚੁੱਕੀ ਹੈ ਤੇ ਸੋਨੇ ਦਾ ਕੰਮ ਵੀ ਕਾਲਾ ਪੈ ਚੁੱਕਾ ਹੈ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁਰਾਤਨ ਕਲਾ ਦਾ ਇਹ ਕੰਮ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਹੋਇਆ ਸੀ। ਇਤਿਹਾਸ ਮੁਤਾਬਕ ਉਨ੍ਹਾਂ ਨੇ ਇਸ ਕਿੱਤੇ ਨਾਲ ਸਬੰਧਤ ਮਾਹਿਰ ਕਾਰੀਗਰਾਂ ਨੂੰ ਵੱਖ-ਵੱਖ ਸੂਬਿਆਂ ਵਿਚੋਂ ਸੱਦ ਕੇ ਇਥੇ ਇਹ ਕੰਮ ਕਰਾਇਆ ਸੀ। ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਦੇ ਬਾਹਰੀ ਹਿੱਸੇ 'ਤੇ ਵੀ ਸੋਨਾ ਚੜ੍ਹਾਉਣ ਦਾ ਕੰਮ ਵੀ ਮਹਾਰਾਜਾ ਰਣਜੀਤ ਸਿੰਘ ਵੱਲੋਂ ਹੀ ਕਰਾਇਆ ਗਿਆ ਸੀ। ਉਸ ਵੇਲੇ ਤੋਂ ਲੈ ਕੇ ਹੁਣ ਤੱਕ ਅੰਦਰੂਨੀ ਹਿੱਸੇ ਵਿਚ ਸਾਂਭ-ਸੰਭਾਲ ਦਾ ਕੰਮ ਕਦੇ ਨਹੀਂ ਹੋਇਆ ਸੀ ਤੇ ਹੁਣ ਪਹਿਲੀ ਵਾਰ ਸਾਂਭ-ਸੰਭਾਲ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਇਮਾਰਤ ਦੇ ਬਾਹਰੀ ਹਿੱਸੇ ਵਿਚ 1999 ਵਿਚ ਸੋਨਾ ਬਦਲਿਆ ਗਿਆ ਸੀ। ਉਸ ਵੇਲੇ ਸੋਨਾ ਚੜ੍ਹਾਉਣ ਦੀ ਸੇਵਾ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਵੱਲੋਂ ਕੀਤੀ ਗਈ ਸੀ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰੂਨੀ ਹਿੱਸੇ ਵਿਚ ਸਾਂਭ-ਸੰਭਾਲ ਦੀ ਇਹ ਸੇਵਾ ਸ਼ੁਰੂ ਹੋਇਆਂ ਤਕਰੀਬਨ ਛੇ ਮਹੀਨੇ ਹੋ ਚੁੱਕੇ ਹਨ। ਪਹਿਲੀ ਮੰਜ਼ਿਲ 'ਤੇ ਸਾਂਭ ਸੰਭਾਲ ਦੀ ਸੇਵਾ ਦਾ ਕੰਮ ਮੁਕੰਮਲ ਹੋਣ ਤੋਂ ਬਾਅਦ ਹੇਠਲੇ ਹਿੱਸੇ ਵਿਚ ਸਾਂਭ ਸੰਭਾਲ ਦਾ ਕੰਮ ਸ਼ੁਰੂ ਹੋਵੇਗਾ, ਜਿਥੇ ਹੋਰ ਵੀ ਵੱਧ ਸਮਾਂ ਲੱਗਣ ਦੀ ਸੰਭਾਵਨਾ ਹੈ ਕਿਉਂਕਿ ਇਸ ਹਿੱਸੇ ਵਿਚ ਸ਼ਰਧਾਲੂਆਂ ਦੀ ਭਾਰੀ ਆਮਦ ਕਾਰਨ ਕੰਮ ਕਰਨਾ ਔਖਾ ਹੋ ਗਿਆ ਹੈ।



## ਇਤਿਹਾਸਕ ਸ਼ਹਿਰਾਂ ਵਿਚ ਅੰਮ੍ਰਿਤਸਰ ਮੋਹਰੀ

**ਅੰਮ੍ਰਿਤਸਰ:** ਕੇਂਦਰ ਸਰਕਾਰ ਦੀ ਨਵੀਂ ਯੋਜਨਾ 'ਹਿਰਦੇ' ਵਿਚ ਗੁਰੂ ਨਗਰੀ ਅੰਮ੍ਰਿਤਸਰ ਨੂੰ ਵੀ ਸ਼ਾਮਲ ਕੀਤਾ ਗਿਆ ਹੈ ਜਿਸ ਦੇ ਮੱਦੇਨਜ਼ਰ ਦਿੱਲੀ ਤੋਂ ਆਈ ਟੀਮ ਨੇ ਮੇਅਰ ਤੇ ਕਮਿਸ਼ਨਰ ਨਾਲ ਮੀਟਿੰਗ ਕੀਤੀ। ਸਰਕਟ ਹਾਊਸ ਵਿਖੇ ਟੀਮ ਦੇ ਮੁਖੀ ਪ੍ਰਵੀਨ ਪ੍ਰਕਾਸ਼ ਨੇ ਦੱਸਿਆ ਕਿ 'ਹਿਰਦੇ' ਨਾਮਕ ਯੋਜਨਾ ਵਿਚ ਇਤਿਹਾਸਕ ਸ਼ਹਿਰਾਂ ਨੂੰ ਚੁਣ ਕੇ ਉਨ੍ਹਾਂ ਦਾ ਵਿਕਾਸ ਕਰਵਾਇਆ ਜਾਵੇਗਾ। ਇਸ ਯੋਜਨਾ ਵਿਚ ਪੂਰੇ ਦੇਸ਼ ਭਰ ਤੋਂ ਸੱਤ ਸ਼ਹਿਰਾਂ ਨੂੰ ਚੁਣਿਆ ਜਿਸ ਵਿਚ ਅੰਮ੍ਰਿਤਸਰ ਪਹਿਲਾ ਸ਼ਹਿਰ ਹੈ ਤੇ ਵਾਰਾਨਸੀ, ਮਥੁਰਾ, ਅਜਮੇਰ, ਬੋਧ ਤੇ ਕਾਂਚੀਪੁਰਮ ਆਦਿ ਸ਼ਹਿਰ ਸ਼ਾਮਲ ਹਨ। ਯੋਜਨਾ ਤਹਿਤ ਕੇਂਦਰ ਵੱਲੋਂ 100 ਫ਼ੀਸਦੀ ਫੰਡ ਮੁਹੱਈਆ ਕਰਵਾਏ ਜਾਣਗੇ।

ਨੇ ਕੰਧ ਕਲਾ ਦੀ ਸੰਭਾਲ ਲਈ ਕੰਮ ਕੀਤਾ ਹੈ। ਸ੍ਰੀ ਹਰਿਮੰਦਰ ਸਾਹਿਬ ਅੰਦਰ ਤੇ ਪਹਿਲੀ ਮੰਜ਼ਿਲ 'ਤੇ ਕੰਧ ਕਲਾ ਤੇ ਸੋਨੇ ਦਾ ਕੰਮ ਪ੍ਰਭਾਵਿਤ ਹੋ ਰਿਹਾ ਸੀ, ਜਿਸ ਕਾਰਨ ਕਈ ਥਾਵਾਂ ਤੋਂ ਸੋਨੇ ਦੇ ਪੱਤਰੇ ਕਾਲੇ ਹੋ ਗਏ ਸਨ ਤੇ ਉੱਖੜ ਵੀ ਗਏ ਸਨ।

ਸ਼੍ਰੋਮਣੀ ਕਮੇਟੀ ਵੱਲੋਂ ਇਸ ਵਾਰ ਇਹ ਸੇਵਾ ਵਿਸ਼ੇਸ਼ ਮਾਹਰਾਂ ਦੀ ਨਿਗਰਾਨੀ ਹੇਠ ਕਰਾਈ ਜਾ ਰਹੀ ਹੈ। ਪਹਿਲੇ ਪੜਾਅ ਵਿਚ ਇਨ੍ਹਾਂ ਮਾਹਿਰਾਂ ਵੱਲੋਂ ਪਹਿਲੀ ਮੰਜ਼ਿਲ 'ਤੇ ਕੰਮ ਸ਼ੁਰੂ ਕੀਤਾ ਗਿਆ ਸੀ ਤੇ ਖਰਾਬ ਹੋ ਰਹੀ ਕੰਧ ਕਲਾ ਨੂੰ ਸੰਭਾਲਣ ਲਈ ਕੰਮ ਕੀਤਾ ਗਿਆ ਹੈ। ਇਹ ਕੰਮ ਮੁਕੰਮਲ ਕਰਨ ਮਗਰੋਂ ਹੁਣ ਸੋਨੇ ਦੀ ਨੱਕਾਸ਼ੀ ਆਦਿ ਦੀ ਸੰਭਾਲ ਦਾ ਕੰਮ ਕੀਤਾ ਗਿਆ ਹੈ। ਸੂਤਰਾਂ ਮੁਤਾਬਕ ਮਾਹਿਰਾਂ ਵੱਲੋਂ ਪਹਿਲੀ ਮੰਜ਼ਿਲ ਦੀਆਂ ਛੱਤਾਂ ਤੇ ਕੰਧਾਂ 'ਤੇ ਹੋਏ ਸੋਨੇ ਦੇ ਕੰਮ ਦੀ ਸਾਫ਼-ਸਫ਼ਾਈ ਕਰਦਿਆਂ ਇਸ ਦੀ ਸੰਭਾਲ ਦਾ ਕੰਮ ਤਕਰੀਬਨ ਮੁਕੰਮਲ ਕਰ ਲਿਆ ਹੈ, ਜਦੋਂਕਿ ਦਰਵਾਜ਼ਿਆਂ ਤੇ ਖਿੜਕੀਆਂ ਹੇਠ ਬਣੀਆਂ ਗੋਲਾਈਆਂ (ਆਰਚ) ਆਦਿ ਵਿਚ ਸੋਨੇ ਦਾ ਕੰਮ ਬਾਕੀ ਹੈ। ਇਸੇ ਤਰ੍ਹਾਂ ਪਹਿਲੀ ਮੰਜ਼ਿਲ ਤੱਕ ਆਉਣ ਵਾਲੀਆਂ ਦੋ ਪੌੜੀਆਂ ਤੇ ਦੂਜੀ ਮੰਜ਼ਿਲ 'ਤੇ ਜਾਣ ਥਾਂ ਉਤੇ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੁਰਾਤਨ ਸਰੂਪ ਦਾ ਪ੍ਰਕਾਸ਼ ਕੀਤਾ ਹੋਇਆ ਹੈ, ਵਿਖੇ ਸਾਂਭ-ਸੰਭਾਲ ਦਾ ਕੰਮ ਬਾਕੀ ਹੈ। ਮਾਹਿਰਾਂ ਮੁਤਾਬਕ ਪਹਿਲੀ ਮੰਜ਼ਿਲ ਦਾ ਸਮੁੱਚਾ ਕੰਮ ਇਸ ਵਰ੍ਹੇ ਦਸੰਬਰ ਮਹੀਨੇ ਤੱਕ ਮੁਕੰਮਲ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਦੀਵਾਲੀ ਤੇ ਹੋਰ ਗੁਰਪੁਰਬ ਆਉਣ ਕਾਰਨ ਯਾਤਰੂਆਂ ਦੀ ਭਾਰੀ ਆਮਦ ਰਹੀ ਹੈ, ਜਿਸ ਕਾਰਨ ਇਸ ਕੰਮ ਦੀ ਰਫ਼ਤਾਰ ਕੁਝ ਸੁਸਤ ਰਹੀ ਹੈ। ਇਸ ਵੇਲੇ ਸੱਤ ਮਾਹਿਰ ਕਾਰੀਗਰ ਇਹ ਸੰਭਾਲ ਦਾ ਕੰਮ ਕਰ ਰਹੇ ਹਨ। ਸੋਨੇ ਦੀ ਸਾਂਭ-ਸੰਭਾਲ ਲਈ ਵਿਸ਼ੇਸ਼ ਰੰਗ ਯੂਰਪ ਤੋਂ ਮੰਗਾਇਆ ਗਿਆ ਹੈ। ਇਹ ਰੰਗ 22 ਕੈਰੇਟ ਸੋਨੇ ਤੋਂ ਹੀ ਤਿਆਰ ਕੀਤਾ ਗਿਆ ਹੈ, ਜਿਸ ਦੀ ਦਸ ਗਰਾਮ ਦੀ ਕੀਮਤ ਤਕਰੀਬਨ ਇਕ ਲੱਖ ਰੁਪਏ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਤਕਨੀਕੀ ਢੰਗ ਨਾਲ ਕੀਤੀ ਗਈ ਸਾਂਭ-ਸੰਭਾਲ ਨਾਲ ਇਸ ਇਤਿਹਾਸਕ ਤੇ ਰੂਹਾਨੀਅਤ ਵਾਲੇ ਅਸਥਾਨ ਵਿਖੇ ਹੋਇਆ ਪੁਰਾਤਨ ਕੰਧ ਕਲਾ ਤੇ ਨੱਕਾਸ਼ੀ ਆਦਿ ਦਾ ਕੰਮ ਹੁਣ ਹੋਰ ਕਈ ਸਦੀਆਂ ਤੱਕ ਬਰਕਰਾਰ ਰਹੇਗਾ। ਪ੍ਰਦੂਸ਼ਣ ਤੇ ਸੰਗਤਾਂ ਵਿਚ ਸਾਂਭ ਸੰਭਾਲ ਪ੍ਰਤੀ ਜਾਣਕਾਰੀ ਦੀ ਘਾਟ ਕਾਰਨ ਪੁਰਾਤਨ ਕਲਾ ਦਾ

# ਤਖ਼ਤ ਕੇਸਗੜ੍ਹ ਸਾਹਿਬ ਵਿਖੇ ਪਿੰਨੀ ਪ੍ਰਸ਼ਾਦ ਸ਼ੁਰੂ



**ਆਨੰਦਪੁਰ ਸਾਹਿਬ:** ਸ੍ਰੀ ਦਰਬਾਰ ਸਾਹਿਬ ਦੀ ਤਰਜ਼ ਤੇ ਦੇਸ਼-ਵਿਦੇਸ਼ ਦੀ ਸੰਗਤ ਦੀ ਮੰਗ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਪਿੰਨੀ ਪ੍ਰਸ਼ਾਦ ਦੇਣਾ ਸ਼ੁਰੂ ਕਰ ਦਿੱਤਾ ਗਿਆ ਹੈ। ਪਿੰਨੀ ਪ੍ਰਸ਼ਾਦ ਦੀ ਲਾਗਤ ਵੱਧ ਹੋਣ ਕਰਕੇ ਪ੍ਰਬੰਧਕਾਂ ਨੂੰ ਪੈਕਿੰਗ ਦੀ ਸਮੱਸਿਆ ਆ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਸੰਗਤ ਦੀ ਮੰਗ ਨੂੰ ਧਿਆਨ ਵਿਚ ਰੱਖਦੇ ਹੋਏ ਨਿਰਦੇਸ਼ ਜਾਰੀ ਕੀਤੇ ਸਨ ਕਿ ਦਰਬਾਰ ਸਾਹਿਬ ਦੀ ਤਰਜ਼ 'ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਵੀ ਪਿੰਨੀ ਪ੍ਰਸ਼ਾਦ ਦੀ ਸਹੂਲਤ ਦਿੱਤੀ ਜਾਵੇ।

ਦੱਸਣਯੋਗ ਹੈ ਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੇ ਵਿਦੇਸ਼ਾਂ ਤੋਂ ਆਉਣ ਵਾਲੀ ਸੰਗਤ ਲਈ ਤਖ਼ਤ ਸਾਹਿਬ ਵਿਖੇ ਮਿਲਣ ਵਾਲਾ ਕੜਾਹ ਪ੍ਰਸ਼ਾਦ ਆਪਣੇ ਨਾਲ ਲੈ ਕੇ ਜਾਣਾ ਬਹੁਤ ਹੀ ਔਖਾ ਹੁੰਦਾ ਸੀ। ਤਖ਼ਤ ਸ੍ਰੀ ਕਸੇਗੜ੍ਹ ਸਾਹਿਬ ਦੇ ਮੈਨੇਜਰ ਸੁਖਵਿੰਦਰ ਸਿੰਘ ਗਰੇਵਾਲ ਨੇ ਦੱਸਿਆ ਕਿ ਜਥੇਦਾਰ ਅਵਤਾਰ ਸਿੰਘ ਮੱਕੜ ਦੇ ਹੁਕਮਾਂ ਅਨੁਸਾਰ ਸੰਗਤਾਂ ਲਈ ਪਿੰਨੀ ਪ੍ਰਸ਼ਾਦ ਦੀ ਸਹੂਲਤ ਸ਼ੁਰੂ ਕਰ ਦਿੱਤੀ ਗਈ ਹੈ। ਅਜੇ ਤਖ਼ਤ ਸਾਹਿਬ ਅੰਦਰ ਇਕ ਹੀ ਕਾਊਂਟਰ ਲਗਾਇਆ ਗਿਆ ਹੈ ਤੇ ਪ੍ਰਤੀ ਪੈਕਟ 20 ਰੁਪਏ ਦੇ ਹਿਸਾਬ ਨਾਲ ਸੰਗਤ ਇਹ ਪ੍ਰਸ਼ਾਦ ਲੈ ਕੇ ਜਾ ਸਕਦੀ ਹੈ। ਹਰ ਹਫ਼ਤੇ 50 ਹਜ਼ਾਰ ਰੁਪਏ ਤੋਂ ਵੱਧ ਦਾ ਪਿੰਨੀ ਪ੍ਰਸ਼ਾਦ ਤਖ਼ਤ ਸਾਹਿਬ ਤੋਂ ਦਿੱਤਾ ਜਾ ਰਿਹਾ ਹੈ।

ਸੰਗਤਾਂ ਦੀ ਵੱਧ ਰਹੀ ਮੰਗ ਨੂੰ ਧਿਆਨ ਵਿਚ ਰੱਖਦੇ ਹੋਏ ਇਕ ਹੋਰ ਪੈਕਿੰਗ ਮਸ਼ੀਨ ਛੇਤੀ ਹੀ ਲਿਆਂਦੀ ਜਾ ਰਹੀ ਹੈ ਤੇ ਤਖ਼ਤ ਸਾਹਿਬ ਦੇ ਨਾਲ-ਨਾਲ ਗੁਰਦੁਆਰਾ ਪਤਾਲਪੁਰੀ ਸਾਹਿਬ, ਗੁਰਦੁਆਰਾ ਬਾਬਾ ਗੁਰਦਿੱਤਾ ਜੀ, ਗੁਰਦੁਆਰਾ ਬਿਭੌਰ ਸਾਹਿਬ ਤੇ ਨੰਗਲ ਵਿਖੇ ਵੀ ਪਿੰਨੀ ਪ੍ਰਸ਼ਾਦ ਦੀ ਸਹੂਲਤ ਸੰਗਤਾਂ ਲਈ ਮੁਹੱਈਆ ਕਰਵਾਈ ਜਾ ਰਹੀ ਹੈ।

# ਮੈਗਨਾ ਕਾਰਟਾ ਪਰੇਡ ਵਿਚ ਸਿੱਖ ਬਣੇ ਖਿੱਚ ਦਾ ਕੇਂਦਰ

**ਲੰਡਨ:** ਲੰਡਨ ਦੇ ਲਾਰਡ ਮੇਅਰ ਸ਼ੋਅ ਦੌਰਾਨ 1297 ਮੈਗਨਾ ਕਾਰਟਾ (ਇਕ ਪੁਰਾਣਾ ਸਤਿਕਾਰਤ ਤੇ ਇਤਿਹਾਸਕ ਦਸਤਾਵੇਜ਼) ਪਰੇਡ ਦੌਰਾਨ ਸਿੱਖ ਫੌਜੀ ਖਾਸ ਖਿੱਚ ਦਾ ਕੇਂਦਰ ਬਣੇ ਰਹੇ। ਇਸ ਪਰੇਡ ਵਿਚ 687ਵੇਂ ਲੌਰਡ ਮੇਅਰ ਐਲਨ ਯੈਰੋ ਦੇ ਨਾਲ 7000 ਲੋਕਾਂ ਤੇ 19 ਬੈਂਡਾਂ ਨੇ ਹਿੱਸਾ ਲਿਆ। ਜਦਕਿ ਲੰਡਨ ਸ਼ਹਿਰ ਵਿਚ ਨਿਕਲੀ ਇਸ ਪਰੇਡ ਨੂੰ ਪੰਜ ਲੱਖ ਤੋਂ ਵੱਧ ਲੋਕਾਂ ਨੇ ਅੱਖੀਂ ਵੇਖਿਆ। ਮੈਗਨਾ ਕਾਰਟਾ ਦੀ 800ਵੀਂ ਵਰ੍ਹੇਗੰਢ 2015 ਵਿਚ ਮਨਾਈ ਜਾਵੇਗੀ। ਪਰੇਡ ਦੌਰਾਨ ਪਹਿਲੀ ਸੰਸਾਰ ਜੰਗ ਵਿਚ ਸ਼ਹੀਦ ਹੋਣ ਵਾਲੇ ਸਿੱਖ ਫੌਜੀਆਂ ਨੂੰ ਸ਼ਰਧਾਂਜਲੀ ਦੇ ਤੌਰ 'ਤੇ ਉਨ੍ਹਾਂ ਦੀ ਯਾਦ ਵਿਚ ਸਿੱਖ ਵਰਦੀਧਾਰੀ ਨੌਜਵਾਨ ਸ਼ਾਮਲ ਹੋਏ। ਇਸ ਮੌਕੇ ਲੰਡਨ ਦੀ ਸਾਬਕਾ ਲਾਰਡ ਮੇਅਰ ਫਿਊਨਾ ਵੂਲਫ ਵੀ ਹਾਜ਼ਰ ਸਨ। ਫਿਊਨਾ ਵੂਲਫ ਇਸ ਅਹੁਦੇ ਦੀ 800 ਸਾਲਾ ਇਤਿਹਾਸ ਵਿਚ ਦੂਜੀ ਔਰਤ ਹੈ। ਲਾਰਡ ਮੇਅਰ ਦਾ ਇਹ ਸ਼ੋਅ 1215 ਵਿਚ ਥੇਮਸ ਨਦੀ 'ਤੇ ਸ਼ੁਰੂ ਹੋਇਆ ਸੀ।

# 84 ਦੇ ਪੀੜਤਾਂ ਲਈ ਮਾਇਕ ਰਾਹਤ ਦਾ ਐਲਾਨ ਵਾਪਸ ਲੈਣ ਦਾ ਵਿਰੋਧ

**ਅੰਮ੍ਰਿਤਸਰ:** ਨਵੰਬਰ 1984 ਦੇ ਸਿੱਖ ਕਤਲੇਆਮ ਪੀੜਤਾਂ ਨੂੰ 30 ਸਾਲ ਬਾਅਦ ਕੇਂਦਰ ਸਰਕਾਰ ਵੱਲੋਂ ਪੰਜ-ਪੰਜ ਲੱਖ ਰੁਪਏ ਦੀ ਮਾਇਕ ਮਦਦ ਦੇਣ ਦਾ ਐਲਾਨ ਕੁਝ ਦਿਨਾਂ ਬਾਅਦ ਹੀ ਵਾਪਸ ਲਏ ਜਾਣ ਦੀ ਕਾਰਵਾਈ ਨੂੰ ਸਿੱਖ ਜਥੇਬੰਦੀਆਂ ਤੇ ਆਗੂਆਂ ਨੇ ਕੋਝਾ ਮਜ਼ਾਕ ਕਰਾਰ ਦਿੱਤਾ ਹੈ। ਦੱਸਣਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 31 ਅਕਤੂਬਰ ਨੂੰ ਏਕਤਾ ਦਿਵਸ ਮੌਕੇ ਪੀੜਤ ਪਰਿਵਾਰਾਂ ਨੂੰ ਪੰਜ ਲੱਖ ਰੁਪਏ ਮਾਇਕ ਮਦਦ ਦੇਣ ਦਾ ਐਲਾਨ ਕੀਤਾ ਸੀ, ਜਿਸ ਦਾ ਚੋਣ ਕਮਿਸ਼ਨ ਨੇ ਸਖ਼ਤ ਨੋਟਿਸ ਲਿਆ।

ਇਸ ਬਾਰੇ ਹੁਣ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਇਹ ਕਿਹਾ ਜਾ ਰਿਹਾ ਹੈ ਕਿ ਸਰਕਾਰ ਨੇ ਅਜਿਹਾ ਕੋਈ ਐਲਾਨ ਨਹੀਂ ਕੀਤਾ। ਸਰਕਾਰ ਵੱਲੋਂ ਫੈਸਲਾ ਬਦਲਣ ਦੀ ਕਾਰਵਾਈ ਤੋਂ ਸਿੱਖ ਭਾਈਚਾਰੇ ਵਿਚ ਰੋਹ ਹੈ। ਇਸ ਬਾਰੇ ਸਾਬਕਾ ਮੰਤਰੀ ਤੇ ਬਜ਼ੁਰਗ ਸਿੱਖ ਵਿਦਵਾਨ ਮਨਜੀਤ ਸਿੰਘ ਕਲਕੱਤਾ ਨੇ ਆਖਿਆ ਕਿ ਇਹ ਪੀੜਤ ਸਿੱਖ ਪਰਿਵਾਰਾਂ ਨਾਲ ਮਜ਼ਾਕ ਹੈ ਕਿਉਂਕਿ ਦੰਗਿਆਂ ਨੂੰ ਵਾਪਰਿਆਂ 30 ਸਾਲ ਬੀਤ ਚੁੱਕੇ ਹਨ ਤੇ ਪੀੜਤ ਲੋਕਾਂ ਨੂੰ ਹੁਣ ਤੱਕ ਨਿਆਂ ਨਹੀਂ ਮਿਲਿਆ। ਹੁਣ ਸਰਕਾਰ ਨੂੰ ਨਿਗੂਣੀ ਮਦਦ ਦਾ ਐਲਾਨ ਕੀਤਾ, ਪਰ ਤੁਰੰਤ ਇਸ ਨੂੰ ਵਾਪਸ ਲਿਆ ਗਿਆ।

ਉੱਘੇ ਸਿੱਖ ਵਕੀਲ ਤੇ 'ਆਪ' ਦੇ ਆਗੂ ਐਚ.ਐਸ. ਫੂਲਕਾ, ਜੋ ਹੁਣ ਤੱਕ ਦੰਗਾ ਪੀੜਤਾਂ ਦੇ ਕੇਸ ਲੜ ਰਹੇ ਹਨ, ਨੇ ਆਖਿਆ ਕਿ ਸਰਕਾਰ ਵੱਲੋਂ ਆਪਣਾ ਫੈਸਲਾ ਵਾਪਸ ਲੈਣਾ ਹੈਰਾਨੀ ਵਾਲੀ ਕਾਰਵਾਈ ਹੈ। ਉਨ੍ਹਾਂ ਆਖਿਆ ਕਿ ਸਰਕਾਰ ਨੂੰ ਇਸ ਮਾਮਲੇ ਵਿਚ ਸਹੀ ਢੰਗ ਨਾਲ ਐਲਾਨ ਕਰਨਾ ਚਾਹੀਦਾ ਹੈ ਕਿਉਂਕਿ ਇਸ ਵੇਲੇ ਚੋਣ ਜ਼ਾਬਤਾ ਲਾਗੂ ਨਹੀਂ ਹੈ।

ਸਿੱਖ ਸਟੂਡੈਂਟਸ ਫੈਡਰੇਸ਼ਨ (ਪੀਰ ਮੁਹੰਮਦ) ਦੇ ਮੁਖੀ ਕਰਨੈਲ ਸਿੰਘ ਪੀਰ ਮੁਹੰਮਦ ਨੇ ਆਖਿਆ ਕਿ ਦੰਗੇ ਵਾਪਰਿਆਂ 30 ਸਾਲ ਹੋ ਚੁੱਕੇ ਹਨ ਪਰ ਹੁਣ ਵੀ ਸਰਕਾਰ ਨੇ ਕੋਝਾ ਮਜ਼ਾਕ ਕੀਤਾ ਹੈ। ਮੋਦੀ ਸਰਕਾਰ ਦੀ ਇਸ ਕਾਰਵਾਈ ਨਾਲ ਪਿਛਲੀ ਕਾਂਗਰਸ ਸਰਕਾਰਾਂ ਤੇ ਇਸ ਸਰਕਾਰ ਵਿਚ ਕੋਈ ਫਰਕ ਬਾਕੀ ਨਹੀਂ ਰਹਿ ਗਿਆ। ਉਨ੍ਹਾਂ ਆਖਿਆ ਕਿ ਸਰਕਾਰ ਨੂੰ ਅਜਿਹਾ ਐਲਾਨ ਕਰਨ ਤੋਂ ਪਹਿਲਾਂ ਚੋਣ ਜ਼ਾਬਤੇ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਸੀ ਤੇ ਚੋਣ ਕਮਿਸ਼ਨ ਨੂੰ ਭਰੋਸੇ ਵਿਚ ਲੈ ਕੇ ਐਲਾਨ ਕਰਨਾ ਚਾਹੀਦਾ ਸੀ। ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਆਖਿਆ ਕਿ ਦੰਗਿਆਂ ਬਾਰੇ ਨਿਆਂ ਦੀ ਆਸ ਨਹੀਂ ਰਹੀ ਹੈ। ਕਾਂਗਰਸ ਤੇ ਭਾਜਪਾ ਦੋਵਾਂ ਕੋਲੋਂ ਹੀ ਨਿਆਂ ਦੀ ਕੋਈ ਆਸ ਨਹੀਂ ਹੈ।

ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਆਪੋ-ਆਪਣੀ ਕੌਮ ਦੀ ਆਜ਼ਾਦੀ ਲਈ ਜੱਦੋਜਹਿਦ ਕਰ ਰਹੀਆਂ ਘੱਟ-ਗਿਣਤੀਆਂ ਨਾਲ ਸਬੰਧਤ ਸੰਘਰਸ਼ੀਲ ਧਿਰਾਂ ਇਕ ਸਟੇਜ 'ਤੇ ਇਕੱਠੀਆਂ ਹੋਈਆਂ ਹਨ।

ਦਿੱਲੀ ਦੇ ਜੰਤਰ ਮੰਤਰ 'ਤੇ ਇਹ ਪਹਿਲੀ ਵਾਰ ਹੋਇਆ ਕਿ ਸਿੱਖਾਂ ਨੇ ਆਪਣੀ ਗੱਲ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪਹੁੰਚਾਉਣ ਲਈ ਨਵੇਂ ਢੰਗ ਤਰੀਕੇ ਅਖਤਿਆਰ ਕੀਤੇ ਤੇ ਕੌਮਾਂਤਰੀ ਸੰਸਥਾਂ ਤੋਂ ਮੰਗ ਕੀਤੀ ਕਿ ਪੰਜਾਬ ਨੂੰ ਵੀ ਕਿਊਬਿਕ ਤੇ ਸਕਾਟਲੈਂਡ ਦੀ ਤਰਜ਼ 'ਤੇ ਸਵੈ-ਨਿਰਣੈ ਦਾ ਅਧਿਕਾਰ ਦਿੱਤਾ ਜਾਵੇ।

ਯੂ.ਐਨ.ਓ. ਦੇ ਦਿੱਲੀ ਦਫ਼ਤਰ ਵਿਖੇ ਮੁੱਖ ਸੂਚਨਾ ਸਕੱਤਰ ਨੂੰ ਦਿੱਤੇ ਮੰਗ ਪੱਤਰ ਵਿਚ ਕਿਹਾ ਕਿ ਘੱਟ ਗਿਣਤੀਆਂ ਨੂੰ ਮੁਕੰਮਲ ਇਨਸਾਫ ਦਿਵਾਉਣ ਦਾ ਇਕੋ ਇਕ ਢੰਗ ਹੈ ਕਿ ਉਨ੍ਹਾਂ ਕੌਮਾਂ ਨੂੰ ਆਪਣੇ ਭਵਿੱਖ ਦੇ ਫੈਸਲੇ ਖੁਦ ਕਰਨ ਦਾ ਅਧਿਕਾਰ ਦਿੱਤਾ ਜਾਵੇ। ਦਲ ਖਾਲਸਾ ਦੇ ਇਸ ਪ੍ਰੋਗਰਾਮ ਦਾ ਦਮਦਮੀ ਟਕਸਾਲ ਤੇ ਸ਼੍ਰੋਮਣੀ ਕਮੇਟੀ ਦੇ ਅੰਤਰਿੰਗ ਕਮੇਟੀ ਦੇ ਮੈਂਬਰ ਕਰਨੈਲ ਸਿੰਘ ਪੰਜੋਲੀ ਨੇ ਵੀ ਪੂਰਨ ਸਮਰਥਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਰਾਹੀਂ ਅਸੀਂ ਇਨਸਾਫ ਦੇ ਮਾਇਨੇ ਵੱਡੇ ਪਰਪੇਖ ਵਿਚ ਕਰਨ ਦੀ ਕੋਸ਼ਿਸ਼ ਕੀਤੀ ਹੈ।

ਉਧਰ ਕੇਂਦਰ ਸਰਕਾਰ ਦਾ ਪੱਖ ਪੂਰਦਿਆਂ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਆਖਿਆ ਕਿ ਪੀੜਤ ਲੋਕਾਂ ਨੂੰ ਮਾਇਕ ਮਦਦ ਦੀ ਰਕਮ ਇਸ ਵੇਲੇ ਨਹੀਂ ਦਿੱਤੀ ਜਾ ਸਕਦੀ ਕਿਉਂਕਿ ਦਿੱਲੀ ਵਿਚ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ। ਉਂਜ ਵੀ ਸਰਕਾਰ ਵੱਲੋਂ ਮਾਇਕ ਮਦਦ ਦੀ ਰਕਮ ਨੂੰ ਵਧਾਉਣ ਬਾਰੇ ਸੋਚਿਆ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਛੇਤੀ ਹੀ ਦਿੱਲੀ ਦੰਗਿਆਂ ਦੀ ਪੜਤਾਲ ਲਈ ਵਿਸ਼ੇਸ਼ ਜਾਂਚ ਟੀਮ ਦਾ ਗਠਨ ਵੀ ਕੀਤਾ ਜਾ ਰਿਹਾ ਹੈ।

# ਜਮਹੂਰੀ ਅਧਿਕਾਰ ਸਭਾ ਵੱਲੋਂ ਮੋਦੀ ਸਰਕਾਰ ਦੇ ਫੈਸਲੇ ਦੀ ਨੁਕਤਾਚੀਨੀ

**ਚੰਡੀਗੜ੍ਹ:** ਜਮਹੂਰੀ ਅਧਿਕਾਰ ਸਭਾ (ਪੰਜਾਬ) ਨੇ ਕੇਂਦਰ ਸਰਕਾਰ ਵੱਲੋਂ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦੇਣਾ ਯਕੀਨੀ ਬਣਾਉਣ ਦੀ ਬਜਾਇ ਪੀੜਤ ਪਰਿਵਾਰਾਂ ਲਈ ਮੁਆਵਜ਼ੇ ਦੇ ਐਲਾਨ ਨੂੰ ਕੋਝਾ ਮਜ਼ਾਕ ਕਰਾਰ ਦਿੱਤਾ ਹੈ।

ਸਭਾ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਅਜਮੇਰ ਸਿੰਘ ਔਲਖ ਤੇ ਜਨਰਲ ਸਕੱਤਰ ਜਗਮੋਹਨ ਸਿੰਘ ਨੇ ਕਿਹਾ ਕਿ 1984 ਵਿਚ ਤਤਕਾਲੀ ਪ੍ਰਧਾਨ ਮੰਤਰੀ ਦੇ ਕਤਲ ਮਗਰੋਂ ਦਿੱਲੀ, ਕਾਨਪੁਰ, ਬੋਕਾਰੋ ਤੇ ਹੋਰ ਥਾਵਾਂ 'ਤੇ ਸਿੱਖਾਂ ਦੇ ਕਤਲੇਆਮ ਨੂੰ ਅੰਜਾਮ ਦੇਣ ਵਾਲੇ ਸਿਆਸੀ ਆਗੂਆਂ ਦੀ ਪਛਾਣ ਹੋਣ ਤੇ ਕਤਲੇਆਮ ਵਿਚ ਹਕੂਮਤ ਦਾ ਹੱਥ ਹੋਣ ਦੀ ਗੱਲ ਸਪਸ਼ਟ ਹੋਣ ਦੇ ਬਾਵਜੂਦ ਮੁਲਜ਼ਮਾਂ ਨੂੰ ਕਟਹਿਰੇ ਵਿਚ ਖੜ੍ਹਾ ਨਹੀਂ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ (ਦਿੱਲੀ) ਤੇ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਵੱਲੋਂ ਜਾਰੀ ਕੀਤੀ ਤੱਥ-ਖੋਜ ਰਿਪੋਰਟ ਵਿਚ ਕਤਲੇਆਮ ਤੇ ਸਾੜ-ਫੂਕ ਕਰਵਾਉਣ ਵਾਲੇ ਸਿਆਸੀ ਆਗੂਆਂ ਤੇ ਸਿਆਸੀ ਪਾਰਟੀਆਂ ਦੇ ਨਾਵਾਂ ਦੀ ਸੂਚੀ ਸਮੇਤ ਹੋਰ ਤੱਥਪੂਰਨ ਵੇਰਵੇ ਦਿੱਤੇ ਗਏ ਸਨ। ਪਿਛਲੇ ਤੀਹ ਸਾਲਾਂ ਵਿਚ ਬਣਾਈਆਂ ਜਾਂਚ ਕਮੇਟੀਆਂ ਤੇ ਕਮਿਸ਼ਨਾਂ ਵੱਲੋਂ ਕੀਤੀਆਂ ਪੜਤਾਲਾਂ ਵਿਚ ਵੀ ਜਮਹੂਰੀ ਅਧਿਕਾਰ ਜਥੇਬੰਦੀਆਂ ਦੀ ਰਿਪੋਰਟ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਹੋ ਚੁੱਕੀ ਹੈ। ਉਨ੍ਹਾਂ ਇਨਸਾਫ਼ ਲੈਣ ਲਈ ਲੋਕ ਰਾਇ ਖੜ੍ਹੀ ਕਰਨ ਤੇ ਇਕਜੁੱਟ ਹੋਣ ਦਾ ਸੱਦਾ ਦਿੱਤਾ।

# ਕੀ ਪਾਕਿਸਤਾਨ ਵਿਚ ਕਦੇ ਅਮਨ ਹੋ ਸਕੇਗਾ?

ਉਂਜ ਤਾਂ ਅੱਜ ਦੇ ਯੁੱਗ ਵਿਚ ਕਿਸੇ ਵੀ ਸਮਾਜ ਜਾਂ ਦੇਸ਼ ਦਾ ਅਪਰਾਧ-ਮੁਕਤ, ਗੜਬੜ-ਮੁਕਤ ਜਾਂ ਹਮੇਸ਼ਾ ਲਈ ਅਮਨ-ਸ਼ਾਂਤੀ ਬਣੀ ਰਹਿਣ ਦਾ ਖਿਆਲ ਯੂਟੋਪੀਆਈ (ਸੁਪਨਸਾਜ਼ੀ ਵਾਲਾ) ਖਿਆਲ ਹੀ ਹੋ ਸਕਦਾ ਹੈ ਪਰ ਪਾਕਿਸਤਾਨ ਦੇ ਇਤਿਹਾਸ ਅਤੇ ਵਰਤਮਾਨ ਹਾਲਾਤ ਦਾ ਜੇ ਵਿਸ਼ਲੇਸ਼ਣ ਕਰੀਏ ਤਾਂ ਜੋ ਪ੍ਰਭਾਵ ਬਣਦਾ ਹੈ, ਉਹ ਯਕੀਨੀ ਤੌਰ 'ਤੇ ਯੂਟੋਪੀਆਈ

**ਡਾ. ਧਰਮ ਸਿੰਘ**
ਫੋਨ: 91-98889-39808

ਹੀ ਹੈ। ਪਾਕਿਸਤਾਨ ਦੀ ਕਾਇਮੀ ਤੋਂ ਲੈ ਕੇ ਅੱਜ ਤੱਕ ਇਸ ਦੇ ਇਤਿਹਾਸ ਉਪਰ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਵੱਖੋ-ਵੱਖਰੇ ਕਾਰਨਾਂ ਕਰ ਕੇ ਇਸ ਦੀ ਚਾਲ ਸਿੱਧ-ਪੱਧਰੀ ਨਹੀਂ ਰਹੀ। ਇਸੇ ਲਈ ਉਥੇ ਲੋਕਤੰਤਰ ਦੀਆਂ ਜੜ੍ਹਾਂ ਡੂੰਘੀਆਂ ਨਹੀਂ ਜਾ ਸਕੀਆਂ। ਪੜ੍ਹੇ-ਲਿਖੇ ਸੂਝਵਾਨ ਅਤੇ ਤਰੱਕੀਪਸੰਦ ਲੋਕਾਂ ਦੇ ਯਤਨਾਂ ਦੇ ਬਾਵਜੂਦ ਜੇ ਪਾਕਿਸਤਾਨ ਵਿਚ ਰਾਜ ਪਲਟੇ ਹੁੰਦੇ ਰਹੇ, ਕਤਲੋਗਾਰਤ ਹੁੰਦੀ ਰਹੀ ਅਤੇ ਤਾਨਾਸ਼ਾਹੀ ਚਲਦੀ ਰਹੀ ਹੈ ਤਾਂ ਜੇ ਤਤਕਾਲੀ ਰਾਜਸੀ ਕਾਰਨਾਂ ਨੂੰ ਛੱਡ ਵੀ ਦੇਈਏ ਤਾਂ ਦੇਸ਼ ਅੰਦਰ ਕੁਝ ਬੁਨਿਆਦੀ ਵਿਰੋਧ ਵੀ ਹਨ। ਇਥੇ ਇਨ੍ਹਾਂ ਵਿਚੋਂ ਕੁਝ ਵਿਰੋਧਾਂ ਦੀ ਚਰਚਾ ਕੀਤੀ ਜਾਵੇਗੀ।

ਸਭ ਤੋਂ ਪਹਿਲਾ ਵਿਰੋਧ ਪਾਕਿਸਤਾਨ ਦੀ ਕਾਇਮੀ ਦੇ ਫਲਸਫ਼ੇ ਦਾ ਹੈ। ਦੋ ਕੌਮੀ ਸਿਧਾਂਤ ਉਪਰ ਵੱਖਰਾ ਮੁਲਕ ਬਣ ਤਾਂ ਗਿਆ, ਪਰ ਇਹ ਚੱਲਣ ਪੱਖੋਂ ਅਧਰੰਗ-ਗ੍ਰਸਤ ਹੈ। ਇਸ ਮੁਲਕ ਵਿਚ ਵੀ ਸਮੱਸਿਆਵਾਂ ਬਰਕਰਾਰ ਹਨ ਤਾਂ ਇਸ ਦਾ ਇਕ ਅਰਥ ਇਹ ਵੀ ਲਿਆ ਜਾ ਸਕਦਾ ਹੈ ਕਿ ਧਰਮ ਜਾਂ ਇਸਲਾਮ ਕੋਲ ਸਾਰੇ ਮਸਲਿਆਂ ਦਾ ਹੱਲ ਨਹੀਂ। ਬਦਕਿਸਮਤੀ ਹੀ ਕਹਿਣੀ ਚਾਹੀਦੀ ਹੈ ਕਿ ਇਸਲਾਮ ਦੇ ਨਾਂ 'ਤੇ ਬਣੇ ਮੁਲਕ ਵਿਚ ਇਸਲਾਮ ਦੀ ਕੋਈ ਵੀ ਪ੍ਰਮਾਣਿਕ ਜਾਂ ਸਰਬ-ਪ੍ਰਵਾਨਿਤ ਪਰਿਭਾਸ਼ਾ ਨਹੀਂ। ਹਰ ਬੰਦੇ ਦੀ ਪਰਿਭਾਸ਼ਾ ਆਪਣੀ ਹੈ। ਪੜ੍ਹੇ-ਲਿਖੇ ਲੋਕਾਂ ਦੀ ਆਪਣੀ, ਬੁਨਿਆਦਪ੍ਰਸਤਾਂ ਦੀ ਆਪਣੀ, ਧਾਰਮਿਕ ਲੋਕਾਂ ਦੀ ਆਪਣੀ ਅਤੇ ਰਾਜਸੀ ਲੋਕਾਂ ਦਾ ਤਾਂ ਕਹਿਣਾ ਹੀ ਕੀ ਹੈ! ਪਰਿਭਾਸ਼ਾ ਵਿਚ ਵਖਰੇਵਾਂ ਡੂੰਘਾ ਵਿਚਾਰਧਾਰਈ ਵਖਰੇਵਾਂ ਬਣ ਨਿੱਬੜਦਾ ਹੈ ਜਿਸ ਵਿਚੋਂ ਅੱਗੇ ਜਾ ਕੇ ਕਈ ਬਖੇੜੇ ਪੈਦਾ ਹੁੰਦੇ ਹਨ। ਪਾਕਿਸਤਾਨ ਵਿਚ ਤਾਲਿਬਾਨ ਪੈਦਾ ਹੋਣ ਦਾ ਵੱਡਾ ਕਾਰਨ ਇਹ ਵਿਰੋਧ ਹੀ ਹੈ। ਵਿਦੇਸ਼ਾਂ ਵਿਚ ਜਾਂ ਅੰਗਰੇਜ਼ੀ ਪੜ੍ਹੇ-ਲਿਖੇ ਲੋਕ ਇਸਲਾਮ ਦੇ ਅਰਥ ਸਲਾਮਤੀ, ਰਵਾਦਾਰੀ, ਰੌਸ਼ਨ-ਦਿਮਾਗੀ ਅਤੇ ਅਮਨ ਵਜੋਂ ਕਰਦੇ ਹਨ, ਜਦ ਕਿ ਬੁਨਿਆਦਪ੍ਰਸਤਾਂ ਨੂੰ ਇਨ੍ਹਾਂ ਵਿਚੋਂ ਕੋਈ ਵੀ ਪਸੰਦ ਨਹੀਂ। ਇਸੇ ਤਰ੍ਹਾਂ ਵਿੱਦਿਆ ਦੇ ਅਰਥ ਅਤੇ ਪ੍ਰਯੋਗ ਵੀ ਆਪੋ-ਆਪਣਾ ਹੈ। ਕਿਹੋ ਜਿਹੀ ਵਿੱਦਿਆ, ਕਿਨ੍ਹਾਂ ਲੋਕਾਂ ਨੂੰ ਦਿੱਤੀ ਜਾਵੇ? ਇਸ ਬਾਰੇ ਵੀ ਹਰ ਇਕ ਦੀ ਤਰਜੀਹ ਆਪੋ-ਆਪਣੀ ਹੈ। ਉਂਜ ਤਾਂ ਪਾਕਿਸਤਾਨ ਵਿਚ ਵੀ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਹਨ ਪਰ ਮਦਰੱਸਿਆਂ ਦੀ ਵਿੱਦਿਆ ਪ੍ਰਣਾਲੀ ਵੀ ਸਮਾਨਾਂਤਰ ਚੱਲ ਰਹੀ ਹੈ। ਕੁਝ ਲਈ ਵਿੱਦਿਆ ਜ਼ਰੂਰੀ ਹੈ ਅਤੇ ਕੁਝ ਲਈ ਦੀਨੀ ਵਿੱਦਿਆ ਹੀ ਅਸਲ ਵਿੱਦਿਆ ਹੈ। ਬੁਨਿਆਦਪ੍ਰਸਤ ਲੜਕੀਆਂ ਨੂੰ ਵਿੱਦਿਆ ਦੇਣ ਦੇ ਉਂਜ ਹੀ ਹੱਕ ਵਿਚ ਨਹੀਂ ਹਨ। ਸਿਰਫ ਧਾਰਮਿਕ ਵਿੱਦਿਆ ਵੀ ਅੱਜ ਦੇ ਯੁੱਗ 'ਚ ਕਾਫੀ ਨਹੀਂ। ਮੁਸ਼ੱਰਫ ਵੇਲੇ ਇਹ ਗੱਲ ਵੀ ਚੱਲੀ ਕਿ ਦੀਨੀ ਵਿੱਦਿਆ ਦੇ ਨਾਲ-ਨਾਲ ਮਦਰੱਸਿਆਂ ਵਿਚ ਪੜ੍ਹ ਰਹੇ ਬੱਚਿਆਂ ਨੂੰ ਕੰਪਿਊਟਰ, ਸੂਚਨਾ ਤਕਨਾਲੋਜੀ ਅਤੇ ਹੋਰ ਰੁਜ਼ਗਾਰ-ਮੁਖੀ ਵਿਸ਼ੇ ਵੀ ਪੜ੍ਹਾਏ ਜਾਣ ਪਰ ਉਸ ਦੇ ਸੱਤਾ ਤੋਂ ਹਟਣ ਨਾਲ ਸਾਰਾ ਕੁਝ ਖਟਾਈ ਵਿਚ ਪੈ ਗਿਆ। ਧਰਮ ਅਤੇ ਵਿੱਦਿਆ ਦੇ ਨਾਂ 'ਤੇ ਸਰਕਾਰ ਕੋਲੋਂ ਜ਼ਕਾਤ ਫੰਡ, ਐਨ.ਜੀ.ਓਜ਼ ਕੋਲੋਂ ਅਤੇ ਸਰਦੇ-ਪੁੱਜਦੇ ਲੋਕਾਂ ਕੋਲੋਂ ਮਾਲੀ ਸਹਾਇਤਾ ਤਾਂ ਲੈ ਲਈ ਜਾਂਦੀ ਹੈ, ਪਰ ਇਸ ਦੀ ਵਰਤੋਂ ਉਪਰ ਸ਼ਾਇਦ ਕੋਈ ਬਾਹਰੀ ਅੰਕੁਸ਼ ਨਹੀਂ। ਧਾਰਮਿਕ ਜਾਂ ਮਦਰੱਸਿਆਂ ਦੀ ਵਿੱਦਿਆ ਵਿਚ ਰੁਜ਼ਗਾਰ ਦੇ ਮੌਕੇ ਬੜੇ ਸੀਮਤ ਹਨ। ਧਾਰਮਿਕ ਵਿੱਦਿਆ ਕੋਈ ਮਾੜੀ ਗੱਲ ਨਹੀਂ, ਪਰ ਇਸ ਦੀ ਵਧੇਰੇ ਖੁਰਾਕ ਮਨੁੱਖ ਦੀ ਮਾਨਸਿਕ ਸਿਹਤ ਸਹੀ ਨਹੀਂ ਰਹਿਣ ਦਿੰਦੀ। ਪਾਕਿਸਤਾਨ ਵਿਚ ਇਹ ਕੇਵਲ ਮਸੀਤਾਂ ਜਾਂ ਮਦਰੱਸਿਆਂ ਤੱਕ ਹੀ ਸੀਮਤ ਨਹੀਂ ਸਗੋਂ ਰੇਡੀਓ, ਟੀ.ਵੀ. ਅਤੇ ਹੋਰਾਂ ਸੰਚਾਰ ਮਾਧਿਅਮਾਂ ਉਪਰ ਵੀ ਛਾਈ ਹੋਈ ਹੈ। ਹਰ ਨਮਾਜ਼ ਮੌਕੇ ਅਜ਼ਾਨ ਦਾ ਪ੍ਰਸਾਰਨ ਹੁੰਦਾ ਹੈ, ਈਦ-ਉਲ-ਜ਼ੁਹਾ, ਈਦ-ਉਲ-ਫਿਤਰ, ਮੁਹੱਰਮ ਅਤੇ ਹੋਰਨਾਂ ਧਾਰਮਿਕ ਅਵਸਰਾਂ 'ਤੇ ਵਿਸ਼ੇਸ਼ ਪ੍ਰੋਗਰਾਮ ਪ੍ਰਸਾਰਿਤ ਕੀਤੇ ਜਾਂਦੇ ਹਨ। ਸਰਕਾਰੀ ਟੀ.ਵੀ. ਉਪਰ ਕਈ ਸਥਾਈ ਧਾਰਮਿਕ ਪ੍ਰੋਗਰਾਮ ਹਨ, ਜਿਸ ਕਰ ਕੇ ਵੇਖਣ ਸੁਣਨ ਵਾਲੇ ਦੇ ਮਨ ਉਪਰ ਹਰ ਵੇਲੇ ਧਾਰਮਿਕਤਾ ਛਾਈ ਰਹਿੰਦੀ ਹੈ। ਧਰਮ ਸਮਾਜ ਨੂੰ ਸਦੀਆਂ ਤੋਂ ਦਿਸ਼ਾ-ਨਿਰਦੇਸ਼ ਦਿੰਦਾ ਆਇਆ ਹੈ, ਪਰ ਅਫ਼ਸੋਸ ਕਿ ਇਸ ਦੇ ਇਸ ਪਹਿਲੂ ਨੂੰ ਉਜਾਗਰ ਕਰਨ ਦੀ ਬਜਾਇ ਇਸ ਦੇ ਮਨ-ਇੱਛਤ ਅਰਥ ਕੀਤੇ ਜਾਂਦੇ ਹਨ। ਇਸੇ ਲਈ ਮਦਰੱਸੇ ਰੌਸ਼ਨ ਦਿਮਾਗ ਨਾਗਰਿਕ ਪੈਦਾ ਕਰਨ ਦੀ ਬਜਾਇ ਤਾਲਿਬਾਨ ਪੈਦਾ ਕਰ ਰਹੇ ਹਨ।

ਪਾਕਿਸਤਾਨ ਦੀ ਦੂਜੀ ਵੱਡੀ ਸਮੱਸਿਆ ਅਨਪੜ੍ਹਤਾ, ਆਬਾਦੀ ਵਿਚ ਵਾਧਾ ਅਤੇ ਬੇਰੁਜ਼ਗਾਰੀ ਹੈ। ਡੂੰਘਾਈ ਵਿਚ ਜਾ ਕੇ ਵੇਖਿਆ ਜਾਵੇ ਤਾਂ ਸਾਰੀਆਂ ਚੀਜ਼ਾਂ ਇਕ-ਦੂਜੀ ਨਾਲ ਜੁੜੀਆਂ ਹੋਈਆਂ ਹਨ। ਸਰਕਾਰ ਦੇ ਲੱਖ ਯਤਨਾਂ ਦੇ ਬਾਵਜੂਦ ਲੋਕ ਬੱਚਿਆਂ ਨੂੰ ਸਕੂਲ ਦਾਖਲ ਨਹੀਂ ਕਰਵਾ ਰਹੇ। ਉਂਜ ਵੀ ਲੋਕਾਂ ਦੀ ਸੋਚ ਹੈ ਕਿ ਪੜ੍ਹ-ਲਿਖ ਕੇ ਨੌਕਰੀ ਤਾਂ ਮਿਲਣੀ ਨਹੀਂ ਕਿਉਂਕਿ ਇਸ ਲਈ ਸਿਫ਼ਾਰਸ਼ ਜਾਂ ਵੱਢੀ ਦੀ ਲੋੜ ਹੈ। ਜਿਹੜੇ ਮੁੰਡੇ ਸਕੂਲਾਂ ਵਿਚ ਦਾਖਲ ਨਹੀਂ ਹੁੰਦੇ ਅਤੇ ਨਾ ਹੀ ਕੋਈ ਕੰਮ-ਕਾਰ ਕਰਦੇ ਹਨ, ਉਹ ਲਟੋਰਾਂ ਵਾਂਗ ਗਲੀਆਂ ਕੱਛਦੇ ਫਿਰਦੇ ਸਹਿਜੇ-ਸਹਿਜੇ ਜੁਰਮ ਦੀ ਦੁਨੀਆਂ ਵਿਚ ਸਰਕ ਜਾਂਦੇ ਹਨ। ਕੁਝ ਚਾਲਬਾਜ਼ ਅਤੇ ਅਮਨ ਵਿਰੋਧੀ ਲੋਕ ਅਨਪੜ੍ਹ ਅਤੇ ਬੇਰੁਜ਼ਗਾਰਾਂ ਨੂੰ ਪੈਸਿਆਂ ਦਾ ਲਾਲਚ ਦੇ ਕੇ ਆਪਣੇ ਮਗਰ ਲਾ ਲੈਂਦੇ ਹਨ। ਚੰਗਾ ਜੀਵਨ ਜਿਉਣ ਦੀ ਲਾਲਸਾ ਤੇ ਪੈਸੇ ਕਰ ਕੇ ਨੌਜਵਾਨ ਗੁੰਮਰਾਹ ਹੋ ਜਾਂਦੇ ਹਨ। ਸਨਅਤ ਅਤੇ ਖੇਤੀਬਾੜੀ ਦਾ ਲੋੜੀਂਦਾ ਵਿਕਾਸ ਨਾ ਹੋਣ ਕਾਰਨ ਵੀ ਬੇਰੁਜ਼ਗਾਰੀ ਵਿਚ ਵਾਧਾ ਹੋਇਆ ਹੈ। ਕੁਝ ਸ਼ਹਿਰਾਂ, ਜਿਵੇਂ ਫੈਸਲਾਬਾਦ ਵਿਚ ਕੱਪੜੇ ਦੇ ਕਾਰਖਾਨੇ, ਸਿਆਲਕੋਟ ਵਿਚ ਖੇਡਾਂ ਦਾ ਸਾਮਾਨ, ਗੁਜਰਾਤ ਵਿਚ ਫਰਨੀਚਰ ਅਤੇ ਪੱਖਾ ਸਨਅਤ ਅਤੇ ਹੋਰ ਸ਼ਹਿਰਾਂ ਵਿਚ ਛੋਟੀਆਂ ਸਨਅਤੀ ਇਕਾਈਆਂ ਹਨ, ਪਰ ਬਿਜਲੀ ਦੀ ਥੁੜ ਨੇ ਇਨ੍ਹਾਂ ਦਾ ਪਹੀਆ ਜਾਮ ਕਰ ਰੱਖਿਆ ਹੈ। ਪਾਕਿਸਤਾਨ ਵਿਚ ਖੇਤੀ ਦਾ ਹਾਲ ਵੀ ਕੋਈ ਬਹੁਤਾ ਵਧੀਆ ਨਹੀਂ। ਜ਼ਮੀਨੀ ਸੁਧਾਰ ਨਾ ਹੋਣ ਕਰ ਕੇ ਵਡੇਰੇ, ਚੌਧਰੀ, ਖਾਨ ਅਤੇ ਦੂਜੇ ਅਮੀਰ ਲੋਕ ਹਜ਼ਾਰਾਂ ਏਕੜਾਂ ਦੇ ਟੱਕ ਸਾਂਭੀ ਬੈਠੇ ਹਨ, ਜਿਸ ਕਰ ਕੇ ਬੇਜ਼ਮੀਨੇ ਕਾਸ਼ਤਕਾਰਾਂ ਦਾ ਕੋਈ ਅੰਤ ਹਿਸਾਬ ਨਹੀਂ। ਮੁਜਾਰਾ-ਪ੍ਰਥਾ ਪੂਰੇ ਜ਼ੋਰਾਂ 'ਤੇ ਹੈ। ਪਾਕਿਸਤਾਨ ਟੀ.ਵੀ. ਡਰਾਮਿਆਂ, ਦਸਤਾਵੇਜ਼ੀ ਫ਼ਿਲਮਾਂ ਅਤੇ ਦੂਜੇ ਪ੍ਰੋਗਰਾਮਾਂ ਵਿਚ ਪਿੰਡਾਂ ਵਿਚ ਵਸਣ ਵਾਲੇ ਲੋਕਾਂ ਦੇ ਜੀਵਨ ਪੱਧਰ ਦਾ ਅਹਿਸਾਸ ਸਹਿਜੇ ਹੀ ਹੋ ਜਾਂਦਾ ਹੈ। ਪਿੰਡਾਂ ਨੂੰ ਜਾਣ ਵਾਲੇ ਕੱਚੇ ਰਸਤਿਆਂ, ਕੱਚੀਆਂ ਗਲੀਆਂ, ਨਾਲੀਆਂ, ਕੱਚੇ ਘਰ ਅਤੇ ਉਸ ਵਿਚ ਪਈਆਂ ਹੋਈਆਂ ਵਸਤਾਂ ਗੁਰਬਤ ਦੀ ਮੂੰਹ ਬੋਲਦੀ ਤਸਵੀਰ ਹਨ। ਪਾਕਿਸਤਾਨ ਦੇ ਬਹੁਤੇ ਪਿੰਡ ਅੱਜ ਵੀ ਆਜ਼ਾਦੀ ਤੋਂ ਪਹਿਲਾਂ ਵਾਲੇ ਪਿੰਡਾਂ ਦੀ ਤਸਵੀਰ ਹਨ। ਪਾਕਿਸਤਾਨ ਵਿਚ ਲੋਕਤੰਤਰ ਦੀਆਂ ਜੜ੍ਹਾਂ ਮਜ਼ਬੂਤ ਨਾ ਹੋਣ ਕਰ ਕੇ ਉਥੋਂ ਦੇ ਸਿਆਸਤਦਾਨਾਂ ਵਿਚ ਉਸ ਕਿਸਮ ਦੀ ਪ੍ਰੋੜ੍ਹਤਾ ਨਹੀਂ ਆਈ ਜਿਸ ਕਿਸਮ ਦੀ ਹੋਣੀ ਚਾਹੀਦੀ ਹੈ। ਤਾਲਿਬਾਨ ਅਤੇ ਇਸ ਕਿਸਮ ਦੀ ਸੋਚ ਰੱਖਣ ਵਾਲੇ ਲੋਕਾਂ ਦਾ ਤਾਂ ਵੋਟ ਜਾਂ ਲੋਕਤੰਤਰ ਵਿਚ ਵਿਸ਼ਵਾਸ ਹੀ ਨਹੀਂ, ਉਹ ਮੱਧਯੁਗੀ ਰਾਜਾਸ਼ਾਹੀ ਅਤੇ ਜਾਗੀਰਦਾਰੀ ਨੂੰ ਹੀ ਸਹੀ ਰਾਜ ਪ੍ਰਣਾਲੀ ਮੰਨਦੇ ਹਨ। ਸਿਆਸੀ ਪਾਰਟੀਆਂ ਦੇ ਆਗੂ ਇੰਨੇ ਬੇਸਬਰੇ ਅਤੇ ਸੱਤਾ ਦੇ ਭੁੱਖੇ ਹਨ ਕਿ ਉਹ ਪੰਜਾਂ ਸਾਲਾਂ ਬਾਅਦ ਹੋਣ ਵਾਲੀਆਂ ਚੋਣਾਂ ਨੂੰ ਉਡੀਕਣਾ ਹੀ ਨਹੀਂ ਚਾਹੁੰਦੇ। ਕੁਝ ਚੋਣਾਂ ਵਿਚ ਹਿੱਸਾ ਤਾਂ ਲੈਂਦੇ ਹਨ ਪਰ ਨਤੀਜੇ ਆਸ ਮੁਤਾਬਿਕ ਨਾ ਆਉਣ ਕਰ ਕੇ ਧਾਂਦਲੀਆਂ ਦਾ ਇਲਜ਼ਾਮ ਲਾ ਕੇ ਉਸ ਨੂੰ ਮੰਨਣ ਤੋਂ ਇਨਕਾਰੀ ਹੋ ਜਾਂਦੇ ਹਨ।

ਪਿਛਲੇ ਦਿਨੀਂ ਨਵਾਜ਼ ਸ਼ਰੀਫ਼ ਸਰਕਾਰ ਖਿਲਾਫ਼ ਇਮਰਾਨ ਖਾਨ ਅਤੇ ਤਾਹਿਰ-ਉਲ-ਕਾਦਰੀ ਦਾ ਅੰਦੋਲਨ ਵੀ ਇਸੇ ਸਿਆਸੀ ਅਨਾੜੀਪਨ ਦਾ ਨਤੀਜਾ ਹੀ ਕਿਹਾ ਜਾ ਸਕਦਾ ਹੈ। ਇਮਰਾਨ ਖਾਨ ਨੇ ਨਵੀਂ ਸਿਆਸੀ ਪਾਰਟੀ ਪਕਿਸਤਾਨ ਤਹਿਰੀਕ-ਏ-ਇਨਸਾਫ਼ ਬਣਾ ਕੇ ਚੋਣਾਂ ਵਿਚ ਹਿੱਸਾ ਲਿਆ। ਇਕ ਸੂਬੇ ਵਿਚ ਉਸ ਦੀ ਪਾਰਟੀ ਦੀ ਸਰਕਾਰ ਵੀ ਬਣ ਗਈ ਅਤੇ ਨੈਸ਼ਨਲ ਅਸੈਂਬਲੀ ਵਿਚ ਉਸ ਦੇ 34 ਮੈਂਬਰ ਵੀ ਚੁਣੇ ਗਏ, ਪਰ ਪ੍ਰਧਾਨ ਮੰਤਰੀ ਬਣਨ ਦਾ ਉਸ ਦਾ ਸੁਪਨਾ ਟੁੱਟ ਗਿਆ। ਹਮਾਇਤ ਜੁਟਾਉਣ ਲਈ ਉਸ ਨੇ ਪਾਕਿਸਤਾਨ ਦੇ ਹੀ ਇਕ ਭਗੌੜੇ ਕੈਨੇਡੀਆਈ ਨਾਗਰਿਕ ਅਤੇ ਧਾਰਮਿਕ ਆਗੂ ਤਾਹਿਰ-ਉਲ-ਕਾਦਰੀ ਨੂੰ ਆਪਣੇ ਨਾਲ ਰਲਾ ਲਿਆ। ਕਾਦਰੀ ਨੇ ਇਕ ਧਾਰਮਿਕ ਜਮਾਤ ਵੀ ਬਣਾ ਰੱਖੀ ਹੈ ਜਿਸ ਨੇ ਕਦੇ ਵੀ ਚੋਣਾਂ ਵਿਚ ਹਿੱਸਾ ਨਹੀਂ ਲਿਆ, ਪਰ ਸੱਤਾ ਦੀ ਭੁੱਖ ਉਸ ਨੂੰ ਜ਼ਰੂਰ ਹੈ। ਸਰਕਾਰ ਕਿਸੇ ਵੀ ਪਾਰਟੀ ਦੀ ਹੋਵੇ, ਉਹ ਵਿਰੋਧ ਦੀ ਰਾਜਨੀਤੀ ਕਰ ਕੇ ਸੱਤਾ ਸੁਖ ਭੋਗਣਾ ਚਾਹੁੰਦਾ ਹੈ। ਇਮਰਾਨ ਖਾਨ ਅਤੇ ਕਾਦਰੀ ਦਾ ਇਹ ਅੰਦੋਲਨ ਹੁਣ ਲਗਭਗ ਖ਼ਤਮ ਹੋ ਚੁੱਕਾ ਹੈ। ਪਾਕਿਸਤਾਨ ਦੀ ਸਿਆਸਤ ਵਿਚ ਫ਼ੌਜ ਦੀ ਕੀ ਭੂਮਿਕਾ ਰਹੀ ਹੈ ਅਤੇ ਅਗਾਂਹ ਕਿਸ ਕਿਸਮ ਦੀ ਹੋਵੇਗੀ, ਇਸ ਬਾਰੇ ਰੱਖਿਆ ਜਾਂ ਫ਼ੌਜੀ ਵਿਸ਼ਲੇਸ਼ਕ ਹੀ ਸਹੀ ਰਾਇ ਦੇ ਸਕਦੇ ਹਨ, ਪਰ ਇਤਿਹਾਸ ਨੇ ਇਹ ਗੱਲ ਵਾਰ-ਵਾਰ ਦੁਹਰਾਈ ਹੈ ਕਿ ਫ਼ੌਜ ਦੀ ਮਰਜ਼ੀ ਤੋਂ ਬਿਨਾਂ ਪਾਕਿਸਤਾਨ ਦੀ ਕੋਈ ਵੀ ਵਿਦੇਸ਼ ਨੀਤੀ ਨਹੀਂ ਬਣ ਸਕਦੀ। ਸਿਆਸਤਦਾਨਾਂ ਦੇ ਆਪਸੀ ਟਕਰਾਅ, ਅਨਾੜੀਪਨ ਅਤੇ ਸੱਤਾ ਤੱਕ ਪਹੁੰਚਣ ਦੀ ਕਾਹਲ ਨੂੰ ਠੱਲ੍ਹ ਪਾਉਣ ਵਾਸਤੇ ਵੀ ਫ਼ੌਜ ਨੂੰ ਦਖ਼ਲ ਦੇਣਾ ਪਿਆ ਹੈ। ਪਾਕਿਸਤਾਨੀ ਫ਼ੌਜ ਨੂੰ ਸੱਤਾ ਦਾ ਭੱਸ ਪਿਆ ਹੋਇਆ ਹੈ ਅਤੇ ਇਹ ਸਹਿਜੇ ਕੀਤੇ ਜਾਣ ਵਾਲਾ ਨਹੀਂ।

ਇੰਜ ਅਸੀਂ ਵੇਖਦੇ ਹਾਂ ਕਿ ਇਸਲਾਮ ਦੀ ਪਰਿਭਾਸ਼ਾ ਅਤੇ ਅਰਥਾਂ ਨੂੰ ਲੈ ਕੇ ਪਾਏ ਜਾਂਦੇ ਧਾਰਮਿਕ ਵਿਰੋਧਾਂ, ਅਨਪੜ੍ਹਤਾ, ਬੇਰੁਜ਼ਗਾਰੀ, ਆਬਾਦੀ ਦੀ ਬਹੁਲਤਾ, ਸਿਆਸਤਦਾਨਾਂ ਵਿਚ ਦੂਰਦ੍ਰਿਸ਼ਟੀ ਦੀ ਘਾਟ ਜਾਂ ਸਿਆਸੀ ਅਨਾੜੀਪਨ ਅਤੇ ਫ਼ੌਜ ਦਾ ਦਖ਼ਲ ਅਜਿਹੇ ਸਥਾਈ ਅਤੇ ਹਲ-ਤਲਬ ਮਸਲੇ ਹਨ ਜਿਨ੍ਹਾਂ ਦੇ ਹੁੰਦਿਆਂ ਪਾਕਿਸਤਾਨ ਵਿਚ ਕਦੇ ਵੀ ਅਮਨ ਕਾਇਮ ਨਹੀਂ ਹੋ ਸਕਦਾ। ਇਸ ਕਰ ਕੇ ਭਾਰਤ ਨਾਲ ਵਿਸ਼ੇਸ਼ ਕਰ ਕੇ ਉਸ ਦੇ ਸਬੰਧ ਸੁਖਾਵੇਂ ਨਹੀਂ ਹੋ ਸਕਦੇ। ਅਸੀਂ ਲੋਕ ਚਮਤਕਾਰਾਂ ਵਿਚ ਯਕੀਨ ਕਰਦੇ ਹਾਂ, ਇਸ ਲਈ ਕੋਈ ਚਮਤਕਾਰ ਵਾਪਰ ਜਾਵੇ, ਤਾਂ ਇਹ ਵੱਖਰੀ ਗੱਲ ਹੈ।

> **ਪਾਕਿਸਤਾਨ ਦੀ ਵੱਡੀ ਸਮੱਸਿਆ ਅਨਪੜ੍ਹਤਾ, ਆਬਾਦੀ ਵਿਚ ਵਾਧਾ ਅਤੇ ਬੇਰੁਜ਼ਗਾਰੀ ਹੈ। ਡੂੰਘਾਈ ਵਿਚ ਜਾ ਕੇ ਵੇਖਿਆ ਜਾਵੇ ਤਾਂ ਸਾਰੀਆਂ ਚੀਜ਼ਾਂ ਇਕ-ਦੂਜੀ ਨਾਲ ਜੁੜੀਆਂ ਹੋਈਆਂ ਹਨ। ਸਰਕਾਰ ਦੇ ਲੱਖ ਯਤਨਾਂ ਦੇ ਬਾਵਜੂਦ ਲੋਕ ਬੱਚਿਆਂ ਨੂੰ ਸਕੂਲ ਦਾਖ਼ਲ ਨਹੀਂ ਕਰਵਾ ਰਹੇ। ਉਂਜ ਵੀ ਲੋਕਾਂ ਦੀ ਸੋਚ ਹੈ ਕਿ ਪੜ੍ਹ-ਲਿਖ ਕੇ ਨੌਕਰੀ ਤਾਂ ਮਿਲਣੀ ਨਹੀਂ ਕਿਉਂਕਿ ਇਸ ਲਈ ਸਿਫ਼ਾਰਸ਼ ਜਾਂ ਵੱਢੀ ਦੀ ਲੋੜ ਹੈ। ਜਿਹੜੇ ਮੁੰਡੇ ਸਕੂਲਾਂ ਵਿਚ ਦਾਖਲ ਨਹੀਂ ਹੁੰਦੇ ਅਤੇ ਨਾ ਹੀ ਕੋਈ ਕੰਮ-ਕਾਰ ਕਰਦੇ ਹਨ, ਉਹ ਲਟੋਰਾਂ ਵਾਂਗ ਗਲੀਆਂ ਕੱਛਦੇ ਫਿਰਦੇ ਸਹਿਜੇ-ਸਹਿਜੇ ਜੁਰਮ ਦੀ ਦੁਨੀਆਂ ਵਿਚ ਸਰਕ ਜਾਂਦੇ ਹਨ।**

# ਸਭ ਦੀ ਅੱਖ ਜੰਮੂ ਕਸ਼ਮੀਰ ਦੇ ਨਤੀਜਿਆਂ 'ਤੇ

ਨੈਸ਼ਨਲ ਕਾਨਫਰੰਸ-ਕਾਂਗਰਸ ਸਰਕਾਰ ਦੇ ਵਿਰੁੱਧ ਸਥਾਪਤੀ ਵਿਰੋਧੀ ਲਹਿਰ ਕਾਰਨ ਜੰਮੂ ਕਸ਼ਮੀਰ 'ਚ ਸੱਤਾ ਵਿਚ ਆਉਣ ਦੇ ਸੁਪਨੇ ਦੇਖ ਰਹੀ ਪੀ.ਡੀ.ਪੀ. ਭਾਜਪਾ ਦੇ ਉਭਾਰ ਤੋਂ ਕਾਫੀ ਡਰ ਗਈ ਲੱਗਦੀ ਹੈ। ਪਾਰਟੀ ਪ੍ਰਧਾਨ ਮਹਿਬੂਬਾ ਮੁਫਤੀ ਨੂੰ ਲੱਗਦਾ ਹੈ ਕਿ ਅਗਲੀਆਂ ਵਿਧਾਨ ਸਭਾ ਚੋਣਾਂ 'ਚ ਜੰਮੂ ਖੇਤਰ ਵਿਚ ਮੁਸਲਿਮ ਵੋਟਾਂ ਵੰਡ ਹੋ ਜਾਣਗੀਆਂ ਜਿਸ ਕਾਰਨ ਸ਼ਾਇਦ ਕਿਸੇ ਵੀ ਪਾਰਟੀ ਨੂੰ ਬਹੁਮਤ ਨਹੀਂ ਮਿਲੇਗਾ।

ਇਕ ਇੰਟਰਵਿਊ 'ਚ ਜਦੋਂ ਉਨ੍ਹਾਂ ਨੂੰ ਪੁੱਛਿਆ

**ਇਫਤਿਖ਼ਾਰ ਗਿਲਾਨੀ**

ਗਿਆ ਕਿ ਸੱਤਾ ਦੀ ਦੌੜ 'ਚ ਉਨ੍ਹਾਂ ਦਾ ਸਭ ਤੋਂ ਮਜ਼ਬੂਤ ਵਿਰੋਧੀ ਕੌਣ ਹੈ, ਤਾਂ ਉਨ੍ਹਾਂ ਕਿਹਾ ਕਿ ਇਸ ਵਾਰ ਦੀਆਂ ਚੋਣਾਂ ਪਹਿਲੀਆਂ ਸਾਰੀਆਂ ਚੋਣਾਂ ਨਾਲੋਂ ਵੱਖਰੀਆਂ ਹਨ। ਇਸ ਵਾਰ ਮਹਿਬੂਬਾ ਆਪਣੀ ਰਵਾਇਤੀ ਵਿਰੋਧੀ ਨੈਸ਼ਨਲ ਕਾਨਫਰੰਸ ਜਾਂ ਕਾਂਗਰਸ ਦੇ ਵਿਰੁੱਧ ਚੋਣਾਂ ਨਹੀਂ ਲੜ ਰਹੀ। ਇਹ ਸਪਸ਼ਟ ਹੈ ਕਿ ਜੰਮੂ ਖੇਤਰ ਵਿਚ ਭਾਜਪਾ ਲਈ ਭਾਰੀ ਲੋਕ-ਸਮਰਥਨ ਖੜ੍ਹਾ ਹੈ, ਕਿਉਂਕਿ ਕਾਂਗਰਸ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਨਹੀਂ ਉਤਰੀ।

ਇਹ ਚੋਣਾਂ ਜੰਮੂ ਕਸ਼ਮੀਰ ਦੇ ਲੋਕਾਂ ਲਈ ਆਪਣੀ ਪਛਾਣ, ਸਿਆਸੀ ਅਧਿਕਾਰਾਂ, ਸੰਵਿਧਾਨਿਕ ਵਿਸ਼ੇਸ਼ਤਾ ਆਦਿ ਦੀ ਦਾਅਵੇਦਾਰੀ ਠੋਕਣ ਦਾ ਇਤਿਹਾਸਿਕ ਮੌਕਾ ਹਨ। ਮਹਿਬੂਬਾ ਨੂੰ ਡਰ ਹੈ ਕਿ ਕਿਸੇ ਵੀ ਪਾਰਟੀ ਨੂੰ ਫੈਸਲਾਕੁਨ ਫ਼ਤਵਾ ਨਹੀਂ ਮਿਲੇਗਾ ਜਿਸ ਕਾਰਨ ਚੋਣ ਨਤੀਜੇ ਸੂਬੇ ਦੇ ਹਿੱਤਾਂ ਦੀ ਰਾਖੀ, ਕਸ਼ਮੀਰ ਸਮੱਸਿਆ ਦੇ ਹੱਲ ਅਤੇ ਭਾਰਤੀ ਸੰਘ ਅੰਦਰ ਜੰਮੂ-ਕਸ਼ਮੀਰ ਲਈ ਵਿਸ਼ੇਸ਼ ਅਧਿਕਾਰ ਸੁਰੱਖਿਅਤ ਕਰਨ ਦੇ ਸਬੰਧ 'ਚ ਬਹੁਤ ਦੂਰ-ਰਸ ਸਿੱਧ ਹੋ ਸਕਦੇ ਹਨ।

ਉਨ੍ਹਾਂ ਦੇ ਵਿਰੋਧੀਆਂ ਵਲੋਂ ਉਨ੍ਹਾਂ 'ਤੇ ਦੋਸ਼ ਲਗਾਇਆ ਜਾਂਦਾ ਹੈ ਕਿ ਉਹ ਅੰਦਰਖਾਤੇ ਭਾਜਪਾ ਨਾਲ ਮਿਲੀ ਹੋਈ ਹੈ। ਇਸ ਦੋਸ਼ ਦੀ ਪੁਸ਼ਟੀ 'ਚ ਉਹ ਇਸ ਤੱਥ ਵੱਲ ਇਸ਼ਾਰਾ ਕਰਦੇ ਹਨ ਕਿ ਹੁਣੇ-ਹੁਣੇ ਹੋਈਆਂ ਲੋਕ ਸਭਾ ਚੋਣਾਂ 'ਚ ਉਨ੍ਹਾਂ ਨੇ ਭਾਜਪਾ ਦੀ ਆਲੋਚਨਾ ਨਹੀਂ ਕੀਤੀ ਸੀ। ਇਸ ਦੇ ਜਵਾਬ 'ਚ ਮਹਿਬੂਬਾ ਨੇ ਕਿਹਾ ਕਿ ਲੋਕ ਸਭਾ ਚੋਣਾਂ 'ਚ ਉਨ੍ਹਾਂ ਦੀ ਪਾਰਟੀ ਮੋਦੀ ਦੇ ਵਿਰੁੱਧ ਨਹੀਂ, ਸਗੋਂ ਨੈਸ਼ਨਲ ਕਾਨਫਰੰਸ ਵਿਰੁੱਧ ਮੈਦਾਨ ਵਿਚ ਸੀ। ਇਸ ਲਈ ਮੋਦੀ ਨੂੰ ਚੋਣ ਮੁੱਦਾ ਬਣਾਉਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ। ਅਸਲ 'ਚ ਸੂਬੇ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਹੀ ਮੋਦੀ ਨੂੰ ਚੋਣ ਮੁੱਦਾ ਬਣਾਇਆ ਸੀ, ਕਿਉਂਕਿ ਕਾਂਗਰਸ ਅਤੇ ਨੈਸ਼ਨਲ ਕਾਨਫਰੰਸ ਕੋਲ ਕਾਰਗੁਜ਼ਾਰੀ ਦੇ ਨਾਂ 'ਤੇ ਦਿਖਾਉਣ ਲਈ ਕੁਝ ਵੀ ਨਹੀਂ ਸੀ। ਉਮਰ ਅਬਦੁੱਲਾ ਤਾਂ ਚੋਣਾਂ ਦੌਰਾਨ ਲੋਕਾਂ ਨੂੰ ਥਾਂ-ਥਾਂ ਇਹੋ ਕਹਿੰਦੇ ਰਹੇ ਕਿ ਪੀ.ਡੀ.ਪੀ. ਨੂੰ ਵੋਟਾਂ ਨਾ ਪਾਓ, ਕਿਉਂਕਿ ਉਹ ਭਾਜਪਾ ਨਾਲ ਮਿਲੀ ਹੋਈ ਹੈ, ਪਰ ਅਜਿਹਾ ਕਹਿੰਦਿਆਂ ਉਮਰ ਇਹ ਭੁੱਲ ਗਏ ਕਿ ਉਹ ਵੀ ਤਾਂ ਕਦੇ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਵਿਚ ਮੰਤਰੀ ਸਨ।

ਜਦੋਂ ਮਹਿਬੂਬਾ ਨੂੰ ਇਹ ਪੁੱਛਿਆ ਗਿਆ ਕਿ ਟੁੱਟਵਾਂ ਫਤਵਾ ਆਉਣ ਦੀ ਹਾਲਤ ਵਿਚ ਕੀ ਉਨ੍ਹਾਂ ਦੀ ਪਾਰਟੀ ਚੋਣਾਂ ਤੋਂ ਬਾਅਦ ਭਾਜਪਾ ਨਾਲ ਸਬੰਧ ਜੋੜੇਗੀ? ਤਾਂ ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ 'ਚ ਪੀ.ਡੀ.ਪੀ. 41 ਵਿਧਾਨ ਸਭਾ ਹਲਕਿਆਂ 'ਚ ਅੱਗੇ ਰਹੀ ਸੀ, ਜਦਕਿ ਭਾਜਪਾ 27 ਹਲਕਿਆਂ ਵਿਚ। ਮਹਿਬੂਬਾ ਨੇ ਭਰੋਸਾ ਪ੍ਰਗਟਾਇਆ ਕਿ ਭਾਜਪਾ 27 ਸੀਟਾਂ ਤੋਂ ਜ਼ਿਆਦਾ ਜਿੱਤ ਹੀ ਨਹੀਂ ਸਕਦੀ, ਜਦਕਿ ਪੀ.ਡੀ.ਪੀ. ਦੀ ਕਾਰਗੁਜ਼ਾਰੀ ਨਾਲ ਲੋਕਾਂ ਦਾ ਉਸ 'ਚ ਭਰੋਸਾ ਜ਼ਿਆਦਾ ਮਜ਼ਬੂਤ ਹੋਇਆ ਹੈ ਤੇ ਉਸ ਦੀਆਂ ਸੀਟਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਜੰਮੂ ਖੇਤਰ ਵਿਚ ਆਪਣੀ ਕਾਰਗੁਜ਼ਾਰੀ ਸੁਧਾਰ ਕੇ ਉਨ੍ਹਾਂ ਦੀ ਪਾਰਟੀ ਆਪਣੇ ਬਲਬੂਤੇ 'ਤੇ ਸਰਕਾਰ ਬਣਾਉਣ ਦਾ ਇਰਾਦਾ ਰੱਖਦੀ ਹੈ। ਉਨ੍ਹਾਂ ਨੂੰ ਘੱਟੋ-ਘੱਟ 47 ਸੀਟਾਂ ਮਿਲਣ ਦੀ ਉਮੀਦ ਹੈ।

ਪੀ.ਡੀ.ਪੀ..ਨੈਸ਼ਨਲ ਕਾਨਫਰੰਸ ਅਤੇ ਕਾਂਗਰਸ ਦੇ ਇਕ-ਦੂਜੀ ਨਾਲੋਂ ਫਰਕ ਨੂੰ ਰੇਖਾਂਕਿਤ ਕਰਦਿਆਂ ਮਹਿਬੂਬਾ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਮੁਫਤੀ ਮੁਹੰਮਦ ਸਈਦ ਨੇ ਸਿਆਸਤ 'ਚ ਸਿਰਫ ਆਪਣੀ ਸਖ਼ਤ ਮਿਹਨਤ ਦੇ ਦਮ 'ਤੇ ਹੀ ਥਾਂ ਬਣਾਈ ਸੀ। ਉਨ੍ਹਾਂ ਨੇ ਭਾਰਤ ਦਾ ਝੰਡਾ ਉਦੋਂ ਚੁੱਕਿਆ ਸੀ, ਜਦੋਂ ਇਸ ਨੂੰ ਇਕ ਤਰ੍ਹਾਂ ਦਾ ਸਮਾਜਕ ਅਪਰਾਧ ਸਮਝਿਆ ਜਾਂਦਾ ਸੀ। ਇਸੇ ਦਲੇਰੀ ਸਦਕਾ ਉਹ ਕੌਮੀ ਸਿਆਸਤ ਵਿਚ ਆਪਣੇ ਪੈਰ ਜਮਾ ਸਕੇ। ਨੈਸ਼ਨਲ ਕਾਨਫਰੰਸ ਤਾਂ ਉਦੋਂ ਪਾਕਿਸਤਾਨ ਨਾਲ ਰਲੇਵੇਂ ਦੇ ਯਤਨਾਂ ਵਿਚ ਲੱਗੀ ਹੋਈ ਸੀ।

ਫਾਰੂਕ ਅਬਦੁੱਲਾ ਦੇ ਪਿਤਾ ਸ਼ੇਖ ਅਬਦੁੱਲਾ ਨੇ ਵੀ ਖੁਦ ਨੂੰ ਸਖ਼ਤ ਮਿਹਨਤ ਦੇ ਦਮ 'ਤੇ ਸਿਆਸਤ 'ਚ ਸਥਾਪਿਤ ਕੀਤਾ, ਪਰ ਬਾਅਦ ਵਿਚ ਉਨ੍ਹਾਂ ਨੇ ਆਪਣੀਆਂ ਸਾਰੀਆਂ ਪ੍ਰਾਪਤੀਆਂ ਆਪਣੇ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤੀਆਂ, ਜਿਨ੍ਹਾਂ ਨੂੰ ਪਤਾ ਹੀ ਨਹੀਂ ਸੀ ਕਿ ਸ਼ੇਖ ਅਬਦੁੱਲਾ ਨੂੰ ਕਿੰਨਾ ਸੰਘਰਸ਼ ਕਰਨਾ ਪਿਆ ਸੀ।

ਆਪਣੇ ਬਾਰੇ ਮਹਿਬੂਬਾ ਨੇ ਕਿਹਾ ਕਿ ਉਹ 90 ਦੇ ਦਹਾਕੇ ਦੇ ਮੱਧ 'ਚ ਉਦੋਂ ਸਿਆਸਤ ਵਿਚ ਆਈ ਸੀ, ਜਦੋਂ ਮੁੱਖ ਧਾਰਾ ਵਾਲੀ ਸਿਆਸਤ ਕਰਨੀ ਲੱਗਭਗ ਅਸੰਭਵ ਹੋ ਚੁੱਕੀ ਸੀ, ਇਥੋਂ ਤਕ ਕਿ ਫਾਰੂਕ ਅਬਦੁੱਲਾ ਵੀ ਆਪਣੀ ਜਾਨ ਬਚਾਉਣ ਲਈ ਲੰਡਨ ਭੱਜ ਗਏ ਸਨ। ਮਹਿਬੂਬਾ ਨੇ ਕਿਹਾ- "ਮੈਂ ਉਦੋਂ ਸਿਆਸਤ ਵਿਚ ਪੈਰ ਰੱਖਿਆ, ਜਦੋਂ ਕੋਈ ਵੀ ਇਸ ਵਿਚ ਦਿਲਚਸਪੀ ਨਹੀਂ ਲੈ ਰਿਹਾ ਸੀ। ਮੈਂ ਲਗਾਤਾਰ ਸੰਘਰਸ਼ ਕੀਤਾ, ਇਸ ਲਈ ਸਾਡੀ ਤੁਲਨਾ ਅਬਦੁੱਲਾ ਪਰਿਵਾਰ ਦੇ ਮੈਂਬਰਾਂ ਨਾਲ ਨਹੀਂ ਕੀਤੀ ਜਾ ਸਕਦੀ।" ਮਹਿਬੂਬਾ ਨੂੰ ਅਬਦੁੱਲਾ ਪਰਿਵਾਰ ਦੇ ਉਲਟ ਕੋਈ ਵੀ ਪ੍ਰਾਪਤੀ ਵਿਰਸੇ ਵਿਚ ਨਹੀਂ ਮਿਲੀ, ਸਗੋਂ ਅੱਜ ਉਹ ਜੋ ਕੁਝ ਵੀ ਹਨ, ਇਹ ਉਨ੍ਹਾਂ ਦੇ ਆਪਣੇ ਸੰਘਰਸ਼ ਦਾ ਨਤੀਜਾ ਹੈ। ਮਹਿਬੂਬਾ ਨੇ ਕਿਹਾ- "ਅਸੀਂ ਦੋਵੇਂ ਪਿਉ-ਧੀ ਇਕ ਟੀਮ ਵਾਂਗ ਹੀ ਕੰਮ ਕਰਦੇ ਹਾਂ।" ਮਹਿਬੂਬਾ ਦੇ ਪਿਤਾ ਬਹੁਤ ਵਧੀਆ ਸੰਗਠਨਕਰਤਾ ਹਨ, ਜਦਕਿ ਉਹ ਖ਼ੁਦ ਬਹੁਤ ਵਧੀਆ ਢੰਗ ਨਾਲ ਚੋਣ ਮੁਹਿੰਮ ਚਲਾ ਲੈਂਦੀ ਹੈ।

ਜਦੋਂ ਮਹਿਬੂਬਾ ਦਾ ਧਿਆਨ ਇਸ ਗੱਲ ਵੱਲ ਦਿਵਾਇਆ ਗਿਆ ਕਿ ਹੜ੍ਹ ਨਾਲ ਹੋਈ ਤਬਾਹੀ ਦੇ ਮੱਦੇਨਜ਼ਰ ਚੋਣਾਂ ਦੇ ਸਮੇਂ ਨੂੰ ਲੈ ਕੇ ਕਈ ਹਲਕਿਆਂ ਵਿਚ ਗੁੱਸਾ ਦੇਖਣ ਨੂੰ ਮਿਲ ਰਿਹਾ ਹੈ ਤਾਂ ਇਸ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਸਿਰਫ ਨੈਸ਼ਨਲ ਕਾਨਫਰੰਸ ਅਤੇ ਵੱਖਵਾਦੀ ਹੀ ਚੋਣਾਂ ਦੀਆਂ ਤਰੀਕਾਂ ਨੂੰ ਲੈ ਕੇ ਰੌਲਾ ਪਾ ਰਹੇ ਹਨ। ਕਸ਼ਮੀਰ ਨੂੰ ਅਸਲ 'ਚ ਇਕ ਚਿਰ-ਸਥਾਈ ਮੁੜ-ਵਸੇਬਾ ਨੀਤੀ ਦੀ ਲੋੜ ਹੈ, ਇਸ ਲਈ ਅਗਾਂਹ ਬਣਨ ਵਾਲੀ ਸਰਕਾਰ ਨੂੰ 6 ਸਾਲਾ ਮੁੜ-ਵਸੇਬਾ ਯੋਜਨਾ ਤਿਆਰ ਕਰਨੀ ਪਵੇਗੀ, ਜਦਕਿ ਮੌਜੂਦਾ ਸਰਕਾਰ ਤਾਂ 4-5 ਮਹੀਨਿਆਂ ਤਕ ਚੋਣਾਂ ਮੁਲਤਵੀ ਕਰਨ ਦੇ ਬਾਵਜੂਦ ਕੁਝ ਵੀ ਨਹੀਂ ਕਰ ਸਕਦੀ।

> **ਇਹ ਚੋਣਾਂ ਜੰਮੂ ਕਸ਼ਮੀਰ ਦੇ ਲੋਕਾਂ ਲਈ ਆਪਣੀ ਪਛਾਣ, ਸਿਆਸੀ ਅਧਿਕਾਰਾਂ, ਸੰਵਿਧਾਨਿਕ ਵਿਸ਼ੇਸ਼ਤਾ ਆਦਿ ਦੀ ਦਾਅਵੇਦਾਰੀ ਠੋਕਣ ਦਾ ਇਤਿਹਾਸਿਕ ਮੌਕਾ ਹਨ। ਮਹਿਬੂਬਾ ਨੂੰ ਡਰ ਹੈ ਕਿ ਕਿਸੇ ਵੀ ਪਾਰਟੀ ਨੂੰ ਫੈਸਲਾਕੁਨ ਫ਼ਤਵਾ ਨਹੀਂ ਮਿਲੇਗਾ ਜਿਸ ਕਾਰਨ ਚੋਣ ਨਤੀਜੇ ਸੂਬੇ ਦੇ ਹਿੱਤਾਂ ਦੀ ਰਾਖੀ, ਕਸ਼ਮੀਰ ਸਮੱਸਿਆ ਦੇ ਹੱਲ ਅਤੇ ਭਾਰਤੀ ਸੰਘ ਅੰਦਰ ਜੰਮੂ-ਕਸ਼ਮੀਰ ਲਈ ਵਿਸ਼ੇਸ਼ ਅਧਿਕਾਰ ਸੁਰੱਖਿਅਤ ਕਰਨ ਦੇ ਸਬੰਧ 'ਚ ਬਹੁਤ ਦੂਰ-ਰਸ ਸਿੱਧ ਹੋ ਸਕਦੇ ਹਨ।**

# ਲੰਘ ਜਾਂਦੇ ਨੇ ਵਿਗੜੇ ਵਕਤ ਤੇ ਬਾਤਾਂ ਵੀ

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਮੇਰੀ ਬੇਬੇ ਅਮਰੀਕਾ ਪਹੁੰਚ ਗਈ ਸੀ। ਦੋਵੇਂ ਪਾਸਿਉਂ ਪਿਆਰ ਦੀਆਂ ਘੁੱਟ ਕੇ ਗਲਵਕੜੀਆਂ ਪੈ ਗਈਆਂ ਸਨ। ਵੱਡੇ ਘਰ ਦਾ ਬੂਹਾ ਲੰਘਦਿਆਂ ਬੇਬੇ ਦੇ ਮੱਥੇ ਕੰਧ 'ਤੇ ਲਟਕਦੀ ਦਸਾਂ ਗੁਰੂਆਂ ਵਾਲੀ ਵੱਡੀ ਤਸਵੀਰ ਲੱਗੀ। ਦੂਜੇ ਪਾਸੇ ਥੋੜ੍ਹਾ ਥੱਲੇ ਜਿਹੇ ਮੇਰੇ ਬਾਪੂ ਦੀ ਜਵਾਨੀ ਵਾਲੀ ਫੋਟੋ ਲਟਕਦੀ ਸੀ। ਬੇਬੇ ਨੇ ਬਾਪੂ ਦੀ ਫੋਟੋ ਤੱਕਦਿਆਂ ਹੰਝੂ ਵਹਾਉਣੇ ਸ਼ੁਰੂ ਕਰ ਦਿੱਤੇ। ਅਸੀਂ ਵੀ ਬੇਬੇ ਦੇ ਨਾਲ ਹੀ ਮਨ ਹਲਕਾ ਕਰ ਲਿਆ। ਬੇਬੇ ਨੂੰ ਚੁੱਪ ਕਰਵਾਉਂਦਿਆਂ ਅਗਾਂਹ ਸੋਫੇ 'ਤੇ ਬਿਠਾ ਲਿਆ। ਬੇਬੇ ਨੇ ਹੱਥ ਜੋੜਦਿਆਂ ਮੁੱਖ ਤੋਂ ਬਚਨ ਬੋਲੇ, "ਸੱਚੇ ਪਾਤਸ਼ਾਹ! ਤੇਰੇ ਘਰ ਦੇਰ ਹੈ, ਅੰਧੇਰ ਨਹੀਂ। ਜਿਵੇਂ ਮੇਰੀ ਗਰੀਬਣੀ ਦੀ ਸੁਣੀ ਹੈ, ਇਸੇ ਤਰ੍ਹਾਂ ਸਭ ਦੀ ਸੁਣੀਂ। ਮੈਂ ਇੰਨੇ ਜੋਗੀ ਨਹੀਂ ਸੀ ਜਿੰਨੀਆਂ ਦਾਤਾਂ ਤੁਸੀਂ ਮੈਨੂੰ ਦੇ ਦਿੱਤੀਆਂ ਹਨ।" ਬੇਬੇ ਦੀਆਂ ਬਿਰਧ ਅੱਖਾਂ ਘਰ ਵਿਚ ਕੁਝ ਲੱਭਣ ਲੱਗੀਆਂ। ਫਿਰ ਉਸ ਦੀ ਨਿਗ੍ਹਾ ਸਾਹਮਣੇ ਪਈ ਉਸ ਫੋਟੋ 'ਤੇ ਪਈ ਜਿਸ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਕਿਸੇ ਸਿੰਘ ਨੂੰ ਸਿਰੋਪਾਓ ਦੇ ਰਹੇ ਹਨ, ਤੇ ਮੇਰਾ ਬਾਪੂ ਨਾਲ ਖੜ੍ਹਾ ਹੈ। ਬੇਬੇ ਨੇ ਫੋਟੋ ਚੁੱਕ ਕੇ ਆਪਣੀ ਚਿੱਟੀ ਚੁੰਨੀ ਨਾਲ ਸਾਫ ਕਰ ਕੇ ਮੱਥੇ ਨੂੰ ਲਾਈ, ਤੇ ਫਿਰ ਰੋਣ ਲੱਗ ਪਈ। ਸ਼ਾਇਦ ਬੇਬੇ ਅੱਜ ਹੰਝੂਆਂ ਦੀ ਬਰਸਾਤ ਨਾਲ ਉਨ੍ਹਾਂ ਕਾਲੇ ਦਿਨਾਂ 'ਚ ਡੁੱਲ੍ਹਿਆ ਖੂਨ ਸਾਫ ਕਰਨਾ ਚਾਹੁੰਦੀ ਸੀ। ਮੇਰੇ ਬੱਚੇ ਉਸ ਵੱਲ ਦੇਖ ਰਹੇ ਸਨ।

ਦੋ-ਚਾਰ ਦਿਨਾਂ ਵਿਚ ਬੇਬੇ ਦਾ ਜੀਅ ਲੱਗਣ ਲੱਗ ਪਿਆ। ਉਹਦੇ ਆਉਣ ਨਾਲ ਘਰ ਭਰਿਆ-ਭਰਿਆ ਲੱਗਣ ਲੱਗਾ। ਬੱਚਿਆਂ ਨੇ ਵੀ 'ਦਾਦੀ ਮਾਂ' ਦਾ ਪੂਰਾ ਸਤਿਕਾਰ ਕੀਤਾ। ਫਿਰ ਇਕ ਦਿਨ ਮੈਂ ਤੇ ਬੇਬੇ ਨੇ ਉਸ ਕਹਾਣੀ ਦੇ ਪੱਤਰੇ ਫਰੋਲੇ ਜਿਸ ਨਾਲ ਸਾਡੇ 'ਤੇ ਕਾਲੀ ਹਨ੍ਹੇਰੀ ਝੁੱਲੀ ਸੀ।

ਮੇਰਾ ਬਾਪੂ ਜਵਾਨੀ ਵੇਲੇ ਪੂਰਾ ਸ਼ੁਕੀਨ ਸੀ। ਮੇਲਿਆਂ 'ਚ ਬੋਲੀਆਂ ਪਾਉਂਦਾ, ਤਾਂ ਉਸ ਦੇ ਬਰਾਬਰ ਕੋਈ ਨਾ ਖੜ੍ਹਦਾ। ਘਰ ਦੀ ਦਾਰੂ ਪਾਉਂਦਾ, ਦਿਨ-ਦਿਹਾੜੇ ਮੁਰਗੇ ਦਾ ਗਲ ਵੀ ਮਰੋੜ ਲੈਂਦਾ। ਇਨ੍ਹਾਂ ਐਬਾਂ ਦੇ ਨਾਲ-ਨਾਲ ਉਹ ਕਿਸਾਨ ਵੀ ਚੋਟੀ ਦਾ ਸੀ। ਜ਼ਮੀਨ ਸਾਡੀ ਗੁਜ਼ਾਰੇ ਜੋਗੀ ਸੀ। ਦਾਦਾ ਸਤਯੁੱਗੀ ਬੰਦਾ ਸੀ। ਬਾਪੂ ਮਾਪਿਆਂ ਦਾ ਲਾਡਲਾ ਪੁੱਤ ਸੀ, ਤਿੰਨ ਭੈਣਾਂ ਦਾ ਇਕੱਲਾ ਭਰਾ। ਲਾਡਾਂ ਨਾਲ ਪਲਿਆ ਹੋਣ ਕਰ ਕੇ ਕੋਈ ਬਾਪੂ ਨੂੰ ਕੁਝ ਨਹੀਂ ਸੀ ਕਹਿੰਦਾ। ਉਹਨੇ ਪੰਜ-ਸੱਤ ਜਮਾਤਾਂ ਪੜ੍ਹ ਕੇ ਹੀ ਹਲ ਦੀ ਹੱਥੀ ਫੜ ਲਈ ਸੀ। ਸਾਰਾ ਪਰਿਵਾਰ ਰਲ-ਮਿਲ ਕੇ ਕੰਮ-ਕਾਜ ਕਰ ਲੈਂਦਾ। ਫਿਰ ਦਾਦਾ ਜੀ ਤੇ ਬਾਪੂ ਨੇ ਮੇਰੀਆਂ ਦੋਵੇਂ ਭੂਆ ਗੁਰਸਿੱਖ ਪਰਿਵਾਰ ਵਿਚ ਵਿਆਹ ਦਿੱਤੀਆਂ। ਫਿਰ ਬਾਪੂ ਦਾ ਵਿਆਹ ਹੋ ਗਿਆ। ਮੇਰੀ ਬੇਬੇ ਵੀ ਲੰਮੀ ਸੋਹਣੀ ਸਨੁੱਖੀ ਤੇ ਬਾਪੂ ਦੇ ਬਰਾਬਰ ਦਾ ਕੱਦ ਸੀ। ਸਾਡੇ ਦਾਦਾ-ਦਾਦੀ ਤੋਂ ਚਾਅ ਨਹੀਂ ਸੀ ਚੁੱਕਿਆ ਜਾਂਦਾ। ਦਿਨ ਵਿਆਹ ਤੋਂ ਬਾਅਦ ਵੀ ਵਿਆਹ ਵਰਗੇ ਲੰਘ ਰਹੇ ਸਨ। ਬਾਪੂ ਖੇਤ ਕੰਮ ਕਰਦਾ, ਤਾਂ ਬੇਬੇ ਮੇਰੀ ਦਾਦੀ ਨਾਲ ਖੇਤ ਰੋਟੀ ਲੈ ਕੇ ਜਾਂਦੀ। ਬਾਪੂ ਬੇਬੇ ਨੂੰ ਦੇਖ ਕੇ ਕੋਈ ਬੋਲੀ ਚੁੱਕ ਲੈਂਦਾ। ਮੇਰੀ ਦਾਦੀ ਹੱਸ ਕੇ ਘੂਰ ਦਿੰਦੀ।

ਮੇਰੀ ਤੀਜੀ ਭੂਆ ਵਾਸਤੇ ਇੰਗਲੈਂਡ ਤੋਂ ਰਿਸ਼ਤਾ ਆਇਆ। ਦਾਦੇ ਨੇ ਕਿਹਾ, "ਜਿਹੜੇ ਗੋਰਿਆਂ ਨੂੰ ਭਾਰਤ 'ਚੋਂ ਕੱਢਣ ਲਈ ਸਾਡੇ ਜਵਾਨਾਂ ਨੇ ਛਾਤੀਆਂ 'ਚ ਗੋਲੀਆਂ ਖਾਧੀਆਂ, ਚੜ੍ਹਦੀ ਜਵਾਨੀ ਵਿਚ ਫਾਂਸੀ ਦੇ ਰੱਸੇ ਗਲ ਪੁਆਏ, ਉਨ੍ਹਾਂ ਦੇ ਮੁਲਕ ਵਿਚ ਮੈਂ ਆਪਣੀ ਧੀ ਨਹੀਂ ਤੋਰਨੀ। ਮੇਰੇ ਆਜ਼ਾਦ ਦੇਸ਼ ਵਿਚ ਕੀ ਮੁੰਡੇ ਮੁੱਕ ਗਏ? ਜੇ ਇਹ ਚਾਰ ਜਮਾਤਾਂ ਪੜ੍ਹ ਗਈ, ਤਾਂ ਇਸ ਦਾ ਮਤਲਬ ਇਹ ਨਹੀਂ ਕਿ ਮੈਂ ਇਸ ਨੂੰ ਗੋਰੀਆਂ ਤੇ ਗੋਰਿਆਂ ਦੀ ਨੌਕਰਾਣੀ ਬਣਾ ਕੇ ਭੇਜ ਦੇਵਾਂ।" ਦਾਦਾ ਜੀ ਦਾ ਫੈਸਲਾ ਅਟੱਲ ਸੀ। ਫਿਰ ਸਾਡੀ ਇਹ ਭੂਆ ਪਿੰਡ ਰੋਡੇ ਵਿਆਹ ਦਿੱਤੀ। ਫੁੱਫੜ ਸਾਡਾ ਫੌਜ 'ਚ ਅਫਸਰ ਸੀ। ਸਮਾਂ ਲੰਘਿਆ। ਮੇਰਾ ਤੇ ਮੇਰੇ ਭਰਾ ਦਾ ਜਨਮ ਹੋਇਆ। ਇਕ ਦਿਨ ਦਾਦਾ ਮੇਰੇ ਬਾਪੂ ਨੂੰ ਕਹਿੰਦਾ, "ਪਾਲਿਆ ਪੁੱਤਰਾ! ਪਰਮਾਤਮਾ ਨੇ ਆਪਾਂ ਨੂੰ ਕਿਸੇ ਚੀਜ਼ ਦੀ ਘਾਟ ਨਹੀਂ ਦਿੱਤੀ। ਹੁਣ ਤੂੰ ਅੰਮ੍ਰਿਤਸਰ ਜਾ ਕੇ ਅੰਮ੍ਰਿਤ ਛਕ ਆ।" ਬਾਪੂ ਨੇ ਹਾਂ-ਨਾਂਹ ਦਾ ਰਲਵਾਂ ਜਿਹਾ ਜਵਾਬ ਦੇ ਦਿੱਤਾ। ਦੂਜੇ ਦਿਨ ਦਾਦਾ ਜੀ ਸੁਰਗਵਾਸ ਹੋ ਗਏ। ਦੋ ਸਾਲ ਨਹੀਂ ਲੰਘੇ, ਦਾਦੀ ਵੀ ਤੁਰ ਗਈ। ਬਾਪੂ ਭੂਆ ਕੋਲ ਰੋਡੇ ਪਿੰਡ ਗਿਆ ਤਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਬਾਰੇ ਪਤਾ ਲੱਗਾ। ਦੂਜੇ ਦਿਨ ਹੀ ਬਾਪੂ ਬੇਬੇ ਨੂੰ ਲੈ ਕੇ ਅੰਮ੍ਰਿਤਸਰ ਪਹੁੰਚ ਗਿਆ। ਸੰਤਾਂ ਦੇ ਦਰਸ਼ਨ ਕਰ ਕੇ ਉਨ੍ਹਾਂ ਦੇ ਬਚਨ ਸੁਣੇ ਅਤੇ ਅੰਮ੍ਰਿਤ ਛਕਣ ਵਾਸਤੇ ਕਿਹਾ। ਸੰਤਾਂ ਨੇ ਬਾਪੂ ਨੂੰ ਸ੍ਰੀ ਸਾਹਿਬ, ਕੜਾ, ਦੋ ਕਛਹਿਰੇ ਤੇ ਇਕ ਕੰਘਾ ਦਿੰਦਿਆਂ ਕਿਹਾ, "ਅਗਲੇ ਸਾਲ ਇਸੇ ਦਿਨ ਆ ਜਾਈਂ, ਤੈਨੂੰ ਅੰਮ੍ਰਿਤ ਛਕਾ ਦੇਵਾਂਗੇ। ਪਹਿਲਾਂ ਦਿੱਤੀਆਂ ਹੋਈਆਂ ਰਹਿਤ ਮਰਿਆਦਾ ਦੀਆਂ ਇਨ੍ਹਾਂ ਅਮੁੱਲੀਆਂ ਵਸਤਾਂ ਨੂੰ ਹਿੱਕ ਨਾਲ ਲਾਉਣ ਦਾ ਆਦੀ ਬਣ।" ਬਾਪੂ ਅਗਲੇ ਸਾਲ ਅੰਮ੍ਰਿਤਸਰ ਪਹੁੰਚ ਗਿਆ। ਬੇਬੇ-ਬਾਪੂ ਕਈ ਦਿਨ ਉਥੇ ਰਹੇ, ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣ ਗਏ। ਬਾਪੂ ਦਾ ਜੀਵਨ ਹੀ ਬਦਲ ਗਿਆ। ਹੁਣ ਮੁੱਖ ਤੋਂ ਬੋਲੀਆਂ ਨਹੀਂ, ਗੁਰਬਾਣੀ ਨਿਕਲਦੀ। ਕਿਸੇ ਨੂੰ ਮਖੌਲ ਨਾ ਕਰਦਾ, ਸਗੋਂ ਗੁਰੂ ਵਾਲੇ ਬਣਨ ਲਈ ਪ੍ਰੇਰਦਾ। ਪਿੰਡ ਵਿਚ ਬਾਪੂ ਨੂੰ ਸਤਿਕਾਰਿਆ ਜਾਣ ਲੱਗਾ। ਦਿਨ-ਦਿਹਾੜੇ ਮੁਰਗਾ ਨਹੀਂ, ਦੇਗਾਂ ਦੇ ਕੜਾਹੇ ਚੜ੍ਹਦੇ। ਬਾਪੂ ਕਈ-ਕਈ ਦਿਨ ਸੰਤਾਂ ਕੋਲ ਰਹਿ ਕੇ ਆਉਂਦਾ।

ਪਿੰਡ ਵਿਚ ਕਿਸੇ ਧੀ-ਭੈਣ ਦਾ ਸਹੁਰਿਆਂ ਨਾਲ ਰੌਲਾ ਹੁੰਦਾ, ਲੋਕ ਬਾਪੂ ਨੂੰ ਲਿਜਾਂਦੇ। ਬਾਪੂ ਦੀ ਗੱਲ ਕੋਈ ਨਾ ਮੋੜਦਾ ਤੇ ਰੌਲਾ ਨਜਿੱਠਿਆ ਜਾਂਦਾ। ਪਿੰਡ ਪੁਲਿਸ ਆਉਂਦੀ, ਬਾਪੂ ਨੂੰ ਸਤਿਕਾਰ ਨਾਲ ਬੁਲਾਉਂਦੀ, ਤੇ ਫੈਸਲਾ ਪਿੰਡ ਦੀ ਸੱਥ ਵਿਚ ਹੀ ਹੋ ਜਾਂਦਾ। ਪਿੰਡ ਵਾਲਿਆਂ ਕਈ ਵਾਰ ਬਾਪੂ ਨੂੰ ਸਰਬਸੰਮਤੀ ਨਾਲ ਪਿੰਡ ਦਾ ਸਰਪੰਚ ਬਣਾਉਣ ਲਈ ਕਿਹਾ ਪਰ ਬਾਪੂ ਨਾ ਮੰਨਿਆ। ਸਮਾਂ ਬੀਤਿਆ, ਭਾਰਤ ਸਰਕਾਰ ਨੇ ਦਰਬਾਰ ਸਾਹਿਬ 'ਤੇ ਟੈਂਕਾਂ ਅਤੇ ਤੋਪਾਂ ਨਾਲ ਹਮਲਾ ਕਰ ਦਿੱਤਾ ਜਿਸ ਵਿਚ ਹਜ਼ਾਰਾਂ ਦੀ ਗਿਣਤੀ 'ਚ ਨਿਹੱਥੇ ਤੇ ਬੇਕਸੂਰ ਸ਼ਰਧਾਲੂ ਮੌਤ ਦੇ ਮੂੰਹ ਚਲੇ ਗਏ। ਅਕਾਲ ਤਖਤ ਢਹਿ-ਢੇਰੀ ਕਰ ਦਿੱਤਾ ਗਿਆ। ਇਨ੍ਹੀਂ ਦਿਨੀਂ ਸਾਡੀ ਮਾਨਸਾ ਵਾਲੀ ਭੂਆ ਚਲਾਣਾ ਕਰ ਗਈ। ਸਾਡਾ ਬਾਪੂ ਉਸ ਦੇ ਕਿਰਿਆ-ਕਰਮ ਵਿਚ ਲੱਗਿਆ ਹੋਣ ਕਰ ਕੇ ਅੰਮ੍ਰਿਤਸਰ ਨਹੀਂ ਸੀ ਗਿਆ। ਅਜੇ ਪੰਜ-ਸੱਤ ਦਿਨ ਪਹਿਲਾਂ ਹੀ ਅੰਮ੍ਰਿਤਸਰੋਂ ਸੰਤਾਂ ਨੂੰ ਮਿਲ ਕੇ ਆਇਆ ਸੀ। ਬਾਪੂ ਘਰ ਹੀ ਕਦੇ ਰੋਂਦਾ, ਕਦੇ ਜੈਕਾਰੇ ਲਾਉਂਦਾ। ਚਾਰੇ ਪਾਸੇ ਕਰਫਿਊ ਲੱਗਿਆ ਹੋਣ ਕਰ ਕੇ ਤੜਫਦਾ ਰਿਹਾ।

ਸਿੱਖ ਕੌਮ 'ਤੇ ਝੁੱਲਿਆ ਝੱਖੜ ਰੁਕਣ ਦਾ ਨਾਂ ਨਹੀਂ ਸੀ ਲੈ ਰਿਹਾ। ਜਦੋਂ ਕਰਫਿਊ ਦੀ ਸਮਾਪਤੀ ਹੋਈ ਤਾਂ ਬਾਪੂ ਅੰਮ੍ਰਿਤਸਰ ਪਹੁੰਚ ਗਿਆ। ਸਭ ਕੁਝ ਅੱਖੀਂ ਦੇਖ ਕੇ ਪਾਗਲਾਂ ਵਰਗੀ ਹਾਲਤ ਹੋ ਗਈ। ਉਸ ਨੂੰ ਕੁਝ ਸੁਝ ਨਹੀਂ ਰਿਹਾ ਸੀ ਕਿ ਕੀ ਕਰੇ। ਹੌਲੀ-ਹੌਲੀ ਵਕਤ ਦੇ ਦਿੱਤੇ ਜ਼ਖਮ ਉਪਰੋਂ ਤਾਂ ਵਕਤ ਨੇ ਹੀ ਠੀਕ ਕਰ ਦਿੱਤੇ, ਪਰ ਅੰਦਰ ਜ਼ਖਮ ਸੱਜਰਾ ਹੀ ਰਿਹਾ। ਸੰਨ ਚੁਰਾਸੀ ਦਾ ਸਾਰਾ ਸਾਲ ਹੀ ਸਿੱਖਾਂ ਲਈ ਕਦੇ ਵੀ ਨਾ ਭੁੱਲਣ ਵਾਲਾ ਬਣ ਕੇ ਬੀਤਿਆ। ਫਿਰ ਪੰਜਾਬ 'ਤੇ ਉਨ੍ਹਾਂ ਕਾਲਿਆਂ ਦਿਨਾਂ ਦੀ ਸ਼ੁਰੂਆਤ ਹੋ ਗਈ, ਜਦੋਂ ਦਿਨ-ਦਿਹਾੜੇ ਪੁਲਿਸ ਦਾ ਰਾਜ ਹੁੰਦਾ ਤੇ ਕਾਲੀਆਂ ਰਾਤਾਂ ਵਿਚ ਖਾੜਕੂਆਂ ਦੇ ਪਹਿਰੇ ਹੁੰਦੇ। ਪੁਲਿਸ ਦੇ ਮੁਖਬਰਾਂ ਨੂੰ ਸੋਧਿਆ ਜਾਂਦਾ ਤੇ ਪੁਲਿਸ ਵੱਲੋਂ ਬੇਕਸੂਰ ਨੌਜਵਾਨਾਂ ਨੂੰ ਚੁੱਕ ਕੇ ਝੂਠੇ ਮੁਕਾਬਲੇ ਵਿਚ ਮਾਰਿਆ ਜਾਂਦਾ। ਬੇਬੇ-ਬਾਪੂ ਵੀ ਇਕ ਵਾਰ ਅੰਮ੍ਰਿਤਸਰੋਂ ਸੇਵਾ ਕਰ ਕੇ ਪਰਤ ਰਹੇ ਸਨ ਜਦੋਂ ਉਨ੍ਹਾਂ ਦੀ ਬੱਸ ਨੂੰ ਚਾਰ-ਪੰਜ ਖਾੜਕੂਆਂ ਨੇ ਘੇਰ ਲਿਆ, ਤੇ ਇਕ ਪਿੰਡ ਦੇ ਰਾਹ ਪਾ ਕੇ ਸੁੰਨੀ ਜਗ੍ਹਾ 'ਤੇ ਰੋਕ ਕੇ ਕਿਹਾ ਕਿ ਹਿੰਦੂ ਇਕ ਪਾਸੇ ਹੋ ਜਾਣ, ਸਿੱਖ ਇਕ ਪਾਸੇ। ਇਹ ਸੁਣ ਕੇ ਬਾਪੂ ਆਪਣੀ ਸੀਟ ਤੋਂ ਉਠ ਖਲੋਤਾ, "ਆਹ ਕੀ ਕਹਿ ਰਹੇ ਹੋ, ਇਨ੍ਹਾਂ ਦਾ ਕੀ ਕਸੂਰ ਐ? ਇਹ ਤਾਂ ਮਾਤ੍ਹੜ ਸਾਥੀ ਨੇ, ਦਿਹਾੜੀਦਾਰ ਬੰਦੇ।" ਅੱਗਿਉਂ ਇਕ ਜਣਾ ਬੋਲਿਆ, "ਤੂੰ ਵੱਡਾ ਜਥੇਦਾਰ ਨਾ ਬਣ, ਇਨ੍ਹਾਂ ਨੇ ਸਾਡਾ ਅਕਾਲ ਤਖਤ ਢਾਹਿਆ। ਇਨ੍ਹਾਂ ਨੇ ਦਿੱਲੀ ਵਿਚ ਕਤਲੇਆਮ ਕੀਤਾ। ਅਸੀਂ ਇਨ੍ਹਾਂ ਤੋਂ ਬਦਲਾ ਲੈਣਾ।"

"ਭਾਈ ਸਿੰਘਾ! ਬਦਲਾ ਬਰਾਬਰ ਵਾਲੇ ਤੋਂ ਲਿਆ ਜਾਂਦੈ, ਨਿਹੱਥੇ ਤੇ ਬੇਕਸੂਰੇ ਤੋਂ ਨਹੀਂ। ਇਨ੍ਹਾਂ ਨੂੰ ਜਾਣ ਦਿਓ। ਜੇ ਤੁਸੀਂ ਸੱਚ ਦੇ ਮਾਰਗ ਦੇ ਪਾਂਧੀ ਹੋ ਤਾਂ ਇਨ੍ਹਾਂ ਨੂੰ ਬਖਸ਼ ਦੇਵੋ।" ਬਾਪੂ ਬੋਲਿਆ।

"ਪਹਿਲਾਂ ਇਸ ਨੂੰ ਹੀ ਸੋਧ ਦੇਵੋ।" ਪਿਛਲਾ ਬੰਦਾ ਬੋਲਿਆ।

"ਆ...ਮਾਰ ਮੇਰੇ ਗੋਲੀ, ਮੈਂ ਨਹੀਂ ਡਰਦਾ, ਤੇ ਤੂੰ ਨਾ ਭੁੱਲੀਂ ਕਿ ਗੁਰੂ ਤੇਗ ਬਹਾਦਰ ਨੇ ਇਨ੍ਹਾਂ ਹਿੰਦੂਆਂ ਖਾਤਰ ਹੀ ਆਪਣਾ ਸੀਸ ਦਿੱਤਾ ਸੀ, ਤੇ ਤੁਸੀਂ ਇਨ੍ਹਾਂ ਨੂੰ ਮੌਤ ਦੇ ਘਾਟ ਉਤਾਰਨਾ ਚਾਹੁੰਦੇ ਹੋ।" ਬਾਪੂ ਹਿੱਕ ਤਾਣ ਕੇ ਖਲੋ ਗਿਆ।

ਬੇਬੇ ਉਨ੍ਹਾਂ ਦੀਆਂ ਮਿੰਨਤਾਂ ਕਰਨ ਲੱਗੀ। ਬਾਪੂ ਨੇ ਕਿਹਾ, "ਮੈਂ ਉਸ ਨੂੰ ਸੂਰਮਾ ਨਹੀਂ ਮੰਨਦਾ ਜੋ ਨਿਹੱਥੇ ਅਤੇ ਮਜ਼ਲੂਮਾਂ ਉਤੇ ਵਾਰ ਕਰੇ। ਕਲਗੀਧਰ ਦਾ ਜੋਧਾ ਹਾਂ। ਸੰਤਾਂ ਦੀ ਸੰਗਤ ਮਾਣੀ ਹੈ। ਮੈਂ ਨਹੀਂ ਡਰਦਾ।" ਬਾਪੂ ਨੇ 'ਬੋਲੇ ਸੋ ਨਿਹਾਲ' ਦਾ ਜੈਕਾਰਾ ਲਾ ਦਿੱਤਾ। ਉਨ੍ਹਾਂ ਸਿੰਘਾਂ ਦੇ ਮਨ ਵਿਚ ਪਤਾ ਨਹੀਂ ਕੀ ਮਿਹਰ ਪਈ, ਉਹ ਸਭ ਨੂੰ ਛੱਡ ਕੇ ਤੁਰ ਗਏ। ਸਾਰੇ ਹਿੰਦੂ ਭਰਾਵਾਂ ਨੇ ਬਾਪੂ ਦੇ ਪੈਰ ਫੜ ਲਏ। ਵੱਡਾ ਕਤਲੇਆਮ ਹੋਣੋਂ ਬਚ ਗਿਆ ਸੀ। ਬੇਬੇ-ਬਾਪੂ ਸਹੀ ਸਲਾਮਤ ਘਰ ਆ ਗਏ। ਚੌਥੇ ਦਿਨ ਤੜਕੇ ਬਾਪੂ ਨੂੰ ਪੁਲਿਸ ਘਰੋਂ ਚੁੱਕ ਕੇ ਲੈ ਗਈ ਤੇ ਤੀਜੇ ਦਿਨ ਮੁਕਾਬਲੇ ਵਿਚ ਖਤਮ ਕਰ ਦਿੱਤਾ ਗਿਆ। ਬੇਬੇ ਅੱਜ ਤੱਕ ਇਹੀ ਕਹਿੰਦੀ ਹੈ ਕਿ ਬੱਸ 'ਚ ਖਾੜਕੂ ਨਹੀਂ ਸਨ ਚੜ੍ਹੇ, ਪੁਲਿਸ ਦੀਆਂ ਕਾਲੀਆਂ ਬਿੱਲੀਆਂ ਸਨ ਜੋ ਤੇਰੇ ਬਾਪੂ ਦਾ ਪਿੱਛਾ ਕਰ ਰਹੀਆਂ ਸਨ। ਉਨ੍ਹਾਂ ਨੂੰ ਪੱਕ ਹੋ ਗਿਆ ਸੀ ਕਿ ਉਹ ਵੀ ਭਿੰਡਰਾਂਵਾਲੇ ਜਥੇ 'ਚੋਂ ਹੈ।

ਪੁਲਿਸ ਫਿਰ ਸਾਡੇ ਘਰ ਆਉਂਦੀ ਰਹੀ, ਡਰਾ-ਧਮਕਾ ਕੇ ਚਲੀ ਜਾਂਦੀ। ਇਕ ਵਾਰ ਪੁਲਿਸ ਆਈ, ਤੇ ਮੇਰੇ ਛੋਟੇ ਭਰਾ ਨੂੰ ਲੈ ਗਈ। ਉਸ ਉਪਰ ਪੁਲਿਸ ਨੇ ਤਸ਼ੱਦਦ ਕੀਤਾ ਤੇ ਜ਼ਿੰਦਗੀ ਤੋਂ ਨਕਾਰਾ ਕਰ ਦਿੱਤਾ। ਅਸੀਂ ਉਸ ਦਾ ਇਲਾਜ ਕਰਵਾਇਆ। ਜਦੋਂ ਉਹ ਠੀਕ ਹੋ ਗਿਆ ਤਾਂ ਘਰ ਛੱਡ ਗਿਆ। ਪਤਾ ਲੱਗਾ ਕਿ ਉਹ ਖਾੜਕੂਆਂ ਨਾਲ ਜਾ ਰਲਿਆ ਹੈ ਆਪਣੇ ਬਾਪੂ ਦੇ ਕਾਤਲਾਂ ਤੋਂ ਬਦਲਾ ਲੈਣ ਲਈ। ਬੇਬੇ ਦੇ ਜ਼ੋਰ ਦੇਣ 'ਤੇ ਮੈਨੂੰ ਰੋਡਿਆਂ ਵਾਲੇ ਫੁੱਫੜ ਦੀ ਬਦੌਲਤ ਅਮਰੀਕਾ ਭੇਜ ਦਿੱਤਾ ਗਿਆ। ਮੇਰੇ ਆਉਣ ਤੋਂ ਬਾਅਦ ਮੇਰਾ ਛੋਟਾ ਭਰਾ ਬਾਪੂ ਦਾ ਬਦਲਾ ਲੈ ਕੇ ਖੁਦ ਖਤਮ ਹੋ ਗਿਆ। ਹੱਸਦੇ-ਵੱਸਦੇ ਘਰ ਨੂੰ ਜਿਵੇਂ ਨਜ਼ਰ ਲੱਗ ਗਈ ਹੋਵੇ। ਭਰੇ ਹੋਏ ਘਰ ਵਿਚ ਇਕੱਲੀ ਬੇਬੇ ਰਹਿ ਗਈ। ਮੈਂ ਇੱਥੇ ਆਇਆ, ਨਾ ਬੋਲੀ ਆਵੇ, ਨਾ ਕੋਲ ਕੋਈ ਪੇਪਰ। ਬੱਸ ਜਾਨ ਬਚ ਗਈ ਸੀ ਤੇ ਬਾਪੂ ਦੀ ਇੱਕ ਨਿਸ਼ਾਨੀ ਮੈਂ ਹੀ ਸਾਂ। ਮੈਂ ਕੰਮ ਲਈ ਇੱਧਰ-ਉਧਰ ਧੱਕੇ ਖਾਂਦਾ ਰਿਹਾ। ਕਦੇ ਕੰਮ ਮਿਲ ਜਾਂਦਾ, ਕਦੇ ਨਾ। ਆਪਣੇ ਅਤੀਤ ਦੇ ਦਿਨਾਂ ਵੱਲ ਝਾਤੀ ਮਾਰਦਾ...ਕੁਝ ਖੱਟਿਆ ਨਾ, ਸਭ ਗੁਆਇਆ ਹੀ ਦਿਸਦਾ। ਬੇਬੇ ਕਿਸੇ ਤੋਂ ਚਿੱਠੀ ਲਿਖਵਾਉਂਦੀ ਤਾਂ ਕਹਿੰਦੀ, 'ਮੈਂ ਠੀਕ ਹਾਂ ਪੁੱਤ। ਤੂੰ ਸਿਰ ਤੋਂ ਜੂੜਾ ਤੇ ਪੱਗ ਨਾ ਉਤਾਰੀਂ। ਭੁੱਖਾ ਰਹਿ ਕੇ ਦਿਨ ਕੱਟ ਲਵੀਂ, ਪਰ ਸਿੱਖੀ ਨਾ ਵਿਸਾਰ ਦੇਈਂ।' ਮੈਨੂੰ ਬੇਬੇ ਦੀ ਚਿੱਠੀ ਡੋਲਦੇ ਨੂੰ ਸਹਾਰਾ ਦੇ ਜਾਂਦੀ। ਮੈਂ ਸਭ ਕੁਝ ਪਰਮਾਤਮਾ 'ਤੇ ਛੱਡ ਕੇ ਬੇਫਿਕਰ ਹੋ ਜਾਂਦਾ। ਫਿਰ ਮੈਨੂੰ ਕਿਸੇ ਗੁਰਸਿੱਖ ਨੇ ਇਥੇ ਆਪਣੀ ਧੀ ਦਾ ਰਿਸ਼ਤਾ ਦੇ ਦਿੱਤਾ ਜਿਸ ਦੀ ਬਦੌਲਤ ਮੈਂ ਪੱਕਾ ਹੋ ਗਿਆ। ਪਿੰਡ ਜਾਣ ਦਾ ਜੀਅ ਕਰਦਾ, ਤਾਂ ਬੇਬੇ ਰੋਕ ਦਿੰਦੀ। ਅਸੀਂ ਦੋਵਾਂ ਜਣਿਆਂ ਮਿਹਨਤ ਕੀਤੀ ਤੇ ਘਰ ਲੈ ਲਿਆ। ਆਪਣਾ ਟਰੱਕ ਹੈ। ਰੋਟੀ ਵਧੀਆ ਮਿਲਦੀ ਹੈ। ਸਿਟੀਜ਼ਨ ਹੋ ਕੇ ਬੇਬੇ ਦੇ ਪੇਪਰ ਭਰ ਦਿੱਤੇ। ਬੇਬੇ ਆ ਗਈ। ਅਸੀਂ ਮਾਂ-ਪੁੱਤ ਨੇ ਆਪਣੇ ਅਤੀਤ ਦੇ ਵਰਕੇ ਦੁਬਾਰਾ ਪੜ੍ਹ ਕੇ ਮਨ ਹੌਲਾ ਕਰ ਲਿਆ।

ਬੇਬੇ ਨੂੰ ਸਭ ਤੋਂ ਵੱਧ ਖੁਸ਼ੀ ਮੇਰੀ ਦਸਤਾਰ ਤੇ ਖੁੱਲ੍ਹਾ ਦਾੜ੍ਹਾ ਦੇਖ ਕੇ ਹੋਈ। ਦੋਵੇਂ ਬੱਚਿਆਂ ਦੇ ਜੂੜੇ ਦੇਖ ਕੇ ਬੇਬੇ ਨੇ ਕਿਹਾ, "ਕਲਗੀ ਵਾਲਿਆ! ਤੈਂ ਮੈਥੋਂ ਕੁਝ ਨਹੀਂ ਖੋਹਿਆ। ਪਾਤਸ਼ਾਹ ਜੀਉ! ਕ੍ਰਿਪਾ ਕਰਨੀ, ਮੇਰੇ ਆਹ ਮਾਸੂਮ ਪੋਤੇ ਵੀ ਸਿੱਖੀ ਸਿਦਕ ਨਿਭਾਅ ਜਾਣ, ਤਾਂ ਤੁਰ ਗਿਆਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।" ਬੇਬੇ ਦੁੱਖਾਂ ਭਰੇ ਦਿਨ ਹੰਢਾਅ ਕੇ ਅੱਜ ਖੁਸ਼ੀਆਂ ਦੇ ਨਾਲ ਦਿਨ ਲੰਘਾ ਰਹੀ ਹੈ। ਬੁਰਾ ਵਕਤ ਆਉਂਦਾ ਹੈ, ਪਰ ਆਪ ਗੁਰੂ ਵਾਲੇ ਬਣੋ, ਸਭ ਕੁਝ ਲੰਘ ਜਾਂਦਾ ਹੈ।

...ਬਾਈ ਨੇ ਆਪਣੀ ਹੱਡ-ਬੀਤੀ ਸੁਣਾਉਂਦਿਆਂ ਫਤਹਿ ਬੁਲਾ ਦਿੱਤੀ।

# ਸਭ ਤੋਂ ਪਿਆਰਾ ਸਾਜ਼ ਤੂੰਬੀ


ਯਮਲੇ ਜੱਟ ਦੇ ਸ਼ਾਗਿਰਦ ਤੂੰਬੀ 'ਤੇ ਮਾਲ੍ਹ ਕੌਂਸ, ਸਾਰੰਗ ਤੇ ਭੈਰਵੀ ਰਾਗਾਂ ਦੀ ਸਿਰਜਣਾ ਕਰਕੇ ਕਮਾਲ ਕਰ ਦਿੰਦੇ ਨੇ, ਅਸਲ 'ਚ ਤੂੰਬੀ ਇੱਕ ਮੁਕੰਮਲ ਸਾਜ਼ ਹੈ, ਇੱਕ ਯੂਨੀਵਰਸਿਟੀ ਦੇ ਪ੍ਰਕਾਸ਼ਨ ਵਿਭਾਗ ਦੀ ਪ੍ਰਕਿਰਿਆ 'ਚ ਮੇਰੀ ਪੁਸਤਕ 'ਪੰਜਾਬ ਦੇ ਲੋਕ ਸਾਜ਼' ਵਿਚੋਂ ਭਗਤੀ ਤੋਂ ਲੋਕ ਸੰਗੀਤ ਤੱਕ ਸਫਰ ਤੈਅ ਕਰਨ ਵਾਲੇ ਇਸ ਸਾਜ਼ ਬਾਰੇ ਦਿਲਚਸਪ ਜਾਣਕਾਰੀ।

ਪੰਜਾਬੀ ਲੋਕ ਗਾਇਕੀ ਵਿਚ ਤੂੰਬੀ (ਇਕ-ਤਾਰਾ) ਸਭ ਤੋਂ ਪਿਆਰਾ ਸਾਜ਼ ਹੈ। ਭਾਵੇਂ ਕਿ

**ਐਸ. ਅਸ਼ੋਕ ਭੌਰਾ**

ਪਿਛਲੇ ਦਹਾਕੇ ਵਿਚ ਜਪਾਨੀ ਸਾਜ਼ਾਂ ਦੀ ਆਮਦ ਨਾਲ ਤੂੰਬੀ ਦਾ ਆਮ ਵਾਦਨ ਕਾਫੀ ਘੱਟ ਗਿਆ ਹੈ। ਤੂੰਬੀ ਦੀ ਹੋਂਦ ਜਾਂ ਬਣਤਰ ਦੇ ਸਿਧਾਂਤ ਪ੍ਰਤੀ ਵੱਖ ਵੱਖ ਵਿਚਾਰਧਾਰਾਵਾਂ ਹਨ। ਤਾਰ ਵਾਦਯ ਸਿਧਾਂਤਕ ਪਰੰਪਰਾ ਨੂੰ ਹੀ ਅੱਗੇ ਤੋਰ ਕੇ ਤੂੰਬੀ ਦਾ ਇਕ ਨਵਾਂ ਰੂਪ ਨਿਖਾਰਿਆ ਹੈ। ਜਿਵੇਂ ਨਾਂ ਤੋਂ ਹੀ ਸਪੱਸ਼ਟ ਹੈ ਕਿ 'ਤੂੰਬੀ' ਇੱਕ ਪੈਦਾਇਸ਼ੀ ਵਸਤੂ ਹੈ, ਜਿਸ ਨੂੰ ਸਬਜ਼ੀ ਦੇ ਤੌਰ 'ਤੇ ਅਜੇ ਵੀ ਖਾਧਾ ਜਾਂਦਾ ਹੈ। ਤੂੰਬੇ ਨੂੰ ਸੁਕਾ ਕੇ ਵਿਚਕਾਰੋਂ ਖਾਲੀ ਕਰਕੇ ਪਹਿਲਾਂ ਇਹ ਸਾਜ਼ ਬਣਾਉਣ ਲਈ ਵਰਤਿਆ ਗਿਆ। ਚਕਾਰਾ (ਚਾਰ ਤਾਰਾਂ ਵਾਲਾ ਵਾਦਯ) ਤੇ ਫਿਰ ਦੋ ਤਾਰਾ, ਜਿਸ ਨੂੰ ਦੋ ਉਂਗਲਾਂ ਨਾਲ ਵਜਾਇਆ ਜਾਂਦਾ ਸੀ, ਹੋਂਦ ਵਿਚ ਆਏ। ਇਤਿਹਾਸਕ ਤੱਥਾਂ ਮੁਤਾਬਿਕ ਇਹ ਵੀ ਕਿਹਾ ਜਾਂਦਾ ਹੈ ਕਿ ਇਹ ਸਾਜ਼ ਵੱਖ ਵੱਖ ਰੂਪਾਂ ਵਿਚ ਭਗਤ ਨਾਮਦੇਵ ਨੇ, ਮਹਾਂ ਕਵੀ ਭਗਤ ਸੂਰਦਾਸ ਨੇ ਤੇ ਮੀਰਾ ਬਾਈ ਨੇ ਵੀ ਭਗਤੀ ਪਰੰਪਰਾ ਨਾਲ ਜੋੜ ਕੇ ਵਜਾਇਆ। 'ਦੋ ਤਾਰਾ' ਪੂਰਬੀ ਤੇ ਪੱਛਮੀ ਪੰਜਾਬ ਵਿਚ ਆਮ ਵੱਜਦਾ ਰਿਹਾ ਹੈ, ਪਰ ਪਾਕਿਸਤਾਨ ਵਿਚ ਸਿਰਫ ਆਸ਼ਕ ਜੱਟ ਨੇ ਹੀ ਇਕ-ਤਾਰਾ ਨਾਲ ਗਾਇਆ ਹੈ।

ਪੰਜਾਬੀ ਗਾਇਕੀ ਦੇ ਬਾਬਾ ਬੋਹੜ ਲਾਲ ਚੰਦ ਯਮਲਾ ਜੱਟ ਨੂੰ ਤੂੰਬੀ ਅਰਥਾਤ ਇਕ-ਤਾਰਾ ਸਾਜ਼ ਦਾ ਨਿਰਮਾਤਾ ਮੰਨਿਆ ਜਾਂਦਾ ਹੈ। ਇਕ ਹੋਰ ਧਾਰਨਾ ਇਹ ਵੀ ਮੰਨੀ ਜਾਂਦੀ ਹੈ ਕਿ ਪੰਡਿਤ ਸਾਹਿਬ ਦਿਆਲ ਬਟਾਲੇ ਵਾਲਿਆਂ ਨੇ ਉਸਤਾਦ ਯਮਲਾ ਜੱਟ ਨੂੰ ਇਕ-ਤਾਰਾ ਦੀ ਬਣਤਰ ਦਾ ਖਿਆਲ ਦਿੱਤਾ ਤੇ ਯਮਲਾ ਜੱਟ ਨੇ ਇਸ ਸਾਜ਼ ਨੂੰ ਨਵਾਂ ਰੂਪ ਦੇ ਕੇ ਆਮ ਲੋਕਾਂ ਤੱਕ ਅਤੇ ਆਪਣੇ ਰਿਕਾਰਡ ਗੀਤਾਂ ਤੱਕ ਪਹੁੰਚਾਇਆ। ਦੂਜੇ ਅਰਥਾਂ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਤੂੰਬੀ ਨੂੰ ਯਮਲਾ ਜੱਟ ਨੇ ਸਟੇਜ 'ਤੇ ਲਿਆਂਦਾ ਜਦਕਿ ਇਸ ਤੋਂ ਪਹਿਲਾਂ ਪਾਕਿਸਤਾਨੀ ਜਾਂਗਲੀ (ਮੁਸਲੀ) ਲੋਕ ਤੂੰਬੀ ਤੇ ਖੜਤਾਲਾਂ ਨਾਲ ਦਹੂਦ ਆਮ ਗਾਉਂਦੇ ਹੁੰਦੇ ਸਨ। ਭਾਵੇਂ ਤੂੰਬੀ ਪੰਜਾਬ ਦਾ ਸਭ ਤੋਂ ਪਿਆਰਾ ਲੋਕ-ਸਾਜ਼ ਹੈ ਪਰ ਜਪਾਨ ਵਿਚ ਤਿਆਰ ਕੀਤਾ ਗਿਆ ਆਰਗਨ ਨਾਂ ਦਾ ਸਾਜ਼ ਕੰਪਿਊਟਰ ਜ਼ਰੀਏ ਤੂੰਬੀ ਦੀ ਇੰਨ-ਬਿੰਨ ਆਵਾਜ਼ ਈਜਾਦ ਕਰ ਦਿੰਦਾ ਹੈ।




ਤੂੰਬੀ

ਤੂੰਬੀ ਦਾ ਭਾਵੇਂ ਕੋਈ ਨਿਸ਼ਚਿਤ ਸਾਈਜ਼ ਨਹੀਂ ਹੈ, ਪਰ ਫੇਰ ਵੀ ਡੇਢ ਫੁੱਟ ਤੋਂ ਲੈ ਕੇ ਦੋ ਜਾਂ ਸਵਾ ਦੋ ਫੁੱਟ ਦੀ ਤੂੰਬੀ ਹੁਣ ਆਮ ਪ੍ਰਚਲਿਤ ਹੈ। ਤੂੰਬੇ ਦੀ ਥਾਂ ਹੁਣ ਨਾਰੀਅਲ, ਲੱਕੜ ਵਰਤਿਆ ਜਾ ਰਿਹਾ ਹੈ। ਪਿੱਤਲ ਦੀਆਂ ਤੂੰਬੀਆਂ ਵੀ ਹੋਂਦ ਵਿਚ ਆ ਗਈਆਂ ਹਨ। ਬੱਕਰੀ ਦੇ ਚਮੜੇ ਨੂੰ ਸਭ ਤੋਂ ਚੰਗਾ ਮੰਨਿਆ ਜਾਂਦਾ ਹੈ, ਤੂੰਬੀ ਦੀ ਤਿਆਰੀ ਲਈ। ਚਮੜਾ ਮੜ੍ਹੇ ਤੂੰਬੇ ਵਿਚ ਲੋੜੀਂਦੇ ਸਾਈਜ਼ ਵਾਲੇ ਆਰ-ਪਾਰ ਕਰਕੇ ਲਗਾਏ ਡੰਡੇ ਦੇ ਇਕ ਸਿਰੇ 'ਤੇ ਕਿੱਲੀ ਫਿੱਟ ਕੀਤੀ ਜਾਂਦੀ ਹੈ। ਸਟੀਲ ਦੀ ਜ਼ੀਰੋ ਨੰਬਰ ਦੀ ਬਰੀਕ ਤਾਰ ਨੂੰ ਚਮੜੇ ਦੇ ਉਪਰੋਂ ਦੀ ਲੰਘਾ ਕੇ ਇਕ ਪਾਸਿਉਂ ਕਿੱਲੀ ਨਾਲ ਬੰਨ੍ਹਿਆ ਜਾਂਦਾ ਹੈ। ਖੋਲ ਉਪਰ ਕੋਕਿਆਂ ਨਾਲ ਮੜ੍ਹੇ ਚਮੜੇ ਦੇ ਉਪਰ ਤਾਰ ਵਿਚਕਾਰ ਲੋੜ ਮੁਤਾਬਿਕ ਲੱਕੜੀ ਦਾ ਛੋਟਾ ਜਿਹਾ ਟੁਕੜਾ, ਜਿਸ ਨੂੰ 'ਘੋੜੀ' ਕਿਹਾ ਜਾਂਦਾ ਹੈ, ਫਿੱਟ ਹੁੰਦਾ ਹੈ।

ਹਾਰਮੋਨੀਅਮ ਨਾਲ ਤੂੰਬੀ ਨੂੰ ਸੁਰ ਵਿਚ ਕੀਤਾ ਜਾਂਦਾ ਹੈ। ਸੁਰ ਕਰਨ ਲਈ ਕਿੱਲੀ ਤੋਂ ਤਾਰ ਨੂੰ ਕੱਸ ਕੇ ਜਾਂ ਢਿੱਲ੍ਹਾ ਕਰਕੇ ਸਿਧਾਂਤ ਅਖਤਿਆਰ ਹੁੰਦਾ ਹੈ। ਹੁਣ ਉਚਾ-ਨੀਵਾਂ ਸੁਰ ਕਰਨ ਲਈ ਤੂੰਬੀ ਦੇ ਪੋਟੇ ਲਗਾਉਣ ਵਾਲੇ ਸਿਰੇ 'ਤੇ ਵਿਸ਼ੇਸ਼ ਤਰ੍ਹਾਂ ਦੀ ਮੋਟੀ ਤਾਰ ਨਾਲ ਕੱਸਿਆ ਜਾਂ ਢਿੱਲ੍ਹਾ ਕੀਤਾ ਜਾ ਸਕਦਾ ਹੈ ਪਰ ਇਹ ਤਰੀਕਾ ਆਮ ਪ੍ਰਚਲਿਤ ਨਹੀਂ ਹੈ। ਇਲੈਕਟ੍ਰਾਨਿਕ ਤੂੰਬੀ ਦੀ ਬਣਤਰ ਕੋਈ ਵੱਖਰੀ ਨਹੀਂ ਹੈ ਸਗੋਂ ਇਕ ਮਾਈਕ ਹੀ ਫਿੱਟ ਹੁੰਦਾ ਹੈ, ਜਿਸ ਨੂੰ ਆਵਾਜ਼ ਉਚੀ ਰੱਖਣ ਲਈ ਹੀ ਲਗਾਇਆ ਗਿਆ ਕਹਿ ਸਕਦੇ ਹਾਂ।

ਆਮ ਤੌਰ 'ਤੇ ਤਿੰਨ ਪੋਟੇ ਲਗਾਏ ਜਾਂਦੇ ਹਨ ਪਰ ਕਦੇ-ਕਦੇ ਵਾਰ ਵਾਰ ਗਾਉਣ ਲਈ ਚੀਚੀ ਵਾਲਾ ਪੋਟਾ ਵੀ ਲਗਾਇਆ ਜਾਂਦਾ ਹੈ। ਤੂੰਬੀ ਨਾਲ ਗਾਉਣ ਦੀ ਇਕ ਟਿਊਨ, ਜਿਹਦੇ ਵਿਚ ਯਮਲਾ ਜੱਟ ਨੇ ਗਾਇਆ ਹੈ, 'ਸਾਡੇ ਪਿਆਰ ਦਾ ਤੈਂ ਕੀ ਮੁੱਲ ਪਾਇਆ, ਤਰਸ ਨਹੀਂ ਖਾਇਆ ਨੀ ਮਾਂ ਦੀਏ ਚੋਚਲੀਏ...।' ਇਸ ਟਿਊਨ ਵਿਚ ਜਾਂ ਤਾਂ ਯਮਲਾ ਜੱਟ ਦੇ ਸ਼ਾਗਿਰਦ ਹੀ ਗਾਉਂਦੇ ਨੇ ਜਾਂ ਫਿਰ ਅਮਰਜੀਤ ਗੁਰਦਾਸਪੁਰੀ ਨੇ ਗਾਇਆ ਹੈ। ਤੂੰਬੀ ਤੇ ਦੋ-ਗਾਣੇ ਗਾਉਣ ਦਾ ਸਭ ਤੋਂ ਪਹਿਲਾਂ ਰਿਵਾਜ ਚਾਂਦੀ ਰਾਮ ਨੇ ਪੈਦਾ ਕੀਤਾ ਤੇ ਬਾਅਦ ਵਿਚ ਮੁਹੰਮਦ ਸਦੀਕ ਨੇ ਤੂੰਬੀ ਨੂੰ ਬਹੁਤ ਵਡਿਆਈ ਦਿੱਤੀ। ਮੁਹੰਮਦ ਸਦੀਕ ਬਾਰੇ ਆਮ ਕਿਹਾ ਜਾਂਦਾ ਹੈ ਕਿ ਉਸ ਨੇ ਤੂੰਬੀ ਦੀਆਂ ਬੁੱਚੀਆ ਪੁਆਈਆਂ ਹਨ। ਉਸ ਨੇ ਕਈ ਵਾਰ ਆਜਿਹੇ ਪੋਟੇ ਵੀ ਲਗਾਏ ਹਨ ਕਿ ਹਾਰਮੋਨੀਅਮ ਵਾਲੇ ਨੂੰ ਹਦਾਇਤ ਹੋ ਜਾਂਦੀ ਸੀ। ਕਰਤਾਰ ਰਮਲੇ ਤੇ ਤੁਰੀਏ ਨੂੰ ਵੀ ਤੂੰਬੀ ਵਜਾਉਣ ਵਿਚ ਮੁਹਾਰਤ ਹੈ। ਫਗਵਾੜੇ ਦੇ ਨੰਦ ਲਾਲ ਨੂੰ ਤੂੰਬੀਆਂ ਬਣਾਉਣ ਵਿਚ ਸਭ ਤੋਂ ਵੱਧ ਕਾਰੀਗਰ ਮੰਨਿਆ ਜਾਂਦਾ ਸੀ। ਯਮਲਾ ਜੱਟ ਨੇ ਕਈ ਵਾਰ ਨੰਦ ਲਾਲ ਤੋਂ ਤੂੰਬੀ ਬਣਵਾਈ। ਉਂਜ ਪ੍ਰੇਮ ਰੋਪੜੀ ਤੋਂ ਸਿਵਾ ਇਸ ਵੇਲੇ ਹੁਸ਼ਿਆਰਪੁਰ ਤੇ ਮਲੇਰਕੋਟਲੇ ਤੋਂ ਵਧੀਆ ਤੂੰਬੀਆਂ ਮਿਲਦੀਆਂ ਹਨ। ਚਾਰ ਆਨੇ ਤੋਂ ਸ਼ੁਰੂ ਹੋ ਕੇ ਇਸ ਵੇਲੇ ਤੂੰਬੀ ਘੱਟੋ-ਘੱਟ ਦੋ ਸੌ ਅਤੇ ਵੱਧ ਤੋਂ ਵੱਧ ਛੇ, ਸਾਢੇ ਛੇ ਸੌ ਰੁਪਏ ਵਿਚ ਮਿਲਦੀ ਹੈ। ਤੂੰਬੀ ਦੀ ਲੋਕਪ੍ਰਿਅਤਾ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾਂਦਾ ਹੈ ਕਿ ਛਪਾਰ ਜਾਂ ਜਰਗ ਦੇ ਮੇਲਿਆਂ ਵਿਚ ਹੀ ਨਹੀਂ, ਸਗੋਂ ਫੁੱਲਾਂ-ਬੂਟਿਆਂ ਨਾਲ ਸ਼ਿੰਗਾਰੀ ਸਾਧਾਰਣ ਤੂੰਬੀ ਹੁਣ ਪੰਜਾਬ ਦੇ ਮੇਲਿਆਂ-ਮੁਸਾਬੀਆਂ 'ਤੇ ਆਮ ਵਿਕਦੀ ਹੈ, ਜਿਸ ਨੂੰ ਗਾਉਣ ਵਾਲੇ ਘੱਟ, ਸ਼ੌਕੀਨ ਵੱਧ ਖਰੀਦਦੇ ਹਨ।



ਦੋ ਤਾਰਾ

**ਨੋਕ-ਝੋਕ**

# ਵਾਰਿਸ ਸ਼ਾਹ ਜੇ ਵੇਖ ਲਏ ਪਿੰਡ ਮੇਰਾ...



**ਐਸ. ਅਸ਼ੋਕ ਭੌਰਾ**

*ਕਈ ਬੰਦੇ ਸਾਧਾਰਨ ਗੱਲਬਾਤ ਨੂੰ ਵੀ ਬਹਿਸ ਵਿਚ ਗੁੰਨ੍ਹਣ ਲਈ ਲੂਣ ਦੀ ਡਲੀ ਸੁੱਟੀ ਹੀ ਜਾਣਗੇ। ਇਸ ਕਰ ਕੇ ਕੁਝ ਲੋਕਾਂ ਦੇ ਦਰਸ਼ਨ ਦੂਰੋਂ ਹੀ ਕਰਦੇ ਰਹਿਣਾ ਚਾਹੀਦਾ ਹੈ; ਫਿਰ ਹੀ ਉਹ ਮਹਾਪੁਰਸ਼ ਲੱਗਦੇ ਰਹਿਣਗੇ, ਕਿਉਂਕਿ ਗੱਲਬਾਤ ਵਿਚ ਨਿਘਾਰ ਲਗਾਤਾਰ ਆ ਰਿਹਾ ਹੈ। ਜਦੋਂ 'ਟਰੰਕ ਕਾਲ' ਨਾਲ ਜਾਂ ਮਹਿੰਗੇ ਮੁੱਲ ਦੀਆਂ ਕਾਲਾਂ ਕਰ ਕੇ ਜਾਂ ਫਿਰ ਸਹੂਲਤਾਂ ਦੀ ਕਮੀ ਕਰ ਕੇ ਪਰਵਾਸੀਆਂ ਨਾਲ ਫੋਨ ਉਤੇ ਗੱਲਬਾਤ ਹੁੰਦੀ ਸੀ, ਤਾਂ ਇਹ ਪੈਸੇ ਭੇਜਣ ਜਾਂ ਲੈਣ-ਦੇਣ ਤੋਂ ਸ਼ੁਰੂ ਹੋ ਕੇ ਬਾਣੀਏ ਵਾਂਗ ਪੈਸੇ ਉਤੇ ਹੀ ਮੁੱਕ ਜਾਂਦੀ ਸੀ, ਪਰ ਜਦੋਂ ਦੀ ਟੈਲੀਫੋਨ ਦੀ ਦਸ਼ਾ ਕਰਿਆਨੇ ਦੀਆਂ ਦੁਕਾਨਾਂ ਤੋਂ ਦੀ ਅੱਗੇ ਨਿਕਲ ਦੇ ਫੜ੍ਹੀ ਵਾਲਿਆਂ ਤੱਕ ਚਲੇ ਗਈ ਹੈ ਤਾਂ ਸਾਡੀ ਗੱਲਬਾਤ ਵਿਚ ਫੋਨ ਨੇ ਮੱਝ ਦੇ ਕੱਟਾ ਦੇਣ ਜਾਂ ਕੁੱਤੀ ਦੇ ਸੂਣ ਦੀ ਘਟਨਾ ਨੂੰ ਖਬਰ ਬਣਾ ਦਿੱਤਾ ਹੈ। ਪਹਿਲਾਂ ਪੱਤਰਕਾਰ ਖਬਰਾਂ ਲੱਭਦੇ ਸਨ ਤਾਂ ਖੋਜੀ ਪੱਤਰਕਾਰੀ ਨਾਲ ਇੱਜ਼ਤ-ਮਾਣ ਭਾਈਚਾਰੇ ਵਿਚ ਬਰਫ਼ੀ ਦੇ ਸੁਆਦ ਵਰਗਾ ਹੁੰਦਾ ਸੀ, ਪਰ ਜਦੋਂ ਦਾ ਪੱਤਰਕਾਰ ਖਬਰਾਂ ਲੱਭਣ ਲਈ ਪਿੰਡਾਂ ਵਿਚ ਵੀ ਕਈ-ਕਈ ਦਫਤਰ ਖੋਲ੍ਹ ਰਹੇ ਹਨ ਤਾਂ ਸਤਿਕਾਰ ਦਾ ਜ਼ਾਇਕਾ ਮਸਰ-ਮੂੰਗੀ ਦੀ ਮਰਗ 'ਤੇ ਬਣੀ ਦਾਲ ਵਰਗਾ ਹੁੰਦਾ ਜਾ ਰਿਹਾ ਹੈ। ਪਿੰਡਾਂ ਵਿਚ ਕੱਚੇ ਘਰ ਬਣੇ ਰਹਿੰਦੇ ਤਾਂ ਚੰਗੀ ਗੱਲ ਸੀ, ਪੱਕੇ ਮਕਾਨਾਂ ਨੇ ਤਾਂ ਮਨੁੱਖ ਨੂੰ ਸਮਾਜਕ ਖਿੱਚੋਤਾਣ ਨਾਲ ਬੋਦੇ ਪੁੱਟਣ ਤੱਕ ਲੈ ਆਂਦਾ ਹੈ। ਪਹਿਲਾਂ ਜਦੋਂ ਚੁੱਲ੍ਹੇ ਅੱਡ ਹੁੰਦੇ ਸਨ, ਤਾਂ ਬਾਲਣ 'ਕੱਠਾ ਹੁੰਦਾ ਸੀ, ਪਰ ਚੁੱਲ੍ਹੇ ਗੈਸ ਹਵਾਲੇ ਹੋਣ ਕਰ ਕੇ ਬਾਲਣ ਹੁਣ ਬੰਦੇ ਨੂੰ ਘਰੋਂ ਕੱਢਣ ਵਾਲੇ ਦਿਨ ਹੀ ਲਿਆਉਣਾ ਪੈਂਦਾ ਹੈ। ਉਸ ਦਿਨ ਹੀ ਲੱਕੜ ਪਾ ਕੇ ਆਖਰੀ ਵਕਤ ਵੀ ਪਿਆਰ ਦਾ ਡਰਾਮਾ ਕਰਨ ਤੋਂ ਪਿਛਾਂਹ ਹਟਣ ਵਿਚ ਲੋਕ ਗੁਨਾਹ ਸਮਝਣ ਲੱਗ ਪਏ ਹਨ। ਕਈਆਂ ਨੇ ਪੁਲਿਸ ਤੇ ਹਾਕਮਾਂ ਦੀਆਂ ਧੱਕੇਸ਼ਾਹੀਆਂ ਤੇ ਜ਼ਿਆਦਤੀਆਂ ਕਰ ਕੇ ਆਪਣੇ ਮੁਲਕ ਨੂੰ ਤਾਂ ਨਿੰਦਿਆ ਹੋਵੇਗਾ, ਪਰ ਮੈਂ ਕੋਈ ਵੀ ਆਪਣੇ ਪਿੰਡ ਨੂੰ ਬੁਰਾ-ਭਲਾ ਕਹਿੰਦਾ ਨਹੀਂ ਸੁਣਿਆ। ਇਸੇ ਕਰ ਕੇ ਮਾਂ ਤੇ ਪਿਉ ਦੇ ਸਾਂਝੇ ਪੇਕਿਆਂ ਦਾ ਹੱਜ ਉਸੇ ਥਾਂ ਨੂੰ ਸਵੀਕਾਰ ਕੀਤਾ ਜਾ ਰਿਹਾ ਹੈ। ਇਹ ਪਤਾ ਨਹੀਂ ਕਿਉਂ, ਕਿ ਦਿਨ ਖੜ੍ਹੇ ਆਲ੍ਹਣਿਆਂ ਨੂੰ ਪਰਤਣ ਦੀ ਆਦਤ ਪੰਛੀਆਂ ਨੇ ਨਹੀਂ ਬਦਲੀ, ਪਰ ਮਨੁੱਖ ਘਰ ਜਾਣ ਵਿਚ ਰੋਜ਼ ਦੇਰੀ ਭਾਵੇਂ ਕਰੇ, ਪਰ ਪਿੰਡ ਜਾਣ ਦੀ ਕਾਹਲ ਕਦੀ ਨਹੀਂ ਤਿਆਗਦਾ... ਇਸੇ ਲਈ ਕਾਹਲੀ-ਕਾਹਲੀ ਮੈਂ ਵੀ ਤੁਹਾਨੂੰ ਆਪਣੇ ਪਿੰਡ ਲੈ ਕੇ ਚੱਲਿਆ ਹਾਂ...। ਸੱਚ ਹੈ ਕਿ ਹੁਣ ਮਨੁੱਖ ਗੁਸਲਖਾਨੇ ਤੇ ਬੀਵੀ ਤੋਂ ਬਾਅਦ ਪਿੰਡ ਵਿਚ ਉਦੋਂ ਪੂਰਾ ਆਜ਼ਾਦ ਹੁੰਦਾ ਹੈ ਜਦੋਂ ਪਰਦੇਸੋਂ ਗਿਆ ਹੋਵੇ।*

ਕਈ ਲੋਕ ਤੁਹਾਡੀ ਜੇਬ ਨਾਲ ਲੱਗਾ ਪੈਨ ਇਸ ਕਰ ਕੇ ਮੰਗਦੇ ਹਨ ਕਿਉਂ ਜੋ ਉਨ੍ਹਾਂ ਨੇ ਮੋੜਨਾ ਨਹੀਂ ਹੁੰਦਾ, ਪਰ ਜਿਹੜਾ ਜੰਗ ਦੇ ਮੈਦਾਨ ਵਿਚ ਤਲਵਾਰ ਉਧਾਰੀ ਦੇ ਕੇ ਜਿੱਤ ਦੇ ਦਾਅਵੇ ਕਰੇ, ਉਹਦੇ 'ਤੇ ਰੋਣਾ ਨਹੀਂ ਆਵੇਗਾ, ਧਾਹਾਂ ਹੀ ਨਿਕਲਣਗੀਆਂ। ਉਸ ਨੇ ਆਪ ਤਾਂ ਮਰਨਾ ਹੀ ਹੁੰਦਾ ਹੈ, ਮੁਲਕ ਵੀ ਡੋਬ ਦੇਣਾ ਹੁੰਦਾ ਹੈ।...ਤੇ ਸੱਚ ਹੈ ਕਿ ਜਿਹੜੇ ਲੋਕ ਆਪਣੀ ਮਾਂ ਤੇ ਮਿੱਟੀ ਨੂੰ ਭੁੱਲ ਜਾਣ, ਉਨ੍ਹਾਂ ਦੀ ਜ਼ਮੀਰ ਦਾ ਸੰਸਕਾਰ ਹੋ ਚੁੱਕਾ ਹੁੰਦਾ ਹੈ ਤੇ ਉਹ ਲਾਸ਼ ਨਾਲ ਜਿਉਂਦੇ ਰਹਿਣ ਦੀ ਸੱਚਾਈ ਨੂੰ ਵੀ ਅਮਲੀ ਰੂਪ ਦੇ ਰਹੇ ਹੁੰਦੇ ਹਨ।

ਹੁਣ ਇਹ ਧਾਰਨਾ ਟੁੱਟ ਰਹੀ ਹੈ ਕਿ 'ਵਸੀਏ ਸ਼ਹਿਰ ਭਾਵੇਂ ਹੋਵੇ ਕਹਿਰ'; ਕਿਉਂਕਿ ਜੇ ਮਾੜਾ-ਮੋਟਾ ਸ਼ੁੱਧ ਆਬੋ-ਹਵਾ ਦਾ ਹਾਲੇ ਸਾਹ ਆ ਰਿਹਾ ਹੈ ਤਾਂ ਪਿੰਡਾਂ ਵਿਚ ਹੀ ਹੈ। ਕਈਆਂ ਨੇ ਸੁਰਜੀਤ ਪਾਤਰ ਦੇ ਕਹਿਣ ਵਾਂਗ ਪਿੰਡਾਂ ਦੀਆਂ ਸਰਦਾਰੀਆਂ ਛੱਡ ਤਾਂ ਚਾਅ ਵਿਚ ਲਈਆਂ, ਪਰ ਉਹ ਸ਼ਹਿਰ ਵਿਚ ਆਪਣੀ ਪਛਾਣ ਬੱਸ ਦੀ ਸਵਾਰੀ ਤੋਂ ਵੱਧ ਨਹੀਂ ਬਣਾ ਸਕੇ।

ਬਹੁਤ ਸਾਰੇ ਪਾਠਕਾਂ, ਪ੍ਰਸ਼ੰਸਕਾਂ ਦੀ ਇੱਛਾ ਹੈ ਕਿ ਮੈਂ ਆਪਣੇ ਪਿੰਡ ਦਾ ਹਾਲ ਸੁਣਾਵਾਂ, ਕਿਉਂਕਿ ਪੰਜਾਬੀਆਂ ਦਾ ਸੁਭਾਅ ਹੈ ਕਿ ਉਹ ਜਦੋਂ ਵੀ ਕਿਸੇ ਖਾਸ ਤੇ ਅਜਨਬੀ ਨੂੰ ਮਿਲਣਗੇ, ਪਹਿਲਾ ਸਵਾਲ ਇਹੋ ਕਰਨਗੇ ਕਿ ਭਾਈ ਤੇਰਾ ਪਿੰਡ ਕਿਹੜੈ? ਜ਼ਿਲ੍ਹੇ ਜਾਂ ਤਹਿਸੀਲ ਦੀ ਗੱਲ ਪਿੱਛੋਂ ਹੋਵੇਗੀ, ਪਰ ਮੈਂ ਆਪਣੇ ਪਿੰਡ ਦੀ ਬਾਤ ਸੁਣਾਉਣ ਤੋਂ ਪਹਿਲਾਂ ਕਹਾਂਗਾ ਕਿ ਜਿਸ ਇਨਸਾਨ ਨੂੰ ਪਰਿਵਾਰ ਪ੍ਰਵਾਨ ਨਾ ਕਰੇ, ਉਹਨੂੰ ਪਿੰਡ ਛੱਡ ਦੇਣਾ ਚਾਹੀਦਾ, ਤੇ ਜਿਸ ਬੰਦੇ ਨੂੰ ਦੇਖ ਕੇ ਪਿੰਡ ਮੱਥੇ ਵੱਟ ਪਾਵੇ, ਉਹਨੂੰ ਆਤਮ-ਹੱਤਿਆ ਛੇਤੀ ਕਰ ਲੈਣੀ ਚਾਹੀਦੀ ਹੈ, ਕਿਉਂਕਿ ਮਾਂ ਤੇ ਮਿੱਟੀ ਦਾ ਦੁਰਕਾਰਿਆ ਮਨੁੱਖ ਹੋ ਹੀ ਨਹੀਂ ਸਕਦਾ।

ਚਲੋ ਫਿਰ ਇਸ ਵਾਰ ਆਪਣੇ ਪਿੰਡ ਲੈ ਕੇ ਚਲਦਾ ਹਾਂ।

ਵੰਡ ਤੋਂ ਪਹਿਲਾਂ ਜ਼ਿਲ੍ਹਾ ਲਾਇਲਪੁਰ ਸੀ, ਫਿਰ ਜਲੰਧਰ ਬਣ ਗਿਆ ਤੇ ਅੱਜ ਕੱਲ੍ਹ ਸ਼ਹੀਦ ਭਗਤ ਸਿੰਘ ਨਗਰ ਵਿਚ ਪੈਂਦਾ ਹੈ ਮੇਰਾ ਪਿੰਡ ਭੌਰਾ। ਇਹ ਬੰਗਿਆਂ ਤੋਂ ਛੇ ਕਿਲੋਮੀਟਰ, ਫਗਵਾੜੇ ਤੋਂ ਤੀਹ, ਗੜ੍ਹਸ਼ੰਕਰ ਤੋਂ ਨੌਂ, ਨਵੇਂ ਸ਼ਹਿਰੋਂ ਤੇਰਾਂ, ਮਾਹਿਲਪੁਰੋਂ ਬਾਈ ਤੇ ਜਿਸ ਸ਼ਹੀਦ ਭਗਤ ਸਿੰਘ ਦੇ ਬੁੱਤ ਨੂੰ ਸਮੁੱਚਾ ਭਾਰਤ ਪ੍ਰਣਾਮ ਕਰਦਾ ਹੈ, ਖਟਕੜਾਂ ਦੀ ਇਸ ਧਰਤੀ ਤੋਂ ਮੇਰਾ ਘਰ ਸਿਰਫ ਚਾਰ ਕੋਹ ਦੀ ਵਾਟ 'ਤੇ ਹੈ। ਇਹ ਮਾਣ ਸਾਡਾ ਬਣਿਆ ਵੀ ਰਹੇਗਾ, ਤੇ ਇਸ ਤੋਂ ਵੀ ਅਲੱਗ ਤੇ ਖਾਸ ਗੱਲ ਇਹ ਹੈ ਕਿ ਭਗਤ ਸਿੰਘ ਦੇ ਨਾਨਕੇ ਪਿੰਡ ਮੋਰਾਂਵਾਲੀ ਲੱਗਾ ਬੁੱਤ ਵੀ ਬਿਲਕੁਲ ਇੰਨੀ ਦੂਰੀ 'ਤੇ ਹੈ।

ਹੋਰ ਭੂਗੋਲਿਕ ਗੱਲਾਂ ਅੱਗੇ ਚੱਲ ਕੇ ਕਰਾਂਗੇ। ਜਦੋਂ ਛੋਟਾ ਜਿਹਾ ਸਾਂ ਤਾਂ ਮਾਂ ਨੇ ਕਹਿਣਾ, "ਪੁੱਤ, ਆਹ ਗਿਆਨੀ ਸਾਧੂ ਸਿੰਘ ਦੀ ਕੋਠੀ ਹੈ।" ਅਨਪੜ੍ਹ ਹੋਣ ਕਰ ਕੇ ਪਤਾ ਨਹੀਂ ਸੀ ਹੁੰਦਾ ਕਿ ਇਥੇ ਰਹਿੰਦਾ ਤਾਂ ਹੁਣ ਕੋਈ ਨਹੀਂ, ਜ਼ਮੀਨ-ਬੰਨਾ ਵੀ ਵੇਚ ਗਏ, ਪਰ ਇਹ ਜਥੇਦਾਰ ਸਾਹਿਬ ਅਕਾਲ ਤਖਤ ਦੇ ਜਥੇਦਾਰ ਰਹੇ ਚਰਚਾ ਵਿਚ। ਨਿਰੰਕਾਰੀਆਂ ਵਿਰੁਧ ਹੁਕਮਨਾਮਾ ਜਾਰੀ ਕਰਨ ਕਰ ਕੇ ਵੀ ਸਾਧੂ ਸਿੰਘ ਭੌਰਾ ਸਿੱਖ ਹਲਕਿਆਂ ਵਿਚੋਂ ਕਦੇ ਨਹੀਂ ਵਿਸਰੇਗਾ। ਮੇਰੇ ਇਕ ਗੁਆਂਢੀ ਬਜ਼ੁਰਗ ਨੇ ਕਹਿਣਾ, "ਕਾਕਾ, ਭਲਾ ਢਾਡੀ ਅਵਤਾਰ ਸਿੰਘ ਭੌਰਾ ਬਣਨਾ ਕਿਤੇ ਸੁਖਾਲੈ, ਬੜਾ ਨਾਂ ਚਮਕਾਇਆ ਬਈ ਪਿੰਡ ਦਾ।" ਤੇ ਜਿਸ ਸਾਲ ਇੰਗਲੈਂਡ ਦੀ ਟੀਮ ਵੱਲੋਂ ਹਾਕੀ ਵਿਚ ਕੁਲਬੀਰ ਭੌਰਾ ਨੇ ਉਲੰਪਿਕ ਖੇਡਾਂ ਵਿਚ ਧੁੰਮ ਪਾਈ, ਤਾਂ ਜਿਸ ਘਰ ਟੈਲੀਵਿਜ਼ਨ ਨਹੀਂ ਸੀ, ਉਨ੍ਹਾਂ ਨੇ ਲਿਆਂਦਾ ਜ਼ਰੂਰ ਚਾਹੇ ਉਧਾਰਾ ਹੀ ਸਹੀ! ਇਕ ਬਜ਼ੁਰਗ ਹੋਰ ਹਾਲੇ ਹੈਗਾ, ਉਹਨੇ ਟਿੱਚਰ ਨਾਲ ਕਹਿਣਾ, "ਬਈ ਮੰਤਰੀ ਦਿਲਬਾਗ ਸਿੰਘ ਦਾ ਹਾਲ ਦੋ ਛੜਿਆਂ ਦੀ ਇਕ ਢੋਲਕੀ ਵਾਲਾ ਹੀ ਹੈ। ਵੰਡ ਤੋਂ ਪਹਿਲਾਂ ਉਹਦਾ ਪਿੰਡ ਸੁਜੋਂ ਸੀ, ਵੰਡ ਤੋਂ ਬਾਅਦ ਜ਼ਮੀਨ ਭੌਰੇ ਮਿਲ ਗਈ। ਉਹ ਤਾਂ ਮਰ ਗਿਆ, ਪਰ ਔਤ ਦੀ ਜ਼ਮੀਨ ਵਾਂਗ ਦਾਅਵਾ ਦੋਵੇਂ ਪਿੰਡ ਕਰੀ ਜਾਂਦੇ ਹਨ।" ਖ਼ੈਰ! ਜਿਹੜਾ ਦਿਲਬਾਗ ਸਿੰਘ ਨਵਾਂ ਸ਼ਹਿਰ ਕਦੇ ਧੜੱਲੇਦਾਰ ਜ਼ਿਮੀਦਾਰ ਵੀ ਸੀ, ਹੁਣ ਉਹਦੇ ਪੁੱਤਾਂ ਨੇ ਇੰਚ ਜ਼ਮੀਨ ਵੀ ਪਿੰਡ ਨਹੀਂ ਛੱਡੀ। ਉਂ ਉਹਦੇ ਪੁੱਤ ਚਰਨਜੀਤ ਚੰਨੀ ਦਾ ਸਬੰਧ ਵੀ ਮੇਰੇ ਪਿੰਡ ਨਾਲ ਹੀ ਹੈ, ਭਤੀਜੇ ਮਰਹੂਮ ਤੇ ਨਵਾਂ ਸ਼ਹਿਰ ਦੇ ਸਾਬਕਾ ਵਿਧਾਇਕ ਪ੍ਰਕਾਸ਼ ਸਿੰਘ ਦਾ ਵੀ, ਤੇ ਹੁਣ ਉਹਦੀ ਪਤਨੀ ਗੁਰਇਕਬਾਲ ਕੌਰ ਦਾ ਵੀ। ਵਿਰਾਸਤ ਦਾ ਇਹ ਆਲੂ ਮੈਂ ਇਸ ਕਰ ਕੇ ਛਿੱਲ ਰਿਹਾ ਹਾਂ ਤਾਂ ਕਿ ਇਕ ਗਰੀਬ ਪਰਿਵਾਰ ਵਿਚ ਜਿਥੇ ਪਿਉ ਵੀ ਛੋਟੀ ਉਮਰੇ ਤੁਰ ਗਿਆ ਹੋਵੇ, ਵਿਚੋਂ ਉਠ ਕੇ ਸਿਰ ਕੱਢਣਾ ਔਖਾ ਬਹੁਤ ਸੀ, ਪਰ ਮੇਰੀ ਹਾਲਤ ਉਹੀ ਸੀ ਜਿਵੇਂ ਲੇਲੇ ਨੇ ਬਘਿਆੜਾਂ ਵਿਚ ਬੜ੍ਹਕ ਮਾਰ ਦਿੱਤੀ ਹੋਵੇ। ਸਾਰੇ ਦਾ ਸਾਰਾ ਪਿੰਡ ਮੈਨੂੰ ਆਪਣਾ ਪੁੱਤ ਸਮਝਦਾ; ਮੈਂ ਕਈ ਵਾਰ ਸਰਬਸੰਮਤੀ ਨਾਲ ਸਰਪੰਚ ਬਣਨ ਦੀ ਪੇਸ਼ਕਸ਼ ਤੋਂ ਨਾਂਹ ਕਰ ਦਿੱਤੀ ਸੀ, ਕਿਉਂਕਿ ਮੈਂ ਆਪਣੀ ਇਸ ਮਿੱਟੀ ਨਾਲ ਉਨਾ ਪਿਆਰ ਕਰਦਾ ਹਾਂ, ਜਿੰਨਾ ਨੈਪੋਲੀਅਨ ਆਪਣੀ ਪਤਨੀ ਜੋਸਫਿਨ ਨਾਲ ਕਰਦਾ ਸੀ। ਇਸ ਲਈ ਸਰਪੰਚ ਬਣ ਕੇ ਪਿੰਡ ਵਿਚ ਰਾਜਨੀਤੀ ਕਰਨੀ ਮੇਰੇ ਬੱਸ ਦਾ ਕੰਮ ਨਹੀਂ ਸੀ।

ਸਾਧੂ ਸੰਤ ਦੂਜਿਆਂ ਦੀ ਜੇਬ ਵਿਚੋਂ ਪੈਸਾ ਕਢਵਾ ਕੇ ਪਰਉਪਕਾਰਾਂ ਦੀ ਜੈ-ਜੈਕਾਰ ਕਰਾਉਂਦੇ ਨੇ। ਘੁਮਿਆਰ ਤਾਜ ਮਹੱਲ ਨਹੀਂ ਬਣਾ ਸਕਦਾ, ਪਰ ਉਹ ਭਾਂਡੇ ਤਾਂ ਬਣਾ ਸਕਦਾ ਹੈ। ਇਹ ਹੁਨਰ ਉਹਦਾ ਆਪਣਾ ਹੈ, ਤੇ ਮੈਂ ਸਾਢੇ ਤਿੰਨ ਦਹਾਕਿਆਂ ਦੌਰਾਨ ਅੱਖਰਾਂ ਦੇ ਜਿਹੜੇ ਭਾਂਡੇ ਬਣਾਏ ਹਨ, ਉਨ੍ਹਾਂ ਕਰ ਕੇ ਮੇਰੇ ਪਿੰਡ ਵਾਲੇ ਤਾਂ ਕਰਨਗੇ ਹੀ, ਇਲਾਕੇ ਵਾਲੇ ਵੀ ਦੂਰ ਜਾ ਕੇ ਮੇਰਾ ਨਾਂ ਲੈ ਕੇ ਕਹਿਣਗੇ, 'ਤੁਸੀਂ ਉਸ ਨੂੰ ਜਾਣਦੇ ਹੋ...ਬੱਸ ਉਥੋਂ ਹੀ ਹਾਂ।' ਅੱਖਰਾਂ ਤੋਂ ਵੀ ਵੱਧ ਅਗਲੀ ਗੱਲ ਇਹ ਸੀ ਕਿ ਦੂਰਦਰਸ਼ਨ ਦੇ ਕੈਮਰੇ ਜੇ ਸਭ ਤੋਂ ਵੱਧ ਘੁੰਮੇ, ਤਾਂ ਮੇਰੇ ਪਿੰਡ ਵਿਚ; ਹਰ ਵੱਡਾ ਗਾਇਕ ਜੇ ਗਾਉਣ ਨਹੀਂ ਆਇਆ, ਤਾਂ ਇਕ ਵਾਰ ਗੇੜਾ ਜ਼ਰੂਰ ਮਾਰ ਕੇ ਗਿਆ; ਅਖਾੜੇ ਮੇਰੇ ਪਿੰਡ ਸਭ ਤੋਂ ਵੱਧ ਲੱਗੇ। ਜੇ ਘਰ-ਘਰ ਪਿੰਡ ਵਾਲਿਆਂ ਦੀਆਂ ਕਲਾਕਾਰਾਂ ਨਾਲ ਫੋਟੋਆਂ ਲੱਗੀਆਂ ਹਨ, ਤਾਂ ਉਨ੍ਹਾਂ ਨੂੰ ਪਿੰਡ ਤੋਂ ਬਾਹਰ ਨਹੀਂ ਜਾਣਾ ਪਿਆ। ਢਾਡੀ, ਕਵੀਸ਼ਰ, ਅਲਗੋਜ਼ਿਆਂ ਵਾਲੇ, ਭੰਡ, ਮਰਾਸੀ, ਖੁਸਰੇ, ਨਚਾਰ, ਨਕਲੀਏ, ਬਾਜ਼ੀਗਰ, ਸਪੇਰੇ,



*ਅਕਾਲ ਤਖਤ ਦੇ ਸਾਬਕਾ ਜਥੇਦਾਰ ਸਾਧੂ ਸਿੰਘ ਭੌਰਾ*

ਮਲਵਈ ਗਿੱਧੇ ਵਾਲੇ ਬਾਬੇ, ਨੱਚਣ ਵਾਲੀਆਂ ਕੁੜੀਆਂ ਤੇ 'ਹੋ ਗਿਆ ਫਿੱਟ ਵਲੈਤੀ ਪੁਰਜਾ, ਦੇਸੀ ਇੰਜਣ ਨਾਲ ਨੀ' ਗਾਉਣ ਵਾਲੀਆਂ ਬਾਜ਼ੀਗਰਨੀਆਂ ਸਭ ਤੋਂ ਵੱਧ ਖੁਸ਼ ਹੋ ਕੇ ਮੇਰੇ ਪਿੰਡੋਂ ਹੀ ਗਈਆਂ ਹੋਣਗੀਆਂ। ਹੁਣ ਵੀ ਜਦੋਂ ਮੈਂ ਪਿੰਡ ਜਾਂਦਾ ਹਾਂ, ਤਾਂ ਲੋਕ ਇਹ ਨਹੀਂ ਕਹਿੰਦੇ ਕਿ ਅਸ਼ੋਕ ਆ ਗਿਆ ਹੈ, ਉਹ ਕਹਿਣਗੇ, ਰੌਣਕਾਂ ਆ ਗਈਆਂ। ਮੈਥੋਂ ਚੋਰੀ ਜਾ ਕੇ ਪੁੱਛਿਓ...ਇਸੇ ਕਰ ਕੇ ਅੱਧਿਓਂ ਵੱਧ ਪਿੰਡ ਮੇਰੇ ਅਮਰੀਕਾ ਆਉਣ ਤੋਂ ਦੁਖੀ ਵੀ ਹੈ, ਤੇ ਖਫਾ ਵੀ।

ਜ਼ਮੀਨਾਂ ਘਟ ਰਹੀਆਂ ਨੇ, ਇਸ ਦਾ ਸ਼ਿਕਾਰ ਮੇਰਾ ਪਿੰਡ ਵੀ ਹੈ। ਇਥੇ ਜ਼ਿਮੀਦਾਰ ਵੀ ਨੇ, ਕਾਮੇ ਵੀ। ਤਰਖਾਣ ਵੀ, ਲੁਹਾਰ ਵੀ। ਝਿਊਰ ਵੀ, ਨਾਈ ਵੀ। ਆਧਰਮੀ ਵੀ, ਬਾਲਮੀਕੀਏ ਵੀ। ਗਰੀਬ ਵੀ, ਅਮੀਰ ਵੀ। ਮਧਰੇ ਵੀ, ਲੰਮੇ ਵੀ। ਸੋਫੀ ਵੀ, ਵੈਲੀ ਵੀ। ਹੁਣ ਸਮੈਕੀਏ ਵੀ ਤੇ ਚਿੱਟੇ ਆਲੇ ਵੀ। ਸਾਧ ਵੀ, ਫਕੀਰ ਵੀ। ਸ਼ਰੀਫ ਵੀ, ਲੜਾਕੇ ਵੀ। ਕਾਂਗਰਸੀਏ ਵੀ, ਅਕਾਲੀ ਵੀ। ਜੋੜਨ ਵਾਲੇ ਵੀ, ਤੋੜਨ ਆਲੇ ਵੀ। ਪੁਆੜੇ ਦੀਆਂ ਜੜ੍ਹਾਂ ਵੀ, ਲੁੱਚੇ ਵੀ ਹੈਗੇ ਆ; ਸਰਕਾਰੀ ਨੌਕਰ ਵੀ ਨੇ, ਵਿਹਲੇ ਵੀ। ਮਰਾਸੀਆਂ ਦਾ ਕੋਈ ਘਰ ਨਹੀਂ, ਛੀਂਬੇ ਹੈ ਨਹੀਂ, ਸੁਨਿਆਰ ਹੈ ਨਹੀਂ। ਬਾਸੂ ਬ੍ਰਾਹਮਣ ਤੇ ਉਹਦੀ ਘਰ ਵਾਲੀ ਪਾਰੋ ਚੜ੍ਹਾਈ ਕਰ ਗਏ ਨੇ। ਔਲਾਦ ਨਾ ਹੋਣ ਕਰ ਕੇ ਬ੍ਰਾਹਮਣਾਂ ਦੀ ਥਾਂ ਖਾਲੀ ਸੀ, ਪਰ ਹਿਮਾਚਲ ਤੋਂ ਆ ਕੇ ਪਿੰਡ ਦੀ ਸੁਸਾਇਟੀ ਵਿਚ ਕੰਮ ਕਰਨ ਵਾਲਾ ਸ਼ਾਦੀ ਲਾਲ ਸ਼ਰਮਾ ਪੱਕੀ ਕੋਠੀ ਪਾ ਕੇ ਰਹਿ ਰਿਹਾ ਹੈ। ਉਹਦਾ ਚੰਗਾ ਸਤਿਕਾਰ ਹੈ। ਇਕ ਹੋਰ ਬ੍ਰਾਹਮਣ ਵੀ ਬਾਹਰੋਂ ਆ ਕੇ ਰਹਿ ਪਿਆ ਹੈ, ਪਰ ਉਹਦੀ ਗੱਲ ਪਿੰਡ ਘੱਟ ਹੀ ਕਰਦਾ ਹੈ, ਕਿਉਂਕਿ ਉਹਨੇ ਪਿੰਡ ਨੂੰ ਦਿੱਤਾ ਬੜਾ ਕੁਝ ਐ, ਪਰ ਬੇਇਤਫਾਕੀ ਹੀ। ਯੁੱਗ ਬਦਲ ਗਏ ਨੇ, ਪਰ ਪਿੰਡ ਦੇ ਸਾਂਹਸੀ ਬਰਾਦਰੀ ਦੇ ਲੋਕਾਂ ਦਾ ਸੁਧਾਰ ਨਹੀਂ ਹੋਇਆ। ਪਹਿਲਾਂ ਉਹ ਭੁੱਕੀ ਵੇਚਦੇ ਹੁੰਦੇ ਸੀ, ਹੁਣ ਨਵੇਂ ਯੁੱਗ ਵਿਚ ਨਵੇਂ ਨਸ਼ੇ ਵੇਚ ਰਹੇ ਹਨ। ਜਿਹੜੇ ਮੇਰੇ ਨਾਲ ਦੋ-ਤਿੰਨ ਪੜ੍ਹਦੇ ਹੁੰਦੇ ਸੀ, ਝੋਟੇ ਵਰਗੇ ਸੀ ਪਰ ਦਸ-ਬਾਰਾਂ ਸਾਲ ਹੋ ਗਏ ਨੇ, ਮਰ ਗਏ ਨੇ। ਪਹਿਲਾਂ ਇਕ ਬਜ਼ੁਰਗ ਅਮਲੀ ਹੁੰਦਾ ਸੀ ਰੁਲਦੂ, ਹੁਣ ਹਰ ਤੀਜੇ-ਚੌਥੇ ਘਰ ਵਿਚ ਰੁਲਦੂ ਹੈ ਪਰ ਹੈ ਜੁਆਨ। ਅਮਲੀ ਰੁਲਦੂ ਦੀਆਂ ਕਹਾਣੀਆਂ ਦੇ ਕਿੱਸੇ ਮੈਂ ਕਦੇ ਫੇਰ ਸੁਣਾਵਾਂਗਾ।

ਮੇਰੇ ਵਰਗਾ ਪਿੰਡਾਂ ਵਿਚ ਬਚਪਨ ਕਈਆਂ ਦਾ ਬੀਤਿਆ ਹੋਵੇਗਾ। ਮੈਂ ਉਦੋਂ ਛੇਵੀਂ 'ਚ ਪੜ੍ਹਦਾ ਸੀ, ਕਿਸੇ ਮੇਲੇ ਤੋਂ ਜਿਉਣੇ ਮੌੜ ਦਾ ਕਿੱਸਾ ਖਰੀਦ ਲਿਆਇਆ। ਉਹਦੇ ਵਿਚ ਕਿਸ਼ਨਾ ਤੇ ਜਿਉਣਾ-ਦੋ ਪਾਤਰ ਪੜ੍ਹੇ। ਸੁਭੈਕੀ, ਮੇਰੇ ਪਿੰਡ ਵਿਚ ਵੀ ਚਾਚੇ ਤੇ ਤਾਏ ਦੇ ਪੁੱਤ ਕਿਸ਼ਨਾ ਤੇ ਜਿਉਣਾ ਸਨ। ਕਿਸ਼ਨੇ ਨੂੰ ਲੋਕ ਟਿਕਾ ਕੇ ਮੌੜ ਕਹਿੰਦੇ ਸਨ। ਮੇਰੇ ਅੰਦਰ ਲਿਖਣ ਦੀ ਜਿਹੜੀ ਪਹਿਲੀ ਲਾਲਸਾ ਉਠੀ, ਉਹ ਇਹੋ ਸੀ ਕਿ 'ਹੈਂ! ਇਹ ਕਿੱਸਾ ਮੇਰੇ ਪਿੰਡ ਦੇ ਬੰਦਿਆਂ 'ਤੇ ਲਿਖਿਆ ਗਿਆ ਹੈ।' ਨਿਆਣੀ ਬੁੱਧੀ ਤੇ ਪਿੰਡ ਦੇ ਚੌਕੀਦਾਰ ਈਸ਼ਰ ਨੇ ਮੇਰੇ ਮਨ ਵਿਚ ਇਹ ਗੱਲ ਹੋਰ ਪੱਕੀ ਕਰ ਦਿੱਤੀ। ਹੋਇਆ ਇਉਂ ਕਿ ਮੇਰਾ ਵਿਸ਼ਵਾਸ ਬਣ ਗਿਆ ਕਿ ਕਿੱਸੇ ਵਾਲੇ ਪਾਤਰ ਇਹੀ ਹਨ। ਇਕ ਦੁਪਹਿਰ ਉਹ ਸਾਡੇ ਘਰਾਂ ਕੋਲ ਛੱਲੀਆਂ ਗੁੱਡਣ, ਹੱਥ ਵਿਚ ਮੇਰੇ ਉਹੀ ਕਿੱਸਾ, ਤੇ ਮੈਂ ਸੰਗਦਾ ਜਿਹਾ ਚਲੇ ਗਿਆ ਕੋਲ ਨੂੰ...ਪੁੱਛ ਹੀ ਲਿਆ, "ਤਾਇਆ, ਤੁਸੀਂ ਤਾਂ ਦੋਵੇਂ ਬਹੁਤ ਵੱਡੇ ਬੰਦੇ ਸੀ...ਥੋਡੇ ਤੋਂ ਤਾਂ ਦੁਨੀਆਂ ਡਰਦੀ ਸੀ। ਆਹ ਕਿੱਸੇ ਛਪੇ ਨੇ ਤੁਹਾਡੇ...ਪਰ ਗੁੱਡਦੇ ਤੁਸੀਂ ਛੱਲੀਆਂ ਹੋ?"

ਕਿਸ਼ਨਾ ਕਹਿਣ ਲੱਗਾ, "ਅਹੁ ਪਈ ਆ ਵੱਟ 'ਤੇ ਇਕ ਹੋਰ ਰੰਬੀ, ਪਹਿਲਾਂ ਆਹ ਕਿਆਰਾ ਗੁਡਾ ਸਾਡੇ ਨਾਲ, ਫੇਰ ਦੱਸਦੇ ਆਂ।"

ਹੋਇਆ ਤਾਂ ਬੁਰਾ ਹਾਲ, ਪਰ ਲਾਲਚ ਨੂੰ ਮੈਂ ਲੱਗਾ ਰਿਹਾ। ਜਦੋਂ ਕਿਆਰਾ ਪੂਰਾ ਹੋਇਆ ਤਾਂ ਜਿਉਣਾ ਸਿਰੋਂ ਸਾਫਾ ਲਾਹ ਕੇ ਮੂੰਹ ਪੂੰਝਦਾ ਬੋਲਿਆ, "ਜੁਆਨਾ, ਪੁੱਛ ਕੀ ਪੁੱਛਣਾ?"

"ਤੀਆਂ ਲੌਂਗੋਵਾਲ ਦੀਆਂ ਤੁਸੀਂ ਲੁੱਟੀਆਂ ਸੀ?"

"ਆਹੋ, ਤੈਨੂੰ ਮੇਰਾ ਸਰੀਰ ਨਹੀਂ ਦੀਹਦਾ ਭਲਵਾਨਾਂ ਵਰਗਾ।"

"ਪਰ ਜਿਉਣਾ ਮੌੜ ਤਾਂ ਨੈਣਾ ਦੇਵੀ ਮੰਦਿਰ ਤੋਂ ਕਹਿੰਦੇ ਛਾਲ ਮਾਰ ਕੇ ਮਰ ਗਿਆ ਸੀ?"

ਉਹ ਦੋਵੇਂ ਹੱਸ ਪਏ, ਪਰ ਭੇਤ ਫਿਰ ਵੀ ਰੱਖ ਗਏ। ਇਕੱਠੇ ਹੀ ਬੋਲੇ, "ਉਹ ਭੋਲਿਆ ਮੁੰਡਿਆ...ਨਿਹੰਗਾਂ ਵਾਂਗੂੰ ਅਸੀਂ ਵੀ ਨਾਲ ਦਾ ਚੁੱਕ ਕੇ ਹੇਠਾਂ ਸੁੱਟ'ਤਾ ਸੀ।"

ਸਾਲ ਕੁ ਬਾਅਦ ਇਹ ਭੇਤ ਤਾਂ ਖ਼ੈਰ ਖੁੱਲ੍ਹ ਗਿਆ ਸੀ, ਪਰ ਮੇਰੇ ਅੰਦਰ ਉਨ੍ਹਾਂ ਨੇ ਕਲਾ ਦਾ ਦੀਵਾ ਜ਼ਰੂਰ ਰੱਖ ਦਿੱਤਾ ਸੀ ਜੋ ਦੇਰ ਨਾਲ ਫਿਰ ਜਗਣ ਲੱਗ ਪਿਆ ਸੀ।

ਜਰਾਇਤੀ ਵਿਭਾਗ ਦੇ ਅੰਕੜਿਆਂ ਮੁਤਾਬਿਕ ਸੌਲਾਂ ਸੌ ਦੇ ਕਰੀਬ ਖੇਤੀ ਜੋਗ ਰਕਬਾ ਸੀ ਪਿੰਡ ਕੋਲ ਜਿਥੇ ਬਲਦਾਂ ਦੀ ਖੇਤੀ ਹੁੰਦੀ ਸੀ, ਪਰ ਹੁਣ ਟੇਪਾਂ ਵਾਲੇ ਟਰੈਕਟਰ ਹਨ ਤੇ ਦੋ-ਤਿੰਨ ਨਸ਼ਈ ਪਿੰਡ 'ਚ ਅਕਸਰ ਸ਼ਾਨ-ਏ-ਪੰਜਾਬ ਵਾਂਗ ਭਜਾਉਂਦੇ ਹਨ। ਆਬਾਦੀ ਦਾ ਅੰਦਾਜ਼ਾ ਇਸ ਫਾਰਮੂਲੇ ਨਾਲ ਲਾ ਲਓ ਕਿ ਵੋਟਾਂ 25 ਸੌ ਤੋਂ ਉਪਰ ਹੋ ਗਈਆਂ ਨੇ। ਦਿਲਬਾਗ ਸਿੰਘ ਕਰ ਕੇ ਬੜੀ ਦੇਰ ਵੋਟਾਂ ਇਕਪਾਸੜ ਹੀ ਪਹਿਲਾਂ ਗਾਂ-ਵੱਛੇ ਨੂੰ, ਤੇ ਫਿਰ ਪੰਜੇ ਨੂੰ ਪੈਂਦੀਆਂ ਰਹੀਆਂ। ਹੁਣ ਅਕਾਲੀ ਵੀ ਆ ਵੜੇ ਨੇ, ਹਾਥੀ ਵਾਲੇ ਵੀ ਤੇ ਐਤਕਾਂ ਝਾੜੂ ਵਾਲਿਆਂ ਨੇ ਵੀ ਚੰਗੀਆਂ ਵੋਟਾਂ ਕੱਢੀਆਂ। ਕਾਮਰੇਡ ਪਿੰਡ 'ਚ ਕੋਈ ਹੈ ਨਹੀਂ, ਨਾ ਸੱਜੇਪੱਖੀ ਨਾ ਖੱਬੇਪੱਖੀ। ਆਜ਼ਾਦੀ ਤੋਂ ਬਾਅਦ ਚਾਲੀ ਸਾਲ ਪੰਚਾਇਤੀ ਸਰਬਸੰਮਤੀ ਨਾਲ ਚੁਣੀ ਜਾਂਦੀ ਰਹੀ, ਪਰ ਵੋਟਾਂ ਨਾਲ ਪੂਰੀ ਖਿਚੋਤਾਣ ਹੈ ਤੇ ਕਈ ਘਰਾਂ ਵਿਚ ਚੁੱਲ੍ਹਿਆਂ 'ਤੇ ਪਤੀਲਾ ਕਾਂਗਰਸੀਆਂ ਦਾ ਤੇ ਕੜਛੀ ਅਕਾਲੀਆਂ ਦੀ ਫਿਰਨ ਕਰ ਕੇ ਮੁਕੱਦਮਿਆਂ ਦੇ ਖਾਤੇ ਵੀ ਖੁੱਲ੍ਹ ਗਏ ਹਨ। ਇਤਿਹਾਸਕ ਪੱਖੋਂ ਕਹੀ ਜਾਂਦੇ ਨੇ ਕਿ ਨੌਰਾ ਤੇ ਭੌਰਾ ਨਾਂ ਦੇ ਦੋ ਭਰਾ ਸਨ ਜਿਨ੍ਹਾਂ ਨੇ ਆਪੋ-ਆਪਣੇ ਨਾਂ 'ਤੇ ਪਿੰਡ ਵਸਾਏ, ਪਰ ਇਹ ਕੋਈ ਪ੍ਰਮਾਣਿਤ ਤੱਥ ਨਹੀਂ। ਪਿੰਡ ਵਿਚ ਹਾਲੇ ਮਸੀਤ ਹੈ, ਮੁਸਲਮਾਨਾਂ ਦੇ ਕਈ ਵੀਰਾਨ ਘਰ ਉਵੇਂ ਪਏ ਹਨ। ਵੰਡ ਤੋਂ ਪਹਿਲਾਂ ਇਥੇ ਬਹੁ-ਗਿਣਤੀ ਰਾਜਪੂਤ ਮੁਸਲਮਾਨ ਰਹਿੰਦੇ ਸਨ, ਤੇ ਪਿੰਡ 'ਚ ਪਾਗਲ ਹੋ ਕੇ ਮਰਨ ਵਾਲੇ ਕੁਝ ਲੋਕਾਂ ਨੇ ਉਨ੍ਹਾਂ ਦਾ ਵੱਡੀ ਪੱਧਰ 'ਤੇ ਕਤਲੋਗਾਰਤ ਕੀਤਾ ਸੀ।

ਪਿੰਡ 'ਚ ਕੋਈ ਕੱਚਾ ਘਰ ਨਹੀਂ, ਨਾ ਹੀ ਉਹ ਘਰ ਹੈ ਜਿਸ ਦਾ ਕੋਈ ਪਰਿਵਾਰਕ ਮੈਂਬਰ ਵਿਦੇਸ਼ ਨਹੀਂ। ਹਰ ਗਲੀ-ਨਾਲੀ ਹੀ ਪੱਕੀ ਨਹੀਂ, ਫੁੱਟਪਾਥ ਵੀ ਪੱਕੇ ਹਨ। ਨੌਂ ਪੱਕੀਆਂ ਸੜਕਾਂ ਪਿੰਡ ਵਿਚ ਦਾਖਲ ਹੁੰਦੀਆਂ ਹਨ ਤੇ ਚਿੱਟੀ ਬੇਈਂ 'ਤੇ ਇਕ ਕਿਲੋਮੀਟਰ ਦੇ ਵਕਫੇ ਵਿਚ ਪੰਜ ਪੁਲ ਹਨ ਜਿਨ੍ਹਾਂ ਵਿਚੋਂ ਕਹਿੰਦੇ ਨੇ ਤਿੰਨ, ਦਿਲਬਾਗ ਸਿੰਘ ਦੀ ਜ਼ਮੀਨ ਨੂੰ ਦੋਹੀਂ ਪਾਸੀਂ ਜੋੜਨ ਲਈ ਬਣੇ ਸਨ। ਪਿੰਡ ਵਿਚ ਟੈਲੀਫੋਨ ਐਕਸਚੇਂਜ ਉਦੋਂ ਬਣ ਗਈ ਸੀ ਜਦੋਂ ਜਲੰਧਰ ਵੀ ਬੁੱਕ ਕਰਵਾ ਕੇ ਫੋਨ ਕੁਨੈਕਸ਼ਨ ਨਹੀਂ ਸਨ ਲਗਦੇ, ਤੇ ਪਿੰਡ ਦੀ ਸਹਿਕਾਰੀ ਸਭਾ ਕੋਲ ਕਿਸਾਨਾਂ ਤੇ ਗੈਰ-ਕਾਸ਼ਤਕਾਰਾਂ ਨੂੰ ਆਪ ਕਰਜ਼ਾ ਦੇਣ ਦੀ ਸਮਰੱਥਾ ਹੈ।

ਮੇਰੇ ਪਿੰਡ 'ਚ ਤਿੰਨ ਗੁਰਦੁਆਰੇ ਨੇ। ਇਕ ਬਾਰ ਤੋਂ ਆਏ ਸਿੱਖਾਂ ਦਾ, ਇਕ ਪੱਕਿਆਂ ਦਾ ਤੇ ਇਕ ਰਵਿਦਾਸੀਆਂ ਦਾ। ਗੁੱਗਾ ਪੀਰ, ਜ਼ਾਹਰ ਪੀਰ, ਪੰਜ ਪੀਰ, ਸ਼ਿਵ ਦੁਆਲਾ, ਬਾਬਾ ਪੁੰਨੂੰ, ਜਤੀਆਂ,

*(ਬਾਕੀ ਸਫਾ 33 ਉਤੇ)*



*ਮੇਰੇ ਪਿੰਡ ਦੀ ਨਿਸ਼ਾਨਦੇਹੀ ਕਰਾਉਂਦਾ ਇਕ ਹਵਾਈ ਦ੍ਰਿਸ਼*

## ਸਿੱਖੀ ਕੀ ਸੀ ਤੇ ਕੀ ਹੈ-5

# ਸਿੱਖੀ ਅਤੇ ਜਾਤ-ਪਾਤ

**ਸਿੱਖੀ ਦੇ ਵੱਖ-ਵੱਖ ਪੱਖਾਂ ਬਾਰੇ ਚਰਚਾ ਪਿਛਲੇ ਕੁਝ ਅੰਕਾਂ ਤੋਂ 'ਪੰਜਾਬ ਟਾਈਮਜ਼' ਵਿਚ ਚੱਲ ਰਹੀ ਹੈ। ਇਨ੍ਹਾਂ ਲਿਖਤਾਂ ਵਿਚ ਸਿੱਖੀ ਦੇ ਵੱਖ-ਵੱਖ ਪਹਿਲੂਆਂ ਬਾਰੇ ਵਿਚਾਰਾਂ ਕਰਦਿਆਂ ਲੇਖਕਾਂ ਨੇ ਸਿੱਖਾਂ ਦੇ ਸਿੱਖੀ ਤੋਂ ਲਾਂਭੇ ਜਾਣ ਬਾਰੇ ਆਪੋ-ਆਪਣੇ ਫਿਕਰ ਸਾਂਝੇ ਕੀਤੇ ਹਨ। ਇਸ ਵਿਚਾਰ-ਚਰਚਾ ਤਹਿਤ ਪ੍ਰੋ. ਹਰਪਾਲ ਸਿੰਘ ਦੇ ਆਪਣੇ ਲੰਮੇ ਲੇਖ ਵਿਚ ਸਮੁੱਚੇ ਧਰਮਾਂ ਦੇ ਪ੍ਰਸੰਗ ਵਿਚ ਸਿੱਖੀ ਦੇ ਦਾਰਸ਼ਨਿਕ ਪੱਖਾਂ ਬਾਰੇ ਗੱਲਾਂ ਕੀਤੀਆਂ ਸਨ। ਪਿਛਲੇ ਅੰਕ ਵਿਚ ਉਨ੍ਹਾਂ ਸੰਸਾਰ ਭਰ ਵਿਚ ਜਾਤ-ਪਾਤ ਦੇ ਪਿਛੋਕੜ ਬਾਰੇ ਚਰਚਾ ਕੀਤੀ ਸੀ। ਇਸ ਵਾਰ ਇਸ ਲੇਖ ਦੀ ਆਖਰੀ ਕਿਸ਼ਤ ਛਾਪੀ ਜਾ ਰਹੀ ਹੈ ਜਿਸ ਵਿਚ ਉਨ੍ਹਾਂ ਜਾਤ-ਪਾਤ ਅਤੇ ਸਿੱਖੀ ਬਾਰੇ ਗੱਲਾਂ ਕੀਤੀ ਹਨ। -ਸੰਪਾਦਕ**

ਰੁਤਬੇ ਦੇ ਆਧਾਰ ਉਤੇ ਉਸਾਰੇ ਦਰਜਾਬੰਦੀ ਦੇ ਸਿਸਟਮ ਦੀ ਭਾਰਤੀ ਜਾਤ-ਪਾਤੀ ਉਭਰਵੀਂ ਮਿਸਾਲ ਹੈ। ਇਸ ਦਾ ਮਕਸਦ ਜਾਤ ਆਧਾਰਤ (ਬੁਨਿਆਦੀ ਤੌਰ 'ਤੇ ਪੁਜਾਰੀ ਤਬਕੇ ਅਤੇ ਕੁਝ ਘੱਟ ਹੱਦ ਤੱਕ ਦੂਜੀਆਂ ਅਖੌਤੀ ਜਾਤਾਂ ਦੇ) ਸਮਾਜਕ ਰੁਤਬੇ ਨੂੰ ਮਿਥੀ ਦਰਜਾ-ਬਦਰਜੀ ਮੁਤਾਬਕ ਕਾਇਮ ਕਰਨਾ ਸੀ। ਭਾਰਤੀ ਸਮਾਜ ਵਿਚ ਜਾਤ ਰੁਤਬੇ ਦੀ ਸਰਦਾਰੀ ਦਾ ਅੰਦਾਜ਼ਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਆਰਥਿਕ ਰੁਤਬੇ ਨੂੰ ਜਾਤੀਵਾਦੀ ਰੁਤਬੇ ਤੋਂ ਨੀਵਾਂ ਮੰਨਿਆ ਗਿਆ ਅਤੇ ਸਿਆਸੀ ਤੇ ਫੌਜੀ ਤਾਕਤ ਬ੍ਰਾਹਮਣੀ-ਪ੍ਰੋਹਿਤਵਾਦ ਦੇ ਹੇਠ ਵਗਦੀ ਰਹੀ। ਇਸ ਸਮਾਜਕ ਰੁਤਬੇ ਨੂੰ ਰਾਜਸੀ ਜਾਂ ਆਰਥਿਕ ਰੁਤਬੇ ਤੋਂ ਉਪਰ ਰੱਖਿਆ ਜਾਂਦਾ ਸੀ। ਛਤਰਪਤੀ ਹਿੰਦੂ ਰਾਜਾ ਜਾਤ-ਪਾਤ ਦੇ ਰੁਤਬੇ ਪੱਖੋਂ ਆਪਣੇ ਪੁਜਾਰੀ ਨਾਲੋਂ ਨੀਵਾਂ ਸੀ ਜੋ ਆਰਥਿਕ ਤੌਰ ਉਤੇ ਉਸੇ ਰਾਜੇ ਉਪਰ ਨਿਰਭਰ ਸੀ। ਉਦਾਹਰਣ ਵਜੋਂ ਸ਼ਿਵਾ ਜੀ ਮਰਾਠਾ ਨੂੰ ਵੀ ਆਪਣੇ ਰਾਜ ਲਈ ਧਾਰਮਿਕ ਮਾਨਤਾ ਹਾਸਲ ਕਰਨ ਖਾਤਰ ਬ੍ਰਾਹਮਣ ਦੇ ਦਰ 'ਤੇ



**ਪ੍ਰੋ. ਹਰਪਾਲ ਸਿੰਘ**
ਫੋਨ: 916-478-1640

ਝੁਕਣਾ ਪਿਆ।

'ਐਸੇਜ਼ ਆਨ ਦਿ ਕਾਸਟ ਸਿਸਟਮ' (ਸਫਾ 9) ਅਤੇ 'ਹਿੰਦੂ ਟਰਾਈਬਜ਼ ਐਂਡ ਕਾਸਟਸ' (ਸਫਾ 218, 235) ਵਿਚ ਬਾਊਗਲ ਲਿਖਦਾ ਹੈ, "ਜਾਤ-ਪਾਤ ਦੀ ਭਾਵਨਾ ਵਿਚ ਤਿੰਨ ਪ੍ਰਵਿਰਤੀਆਂ ਦਾ ਮੇਲ ਹੈ। ਦੂਜਿਆਂ ਨੂੰ ਧਿਰਕਾਰਨਾ, ਦਰਜਾ-ਬਦਰਜੀ ਅਤੇ ਕਿੱਤੇ ਦਾ ਜੱਦੀ ਹੋਣਾ। ਅਜਿਹਾ ਸਮਾਜਕ ਸਿਸਟਮ ਅਸੀਂ ਉਸ ਨੂੰ ਕਹਿੰਦੇ ਹਾਂ ਜਿਹੜਾ ਸਿਧਾਂਤਕ ਰੂਪ ਵਿਚ ਨਾ ਹੀ ਨੀਵੀਆਂ ਜਾਤਾਂ ਨਾਲ ਸਾਂਝਾ ਭੋਜਨ, ਨਾ ਵਿਆਹ-ਸ਼ਾਦੀ ਅਤੇ ਨਾ ਹੀ ਜੱਦੀ ਕਿੱਤੇ ਦੀ ਤਬਦੀਲੀ ਨੂੰ ਬਰਦਾਸ਼ਤ ਕਰਦਾ ਹੈ। ਸਮਾਜਕ ਦ੍ਰਿਸ਼ਟੀਕੋਣ ਤੋਂ ਲੋਕਾਈ ਇਹ ਪਾਟੋ-ਧਾੜ, ਨਫਰਤ, ਈਰਖਾ ਤੇ ਬੇਇਤਬਾਰੀ ਜਾਤ-ਪਾਤ ਦੇ ਮੁੱਖ ਲੱਛਣ ਹਨ।"

ਬ੍ਰਾਹਮਣੀ ਜਬਰ ਤੋਂ ਬਚਣ ਵਾਸਤੇ ਜੈਨ ਮੱਤ ਨੇ ਜਾਤ-ਪਾਤੀ ਪ੍ਰਬੰਧ ਨਾਲ ਸਮਝੌਤਾ ਕਰ ਲਿਆ ਸੀ। ਵੇਦਾਂ ਤੋਂ ਤੋੜ-ਵਿਛੋੜਾ ਕਰ ਕੇ ਅਤੇ ਜਨਮ ਤੋਂ ਆਧਾਰ 'ਤੇ ਮਿਲਣ ਵਾਲੇ ਵਿਸ਼ੇਸ਼ ਅਧਿਕਾਰਾਂ ਨੂੰ ਰੱਦ ਕਰ ਕੇ ਬੁੱਧ ਮੱਤ ਨੇ ਜਾਤੀ ਪ੍ਰਬੰਧ ਦੀਆਂ ਜੜ੍ਹਾਂ 'ਤੇ ਵਾਰ ਕੀਤਾ, ਪਰ ਬੋਧੀਆਂ ਨੇ ਜਾਤ-ਪਾਤ ਖਤਮ ਨਾ ਕੀਤੀ, ਸਗੋਂ ਸਮਾਜੀ ਸੰਸਥਾ ਦੇ ਤੌਰ 'ਤੇ ਸਵੀਕਾਰ ਕਰ ਲਿਆ। ਮੱਧ ਯੁੱਗ ਦੇ ਭਗਤਾਂ ਨੇ ਜਾਤ-ਪਾਤੀ ਸਮਾਜੀ ਪ੍ਰਬੰਧ ਦੀ ਆਲੋਚਨਾ ਤਾਂ ਕੀਤੀ, ਪਰ ਇਸ ਨਾਲੋਂ ਤੋੜ-ਵਿਛੋੜਾ ਕਰਨ ਬਾਰੇ ਕੋਈ ਠੋਸ ਕਦਮ ਨਹੀਂ ਉਠਾਏ, ਤੇ ਨਾ ਹੀ ਜਾਤ-ਪਾਤੀ ਸਮਾਜ ਤੋਂ ਬਾਹਰ ਕੋਈ ਨਵਾਂ ਸਮਾਜ ਬਣਾਉਣ ਦੀ ਯੋਜਨਾ ਬਣਾਈ।

ਸਿੱਖ ਗੁਰੂਆਂ ਦੀ ਵਿਚਾਰਧਾਰਾ ਦਾ ਪਹਿਲਾ ਨਿਸ਼ਾਨਾ ਬਰਾਬਰੀ ਵਾਲਾ ਸਮਾਜ ਉਸਾਰਨਾ ਸੀ। ਗੁਰੂ ਨਾਨਕ ਦੀ ਲਹਿਰ ਨੇ ਹਿੰਦੂ ਸਮਾਜ ਤੋਂ ਅਲੱਗ ਹੋ ਕੇ ਸਿੱਖ ਪੰਥ ਕਾਇਮ ਕਰਨ ਦਾ ਜਥੇਬੰਦ ਯਤਨ ਕੀਤਾ। ਇਸ ਦਾ ਟੀਚਾ ਜਾਤ-ਪਾਤ 'ਚ ਸੁਧਾਰ ਕਰ ਕੇ ਗੁਜ਼ਾਰਾ ਕਰੀ ਜਾਣਾ ਨਹੀਂ ਸੀ, ਇਸ ਦਾ ਇਨਕਲਾਬੀ ਟੀਚਾ ਸੀ। ਜਾਤ-ਪਾਤ ਦੀ ਥਾਂ ਮਨੁੱਖੀ ਬਰਾਬਰੀ ਉਤੇ ਆਧਾਰਤ ਨਵਾਂ ਸਮਾਜਕ ਸਿਸਟਮ (ਸਿੱਖ ਪੰਥ) ਕਾਇਮ ਕਰਨਾ ਸੀ।

ਸਿੱਖ ਪੰਥ ਦੀ ਸਥਾਪਨਾ ਜਾਤੀਵਾਦੀ ਵਿਚਾਰਧਾਰਾ ਅਤੇ ਜਾਤੀਵਾਦੀ ਸਮਾਜ ਨਾਲੋਂ ਮੁਕੰਮਲ ਤੋੜ-ਵਿਛੋੜਾ ਸੀ। ਜਾਤ-ਪਾਤ ਦੇ ਭੇਦ-ਭਾਵ ਤੋਂ ਰਹਿਤ ਸਿੱਖ ਪੰਥ ਦੀ ਸਥਾਪਨਾ ਨੇ ਭਾਰਤੀ ਸਮਾਜ ਵਿਚ ਨਵਾਂ ਅਧਿਆਇ ਸ਼ੁਰੂ ਕੀਤਾ। ਸਿੱਖ ਧਰਮ ਕਰਮ-ਕਾਂਡਾਂ, ਜਾਤ-ਪਾਤ ਜਾਂ ਰਸਮੀ ਰਿਵਾਜੀ ਧਰਮ ਨੂੰ ਧਰਮ ਨਹੀਂ ਸਮਝਦਾ। ਸਿੱਖ ਧਰਮ ਕੇਵਲ ਐਸੇ ਰੂਹਾਨੀ ਅਨੰਦ ਦੀ ਖੋਜ ਦਾ ਸਾਧਨ ਹੈ ਜੋ ਸਿਆਸੀ ਗੁਲਾਮੀ ਜਾਂ ਧਾਰਮਿਕ ਜਬਰ ਨਾਲ ਅਸਾਵਾਂ ਚੱਲਦਾ ਰਹੇ। ਹਿੰਦੂ ਸਮਾਜੀ ਸਿਸਟਮ ਨਾਲ ਸਿੱਖ ਲਹਿਰ ਦੀ ਟੱਕਰ ਲਾਜ਼ਮੀ ਸੀ।

"ਸਿੱਖ ਲਹਿਰ ਦੇ ਬਾਨੀ ਗੁਰੂ ਨਾਨਕ ਸਾਹਿਬ ਨੇ ਜਾਤ-ਪਾਤ ਨਾਲ ਜੁੜੀ ਵਿਚਾਰਧਾਰਾ ਨੂੰ ਉਲਟੀ ਮਤ ਗਰਦਾਨਿਆ ਹੈ।" (ਮੈਕਾਲਿਫ, ਮੈਕਸ ਆਰਥਰ, ਦਿ ਸਿੱਖ ਰਿਲੀਜ਼ਨ) ਗੁਰੂ ਜੀ ਨੇ ਆਪਣੀ ਜਾਤ-ਪਾਤ ਵਿਰੋਧੀ ਵਿਚਾਰਧਾਰਾ ਨੂੰ ਸੰਗਤ ਤੇ ਪੰਗਤ ਦੀਆਂ ਸੰਸਥਾਵਾਂ ਦਾ ਰੂਪ ਦਿੱਤਾ। ਇਨ੍ਹਾਂ ਸੰਸਥਾਵਾਂ ਤੋਂ ਹੀ ਅਗਾਂਹ ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਸਿੱਖ ਪੰਥ ਦਾ ਵਿਸਥਾਰ ਹੋਇਆ। ਸਿੱਖ ਵਿਚਾਰਧਾਰਾ ਗੁਮਾਨ ਜਾਂ ਘੁਮੰਡ ਦੀ ਪ੍ਰਵਾਨਗੀ ਨਹੀਂ ਦਿੰਦੀ, ਪਰ ਸਦੀਆਂ ਤੋਂ ਦੱਬੇ-ਕੁਚਲੇ ਲੋਕਾਂ ਵੱਲੋਂ ਆਪਣੇ ਅੰਦਰ ਪੈਦਾ ਹੋਏ ਨਵੇਂ ਸਵੈਮਾਣ ਦੀ ਗੱਲ ਜ਼ਰੂਰ ਕਰਦੀ ਹੈ। ਗੁਰੂ ਨਾਨਕ ਨੇ 'ਨੀਚ ਤੋਂ ਨੀਚ ਜਾਤ' ਨਾਲ ਆਪਣੇ ਆਪ ਨੂੰ ਜੋੜਿਆ। ਉਹ ਨੀਵੀਆਂ ਜਾਤਾਂ ਦੇ ਭਾਈਬੰਦ ਬਣੇ।

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥ
ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ
(ਗੁਰੂ ਗ੍ਰੰਥ ਸਾਹਿਬ, ਅੰਗ 15)

ਗੁਰੂ ਨਾਨਕ ਨੇ ਨਾ ਸਿਰਫ਼ ਜਾਤ-ਪਾਤੀ ਰੁਤਬੇ ਦੀ ਹੀ ਨਿਖੇਧੀ ਕੀਤੀ, ਸਗੋਂ ਅਮੀਰ ਤੇ ਗਰੀਬ ਵਿਚਕਾਰ ਪੈਦਾ ਹੋਣ ਵਾਲੇ ਪਾੜੇ ਦੀ ਵੀ ਨਿਖੇਧੀ ਕੀਤੀ। ਕਿਉਂਕਿ ਛੂਤ-ਛਾਤ ਨੂੰ ਮੰਨਣਾ ਤਾਂ ਕਿਤੇ ਰਿਹਾ, ਹਰ ਇਕ ਸਿੱਖ ਜਦੋਂ ਵੀ ਦੂਜੇ ਨੂੰ ਮਿਲਦਾ ਸੀ, ਉਸ ਦੇ ਪੈਰ ਛੂੰਹਦਾ ਸੀ। ਭਾਈ ਗੁਰਦਾਸ ਅਨੁਸਾਰ,

ਚਾਰਿ ਵਰਨਿ ਇਕ ਵਰਨਿ ਕਰ
ਵਰਨ ਅਵਰਨ ਸਾਧਸੰਗ ਜਾਪੈ।
ਬਾਰਹ ਪੰਥ ਮਿਟਾਇ ਕੈ
ਗੁਰਮੁਖਿ ਵਡਾ ਪਰਤਾਪੈ।

ਗੁਰੂ ਨਾਨਕ ਦਾ ਮਿਸ਼ਨ ਸਮਾਜਕ ਅਸਮਾਨਤਾ ਨੂੰ ਖਤਮ ਕਰਨਾ ਸੀ। ਜਾਤ-ਪਾਤ ਨੂੰ ਮੰਨਣ ਵਾਲੇ ਕਿਸੇ ਵੀ ਬੰਦੇ ਨੂੰ ਗੁਰੂ ਜੀ ਦੀ ਸੰਗਤ ਵਿਚ ਥਾਂ ਨਹੀਂ ਸੀ। ਜਿਹੜੇ ਵੇਦਾਂ ਅਤੇ ਜਾਤ-ਪਾਤ ਦੀਆਂ ਪਾਈਆਂ ਰੋਕਾਂ ਤੋਂ ਨਹੀਂ ਸਨ ਡਰਦੇ, ਉਹ ਹੀ ਸੰਗਤ ਵਿਚ ਆਉਂਦੇ ਸਨ। ਗੁਰੂ ਜੀ ਉਚੀ ਕੁਲ (ਬੇਦੀ ਖੱਤਰੀ) ਵਿਚੋਂ ਸਨ, ਪਰ ਉਨ੍ਹਾਂ ਆਪਣੇ ਆਪ ਨੂੰ ਨੀਚ ਲੋਕਾਂ ਦਾ ਸਾਥੀ ਦਰਸਾਇਆ। ਸਿੱਖਾਂ ਦੇ ਸਵਾਲ ਕਿ 'ਉਹ ਆਪਣਾ ਨਾਂ ਦੱਸਣ' ਦੇ ਜਵਾਬ ਵਿਚ ਉਹ ਕਹਿੰਦੇ ਸਨ, 'ਉਨ੍ਹਾਂ ਦਾ ਨਾਂ ਨਾਨਕ ਹੈ। ਵਾਹਿਗੁਰੂ ਦਾ ਨਾਂ ਜਪ ਕੇ ਹੀ ਉਨ੍ਹਾਂ ਨੇ ਗਿਆਨ ਪ੍ਰਾਪਤ ਕੀਤਾ ਹੈ ਅਤੇ ਉਚੇ ਕੁਲ ਦੇ ਘਰ ਵਿਚ ਜਨਮ ਲੈ ਕੇ ਉਹ ਨੀਚ ਲੋਕਾਂ ਦਾ ਸਾਥੀ ਅਖਵਾ ਰਹੇ ਹਨ।'

ਆਖਣ ਸਿਧ ਸੁਣ ਬਾਲਿਆ
ਅਪਨਾ ਨਾਉਂ ਤੁਮ ਦੇਹੁ ਬਤਾਈ।
ਬਾਬੇ ਆਖੇ ਨਾਥ ਜੀ
ਨਾਨਕ ਨਾਮ ਜਪੇ ਗਤਿ ਪਾਈ।
ਨੀਚ ਕਹਾਇ ਉਚ ਘਰ ਆਈ।
(ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 28ਵੀਂ)

ਗੁਰੂ ਨਾਨਕ ਦੀਆਂ ਚਾਰ ਉਦਾਸੀਆਂ ਵਿਚ ਭਾਈ ਮਰਦਾਨਾ ਸਭ ਤੋਂ ਪਹਿਲਾਂ ਦਾ ਅਤੇ ਹਮੇਸ਼ਾ ਨਾਲ ਰਹਿਣ ਵਾਲਾ ਸਾਥੀ ਰਿਹਾ। ਭਾਈ ਮਰਦਾਨਾ ਮੁਸਲਮਾਨ ਵੀ ਸੀ ਤੇ ਨੀਵੀਂ ਜਾਤ ਦਾ ਵੀ। ਬ੍ਰਾਹਮਣ ਸਮਾਜ ਉਸ ਨੂੰ ਘ੍ਰਿਣਾ ਦੀ ਨਜ਼ਰ ਨਾਲ ਦੇਖਦਾ ਸੀ। ਗੁਰੂ ਬਾਬਾ ਦਾ ਆਪਣੀਆਂ ਉਦਾਸੀਆਂ ਵਿਚ ਭਾਈ ਮਰਦਾਨੇ ਨੂੰ ਨਾਲ ਰੱਖਣਾ ਵੱਡਾ ਕ੍ਰਾਂਤੀਕਾਰੀ ਕਦਮ ਸੀ।

"ਗੁਰੂ ਬਾਬਾ ਜੀ ਜਦੋਂ ਕਦੀ ਬੰਦਗੀ ਕਰਦਿਆਂ ਸਮਾਧੀ ਵਿਚ ਲੀਨ ਹੋ ਜਾਂਦੇ, ਤਾਂ ਭਾਈ ਮਰਦਾਨਾ ਪੰਜ ਕਰਮਾਂ ਖਲੋ ਕੇ ਲਗਾਤਾਰ ਪਹਿਰਾ ਦਿੰਦੇ ਕਿ ਸਮਾਧੀ ਵਿਚ ਕੋਈ ਵਿਘਨ ਨਾ ਪਵੇ। ਕਿਸੇ ਨੂੰ ਨੇੜੇ ਨਾ ਜਾਣ ਦਿੰਦੇ, ਪਰ ਜਦੋਂ ਬਾਬਾ ਜੀ ਗਾਉਣ ਲਗਦੇ ਤਾਂ ਰਬਾਬ ਲੈ ਕੇ ਇੰਨਾ ਨੇੜੇ ਬੈਠਦੇ ਕਿ ਗੋਡੇ ਨਾਲ ਗੋਡਾ ਖਹਿੰਦਾ, ਕੁਦਰਤ ਉਨ੍ਹਾਂ ਦੀਆਂ ਸੁਰਾਂ ਨਾਲ ਰਲ ਕੇ ਗਾਉਣ ਲਗਦੀ। ਨਾਥਾਂ ਜੋਗੀਆਂ, ਬ੍ਰਾਹਮਣਾਂ, ਕਾਜ਼ੀਆਂ, ਮੌਲਵੀਆਂ ਨਾਲ ਵਿਚਾਰ-ਵਟਾਂਦਰਾ ਕਰਦਿਆਂ ਜਦੋਂ ਗਿਆਨ ਦੀ ਹਨ੍ਹੇਰੀ ਵਗਦੀ ਤਾਂ ਬਾਬਾ ਜੀ ਆਖਦੇ- 'ਮਰਦਾਨਿਆਂ, ਰਬਾਬ ਉਠਾਇ। ਬਾਣੀ ਆਈ ਹੈ।' ਕੀਰਤਨ ਦੀ ਬਾਰਸ਼ ਹੁੰਦੀ ਤਾਂ ਸਾਰੀ ਗਰਦ-ਗੁਬਾਰ ਧੂਲ ਜਾਂਦੀ ਤੇ ਅਕਾਸ਼ ਨਿਰਮਲ ਹੋ ਜਾਂਦਾ। ਹਿੰਦੂ ਆਖਦੇ, 'ਇਨ੍ਹਾਂ ਵਿਚ ਬ੍ਰਹਮ ਦਾ ਸੰਪੂਰਨ ਪ੍ਰਕਾਸ਼ ਹੈ। ਪ੍ਰਤੱਖ ਦਿਸ ਰਹਿਆ ਹੈ।' ਕਾਮਲ

## ਵਿਚਾਰ-ਚਰਚਾ

ਫਕੀਰਾਂ ਨਾਲ ਮੇਲ ਹੁੰਦਾ ਤਾਂ ਉਹ ਕਹਿੰਦੇ, 'ਸਲਾਮਾਲੇਕਮ ਨਾਨਕ ਸ਼ਾਹ ਫਕੀਰ, ਸਾਹਿਰ ਦੇ ਰਸੀਦ, ਤੂੰ ਵੱਡਾ ਬਜ਼ੁਰਗਵਾਰ ਹਾਈ। ਅਸਾਂ ਕੂ ਦੁਆ ਦੇਹਿ ਕਿ ਸਾਡੀ ਭੀ ਸਾਹਿਬ ਨਾਲ ਉਵੇਂ ਬਣ ਆਏ ਜਿਵੇਂ ਤੈਂਡੇ ਨਾਲ ਬਣ ਆਈ ਹੈ।' ਕੋਈ ਹੋਰ ਆਉਂਦਾ ਤਾਂ ਆਖਦਾ, 'ਮਰਦ ਹਨ ਪੂਰੇ। ਭਲੇ ਹਨ ਕੋਈ। ਖੁਦਾਇ ਦੇ ਸਾਦਿਕ ਹੈਨ ਵੱਡੇ।' (ਗੌਤਮ ਤੋਂ ਤਾਸਕੀ ਤੱਕ- ਪ੍ਰੋ. ਹਰਪਾਲ ਸਿੰਘ ਪੰਨੂ)

ਉਤਰੀ ਦਿਸ਼ਾ ਵੱਲ ਉਦਾਸੀ ਵੇਲੇ ਗੁਰੂ ਜੀ ਦਾ ਇਕ ਸਾਥੀ ਛੀਂਬਾ ਤੇ ਦੂਜਾ ਲੁਹਾਰ ਸੀ। ਹਸੂ ਲੁਹਾਰ ਅਤੇ ਸੀਂਹੋ ਧੋਬੀ ਵਰਗੀ ਨੀਚ ਜਾਤੀ ਦੇ ਲੋਕ ਸਨ। ਗੁਰੂ ਨਾਨਕ ਨੇ ਨੀਵੀਂ ਜਾਤੀ ਦੇ ਗਰੀਬ ਭਾਈ ਲਾਲੋ ਦੇ ਭੋਜਨ ਦਾ ਸੱਦਾ ਪ੍ਰਵਾਨ ਕਰ ਲਿਆ, ਤੇ ਅਮੀਰ ਜਗੀਰਦਾਰ ਮਲਕ ਭਾਗੋ ਦਾ ਸੱਦਾ ਠੁਕਰਾ ਦਿੱਤਾ। ਭਾਈ ਲਾਲੋ ਨੂੰ ਸੰਗਤ ਦਾ ਮੁਖੀ ਨੀਯਤ ਕੀਤਾ। ਤਰਖਾਣ ਜਾਤੀ ਦੇ ਲੋਕਾਂ ਨੂੰ ਮੁਖੀ ਨੀਯਤ ਕਰਨ ਦੀ ਗੱਲ ਤਾਂ ਇਕ ਪਾਸੇ ਰਹੀ, ਉਸ ਸਮੇਂ ਉਚੀ ਜਾਤ ਦਾ ਕੋਈ ਬੰਦਾ ਤਰਖਾਣ ਦੇ ਘਰ ਜਾ ਕੇ ਰਹਿ ਵੀ ਨਹੀਂ ਸੀ ਸਕਦਾ। ਗੁਰੂ ਨਾਨਕ ਦੇ ਸਾਰੇ ਜੀਵਨ ਵਿਚ ਸਾਰੀਆਂ ਜਾਤਾਂ ਦੇ ਲੋਕ, ਸ਼ੂਦਰਾਂ ਤੇ ਮੁਸਲਮਾਨਾਂ ਸਮੇਤ, ਗੁਰੂ ਜੀ ਕੋਲੋਂ ਸ਼ਾਂਤੀ ਅਤੇ ਧੀਰਜ ਲੈਣ ਆਉਂਦੇ। ਉਨ੍ਹਾਂ ਨੇ ਸਾਲਸ ਰਾਏ ਨੂੰ ਦੱਸਿਆ ਕਿ ਉਸ ਦੀ ਮੁਕਤੀ ਤਾਂ ਹੋ ਸਕਦੀ ਹੈ, ਜੇ ਉਹ ਆਪਣੇ ਹੀ ਗੁਲਾਮ ਦੇ ਚਰਨਾਂ ਉਤੇ ਡਿੱਗੇ। ਜਦੋਂ ਗੁਰੂ ਜੀ ਨੂੰ ਪੁੱਛਿਆ ਗਿਆ ਕਿ ਉਨ੍ਹਾਂ ਦੀ ਜਾਤ ਕੀ ਹੈ?...ਜਵਾਬ ਮਿਲਿਆ ਕਿ ਉਹ ਅਜਾਤੀ ਹਨ ਜਾਂ ਉਨ੍ਹਾਂ ਦੀ ਜਾਤ ਨਿਰੰਕਾਰੀ ਹੈ। ਇਕ ਹੋਰ ਥਾਂ ਗੁਰੂ ਜੀ ਨੇ ਆਪਣੇ ਆਪ ਨੂੰ ਜੁਲਾਹਾ ਦੱਸਿਆ। ਜਾਤ-ਪਾਤ ਸਬੰਧੀ ਗੁਰੂ ਜੀ ਦੇ ਕੁਝ ਸ਼ਬਦ ਇੰਜ ਹਨ,

ਸਭੁ ਕੋ ਊਚਾ ਆਖੀਐ
ਨੀਚੁ ਨਾ ਦੀਸੈ ਕੋਇ॥
ਇਕਨੈ ਭਾਂਡੇ ਸਾਜਿਐ
ਇਕੁ ਚਾਨਣੁ ਤਿਹੁ ਲੋਇ।

ਅਰਥਾਤ, ਸਭ ਲੋਕਾਂ ਨੂੰ ਉਚਾ ਸਮਝਣਾ ਚਾਹੀਦਾ ਹੈ, ਕਿਉਂਕਿ ਨੀਚ ਕੋਈ ਨਹੀਂ ਹੁੰਦਾ। ਪਰਮਾਤਮਾ ਨੇ ਸਭ ਨੂੰ ਸਿਰਜਿਆ ਹੈ ਅਤੇ ਸਭ ਨੂੰ ਜੋ ਰੋਸ਼ਨੀ ਪ੍ਰਾਪਤ ਹੋ ਰਹੀ ਹੈ, ਉਹ ਵੀ ਇਕੋ ਅਕਾਲ ਪੁਰਖ ਦੀ ਹੀ ਬਖਸ਼ੀ ਹੋਈ ਹੈ।

ਜਾਤੀ ਦੈ ਕਿਆ ਹਥਿ ਸਚੁ ਪਰਖੀਐ॥

ਅਰਥਾਤ, ਮਨੁੱਖ ਦੀ ਪਰਖ ਉਸ ਦੇ ਗੁਣਾਂ ਤੋਂ ਹੋਣੀ ਚਾਹੀਦੀ ਹੈ, ਉਸ ਦੀ ਜਾਤ ਤੋਂ ਨਹੀਂ।

ਫਕੜ ਜਾਤੀ ਫਕੜੁ ਨਾਉ॥
ਸਭਨਾ ਜੀਆ ਇਕਾ ਛਾਉ॥
ਆਪਹੁ ਜੇ ਕੋ ਭਲਾ ਕਰਾਏ॥
ਨਾਨਕ ਤਾ ਪਰੁ ਜਾਪੈ
ਜਾ ਪਤਿ ਲੇਖੈ ਪਾਇ।

ਅਰਥਾਤ, ਬੰਦੇ ਲਈ ਜਾਤ-ਪਾਤ ਫਜ਼ੂਲ ਹੈ। ਉਚੇ-ਲੰਮੇ ਨਾਂ ਵੀ ਸਭ ਫਜ਼ੂਲ ਹਨ। ਸਭ ਜੀਵ ਇਕ ਅਕਾਲ ਪੁਰਖ ਦੀ ਛਤਰ ਛਾਇਆ ਵਿਚ ਹੀ ਪਲ ਰਹੇ ਹਨ। ਕੋਈ ਵੱਡਾ ਤਦ ਹੀ ਹੋਵੇਗਾ, ਜੇ ਉਸ ਦੇ ਕੰਮ ਵੱਡੇ ਹੋਣਗੇ।

ਭਾਉ ਭਗਤਿ ਕਰਿ ਨੀਚੁ ਸਦਾਏ॥
ਤਉ ਨਾਨਕ ਮੋਖੰਤਰੁ ਪਾਏ॥

ਅਰਥਾਤ, ਅਸਲ ਭਗਤ ਉਹ ਹੀ ਹਨ ਜਿਹੜੇ ਆਪਣੇ ਆਪ ਨੂੰ ਨੀਚ ਅਖਵਾਉਣ ਵਿਚ ਫਖਰ ਸਮਝਦੇ ਹਨ, ਕਿਉਂਕਿ ਅਜਿਹੀ ਸੋਚ ਨਾਲ ਹੀ ਮੁਕਤੀ ਮਿਲਦੀ ਹੈ।

ਜਾਤਿ ਜਨਮੁ ਨਾ ਪੂਛੀਐ
ਸਚ ਘਰੁ ਲੇਹੁ ਬਤਾਇ॥
ਸਾ ਜਾਤਿ ਸਾ ਪਤਿ ਹੈ
ਜੇਹੇ ਕਰਮ ਕਮਾਇ॥

ਅਰਥਾਤ, ਨਾ ਹੀ ਜਾਤ-ਪਾਤ ਅਤੇ ਨਾ ਹੀ ਉਚੀ ਕੁਲ ਵਿਚ ਲਏ ਜਨਮ ਉਥੇ ਕੋਈ ਮਹੱਤਤਾ ਰੱਖਦੇ ਹਨ, ਬੰਦੇ ਦੀ ਵਡਿਆਈ ਤਾਂ ਸਿਰਫ ਉਸ ਵੱਲੋਂ ਕੀਤੇ ਗਏ ਚੰਗੇ ਕਰਮਾਂ ਕਰ ਕੇ ਹੀ ਪ੍ਰਾਪਤ ਹੁੰਦੀ ਹੈ।

ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਕੋ
ਜਾਪੈ ਹਰਿ ਮੰਤ੍ਰੁ ਜਪੈਨੀ॥
ਗੁਰੁ ਸਤਿਗੁਰੁ ਪਾਰਬ੍ਰਹਮੁ ਕਰਿ ਪੂਜਹੁ
ਨਿਤ ਸੇਵਹੁ ਦਿਨਸੁ ਸਭ ਰੈਨੀ॥

ਅਰਥਾਤ, ਇਨ੍ਹਾਂ ਚਾਰੇ ਵਰਨਾਂ ਦੇ ਬੰਦਿਆਂ ਨੂੰ ਇਕੋ ਹੀ ਪਰਮਾਤਮਾ ਦਾ ਨਾਂ ਜਪਾਉਣਾ ਹੈ ਅਤੇ ਇਨ੍ਹਾਂ ਨੂੰ ਉਸੇ ਅਕਾਲ ਪੁਰਖ ਦੀ ਹੀ ਦਿਨ-ਰਾਤ ਸੇਵਾ ਕਰਨੀ ਚਾਹੀਦੀ ਹੈ।

ਜਾਤ-ਪਾਤ ਖਤਮ ਕਰਨ ਵਾਸਤੇ ਜੋ ਕਾਰਜ ਗੁਰੂ ਨਾਨਕ ਤੋਂ ਸ਼ੁਰੂ ਹੋਇਆ, ਉਹ ਮਿਸਲਾਂ ਦੀ ਸਥਾਪਨਾ ਤੱਕ ਜਾਰੀ ਰਿਹਾ। ਸੱਤਾ ਅਤੇ ਬਲਵੰਡ ਦੁਆਰਾ ਲਿਖੀ 'ਵਾਰ ਰਾਮਕਲੀ ਦੀ' ਵਿਚ ਦੱਸਿਆ ਗਿਆ ਹੈ ਕਿ ਗੁਰੂ ਅੰਗਦ ਨੇ ਖਡੂਰ ਸਾਹਿਬ ਵਿਚ ਗੁਰੂ ਨਾਨਕ ਦੁਆਰਾ ਚਲਾਈ ਸੰਗਤ ਤੇ ਪੰਗਤ ਦੀ ਪ੍ਰਥਾ ਜਾਰੀ ਰੱਖੀ। ਗੁਰੂ ਅੰਗਦ ਨੇ ਆਉਣ ਵਾਲੇ ਸ਼ਰਧਾਲੂਆਂ ਅਤੇ ਲੋੜਵੰਦਾਂ ਲਈ ਖਡੂਰ ਸਾਹਿਬ ਵਿਖੇ ਲੰਗਰ ਚਾਲੂ ਕੀਤਾ ਹੋਇਆ ਸੀ ਅਤੇ ਇਸ ਵਿਚ ਗੁਰੂ ਜੀ ਦੀ ਪਤਨੀ ਮਾਤਾ ਖੀਵੀ ਖੁਦ ਭੋਜਨ ਵਰਤਾਇਆ ਕਰਦੀ ਸੀ। ਦੁੱਧ ਵਿਚ ਬਣੀ ਖੀਰ ਅਤੇ ਉਸ ਵਿਚ ਦੇਸੀ ਘੀ ਪਾ ਕੇ ਲੰਗਰ ਵਿਚ ਵਰਤਾਈ ਜਾਂਦੀ ਸੀ। ਇਹ ਸੁਆਦਲਾ ਖਾਣਾ ਗਰੀਬਾਂ ਅਤੇ ਲੋੜਵੰਦਾਂ ਲਈ ਮੁਫਤ, ਬਿਨਾਂ ਕਿਸੇ ਜਾਤੀ ਭੇਦ ਦੇ ਵਰਤਾਇਆ ਜਾਂਦਾ ਸੀ। ਸਿੱਖਾਂ ਵਿਚ ਲੰਗਰ ਪ੍ਰਥਾ ਨੇ ਮਹਾਨ ਕ੍ਰਾਂਤੀਕਾਰੀ ਕੰਮ ਕੀਤਾ ਅਤੇ ਸਿੱਖਾਂ ਵਿਚ ਜਾਤ-ਪਾਤ ਦਾ ਭੇਦ ਭਾਵ ਖਤਮ ਕਰ ਦਿੱਤਾ। "ਜਿਹੜੇ ਸ਼ਰਧਾਲੂ ਲੰਗਰ ਵਿਚ ਬੈਠ ਕੇ ਭੋਜਨ ਕਰਦੇ ਸਨ, ਉਹ ਜਾਤ-ਪਾਤ ਦੇ ਭੇਦ ਮਿਟਾ ਕੇ ਸਿਰਫ਼ ਗੁਰੂ ਦੇ ਪੈਰੋਕਾਰ ਦੇ ਤੌਰ 'ਤੇ ਬੈਠ ਕੇ ਲੰਗਰ ਛਕਦੇ ਸਨ।" (ਇੰਦੂ ਭੂਸ਼ਨ ਬੈਨਰਜੀ)

ਗੁਰੂ ਰਾਮਦਾਸ ਸਾਹਿਬ ਨੇ ਲੰਗਰ ਦੀ ਪ੍ਰਥਾ ਨੂੰ ਹੋਰ ਵੱਡੇ ਪੈਮਾਨੇ 'ਤੇ ਸ਼ੁਰੂ ਕੀਤਾ। ਸੱਤਾ ਬਲਵੰਡ ਦੀ ਵਾਰ ਵਿਚ ਸਪਸ਼ਟ ਇਸ਼ਾਰਾ ਮਿਲਦਾ ਹੈ ਕਿ ਹਰ ਰੋਜ਼ ਗੁਰੂ ਜੀ ਦੇ ਲੰਗਰ ਵਿਚ ਦੇਸੀ ਘਿਉ ਅਤੇ ਵਧੀਆ ਆਟੇ ਦਾ ਭੋਜਨ ਬਣਦਾ ਸੀ। (ਨਿੱਤ ਰਸੋਈ ਤੇਰੀਐ ਘਿਉ ਮੈਦਾ ਖਾਣ)। ਇਸ ਸੰਸਥਾ ਵਿਚ ਕੋਈ ਵੀ ਬਾਹਰੋਂ ਆਉਣ ਵਾਲਾ ਯਾਤਰੀ ਸਿਰਫ਼ ਲੰਗਰ ਛਕ ਕੇ ਹੀ ਗੁਰੂ ਜੀ ਦੇ ਦਰਸ਼ਨ ਕਰ ਸਕਦਾ ਸੀ। ਲੰਗਰ ਦਾ ਮੰਤਵ ਇਹ ਸੀ ਕਿ ਸਿੱਖ ਦੇ ਮਨ ਵਿਚੋਂ ਅਖੌਤੀ ਉਚੇ ਜਨਮ ਦਾ ਅਹਿਸਾਸ ਤੇ ਅਖੌਤੀ ਨੀਵੇਂ ਘਰ ਵਿਚ ਜਨਮ ਲੈਣ ਦਾ ਭਰਮ ਮੁੱਕ ਜਾਵੇ। ਗੁਰੂ ਸਾਹਿਬ ਸਿੱਖਾਂ ਵਿਚੋਂ ਹੀਣ ਭਾਵ ਵੀ ਅਤੇ ਵੱਡਾ ਹੋਣ ਦਾ ਹੰਕਾਰ ਵੀ ਖਤਮ ਕਰਨਾ ਚਾਹੁੰਦੇ ਸਨ। 1567 ਵਿਚ ਜਦੋਂ ਅਕਬਰ ਬਾਦਸ਼ਾਹ ਲਾਹੌਰ ਵਿਚ ਸੀ ਤਾਂ ਉਸ ਨੇ ਗੁਰੂ ਜੀ ਨੂੰ ਮਿਲਣ ਵਾਸਤੇ ਗੋਇੰਦਵਾਲ ਦੀ ਫੇਰੀ ਕੀਤੀ। ਇਹ ਦੱਸਣ 'ਤੇ ਕਿ ਲੰਗਰ ਛਕੇ ਬਿਨਾਂ ਕੋਈ ਵੀ ਬੰਦਾ, ਚਾਹੇ ਉਸ ਦਾ ਰੁਤਬਾ ਕਿੰਨਾ ਹੀ ਵੱਡਾ ਕਿਉਂ ਨਾ ਹੋਵੇ, ਗੁਰੂ ਜੀ ਦੇ ਦਰਸ਼ਨ ਨਹੀਂ ਕਰ ਸਕਦਾ, ਤਾਂ ਅਕਬਰ ਬਾਦਸ਼ਾਹ ਨੇ ਵੀ ਆਮ ਆਦਮੀ ਵਾਂਗ ਪੰਗਤ ਵਿਚ ਬੈਠ ਕੇ ਭੋਜਨ ਕੀਤਾ। ਜਦੋਂ ਬਾਦਸ਼ਾਹ ਦੀ ਮਹੱਤਤਾ ਨੂੰ ਜਾਣਦੇ ਹੋਏ ਸਰਕਾਰੀ ਕਾਰਿੰਦਿਆਂ ਨੇ ਲੰਗਰ ਵਿਚ ਬਾਦਸ਼ਾਹ ਦੇ ਬੈਠਣ ਲਈ ਗਲੀਚੇ ਵਿਛਾਉਣੇ ਸ਼ੁਰੂ ਕੀਤੇ, ਤਾਂ ਅਕਬਰ ਨੇ ਉਨ੍ਹਾਂ ਨੂੰ ਇਹ ਕਹਿ ਕੇ ਰੋਕ ਦਿੱਤਾ ਕਿ ਇਹ ਪੀਰ ਦਾ ਲੰਗਰ ਹੈ ਜਿਸ ਵਿਚ ਕੋਈ ਵੱਡਾ-ਛੋਟਾ ਨਹੀਂ। ਗੁਰੂ ਜੀ ਦੀ ਮਹਾਨਤਾ ਨੂੰ ਜਾਣਦੇ ਹੋਏ ਬਾਦਸ਼ਾਹ ਅਕਬਰ ਨੇ ਲੰਗਰ ਲਈ ਜਗੀਰ ਲਾਉਣ ਦੀ ਪੇਸ਼ਕਸ਼ ਕੀਤੀ, ਪਰ ਗੁਰੂ ਜੀ ਨੇ ਬੜੀ ਹਲੀਮੀ ਨਾਲ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਬਾਦਸ਼ਾਹ, ਇਹ ਲੰਗਰ ਆਮ ਲੋਕਾਂ ਲਈ ਉਨ੍ਹਾਂ ਦੀ ਨੇਕ ਕਮਾਈ ਨਾਲ ਹੀ ਚਲਦਾ ਹੈ। ਇਸ ਸੰਸਥਾ ਰਾਹੀਂ ਸਮਾਜਕ ਬਰਾਬਰੀ ਕਾਇਮ ਹੁੰਦੀ ਹੈ ਅਤੇ ਊਚ-ਨੀਚ ਤੇ ਜਾਤ-ਪਾਤ ਦਾ ਭੇਦ ਖਤਮ ਹੁੰਦਾ ਹੈ। ਕਸੂਰ ਦੇ ਹਿੰਦੂ ਗਵਰਨਰ ਨੇ ਆਪਣੇ ਬਾਗ ਵਿਚ ਗੁਰੂ ਅਮਰਦਾਸ ਸਾਹਿਬ ਨੂੰ ਤੰਬੂ ਲਾਉਣ ਦੀ ਸਹੂਲਤ ਦੇਣ ਤੋਂ ਨਾਂਹ ਕਰ ਦਿੱਤੀ। ਉਸ ਨੇ ਕਿਹਾ, "ਉਸ (ਗੁਰੂ ਜੀ) ਨੇ ਉਚੀਆਂ ਤੇ ਨੀਵੀਆਂ, ਸਭ ਜਾਤਾਂ ਦੇ ਬੰਦੇ ਆਪਣੇ ਨਾਲ ਰਲਾ ਲਏ ਹਨ। ਇਹ ਬੰਦੇ ਇਕ ਪੰਗਤ ਵਿਚ ਬੈਠ ਕੇ ਉਸ (ਗੁਰੂ ਜੀ) ਨਾਲ ਤੇ ਹੋਰਨਾਂ ਨਾਲ ਭੋਜਨ ਖਾਂਦੇ ਹਨ। ਜੇ ਉਸ (ਗੁਰੂ) ਨੇ ਅਛੂਤਾਂ ਦਾ ਗੁਰੂ ਹੋਣਾ ਪ੍ਰਵਾਨ ਕਰ ਲਿਆ ਹੈ ਤਾਂ ਉਸ ਦੀ ਮਰਜ਼ੀ, ਪਰ ਮੈਂ ਆਪਣੇ ਨਿਵਾਸ ਥਾਂ ਦੇ ਲਾਗੇ ਉਸ (ਗੁਰੂ ਜੀ) ਨੂੰ ਨਹੀਂ ਆਉਣ ਦਿਆਂਗਾ।" (ਮੈਕਾਲਿਫ)

ਗੁਰੂ ਅਰਜਨ ਨੇ ਸਦੂ (ਬੁਧੂ) ਘੁਮਾਰ ਨੂੰ ਦੱਸਿਆ ਕਿ ਗੁਰੂ ਨਾਨਕ ਨੇ ਚਾਰੇ ਜਾਤਾਂ ਦੇ ਇਕ ਸਾਂਝੀ ਥਾਂ ਰੋਟੀ ਖਾਣ ਦੀ ਰੀਤ ਸ਼ੁਰੂ ਕੀਤੀ ਸੀ। ਗੁਰੂ ਹਰਿਗੋਬਿੰਦ ਨੇ ਚਾਰੇ ਜਾਤਾਂ ਨੂੰ ਇਕ ਥਾਂ ਮਿਲਾ ਦਿੱਤਾ। ਜਿਹੜਾ ਦਮਦਮਾ ਉਨ੍ਹਾਂ ਨੇ ਬਣਾਇਆ, ਉਸ ਦਾ ਇੰਚਾਰਜ ਇਕ ਨੀਵੀਂ ਜਾਤ ਸਮਝੇ ਜਾਂਦੇ ਵਿਅਕਤੀ ਨੂੰ ਬਣਾਇਆ (ਗੁਰੂ ਬਿਲਾਸ)। ਗੁਰੂ ਜੀ ਨੇ ਭਾਈ ਬਿਧਿਆ ਨੂੰ ਦੱਸਿਆ ਕਿ ਰੂਪ ਚੰਦ ਜੋ ਤਰਖਾਣ ਸੀ, ਉਨ੍ਹਾਂ ਨੂੰ ਬਹੁਤ ਪਿਆਰਾ ਲਗਦਾ ਹੈ:

ਰੂਪ ਚੰਦ ਮਮ ਅਧਿਕ ਪਿਆਰਾ।
ਤਾ ਤੇ ਦੇਉ ਸਿੰਘਾਸਨ ਭਾਰੀ।
ਕਰੈ ਪੂਜ ਸਭ ਜਗ ਨਰ ਨਾਰੀ।
(ਗੁਰ ਬਿਲਾਸ ਸਫਾ 6)

ਗੁਰੂ ਹਰਿਗੋਬਿੰਦ ਸਾਹਿਬ ਨੇ ਇਹ ਜ਼ਰੂਰੀ ਸਮਝਿਆ ਕਿ ਦੱਬੀਆਂ ਕੁਚਲੀਆਂ ਜਾਤਾਂ ਤੇ ਜਮਾਤਾਂ ਆਪਣੀ ਹੋਣੀ ਨੂੰ ਆਪ ਬਣਾਉਣ ਤੇ ਆਪਣੀਆਂ ਮਾਲਕ ਆਪ ਹੋਣ। ਜਦੋਂ ਉਨ੍ਹਾਂ ਪੰਥ ਨੂੰ ਹਥਿਆਰਬੰਦ ਕਰਨ ਦਾ ਐਲਾਨ ਕੀਤਾ, ਤਾਂ ਚਾਰ ਸੌ ਆਦਮੀਆਂ ਨੇ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ,

ਝੀਵਰ ਔਰ ਤਖਾਣ।
ਨਾਈ ਗੁਹਿ ਉਤਰੇ ਸਭ ਆਣ।

ਲੋਹਗੜ੍ਹ ਦੀ ਲੜਾਈ ਵਿਚੋਂ ਬਚੇ ਮੁਸਲਮਾਨਾਂ ਨੇ ਆਪਣੇ ਹਾਕਮ ਨੂੰ ਇਤਲਾਹ ਦਿੱਤੀ, 'ਭਾਵੇਂ ਸਿੱਖ ਸਾਰੀਆਂ ਜਾਤਾਂ ਤੇ ਪੇਸ਼ਿਆਂ ਵਿਚੋਂ ਸਨ, ਪਰ ਉਨ੍ਹਾਂ ਨੇ ਲੜਾਈ ਵਿਚ ਬਹਾਦਰੀ ਦਾ ਸਬੂਤ ਦਿੱਤਾ। ਇਸ ਕਰ ਕੇ ਸ਼ਾਹੀ ਫੌਜ ਨੂੰ ਹੋਈ ਹਾਰ ਦਾ ਦੋਸ਼ੀ ਨਹੀਂ ਠਹਿਰਾਇਆ ਜਾਣਾ ਚਾਹੀਦਾ।' ਜਲੰਧਰ ਦੇ ਸੂਬੇਦਾਰ ਨੇ ਗੁਰੂ ਹਰਿਗੋਬਿੰਦ ਖਿਲਾਫ਼ ਮੁਹਿੰਮ ਸ਼ੁਰੂ ਕੀਤੀ, ਕਿਉਂਕਿ ਇਹ ਸਮਝਿਆ ਗਿਆ ਕਿ ਸਮਾਜ ਦੀ ਹੇਠਲੀ ਮੈਲ ਵਿਚੋਂ ਗੁਰੂ ਸਾਹਿਬ ਨੇ ਨਖਿਧ ਬੰਦੇ ਆਪਣੇ ਨਾਲ ਰੱਖੇ ਹੋਏ ਸਨ। ਇਹ ਖਿਆਲ ਸੀ ਕਿ ਉਨ੍ਹਾਂ ਵਿਚ ਮਰਾਸੀ, ਨਾਈ, ਧੋਬੀ, ਚਮਾਰਾਂ ਜਿਹੇ ਲੋਕ ਹਨ ਜਿਹੜੇ ਸ਼ਾਹੀ ਫੌਜਾਂ ਦਾ ਮੁਕਾਬਲਾ ਕਰਨ ਵੇਲੇ ਖਿੰਡ-ਪੁੰਡ ਜਾਣਗੇ।

ਗੁਰੂ ਜੀ ਦਾ ਆਪਣਾ ਪਾਲਿਆ ਪੈਂਦੇ ਖਾਂ ਨਾਰਾਜ਼ ਹੋ ਕੇ ਗੁਰੂ ਜੀ ਨੂੰ ਛੱਡ ਕੇ ਬਾਦਸ਼ਾਹ ਕੋਲ ਜਾ ਫਰਿਆਦੀ ਹੋਇਆ। ਉਸ ਨੇ ਬਾਦਸ਼ਾਹ ਨੂੰ ਕਿਹਾ ਕਿ ਗੁਰੂ ਜੀ ਕੋਲ ਕੋਈ ਫੌਜ ਨਹੀਂ ਹੈ, "ਨਾਈਆਂ, ਧੋਬੀਆਂ, ਵਣਜਾਰਿਆਂ ਅਤੇ ਸਾਂਹਸੀਆਂ ਜਿਹੇ ਗੈਰ-ਜੰਗਜੂ ਲੋਕਾਂ ਨੂੰ ਇਕੱਠਾ ਕਰ ਕੇ ਉਸ ਨੂੰ ਉਹ ਆਪਣੀ ਫੌਜ ਕਹਿੰਦਾ ਹੈ।"

ਸਿੱਖ ਇਨਕਲਾਬ ਵਿਚ ਸਾਰੀਆਂ ਜਾਤਾਂ ਦੇ ਲੋਕਾਂ ਨੇ ਹਿੱਸਾ ਲਿਆ, ਖਾਸ ਤੌਰ 'ਤੇ ਹੇਠਲੀਆਂ ਜਾਤਾਂ ਨੇ। ਸਿੱਖ ਗੁਰੂ ਇਨਕਲਾਬੀ ਤਬਦੀਲੀ ਲਿਆਉਣਾ ਚਾਹੁੰਦੇ ਸਨ। ਉਹ ਚਾਹੁੰਦੇ ਸਨ ਕਿ ਸਮਾਜ ਦੇ ਦੱਬੇ-ਕੁਚਲੇ, ਨਿਆਸਰੇ ਤੇ ਲੁੱਟੇ-ਪੁੱਟੇ ਲੋਕ ਆਪਣੀ ਹੋਣੀ ਆਪ ਨਿਸ਼ਚਿਤ ਕਰਨ।

ਆਨੰਦਪੁਰ ਸਾਹਿਬ ਵਿਖੇ ਜਦੋਂ ਗੁਰੂ ਗੋਬਿੰਦ ਸਿੰਘ ਪਾਸ ਗੁਰੂ ਤੇਗ ਬਹਾਦਰ ਦਾ ਸੀਸ ਲਿਆਂਦਾ ਗਿਆ ਤਾਂ ਗੁਰੂ ਜੀ ਨੇ ਪੁੱਛਿਆ, 'ਗੁਰੂ ਤੇਗ ਬਹਾਦਰ ਨਾਲ ਕਿੰਨੇ ਸਿੱਖਾਂ ਨੇ ਕੁਰਬਾਨੀ ਦਿੱਤੀ।' ਜਵਾਬ ਸਪਸ਼ਟ ਸੀ, 'ਸਿਰਫ ਦੋ ਸਿੱਖਾਂ ਨੇ ਹੀ ਕੁਰਬਾਨੀ ਦਿੱਤੀ।' ਗੁਰੂ ਜੀ ਨੇ ਕਿਹਾ, 'ਪਰ ਸਿੱਖਾ! ਸਿੱਖ ਤਾਂ ਸਾਡੇ ਬਹੁਤ ਆਹੇ?' ਜਵਾਬ ਮਿਲਿਆ, 'ਜੀ ਸੱਚੇ ਪਾਤਸ਼ਾਹ...ਸਭ ਬੇਮੁੱਖ ਹੋਇ, ਸਭ ਫਿਰ ਗਏ। ਨਿਸ਼ਾਨੀ ਤਾਂ ਨਾਹੀ ਸਿੱਖੀ ਦੀ ਕਿਸੇ ਨੂੰ ਲੱਗੀ, ਜੁ ਕੋਈ ਸਿੱਖ ਸਹੇ ਕਰੇ।' ਇਹ ਸੁਣ ਗੁਰੂ ਜੀ ਨੇ ਕਿਹਾ, 'ਐਸੀ ਨਿਸ਼ਾਨੀ ਸਿੱਖਾਂ ਨੂੰ ਲਾਵਾਂਗਾ, ਜੁ ਹਜ਼ਾਰਾਂ ਵਿਚ ਖੜੋਤਾ ਸਿੱਖ ਲੁਕੇ ਨਾ ਹੀ।' (ਰਹਿਤਨਾਮਾ ਸਫਾ 88-89, ਮੈਲਕਮ)

ਇਸ ਤਰ੍ਹਾਂ ਗੁਰੂ ਜੀ ਨੇ 17ਵੀਂ ਸਦੀ ਦੇ ਆਖਰੀ ਸਾਲ ਵਿਚ ਵਿਸਾਖੀ ਦੇ ਸ਼ੁਭ ਦਿਹਾੜੇ 'ਤੇ ਪੰਜ ਪਿਆਰਿਆਂ ਨਾਲ ਖਾਲਸਾ ਪੰਥ ਦੀ ਸਿਰਜਣਾ ਕੀਤੀ। ਭਾਈ ਦਯਾ ਸਿੰਘ ਲਾਹੌਰ ਦੇ ਖੱਤਰੀ ਸਨ, ਭਾਈ ਧਰਮ ਸਿੰਘ ਦਿੱਲੀ ਤੇ ਸਹਾਰਨਪੁਰ ਦੇ ਜੱਟ ਸਨ (ਕਈ ਲਿਖਾਰੀ ਇਨ੍ਹਾਂ ਨੂੰ ਰੋਹਤਕ ਨਿਵਾਸੀ ਲਿਖਦੇ ਹਨ)। ਹਿੰਮਤ ਸਿੰਘ ਸ਼ੂਦਰ ਜਾਤ ਨਾਲ ਸਬੰਧਤ ਸਨ। ਮੋਹਕਮ ਸਿੰਘ ਦੁਆਰਕਾ (ਗੁਜਰਾਤ) ਦੇ ਧੋਬੀ ਸਨ, ਹਿੰਮਤ ਸਿੰਘ ਜਗਨਨਾਥ ਪੁਰੀ ਨਾਲ ਸਬੰਧਤ ਝਿਊਰ ਸਨ ਅਤੇ ਸਾਹਿਬ ਸਿੰਘ ਬਿਦਰ ਦੇ ਨਾਈ ਸਨ। ਜਾਤ-ਪਾਤੀ

*(ਬਾਕੀ ਅਗਲੇ ਸਫੇ 'ਤੇ)*

**ਤੇਰੀਆਂ ਗਲੀਆਂ-17**



*ਮੈਂ ਆਪਣੇ ਪਿੰਡ ਨੰਗਲ ਸ਼ਾਮਾ ਬਾਰੇ ਇੰਨੀਆਂ ਕਵਿਤਾਵਾਂ ਲਿਖਣਾ ਚਾਹੁੰਦਾ ਹਾਂ ਜਿੰਨੀਆਂ ਮੈਂ ਸਾਰੀ ਉਮਰ ਲਾ ਕੇ ਵੀ ਲਿਖ ਨਾ ਸਕਾਂ, ਪਰ ਚਾਹੁੰਦੇ ਹੋਏ ਵੀ ਨਹੀਂ ਲਿਖ ਸਕਦਾ, ਕਿਉਂਕਿ ਮੈਨੂੰ ਕਵਿਤਾ ਨਾ ਲਿਖਣ ਦਾ ਸਰਾਪ ਹੈ। ਦਰਅਸਲ ਮੈਂ ਰੱਜ ਕੇ ਪਿੰਡ ਦੀ ਮਿੱਟੀ ਖਾਣਾ ਚਾਹੁੰਦਾ ਹਾਂ; ਸਾਰੀ-ਸਾਰੀ ਰਾਤ ਜਗਦੀਆਂ ਰੌਸ਼ਨੀਆਂ ਦੇ ਸ਼ਹਿਰ (ਚੰਡੀਗੜ੍ਹ) ਵਿਚ ਮੈਂ ਬਹੁਤ ਭੁੱਖਾ ਰਹਿ ਗਿਆ ਹਾਂ।*

*-ਦਲਬੀਰ ਸਿੰਘ*

# ਸਾਡੇ ਸਮਿਆਂ ਦਾ ਫਰਹਾਦ

*ਦਲਬੀਰ ਸਿੰਘ (20 ਅਗਸਤ 1949-28 ਜੁਲਾਈ 2007) ਦੀ ਸਵੈ-ਜੀਵਨੀ 'ਤੇਰੀਆਂ ਗਲੀਆਂ' ਅਸਲ ਵਿਚ ਉਹਦੇ ਆਪਣੇ ਪਿੰਡ ਨੰਗਲ ਸ਼ਾਮਾ ਦੀਆਂ ਯਾਦਾਂ ਹਨ। ਰਚਨਾ ਦੀ ਖ਼ੂਬਸੂਰਤੀ ਇਹ ਹੈ ਕਿ ਇਹ ਯਾਦਾਂ ਫੈਲ ਕੇ ਪੂਰੇ ਪੰਜਾਬ ਦੇ ਪਿੰਡਾਂ ਦੀਆਂ ਯਾਦਾਂ ਨਾਲ ਜੁੜ ਗਈਆਂ ਹਨ। ਦਲਬੀਰ ਪਿੰਡ ਦੀ ਨਬਜ਼ ਉਤੇ ਆਪਣੀਆਂ ਉਂਗਲਾਂ ਦੇ ਪੋਟੇ ਰੱਖ ਕੇ ਇਹਦਾ ਹਾਲ-ਚਾਲ ਪੁੱਛਦਾ ਅਤੇ ਪਾਠਕਾਂ ਨੂੰ ਸੁਣਾ ਰਿਹਾ ਪ੍ਰਤੀਤ ਹੁੰਦਾ ਹੈ। ਇਸੇ ਕਰਕੇ ਇਹ ਯਾਦਾਂ, ਦਿਲਚਸਪ ਬਾਤਾਂ ਬਣ ਗਈਆਂ ਹਨ। ਇਸ ਸਵੈ-ਜੀਵਨੀ ਵਿਚ ਉਹਨੇ ਆਪਣੀ ਧੀ ਸੁਪਨੀਤ ਕੌਰ ਨੂੰ ਆਪਣਾ ਪਿੰਡ ਦਿਖਾਉਣ ਦੇ ਬਹਾਨੇ ਪੰਜਾਬ ਦੇ ਪਿੰਡਾਂ ਦੀ ਕਹਾਣੀ ਜੋੜੀ ਹੈ ਜੋ ਪਿਛਲੇ ਕਈ ਦਹਾਕਿਆਂ ਤੋਂ ਬਹੁਤ ਤੇਜ਼ੀ ਨਾਲ ਬਦਲੇ ਹਨ। ਇਸ ਲੇਖ ਵਿਚ ਉਹਨੇ ਆਪਣੇ ਗਰਾਈਂ ਗੱਜਾ ਸਿੰਘ ਦੇ ਡਾਕਟਰ ਪੁੱਤਰ ਦੀ ਕਥਾ ਸੁਣਾਈ ਹੈ ਜਿਸ ਦੀ ਹਿੰਮਤ ਤੇ ਲਗਨ ਨੇ ਪਹਾੜ ਜਿੱਡਾ ਟਿੱਬਾ ਪੱਧਰ ਕਰ ਦਿੱਤਾ ਸੀ। -ਸੰਪਾਦਕ*

ਗੱਜਾ ਸਿੰਘ ਦਾ ਘਰ ਪਿੰਡ ਦੀ ਉਤਰੀ ਬਾਹੀ ਵੱਲ ਗੁਰਦੁਆਰੇ ਤੋਂ ਰਤਾ ਕੁ ਹਟਵਾਂ ਸੀ ਤੇ ਇਹ ਪਿੰਡ ਦਾ ਇਕੋ ਇਕ ਘਰ ਸੀ ਜਿਹੜਾ ਤਿਮੰਜ਼ਲਾ ਸੀ। ਪਿੰਡ ਦੇ ਲਗਭਗ ਵਿਚਕਾਰ ਸਥਿਤ ਸਾਡੇ ਘਰ ਦੀ ਛੱਤ ਤੋਂ ਗੱਜਾ ਸਿੰਘ ਦਾ ਤਿਮੰਜ਼ਲਾ ਘਰ ਬਹੁਤ ਉਚਾ ਨਜ਼ਰ ਆਉਂਦਾ ਸੀ। ਬਰਸਾਤਾਂ ਦੇ ਦਿਨੀਂ ਜਦੋਂ ਕਦੇ ਸਾਨੂੰ ਆਪਣੇ ਕੋਠੇ ਉਤੇ ਸੁੱਤਿਆਂ ਨੂੰ ਮੰਜੇ ਹੇਠਾਂ ਲਾਹੁਣੇ ਪੈਂਦੇ ਤਾਂ ਮੈਨੂੰ ਸੰਤੋਖ ਸਿੰਘ ਧੀਰ ਦੀ ਕਹਾਣੀ 'ਸਵੇਰ ਹੋਣ ਤੱਕ' ਵਿਚ ਚੁਬਾਰੇ ਵਾਲਿਆਂ ਬਾਰੇ ਲਿਖੇ ਹਰਖ ਦੇ ਸ਼ਬਦ ਚੇਤੇ ਆ ਜਾਂਦੇ, ਪਰ ਮੇਰੇ ਮਨ ਵਿਚ ਚੁਬਾਰੇ ਨਹੀਂ; ਗੱਜਾ ਸਿੰਘ ਦਾ ਤਿਮੰਜ਼ਲਾ ਮਕਾਨ ਹੀ ਧੀਰ ਦੀ ਕਹਾਣੀ ਦੇ ਚੁਬਾਰੇ ਦੀ ਥਾਂ ਉਭਰਦਾ ਸੀ।

ਜਿਨ੍ਹਾਂ ਦਿਨਾਂ ਦੀ ਮੈਂ ਗੱਲ ਕਰ ਰਿਹਾ ਹਾਂ, ਉਨ੍ਹੀਂ ਦਿਨੀਂ ਗੱਜਾ ਸਿੰਘ ਬਹੁਤ ਬੁੱਢਾ ਹੋ ਚੁੱਕਾ ਸੀ। ਉਸ ਦਾ ਇਕਲੌਤਾ ਪੁੱਤਰ ਕਰਮ ਸਿੰਘ ਫੌਜ ਵਿਚ ਡਾਕਟਰ ਸੀ ਤੇ ਉਸ ਨੇ ਪਿੰਡ ਆਉਣ ਦੀ ਥਾਂ ਜਲੰਧਰ ਕੋਠੀ ਪਾ ਲਈ ਸੀ। ਗੱਜਾ ਸਿੰਘ ਦੇ ਘਰ ਇਸ ਦੇ ਰਿਸ਼ਤੇਦਾਰਾਂ ਵਿਚੋਂ ਕੋਈ ਨਾ ਕੋਈ ਰਹਿੰਦਾ ਸੀ। ਫਿਰ ਗੱਜਾ ਸਿੰਘ ਦੇ ਮਰਨ ਮਗਰੋਂ ਉਹ ਮਕਾਨ ਖਾਲੀ ਹੋ ਗਿਆ।

ਗੱਜਾ ਸਿੰਘ ਲੰਮਾ ਤੇ ਪਤਲਾ ਸੀ ਅਤੇ ਉਸ ਦੀ ਦੋ-ਢਾਈ ਏਕੜ ਜ਼ਮੀਨ ਵਿਚੋਂ ਬਹੁਤੀ ਵਿਚ ਰੇਤੀਲਾ ਟਿੱਬਾ ਸੀ। ਇਸ ਨੂੰ ਸਾਰਾ ਪਿੰਡ ਗੱਜਾ ਸਿੰਘ ਦੀ 'ਵੱਟੀ' ਕਹਿੰਦਾ ਸੀ। ਦੂਜੇ ਪਾਸੇ ਬਾਬਿਆਂ ਦੇ ਖੇਤਾਂ ਨਾਲ ਲਗਦੇ ਟਿੱਬੇ ਨੂੰ ਬਾਬਿਆਂ ਦੀ 'ਵੱਟ' ਕਿਹਾ ਜਾਂਦਾ ਸੀ, ਕਿਉਂਕਿ ਇਹ ਗੱਜਾ ਸਿੰਘ ਦੇ ਟਿੱਬੇ ਨਾਲੋਂ ਕਿਤੇ ਵੱਡਾ ਸੀ।

ਇਨ੍ਹਾਂ ਰੇਤੀਲੇ ਟਿੱਬਿਆਂ ਉਤੇ ਸਲਵਾੜ ਤੇ ਕਿੱਕਰਾਂ ਦੇ ਇਲਾਵਾ ਕੁਝ ਨਹੀਂ ਸੀ ਹੁੰਦਾ। ਪਿੰਡ ਦੇ ਲੋਕ ਇਨ੍ਹਾਂ ਦੀ ਵਰਤੋਂ ਜੰਗਲ ਪਾਣੀ ਲਈ ਕਰਦੇ ਸਨ। ਮਰਦ ਆਮ ਤੌਰ 'ਤੇ ਬਾਬਿਆਂ ਦੀ ਵੱਟ ਉਤੇ ਜਾਂਦੇ ਸਨ ਤੇ ਔਰਤਾਂ ਗੱਜਾ ਸਿੰਘ ਦੀ ਵੱਟੀ ਵੱਲ। ਇਹ ਵੰਡ ਕਿਹੜੇ ਵੇਲੇ ਤੇ ਕਿਵੇਂ ਹੋਈ, ਇਹ ਕਿਸੇ ਨੂੰ ਨਹੀਂ ਪਤਾ। ਜਦੋਂ ਹੇਠਲੇ ਪੱਧਰੇ ਖੇਤਾਂ ਵਿਚ ਕਣਕ ਜਾਂ ਮੱਕੀ ਨਹੀਂ ਸੀ ਬੀਜੀ ਹੁੰਦੀ, ਕੋਈ ਓਹਲਾ ਨਹੀਂ ਸੀ ਹੁੰਦਾ ਤਾਂ ਵੱਟਾਂ ਹੀ ਕੰਮ ਆਉਂਦੀਆਂ ਸਨ।

ਇਹ ਸਿਲਸਿਲਾ ਨਿਰੰਤਰ ਚੱਲ ਰਿਹਾ ਸੀ। ਕਿਸੇ ਨੇ ਕਦੇ ਸੋਚਿਆ ਤੱਕ ਨਹੀਂ ਸੀ ਕਿ ਰੇਤ ਦੇ ਇਨ੍ਹਾਂ ਪਹਾੜਾਂ ਨੂੰ ਕਦੇ ਖਤਮ ਵੀ ਕੀਤਾ ਜਾ ਸਕਦਾ ਹੈ, ਪਰ ਇਕ ਦਿਨ ਸਾਰੇ ਪਿੰਡ ਨੂੰ ਇਹ ਦੇਖ ਕੇ ਹੈਰਾਨੀ ਹੋਈ ਕਿ ਗੱਜਾ ਸਿੰਘ ਦੀ ਵੱਟੀ ਦੇ ਪੈਰਾਂ ਵਿਚ ਇਕ ਪਤਲਾ ਲੰਮਾ ਬੰਦਾ ਕਹੀ ਲੈ ਕੇ ਰੇਤਾ ਹੇਠਾਂ ਨੂੰ ਖਿਲਾਰ ਰਿਹਾ ਹੈ। ਉਸ ਨੇ ਸਫ਼ੈਦ ਨਿੱਕਰ ਅਤੇ ਸਫ਼ੈਦ ਕਮੀਜ਼ ਪਾਈ ਹੋਈ ਸੀ। ਪੈਰੀਂ ਖਾਕੀ ਬੂਟ ਸਨ ਅਤੇ ਜੁਰਾਬਾਂ ਵੀ।

ਇਹ ਬੰਦਾ ਇਥੇ ਕੀ ਕਰ ਰਿਹਾ ਸੀ? ਅਤੇ ਇਹ ਹੈ ਕੌਣ ਸੀ? ਸਾਰਾ ਪਿੰਡ ਹੈਰਾਨ! ਅਸਲ ਵਿਚ ਇਹ ਗੱਜਾ ਸਿੰਘ ਦਾ ਪੁੱਤਰ ਡਾਕਟਰ ਕਰਮ ਸਿੰਘ ਸੀ ਜਿਹੜਾ ਫੌਜ ਵਿਚੋਂ ਰਿਟਾਇਰ ਹੋ ਕੇ ਜਲੰਧਰ ਆ ਗਿਆ ਸੀ ਤੇ ਉਥੇ ਪ੍ਰਾਈਵੇਟ ਪ੍ਰੈਕਟਿਸ ਸ਼ੁਰੂ ਕਰ ਲਈ ਸੀ। ਉਸ ਨੇ ਆਪਣੇ ਖੇਤਾਂ ਵਿਚ ਖੜ੍ਹੇ ਇਸ 'ਮਿੱਟੀ ਦੇ ਪਹਾੜ' ਨੂੰ ਪੱਧਰਾ ਕਰਨ ਦਾ ਫੈਸਲਾ ਕਰ ਲਿਆ ਸੀ। ਪਿੰਡ ਦੇ ਲੋਕਾਂ ਨਾਲ ਕਰਮ ਸਿੰਘ ਦੀ ਬਹੁਤੀ ਬੋਲਚਾਲ ਨਹੀਂ ਸੀ। ਉਸ ਦੀ ਉਮਰ ਦੇ ਬਹੁਤੇ ਬੰਦੇ ਤਾਂ ਵੈਸੇ ਹੀ ਅਨਪੜ੍ਹ ਸਨ, ਤੇ ਸਾਰੀ ਉਮਰ ਪਿੰਡੋਂ ਬਾਹਰ ਰਹਿਣ ਕਾਰਨ ਉਹ ਬਹੁਤੇ ਲੋਕਾਂ ਨੂੰ ਜਾਣਦਾ ਵੀ ਨਹੀਂ ਸੀ।

ਪਿੰਡ ਦੇ ਲੋਕ ਆਪਸ ਵਿਚ ਗੱਲਾਂ ਕਰਦੇ- ਡਾਕਟਰ ਕਮਲਾ ਹੋ ਗਿਆ ਹੈ। ਇਕੱਲਾ ਆਦਮੀ ਇੰਨਾ ਵੱਡਾ ਕੰਮ ਕਿਵੇਂ ਕਰ ਸਕਦਾ ਹੈ? ਕਈਆਂ ਨੇ ਕਿਹਾ- ਫੌਜੀ ਤਾਂ ਮੂਰਖ ਹੀ ਹੁੰਦੇ ਹਨ। ਕਈਆਂ ਨੇ ਕਿਹਾ- ਬੰਦਾ ਹਿੰਮਤ ਕਰੇ ਤਾਂ ਕੋਈ ਕੰਮ ਐਸਾ ਨਹੀਂ ਜਿਹੜਾ ਨਾ ਹੋ ਸਕਦਾ ਹੋਵੇ; ਪਰ ਗੱਜਾ ਸਿੰਘ ਦੀ ਵੱਟੀ ਉਸ ਦਾ ਪੁੱਤਰ ਇਕੱਲਾ ਹੀ ਖਤਮ ਕਰ ਲਵੇਗਾ, ਇਹ ਗੱਲ ਕਿਸੇ ਨੂੰ ਨਾ ਜਚਦੀ। ਬਹੁਤਿਆਂ ਦਾ ਵਿਚਾਰ ਸੀ ਕਿ 15-20 ਦਿਨਾਂ ਮਗਰੋਂ ਕਰਮ ਸਿੰਘ ਨੂੰ 'ਅਕਲ' ਆ ਜਾਣੀ ਹੈ ਤੇ ਉਸ ਨੇ ਇਹ ਕੰਮ ਬੰਦ ਕਰ ਦੇਣਾ ਹੈ; ਪਰ ਉਹ ਰੋਜ਼ ਆਪਣੀ ਫੀਏਟ ਕਾਰ ਵਿਚ ਜਲੰਧਰੋਂ ਆਉਂਦਾ, ਤੇ ਕਹੀ ਚੁੱਕ ਕੇ ਕੰਮ ਲੱਗ ਜਾਂਦਾ। ਕਰੀਬ ਘੰਟਾ ਡੇਢ ਘੰਟਾ ਉਹ ਸਿਰ ਸੁੱਟ ਕੇ ਕੰਮ ਕਰੀ ਜਾਂਦਾ। ਕਦੇ-ਕਦੇ ਆਪਣੇ ਤਿਮੰਜ਼ਲੇ ਮਕਾਨ ਦਾ ਜੰਦਰਾ ਖੋਲ੍ਹ ਕੇ ਅੰਦਰ ਵੀ ਜਾਂਦਾ। ਦੋ ਕੁ ਮਹੀਨਿਆਂ ਬਾਅਦ ਉਸ ਨੇ ਕਾਫ਼ੀ ਸਾਰੀ ਰੇਤ ਪੱਧਰੀ ਕਰ ਲਈ ਤਾਂ ਲੋਕ ਦੇ ਮਨਾਂ ਵਿਚ ਫ਼ਰਹਾਦ ਦੀ ਕਹਾਣੀ ਉਭਰ ਆਈ।



ਫ਼ਰਹਾਦ ਉਤੇ ਸ਼ੀਰੀਂ ਦੇ ਪਿਤਾ ਨੇ ਸ਼ਰਤ ਲਾਈ ਸੀ ਕਿ ਜੇ ਉਹ ਪਹਾੜ ਤੋਂ ਨਹਿਰ ਕੱਢ ਕੇ ਰਾਜੇ ਦੇ ਬਾਗ ਤੱਕ ਪਾਣੀ ਪਹੁੰਚਾ ਦੇਵੇ, ਤਾਂ ਉਹ ਸ਼ੀਰੀਂ ਨਾਲ ਵਿਆਹ ਕਰਵਾ ਸਕਦਾ ਹੈ। ਪਹਾੜ ਕੱਟਣਾ ਕੋਈ ਸੌਖਾ ਕੰਮ ਨਹੀਂ ਸੀ, ਪਰ ਜਿਸ ਨੂੰ ਲਗਨ ਹੋਵੇ, ਉਸ ਲਈ ਕੋਈ ਵੀ ਕੰਮ ਔਖਾ ਨਹੀਂ ਹੁੰਦਾ। ਫਰਹਾਦ ਜਿਹੜਾ ਪੇਸ਼ੇ ਵਜੋਂ ਬੁੱਤਸਾਜ਼ ਸੀ, ਤੇ ਜਿਸ ਨੇ ਕਈ ਹੁਸੀਨ ਬੁੱਤ ਸਿਰਜੇ ਸਨ, ਛੈਣੀ ਫੜ ਕੇ ਪਹਾੜ ਕੱਟਣ ਨਿਕਲ ਪਿਆ। ਲੋਕਾਂ ਨੇ ਉਸ ਨੂੰ ਸ਼ੁਦਾਈ, ਪਾਗਲ, ਕਮਲਾ, ਮੂਰਖ ਕਿਹਾ; ਪਰ ਉਹ ਲਗਨ ਨਾਲ ਲੱਗਾ ਰਿਹਾ। ਆਖਰਕਾਰ ਉਸ ਦੀ ਮਿਹਨਤ ਵਰ ਆਈ, ਤੇ ਉਸ ਨੇ ਸ਼ੀਰੀਂ ਦੇ ਬਾਗ ਤੱਕ ਨਹਿਰ ਪਹੁੰਚਾ ਦਿੱਤੀ।

ਇਸੇ ਤਰ੍ਹਾਂ ਹੀ ਡਾਕਟਰ ਕਰਮ ਸਿੰਘ ਦੀ ਮਿਹਨਤ ਵੀ ਵਰ ਆਉਂਦੀ ਦਿਖਾਈ ਦੇਣ ਲੱਗੀ। ਸ਼ਹਿਰ ਵਿਚ ਮਕਾਨਾਂ ਦੀ ਉਸਾਰੀ ਲਈ ਜ਼ਮੀਨ ਪੱਧਰੀ ਕਰਨ ਲਈ ਭਰਤ ਪਾਉਣ ਲਈ ਮਿੱਟੀ ਦੀ ਜ਼ਰੂਰਤ ਹੁੰਦੀ ਸੀ। ਆਮ ਤੌਰ ਉਤੇ ਮਿੱਟੀ ਜਾਂ ਤਾਂ ਕਿਸੇ ਚੋਅ ਵਿਚੋਂ ਲਿਆਂਦੀ ਜਾਂਦੀ ਸੀ, ਤੇ ਜਾਂ ਫਿਰ ਜਲੰਧਰ ਛਾਉਣੀ ਤੇ ਸਾਡੇ ਪਿੰਡ ਵਿਚਕਾਰਲੀ ਸੜਕ ਦੁਆਲੇ ਖੜ੍ਹੇ ਰੇਤੀਲੇ ਟਿੱਬਿਆਂ ਤੋਂ। ਇਹ ਦੇਖ ਕੇ ਕਿ ਡਾਕਟਰ ਕਰਮ ਸਿੰਘ ਇਕੱਲਾ ਹੀ ਵੱਟ ਢਾਹੁਣ ਲੱਗਾ ਹੋਇਆ ਹੈ, ਪਿੰਡ ਦੇ ਹੀ ਕੁਝ ਟਰੱਕਾਂ ਵਾਲਿਆਂ ਨੇ ਉਸ ਦੀ ਵੱਟ ਤੋਂ ਭਰਤ ਚੁੱਕਣੀ ਸ਼ੁਰੂ ਕਰ ਦਿੱਤੀ। ਪਹਿਲਾਂ ਪਹਿਲ ਇਕ ਅੱਧਾ ਟਰੱਕ ਹੀ ਕਦੇ-ਕਦੇ ਭਰਿਆ ਜਾਂਦਾ; ਫਿਰ ਇਨ੍ਹਾਂ ਦੀ ਗਿਣਤੀ ਵਿਚ ਵਾਧਾ ਹੋ ਗਿਆ। ਅਜੇ ਸਾਲ ਵੀ ਨਹੀਂ ਸੀ ਬੀਤਿਆ ਕਿ ਗੱਜਾ ਸਿੰਘ ਦੇ ਖੇਤਾਂ ਵਿਚਲੀ ਵੱਟੀ ਦਾ ਨਾਂ ਨਿਸ਼ਾਨ ਵੀ ਨਹੀਂ ਬਚਿਆ। ਉਹ ਸਾਰੀ ਦੀ ਸਾਰੀ ਜਲੰਧਰ ਸ਼ਹਿਰ ਦੀਆਂ ਬਸਤੀਆਂ ਵਿਚ ਉਸਰੇ ਨਵੇਂ ਮਕਾਨਾਂ ਵਿਚ ਖਪ ਗਈ। ਉਸ ਦੀ ਥਾਂ ਪੱਧਰਾ ਖੇਤ ਬਣ ਗਿਆ।

ਇਹ ਰੇਤੀਲਾ ਟਿੱਬਾ ਕਿੰਨਾ ਉਚਾ ਹੁੰਦਾ ਸੀ, ਇਹ ਦਿਖਾਉਣ ਲਈ ਮੈਂ ਆਪਣੀ ਬੇਟੀ ਨੂੰ ਵੱਟ ਦੇ ਦੱਖਣੀ ਸਿਰੇ ਉਤੇ ਉਸਾਰੇ ਗਏ ਚਾਰ ਸੌ ਚਾਲੀ ਵੋਲਟ ਦਾ ਕਰੰਟ ਲਿਜਾਂਦੇ ਬਿਜਲੀ ਦੇ ਖੰਭੇ ਦਿਖਾਉਣਾ ਚਾਹੁੰਦਾ ਸੀ। ਇਨ੍ਹਾਂ ਵਿਚ ਇਕ ਖੰਭਾ ਖੇਤ ਦੀ ਐਨ ਵੱਟ ਦੇ ਉਤੇ ਸੀ। ਫਿਰ ਕਈ ਚਿਰਾਂ ਮਗਰੋਂ ਸਿਰਸੇ ਵੱਲ ਜਾਂਦਿਆਂ ਮੈਂ ਬੇਟੀ ਨੂੰ ਖੇਤਾਂ ਵਿਚ ਛੱਡੇ ਗਏ ਰੇਤੀਲੇ ਧੋੜੇ ਜਿਹੇ ਦਿਖਾ ਕੇ ਦੱਸਿਆ ਸੀ ਕਿ ਮੈਂ ਜਿਸ ਵੱਟ ਦੀ ਗੱਲ ਕਰ ਰਿਹਾ ਸਾਂ, ਉਹ ਇਸੇ ਤਰ੍ਹਾਂ ਦੀ ਸੀ।

ਖਬਰੇ ਉਹ ਸਮਝ ਸਕੀ ਕਿ ਨਹੀਂ, ਕਿ ਮੈਂ ਉਸ ਨੂੰ ਕੀ ਦੱਸਣਾ ਚਾਹੁੰਦਾ ਸਾਂ?... ਕਿ ਸੱਠਾਂ ਸਾਲਾਂ ਦੇ ਬੰਦੇ ਨੇ ਇਕੱਲਿਆ ਹੀ ਹਿੰਮਤ ਕਰ ਕੇ ਐਸਾ ਕੰਮ ਸ਼ੁਰੂ ਕਰ ਲਿਆ ਸੀ ਜਿਸ ਦੇ ਮੁਕੰਮਲ ਹੋਣ ਉਤੇ ਸਾਰੇ ਪਿੰਡ ਨੂੰ ਸ਼ੱਕ ਸੀ? ਪਰ ਉਸ ਨੇ ਅਸੰਭਵ ਨੂੰ ਸੰਭਵ ਕਰ ਦਿਖਾਇਆ। ਫਿਰ ਪਤਾ ਲੱਗਿਆ ਕਿ ਵੈਟਰਨ ਅਥਲੀਟਾਂ ਵਿਚ ਡਾਕਟਰ ਕਰਮ ਸਿੰਘ ਦਾ ਉਭਰਵਾਂ ਨਾਂ ਹੈ। ਉਸ ਨੇ ਦਰਜਨਾਂ ਤਮਗ਼ੇ ਵੈਟਰਨ ਅਥਲੈਟਿਕਸ ਵਿਚ ਜਿੱਤੇ ਹਨ।

ਮੈਂ ਸਦਾ ਹੀ ਔਖੇ ਕੰਮਾਂ ਲਈ ਉਸ ਤੋਂ ਪ੍ਰੇਰਨਾ ਲੈਂਦਾ ਹਾਂ ਹਾਲਾਂਕਿ ਉਸ ਨੂੰ ਕਦੇ ਮਿਲਿਆ ਨਹੀਂ। ਰੱਤੇ ਲਾਲੀ ਦਾ ਇਹ ਚਿਰਾਗ, ਵਜ਼ੀਰੇ ਦਾ ਪੋਤਰਾ ਤੇ ਗੱਜਾ ਸਿੰਘ ਦਾ ਪੁੱਤਰ ਮੇਰੇ ਲਈ ਸੱਚਮੁੱਚ ਮੇਰੇ ਸਮੇਂ ਦਾ ਫਰਹਾਦ ਦਾ ਪ੍ਰਤੀਕ ਹੈ।

*(ਚਲਦਾ)*

# ਸਿੱਖੀ ਅਤੇ ਜਾਤ-ਪਾਤ

ਸਮਾਜ ਨਾਲੋਂ ਖਾਲਸੇ ਦਾ ਮੁਕੰਮਲ ਤੋੜ-ਵਿਛੋੜਾ ਕਰਨ ਲਈ ਇਹ ਇਨਕਲਾਬੀ ਕਦਮ ਉਚੇਰੀ ਅਹਿਮੀਅਤ ਰੱਖਦਾ ਸੀ। ਖਾਲਸੇ ਅੰਦਰ ਵਰਨ, ਜਾਤ, ਧਰਮ, ਕਰਮ ਅਤੇ ਕੁਲ ਆਦਿ ਦੇ ਵਖਰੇਵੇਂ ਪੂਰੀ ਤਰ੍ਹਾਂ ਮਿਟ ਗਏ। ਕੋਈ ਉਚਾ, ਕੋਈ ਨੀਵਾਂ ਨਹੀਂ ਸੀ। ਕੋਈ ਮਝੈਲ, ਦੁਆਬੀਆ ਜਾਂ ਮਲਵਈ ਨਹੀਂ ਸੀ, ਹਿੰਦੂਪਣ ਦੀਆਂ ਸਾਰੀਆਂ ਮੁੱਖ ਨਿਸ਼ਾਨੀਆਂ ਮਲੀਆਮੇਟ ਕਰ ਦਿੱਤੀਆਂ ਗਈਆਂ।

ਇਸ ਮੌਕੇ ਬਾਦਸ਼ਾਹ ਦੇ ਸੂਹੀਏ ਨੇ ਗੁਰੂ ਸਾਹਿਬ ਵੱਲੋਂ ਸਿੱਖਾਂ ਨੂੰ ਦਿੱਤੇ ਭਾਸ਼ਣ ਦੀ ਰਿਪੋਰਟ ਬਾਦਸ਼ਾਹ ਨੂੰ ਭੇਜੀ। ਇਸ ਰਿਪੋਰਟ ਉਤੇ 1756 (1699 ਈਸਵੀ) ਦੀ ਵਿਸਾਖ ਦੀ ਪਹਿਲੀ ਤਾਰੀਖ ਪਈ ਹੋਈ ਹੈ। ਇਸ ਰਿਪੋਰਟ ਵਿਚ ਗੁਰੂ ਸਾਹਿਬ ਦੇ ਭਾਸ਼ਣ ਦਾ ਸਾਰ-ਅੰਸ਼ ਇਹ ਹੈ,

ਸਾਰੇ ਇਕ ਮੱਤ ਧਾਰਨ ਕਰੋ ਅਤੇ (ਪੁਰਾਣੇ) ਧਰਮਾਂ ਦੇ ਭੇਦਾਂ ਨੂੰ ਖਤਮ ਕਰੋ। ਹਿੰਦੂਆਂ ਦੀਆਂ ਚਾਰੇ ਜਾਤਾਂ ਆਪਣੇ ਵੱਖਰੇ-ਵੱਖਰੇ ਨੇਮ ਛੱਡ ਦੇਣ।

ਪੂਜਾ ਦਾ ਇਕੋ ਰੂਪ ਅਖਤਿਆਰ ਕਰੋ, ਤੇ ਇਕ-ਦੂਜੇ ਦੇ ਭਰਾ ਬਣੋ। ਕੋਈ ਵੀ ਆਪਣੇ ਆਪ ਨੂੰ ਦੂਜਿਆਂ ਤੋਂ ਰੁਤਬੇ ਵਿਚ ਉਚਾ ਨਾ ਸਮਝੇ। ਚਾਰੇ ਜਾਤਾਂ ਦੇ ਇਨਸਾਨ ਮੇਰੇ ਕੋਲੋਂ ਅੰਮ੍ਰਿਤ ਛਕਣ, ਇਕ ਥਾਂ ਭੋਜਨ ਛਕਣ ਅਤੇ ਇਕ-ਦੂਜੇ ਵਾਸਤੇ ਘ੍ਰਿਣਾ ਜਾਂ ਨਿਰਾਦਰੀ ਦੀ ਭਾਵਨਾ ਨਾ ਰੱਖਣ। (ਮੈਕਾਲਿਫ਼ ਸਫਾ 93-94)

ਇਸ ਭਾਸ਼ਣ ਦੀ ਤਸਦੀਕ ਕੁਇਰ ਸਿੰਘ ਆਪਣੀ ਲਿਖਤ ਵਿਚ ਕਰਦਾ ਹੈ। ਉਸ ਨੇ ਲਿਖਿਆ ਹੈ ਕਿ ਗੁਰੂ ਜੀ ਨੇ ਕਿਹਾ,

ਬੈਸ ਸੂਦਰ ਏ ਜਾਟ ਆਪਾਰਾ,  
ਤਾਂ ਕੋ ਪੰਥ ਮਾਹ ਮੈਂ ਧਾਰਾ।  
(ਕੁਇਰ ਸਿੰਘ ਸਫਾ 136, ਗੁਰ ਬਿਲਾਸ ਸਫਾ 6)

ਪਿਛਲੇਰੇ ਸਾਹਿਤ ਵਿਚ ਵੀ ਇਹ ਵਰਣਨ ਮਿਲਦਾ ਹੈ ਕਿ ਗੁਰੂ ਜੀ ਦਾ ਮਿਸ਼ਨ ਚਾਰੇ ਜਾਤਾਂ ਨੂੰ ਇਕ ਕਰਨਾ ਸੀ,

ਚਾਰਨ ਬਰਨ ਇਕ ਬਰਨ ਕਰਾਉਂ।

ਜਦੋਂ ਗੁਰੂ ਜੀ ਨੇ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕਣ ਦੀ ਬੇਨਤੀ ਕੀਤੀ ਤਾਂ ਕੁਇਰ ਸਿੰਘ ਅਨੁਸਾਰ, ਗੁਰੂ ਜੀ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਸੰਬੋਧਨ ਕੀਤਾ,

ਸੁਨੋ, ਖਾਲਸਾ ਜੂ ਮਨ ਧਾਰੇ।  
ਤੁਮ ਹੋ ਮੋ ਕੋ ਪਰਮ ਪਿਆਰੇ।  
ਤਬ ਹੰਕ੍ਰਿਤ ਮਨ ਕ੍ਰਿਪਨ ਕੀਨਾ,  
ਧਰ ਕੋ ਰਾਜ ਹਮੈ ਗੁਰ ਦੀਨਾ।  
ਹਮ ਸਮ ਕੋ ਜਗ ਮਹਿ ਨਹਿ ਰਾਜਾ,  
ਬਾਹਜ ਰਜਪੁਤਨ ਕੇ ਸਾਜਾ।  
ਬੈਸ ਸੂਦਰ ਏ ਜਾਟ ਅਪਾਰਾ।  
ਤਾਂ ਕੋ ਪੰਥ ਮਾਹ ਮੈਂ ਧਾਰਾ।  
ਸਤ ਜਗ ਰਾਜ ਤੋਹਿ ਕੋ ਦੀਨਾ।  
ਪੁਨਿ ਬਿਧਿ ਸੋ ਤੁਮ ਕੋ ਗੁਰ ਲੀਨਾ।

ਗੁਰੂ ਜੀ ਨੇ ਜਾਤ-ਪਾਤ ਦੇ ਸਮਾਜਕ ਅਤੇ ਰਾਜਸੀ- ਦੋਹਾਂ ਪ੍ਰਬੰਧਾਂ ਨੂੰ ਰੱਦ ਕਰ ਕੇ ਰਾਜ ਸੱਤਾ ਬ੍ਰਾਹਮਣਾਂ ਅਤੇ ਰਾਜਪੂਤਾਂ (ਉਚੀਆਂ ਜਾਤਾਂ) ਦੀ ਬਜਾਏ ਗਰੀਬ ਜਨਤਾ ਨੂੰ ਬਖ਼ਸ਼ੀ।

ਜਦੋਂ ਗੁਰੂ ਜੀ ਨੇ ਪਹਾੜੀ ਰਾਜਿਆਂ ਨੂੰ ਮੁਗਲਾਂ ਖਿਲਾਫ਼ ਲੜਾਈ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ, ਤਾਂ ਉਨ੍ਹਾਂ ਦਾ ਜਵਾਬ ਸੀ,

ਚਾਰ ਬਰਨ ਤੁਮ ਇਕ ਜਾ ਕੀਨੇ,  
ਅੰਮ੍ਰਿਤ ਨਿੰਜ ਉਪਦੇਸ ਸੁ ਦੀਨੇ।  
ਹਮਰੀ ਜਾਤਿ ਅਧਿਕ ਜਗ ਮਾਹੀ,  
ਕਿਮ ਹਮ ਚਾਰ ਬਰਨ ਸੰਗ ਖਾਹੀ।  
ਤੁਮਰੇ ਪੰਥ ਰਾਜ ਕਿਮ ਦੈ ਹੈਂ,  
ਅਜਾ (ਬੱਕਰੀਆਂ) ਗੰਨੇ ਮਰ ਸੋ ਲੈ ਹੈਂ।  
ਕੋ ਕਿਰਸਾਨੀ ਕਰਤ ਮਹਾਨਾ,  
ਕੋ ਬਾਪਾਰੀ ਅਧਿਕ ਸੁਜਾਨਾ।  
ਨੀਚ ਜਾਤ ਕਹਿ ਨੀਹਲਾ ਵਾਸੀ,  
ਹਮਰੋ ਰਾਜ ਖੋਹ ਜਗ ਹਾਸੀ।  
ਇਹ ਤੋਂ ਬਡ ਅਚਰਜ ਕੀ ਬਾਤਾ,  
ਦੁਆਦਸ (ਬ੍ਰਾਹਮਣ ਕਸ਼ੱਤਰੀ) ਜਾਤ ਸਨਾਤ ਦਾ ਨਾਤਾ।  
(ਕੁਇਰ ਸਿੰਘ, ਗੁਰ ਬਿਲਾਸ ਸਫਾ 6)

ਸਿੱਖ ਰਵਾਇਤ ਅਨੁਸਾਰ ਗੁਰੂ ਗੋਬਿੰਦ ਸਿਘ ਨੇ ਇਕ ਵਾਰੀ ਭਾਈ ਨੰਦ ਲਾਲ ਨੂੰ ਹੇਠ ਲਿਖੇ ਭਾਵਾਂ ਨਾਲ ਮੁਖਾਤਬ ਕੀਤਾ,

ਸੁਨਹੁ ਨੰਦ ਲਾਲ ਇਹ ਸਾਜ।  
ਪਰਗਟ ਕਰਾਊਂ ਅਪਨੋ ਰਾਜ॥  
ਚਾਰ ਬਰਨ ਇਕ ਬਰਨ ਕਰਾਊਂ।  
ਵਾਹਿਗੁਰੂ ਕਾ ਜਾਪ ਜਪਾਊਂ॥

ਗੁਰੂ ਗੋਬਿੰਦ ਸਿੰਘ ਨੇ ਮਿਸ਼ਨ ਨੂੰ ਅਗਾਂਹ ਤੋਰਨ ਦੀ ਜ਼ਿੰਮੇਵਾਰੀ ਬੰਦਾ ਸਿੰਘ ਬਹਾਦਰ ਦੇ ਜ਼ਿੰਮੇ ਲਾਈ ਜਿਸ ਨੇ ਪਹਿਲੇ ਸਿੱਖ ਰਾਜ ਦੀ ਸਥਾਪਨਾ ਕੀਤੀ। ਬੰਦੇ ਦੀ ਫੌਜ ਦੀ ਭਰਤੀ, ਜ਼ਿਆਦਾਤਰ ਹੇਠਲੀਆਂ ਜਾਤਾਂ ਵਿਚੋਂ ਹੋਈ। ਬੰਦਾ ਸਿੰਘ ਬਹਾਦਰ ਦੇ ਸਮੇਂ ਦਾ ਮੁਸਲਮਾਨ ਇਤਿਹਾਸਕਾਰ ਗੁਲਾਮ ਮੁਹੀਉਦੀਨ ਆਪਣੀ ਪੁਸਤਕ 'ਫਤੂਹਾਤਨਾਮਦ-ਏ-ਸਮਦੀ' ਵਿਚ ਲਿਖਦਾ ਹੈ ਕਿ ਬੰਦੇ ਨੇ ਐਸੇ ਲੋਕਾਂ ਨੂੰ ਉਘਾ ਕੀਤਾ ਜੋ ਬੇਰੁਜ਼ਗਾਰ ਤੇ ਨਖਿਧ ਸਨ। ਇਸ ਤੋਂ ਪਹਿਲਾਂ ਇਹ ਲੋਕ ਗੁੰਮਨਾਮੀ ਦੇ ਪਰਦੇ ਹੇਠ ਲੁਕੇ ਹੋਏ ਸਨ। ਖਾਫੀ ਖਾਨ ਆਪਣੀ ਪੁਸਤਕ 'ਮੁੰਤਖਬੁ-ਲ-ਲੁਬਾਬ' (1731) ਵਿਚ ਲਿਖਦਾ ਹੈ, "ਇਨ੍ਹਾਂ ਕਾਫਰਾਂ ਨੇ ਇਕ ਨਵਾਂ ਕਾਇਦ ਕਾਇਮ ਕਰ ਦਿੱਤਾ ਅਤੇ ਦਾੜ੍ਹੀ ਤੇ ਸਿਰ ਦੇ ਕੇਸ ਕਤਰਨ ਦੀ ਮਨਾਹੀ ਕਰ ਦਿੱਤੀ। ਮਲੀਨ ਤੇ ਨੀਵੀਆਂ ਜਾਤਾਂ ਦੇ ਬਹੁਤ ਸਾਰੇ ਹਿੰਦੂ ਉਨ੍ਹਾਂ ਨਾਲ ਆ ਗਏ ਤੇ ਆਪਣੀਆਂ ਜਾਨਾਂ ਉਨ੍ਹਾਂ (ਸਿੱਖਾਂ) ਮੰਦ ਭਾਵਨਾ ਵਾਲਿਆਂ ਦੇ ਹਵਾਲੇ ਕਰ ਦਿੱਤੀਆਂ। ਉਨ੍ਹਾਂ ਨੇ ਸਿੱਖਾਂ ਦਾ ਧਰਮ ਕਬੂਲਣ ਅਤੇ ਉਨ੍ਹਾਂ ਦਾ ਹੁਕਮ ਮੰਨਣ ਵਿਚ ਆਪਣਾ ਭਲਾ ਸਮਝਿਆ ਅਤੇ ਉਹ ਉਚ ਜਾਤੀਆਂ ਵਾਲੇ ਹਿੰਦੂਆਂ ਉਤੇ ਜ਼ੁਲਮ ਕਰਨ ਅਤੇ ਉਨ੍ਹਾਂ ਨੂੰ ਮਾਰਨ ਦੇ ਕੰਮ ਵਿਚ ਸਰਗਰਮ ਸਨ।"

ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਖਾਲਸੇ ਨੇ ਪਹਿਲੀ ਵਾਰ ਰਾਜਸੀ ਸੱਤਾ ਉਤੇ ਕਬਜ਼ਾ ਕੀਤਾ ਤਾਂ ਭਾਰਤੀ ਸਮਾਜਕ ਰੁਤਬੇ ਅਨੁਸਾਰ 'ਨੀਚਾਂ ਵਿਚੋਂ ਵੀ ਸਭ ਤੋਂ ਨੀਚ' ਨੂੰ ਹਾਕਮ ਬਣਾਇਆ ਗਿਆ। ਸਮਕਾਲੀ ਮੁਸਲਮਾਨ ਇਤਿਹਾਸਕਾਰਾਂ ਦੀਆਂ ਲਿਖਤਾਂ ਦੇ ਆਧਾਰ ਉਤੇ ਇਰਵਨ ਲਿਖਦਾ ਹੈ, "ਜਿਨ੍ਹਾਂ ਪਰਗਨਿਆਂ ਉਤੇ ਸਿੱਖਾਂ ਦਾ ਕਬਜ਼ਾ ਹੋਇਆ, ਉਥੇ ਪੁਰਾਣੀਆਂ ਪਰੰਪਰਾਵਾਂ ਤੇ ਰਿਵਾਜ਼ਾਂ ਦਾ ਖਾਤਮਾ ਬਹੁਤ ਉਘੜਵਾਂ ਤੇ ਮੁਕੰਮਲ ਸੀ। ਨੀਵੀਂ ਜਾਤ ਦਾ ਕੋਈ ਜਦੋਂ ਘਰ ਛੱਡ ਕੇ ਗੁਰੂ (ਬੰਦੇ) ਨਾਲ ਜਾਂ ਰਲਦਾ ਸੀ, ਤਾਂ ਥੋੜ੍ਹੇ ਸਮੇਂ ਬਾਅਦ ਆਪਣੀ ਜਨਮ ਭੂਮੀ ਉਤੇ ਹਾਕਮ ਬਣ ਕੇ ਪਰਤਦਾ ਸੀ। ਉਸ ਦੇ ਹੱਥ ਵਿਚ ਉਸ ਦੀ ਹਾਕਮ ਵਜੋਂ ਨਿਯੁਕਤੀ ਦਾ ਪ੍ਰਵਾਨਾ ਹੁੰਦਾ ਸੀ। ਜਿਉਂ ਹੀ ਉਹ ਪਿੰਡ ਜਾਂ ਕਸਬੇ ਦੀ ਜੂਹ ਵਿਚ ਵੜਦਾ, ਉਚੀਆਂ ਜਾਤਾਂ ਵਾਲੇ ਅਤੇ ਧਨਾਢ ਲੋਕ ਉਸ ਨੂੰ ਅੱਗੇ ਹੋ ਕੇ ਲੈਣ ਲਈ ਆਉਂਦੇ ਤੇ ਉਸ ਨੂੰ ਘਰ ਲੈ ਕੇ ਜਾਂਦੇ। ਉਥੇ ਜਾ ਕੇ ਉਹ ਹੱਥ ਜੋੜ ਕੇ ਉਸ ਦੇ ਸਾਹਮਣੇ ਖਲੋਂਦੇ ਅਤੇ ਉਸ ਦੇ ਹੁਕਮ ਦਾ ਇੰਤਜ਼ਾਰ ਕਰਦੇ।" (ਇਰਵਨ ਡਬਲਿਊ., ਲੇਟਰ ਮੁਗਲਜ਼, ਸਫਾ 98-99)

ਇਰਵਿਨ ਇਹ ਵੀ ਲਿਖਦਾ ਹੈ ਕਿ ਸਾਰੀ ਸਿਆਸੀ ਸੱਤਾ ਉਤੇ ਸਿੱਖਾਂ ਨੇ ਕਬਜ਼ਾ ਕਰ ਲਿਆ। ਇਕ ਨੀਵੀਂ ਜਾਤ ਦੇ ਮੈਂਬਰ ਬੀਰ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਜਾਂ ਗਵਰਨਰ ਥਾਪਿਆ ਗਿਆ। ਸਾਧਾਰਨ ਕਿਸਾਨ, ਚਰਵਾਹੇ (ਭਾਈ ਤਾਰਾ ਸਿੰਘ ਗੈਬਾ), ਪਿੰਡਾਂ ਦੇ ਕੰਮੀ (ਤਰਖਾਣ) ਅਤੇ ਕਲਾਲ (ਜਿਨ੍ਹਾਂ ਨੂੰ ਸ਼ੂਦਰਾਂ ਤੋਂ ਨੀਵੇਂ, ਅਛੂਤਾਂ ਦੇ ਲਾਗੇ-ਬੰਨੇ ਮਿਥਿਆ ਜਾਂਦਾ), ਮਿਸਲਾਂ ਦੇ ਆਗੂ ਬਣ ਗਏ। ਕੁਲ ਬਾਰਾਂ ਮਿਸਲਾਂ ਵਿਚੋਂ ਇਕ ਵੀ ਅਜਿਹੀ ਨਹੀਂ ਸੀ ਜਿਸ ਦੇ ਮਿਸਲਦਾਰ ਦੀ ਜਾਤ ਉਚੀ ਹੋਵੇ। ਰੰਗਰੇਟੇ ਤਾਂ ਸ਼ੁਰੂ ਤੋਂ ਹੀ ਖਾਲਸੇ ਵਿਚ ਬਰਾਬਰ ਦੇ ਮੈਂਬਰ ਰਹੇ ਸਨ, ਪਰ ਮਿਸਲਾਂ ਬਣਾਉਣ ਸਮੇਂ ਉਹ ਨਿਸ਼ਾਨ ਵਾਲੀਆਂ ਦੀ ਮਿਸਲ ਵਿਚ ਸ਼ਾਮਲ ਹੋ ਗਏ। ਇਸ ਮਿਸਲ ਨੇ ਆਪਣੀ ਹਕੂਮਤ ਸਥਾਪਤ ਕਰਨ ਲਈ ਕੋਈ ਵੱਖਰਾ ਇਲਾਕਾ ਨਹੀਂ ਮੱਲਿਆ। ਇਸ ਗੱਲ ਦਾ ਕੋਈ ਸੰਕੇਤ ਨਹੀਂ ਕਿ ਰੰਗਰੇਟਿਆਂ ਨੂੰ ਖਾਲਸਾ ਦਲ ਦੀ ਹੋਰਨਾਂ ਧਿਰਾਂ ਨੇ ਕੋਈ ਇਲਾਕਾ ਜਿੱਤਣ ਤੋਂ ਰੋਕਿਆ ਹੋਵੇ।

ਜਦੋਂ ਖਾਲਸਾ ਦਲ ਦਾ ਤੁਰਨਾ ਦਲ ਵਾਲਾ ਹਿੱਸਾ ਮੁੜ ਕੀਤਾ ਗਿਆ, ਤਾਂ ਉਸ ਦੀਆਂ ਪੰਜ ਡਿਵੀਜ਼ਨਾਂ ਬਣਾਈਆਂ ਗਈਆਂ। ਪੰਜਾਂ ਵਿਚੋਂ ਇਕ ਡਿਵੀਜ਼ਨ ਦੀ ਕਮਾਨ ਭਾਈ ਬੀਰ ਸਿੰਘ ਰੰਗਰੇਟੇ ਦੇ ਹੱਥ ਸੀ। ਮਲੇਰ ਕੋਟਲੇ ਦੀ ਜਿੱਤ ਵੇਲੇ ਤੱਕ ਖਾਲਸੇ ਦੀ ਮੁਹਿੰਮ ਵਿਚ ਇਹ ਡਿਵੀਜ਼ਨ ਲਗਾਤਾਰ ਹਿੱਸਾ ਲੈਂਦੀ ਰਹੀ। ਅਬਦਾਲੀ ਨਾਲ ਵੱਡੀ ਲੜਾਈ ਜਿਸ ਨੂੰ ਵੱਡਾ ਘੱਲੂਘਾਰਾ ਕਿਹਾ ਜਾਂਦਾ ਹੈ, ਵਿਚ ਰਮਦਾਸੀਆਂ (ਰਵਿਦਾਸੀਆਂ) ਤੇ ਰੰਗਰੇਟਿਆਂ ਵੱਲੋਂ ਵੱਧ-ਚੜ੍ਹ ਕੇ ਹਿੱਸਾ ਲੈਣ ਦਾ ਖਾਸ ਜ਼ਿਕਰ ਆਉਂਦਾ ਹੈ।

ਸਿੱਖ ਗੁਰੂਆਂ ਨੇ ਰੁਤਬੇ ਦੀ ਚੇਤੰਨਤਾ ਅਤੇ ਹਉਮੈ ਦੀ ਗੋਲ-ਮੋਲ ਸ਼ਬਦਾਂ ਵਿਚ ਨਿਖੇਧੀ ਕਰ ਕੇ ਤਸੱਲੀ ਨਹੀਂ ਲਈ। ਸਿੱਖ ਮੱਤ ਨੇ ਜਾਤ-ਪਾਤੀ ਨਾਲ ਸਬੰਧਤ ਰੁਤਬੇ ਦੀ ਚੇਤੰਨਤਾ ਤੇ ਹਉਮੈ, ਦੋਹਾਂ ਦੀ ਸਿੱਧੇ ਲਫ਼ਜ਼ਾਂ ਵਿਚ ਨਿਖੇਧੀ ਕੀਤੀ।

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥  
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥  
(ਗੁਰੂ ਗ੍ਰੰਥ ਸਾਹਿਬ, ਅੰਗ 1127-28)

*(ਸਮਾਪਤ)*



ਚਿੱਤ ਚੇਤਾ

ਕਾਨਾ ਸਿੰਘ
ਫੋਨ: 91-95019-44944

# ਧੀਰਾ

*ਆਪਣੇ ਚੇਤੇ ਦੀ ਚੰਗੇਰ ਵਿਚੋਂ ਐਤਕੀਂ ਕਾਨਾ ਸਿੰਘ ਨੇ ਗੁੱਜਰਖਾਨ ਨਾਲ ਜੁੜੀ ਉਹ ਕਥਾ ਛੋਹੀ ਹੈ ਜਿਹੜੀ ਉਹਨੂੰ ਵੀ ਹੈਰਾਨ ਕਰ ਗਈ ਸੀ। ਵਿਸ਼ਵਾਸ ਤੋਂ ਅੰਧ-ਵਿਸ਼ਵਾਸ ਤੱਕ ਦਾ ਇਹ ਸਫਰ ਬਹੁਤ ਸਹਿਜ ਰੂਪ ਵਿਚ ਬਿਆਨ ਹੋਇਆ ਹੈ। ਬਹੁਤ ਵਾਰ ਵਕਤ ਵਿਹਾ ਕੇ ਗੱਲਾਂ ਨਾਲ ਗੱਲਾਂ ਇੰਜ ਕਰੁੰਗੜੀ ਪਾ ਕੇ ਖੜ੍ਹ ਜਾਂਦੀਆਂ ਹਨ ਕਿ ਸੱਚ ਦਾ ਹੀ ਝਉਲਾ ਪੈਣ ਲੱਗ ਪੈਂਦਾ ਹੈ। -ਸੰਪਾਦਕ*

ਫੋਨ ਆਇਆ ਪਾਕਿਸਤਾਨ ਦੇ ਜ਼ਿਲ੍ਹਾ ਜਿਹਲਮ ਦੇ ਕਸਬੇ ਦੀਨਾ ਤੋਂ।...ਇਹ ਸਨ ਸਿਦੀਕ ਸੂਰਜ ਜਿਨ੍ਹਾਂ ਨੇ ਲਾਹੌਰ ਦੇ 'ਸੁਚੇਤ ਕਿਤਾਬ ਘਰ' ਤੋਂ ਮੇਰੀ ਕਿਤਾਬ 'ਰੂਹ ਦਾ ਅਨੁਵਾਦ' ਪ੍ਰਾਪਤ ਕਰ ਕੇ ਪੜ੍ਹੀ ਸੀ। ਕਿਤਾਬ ਵਿਚਲੇ ਯਾਦ-ਚਿਤਰ 'ਵਿਹੜੇ ਦਾ ਬਿਰਛ' ਦਾ ਉਨ੍ਹਾਂ ਨੇ ਉਰਦੂ ਵਿਚ ਕਹਾਣੀ ਵਜੋਂ ਅਨੁਵਾਦ ਕੀਤਾ ਸੀ, ਤੇ ਹੁਣ ਉਸ ਨੂੰ ਪ੍ਰਕਾਸ਼ਿਤ ਕਰਨ ਲਈ ਮੇਰੀ ਇਜਾਜ਼ਤ ਮੰਗਦੇ ਸਨ। ਉਸ ਤੋਂ ਬਾਅਦ ਫੋਨਾਂ ਅਤੇ ਇੰਟਰਨੈਟ ਰਾਹੀਂ ਸਾਡਾ ਰਾਬਤਾ ਕਾਇਮ ਹੋ ਗਿਆ।

ਵਕਤ ਪਾ ਕੇ ਮੇਰੀਆਂ ਸਾਰੀਆਂ ਹੀ ਕਿਤਾਬਾਂ ਸਿਦੀਕ ਸੂਰਜ ਤੱਕ ਪੁੱਜ ਗਈਆਂ ਅਤੇ ਗਾਹੇ-ਬਗਾਹੇ 'ਪੰਜਾਬੀ ਟ੍ਰਿਬਿਊਨ' ਵਿਚ ਛਪਦੇ ਆਪਣੇ ਆਰਟੀਕਲ ਵੀ ਮੈਂ ਉਨ੍ਹਾਂ ਨੂੰ ਮੇਲ ਕਰਨ ਲੱਗੀ। ਉਹ ਮੇਰੀਆਂ ਲਿਖਤਾਂ ਨੂੰ ਸ਼ਾਹਮੁਖੀ ਵਿਚ ਲਿਪੀਅੰਤਰ ਕਰ ਕੇ ਜਾਂ ਉਰਦੂ ਵਿਚ ਤਰਜਮਾ ਕਰ ਕੇ ਉਧਰ ਦੇ ਅਖਬਾਰਾਂ ਅਤੇ ਰਿਸਾਲਿਆਂ ਵਿਚ ਭੇਜਣ ਲੱਗੇ।

ਗੱਲਾਂ-ਗੱਲਾਂ ਵਿਚ ਮੈਂ ਸੂਰਜ ਨੂੰ ਦੱਸਿਆ ਕਿ ਮਾਰਚ 2004 ਵਿਚ ਪਾਕਿਸਤਾਨ ਫੇਰੀ ਦੌਰਾਨ, ਮੈਂ ਗੁੱਜਰਖਾਨ ਜਾ ਕੇ ਵੀ ਆਪਣਾ ਜੱਦੀ ਘਰ ਨਹੀਂ ਸਾਂ ਲੱਭ ਸਕੀ। ਉਨ੍ਹਾਂ ਮੇਰੇ ਘਰ-ਮੁਹੱਲੇ ਦੀਆਂ ਨਿਸ਼ਾਨੀ ਵਿਚਲੇ ਉਚੇ ਥੜ੍ਹੇ ਵਾਲੇ ਸਾਡੇ ਪੁਰਾਣੇ ਘਰ ਦੀਆਂ ਤਸਵੀਰਾਂ ਖਿੱਚ ਕੇ ਉਨ੍ਹਾਂ ਮੈਨੂੰ ਮੇਲ ਕਰ ਦਿੱਤੀਆਂ।

ਦੀਨੇ ਤੋਂ ਇਕ ਘੰਟੇ ਦੇ ਸਫਰ ਦੀ ਦੂਰੀ 'ਤੇ ਹੀ ਹੈ ਗੁੱਜਰਖਾਨ। ਸਿਦੀਕ ਸੂਰਜ ਦਾ ਅਕਸਰ ਹੀ ਗੇੜਾ ਲਗਦਾ ਰਹਿੰਦਾ ਹੈ ਉਥੇ। ਉਨ੍ਹਾਂ ਵਲੋਂ ਈ-ਮੇਲ ਰਾਹੀਂ ਭੇਜੀਆਂ ਤਸਵੀਰਾਂ ਰਾਹੀਂ ਹੁਣ ਗੁੱਜਰਖਾਨ ਦੇ ਕਟੜੇ ਅਤੇ ਗਲੀਆਂ-ਬਜ਼ਾਰਾਂ ਦੇ ਦੀਦਾਰ ਮੈਨੂੰ ਅਕਸਰ ਹੀ ਹੋਣ ਲੱਗੇ।

ਵਕਤ ਪਾ ਕੇ ਸਿਦੀਕ ਸੂਰਜ ਨੇ ਨਵੇਂ ਮੁਹੱਲੇ ਵਿਚੋਂ ਪੁਰਾਣੇ ਮੁਹੱਲੇ ਵਲ ਜਾਂਦੀ ਗਲੀ ਦੇ ਵਿਚਕਾਰਲੇ ਮੋੜ ਦੇ ਸਾਹਵੇਂ ਕਸ਼ਮੀਰੀਆਂ ਦੀ ਹਵੇਲੀ ਦੀ ਤਸਵੀਰ ਭੇਜੀ। ਇਸ ਹਵੇਲੀ ਨਾਲ ਮੇਰੇ ਬਚਪਨ ਦੀ ਬੜੀ ਪਿਆਰੀ ਯਾਦ ਜੁੜੀ ਹੋਈ ਹੈ ਜਿਸ ਦਾ ਜ਼ਿਕਰ ਮੈਂ ਆਪਣੇ ਕਿਸੇ ਚੇਤੇ ਦੀ ਲਿਖਤ 'ਚ ਕਰ ਚੁੱਕੀ ਸਾਂ। ਉਹ ਇਸ ਪ੍ਰਕਾਰ ਹੈ:

ਉਮਰ ਚਾਰ ਸਾਲ। ਸਾਲ, ਡੇਢ ਸਾਲ ਪਹਿਲਾਂ ਮੇਰੀਆਂ ਦੋ ਵੱਡੀਆਂ ਭੈਣਾਂ ਦੇ ਵਿਆਹ ਹੋਏ ਸਨ। ਦੋ ਜੰਞਾਂ, ਇਕੋ ਵੇਲੇ। ਨਾਲੋ-ਨਾਲ। ਘੋੜੀਆਂ 'ਤੇ ਚੜ੍ਹ ਕੇ ਆਏ ਸਨ ਦੋਵੇਂ ਮਰਾਜ੍ਹ (ਲਾੜੇ)। ਮਰਾਜ੍ਹ ਘੋੜੀ 'ਤੇ ਚੜ੍ਹ ਕੇ ਆਉਂਦਾ ਹੈ, ਵਹੁਟੀ ਨੂੰ ਲਿਜਾਣ ਲਈ। ਬਸ ਇੰਨੀ ਕੁ ਹੀ ਸਮਝ ਸੀ ਉਸ ਉਮਰ ਦੀ ਮੇਰੀ; ਤੇ ਮੈਂ ਬੈਠੀ ਰਹਿੰਦੀ ਕਸ਼ਮੀਰੀਆਂ ਦੀ ਹਵੇਲੀ ਸਾਹਮਣੇ ਬੁੱਤ ਬਣ ਕੇ, ਘੰਟਿਆਂਬੱਧੀ। ਕਿਉਂ ਭਲਾ?...ਕਿਉਂਕਿ ਉਚਾ ਲੰਮਾ, ਸੁਰਖ ਗੁਲਾਬ ਚਿਹਰਾ ਤੇ ਯਾਕੂਤੀ ਹੋਠਾਂ ਵਾਲਾ ਨੱਢਾ, ਸਿਰ 'ਤੇ ਤਿੱਲੇਦਾਰ ਕੁੱਲਾ, ਪਿੱਛੇ ਲੰਮਾ ਕਾਲਾ ਸ਼ਮਲਾ ਲਮਕਦਾ, ਜਿਸ ਦਾ ਨੂਰ ਅੱਜ ਵੀ ਉਂਜ ਦਾ ਉਂਜ ਹੀ ਟਿਕਿਆ ਹੋਇਆ ਹੈ ਚੇਤੇ ਵਿਚ, ਦਗੜ-ਦਗੜ ਘੋੜੀ 'ਤੇ ਸਵਾਰ ਹਵੇਲੀ ਵਿਚੋਂ ਨਿਕਲਦਾ।

ਮੈਂ ਵੇਖਦੀ ਤੇ ਬਹਿ ਜਾਂਦੀ ਉਥੇ ਦੀ ਉਥੇ ਜੰਮ ਕੇ, ਉਸ ਦੇ ਪਰਤਣ ਦੀ ਉਡੀਕ ਵਿਚ।

"ਕਾਨਾ ਕਿਉਂ ਬੈਠੀ ਏਂ?" ਜੇ ਕੋਈ ਪੁੱਛਦਾ ਤਾਂ ਆਖਦੀ: "ਮੇਰਾ ਮਰਾਜ੍ਹ ਆਣ ਵਾਲਾ ਹੈ। ਉਹ ਆਸੀ ਤੇ ਮੈਂਨੂੰ ਘੋੜੀ ਤੇ ਚੜ੍ਹਾ ਕੇ ਲੈ ਜਾਸੀ।"

ਇਸ ਬਾਲ-ਬੁੱਧ ਦਾ ਜ਼ਿਕਰ ਮੈਂ ਸਿਦੀਕ ਸੂਰਜ ਅੱਗੇ ਕਰ ਚੁੱਕੀ ਸਾਂ। ਉਹ ਉਸ ਮੁਹੱਲੇ ਵਿਚ ਅਕਸਰ ਜਾਣ ਅਤੇ ਉਥੋਂ ਦੀਆਂ ਖਬਰਾਂ ਮੈਨੂੰ ਦੇਣ ਲੱਗੇ। ਸਰਦਾਰੀ ਟੁੰਡਾ, ਫਿਰੋਜ਼ਾ ਮੁੰਡਾ ਜੋ ਬੱਚਿਆਂ ਨੂੰ ਡਰਾ ਕੇ ਅਨੰਦ ਲੈਂਦੇ ਸਨ, ਨਹੀਂ ਸਨ ਰਹੇ।...ਇਮਾਰਤਕਾਰ ਇਬਰਾਹਿਮ ਚਾਚਾ ਜੀ ਵੀ ਫੌਤ ਹੋ ਗਏ ਸਨ।...ਮਾਈ ਕਾਕੀ ਦਾ ਗੁਰਦੁਆਰਾ ਬਸ ਹੁਣ ਇਕ ਢਠਵਾਣ ਹੀ ਸੀ।...ਕਸ਼ਮੀਰੀਆਂ ਦੀ ਗਲੀ ਦਾ ਰਾਹ ਮਹੱਲੇ ਵਲੋਂ ਬੰਦ ਕਰਕੇ ਪਿਛਲੇ ਪਾਸਿਓਂ ਕੱਢ ਲਿਆ ਗਿਆ ਹੈ, ਆਦਿ ਆਦਿ।



*ਗੁੱਜਰਖਾਨ ਦੀਆਂ ਗਲੀਆਂ: ਇਕ ਝਲਕ।*

ਕਸ਼ਮੀਰੀਆਂ ਦੀ ਹਵੇਲੀ ਵਾਲੀ ਗਲੀ ਦੇ ਬੰਦ ਕੀਤੇ ਰਾਹ ਦੇ ਐਨ ਸਾਹਮਣੇ ਵਾਲੇ ਚੌੜੇ ਥੜ੍ਹੇ ਵਾਲੇ ਦੋ ਮੰਜ਼ਲੇ ਘਰ ਦੀ ਤਸਵੀਰ ਨੂੰ ਭੇਜਦਿਆਂ ਸਿਦੀਕ ਸੂਰਜ ਨੇ ਜੋ ਖਬਰ ਦਿੱਤੀ ਉਸ ਨੇ ਤਾਂ ਮੈਨੂੰ ਹੈਰਾਨ ਹੀ ਕਰ ਦਿੱਤਾ।

ਸੂਰਜ ਨੇ ਦੱਸਿਆ ਕਿ ਗੁੱਜਰਖਾਨ ਵਿਚ ਰਹਿੰਦੇ ਉਨ੍ਹਾਂ ਦੇ ਸੱਜਣਾਂ-ਮਿੱਤਰਾਂ ਦੇ ਦੱਸਣ ਮੁਤਾਬਕ ਇਸ ਘਰ ਵਿਚ ਰਹਿੰਦੇ ਸਿੱਖ ਪਰਿਵਾਰ ਦਾ ਬਾਰਾਂ-ਤੇਰ੍ਹਾਂ ਵਰ੍ਹਿਆਂ ਦਾ ਕਿਸ਼ੋਰ ਬਾਲਕ ਹੁੰਦਾ ਸੀ ਜੋ ਸਦਾ ਅੱਲ੍ਹਾ ਹੂ ਅੱਲ੍ਹਾ ਹੂ ਉਚਰਦਾ ਰਹਿੰਦਾ ਸੀ। ਇਸੇ ਕਰ ਕੇ ਉਸ ਦੇ ਮਾਪੇ ਉਸ ਨੂੰ ਲੋਹੇ ਦੀ ਸੰਗਲੀ ਨਾਲ ਬੰਨ੍ਹ ਕੇ ਡਿਓੜੀ ਦੀ ਬਾਰੀ ਦੀਆਂ ਸੀਖਾਂ ਨਾਲ ਨੂੜੀ ਰੱਖਦੇ ਸਨ। ਸੰਨ 1947 ਵਿਚ ਉਹ ਖੱਤਰੀ ਪਰਿਵਾਰ ਹਿੰਦੁਸਤਾਨ ਜਾਣ ਲਈ ਤਿਆਰ ਹੋ ਗਿਆ, ਪਰ ਉਸ 'ਅੱਲ੍ਹਾ ਦੀ ਪਾਕ ਰੂਹ' ਨੂੰ ਇਹ ਪਰਵਾਨ ਨਹੀਂ ਸੀ। ਉਸ ਅੰਨ-ਪਾਣੀ ਲੈਣਾ ਛੱਡ ਦਿੱਤਾ ਤੇ ਫੌਤ ਹੋ ਗਿਆ। ਜੇਠ ਦੀ ਭੱਠ ਗਰਮੀ ਸੀ। ਕਰਫਿਊ ਲੱਗੇ ਹੋਏ ਸਨ। ਕਿੰਨੇ ਦਿਨ ਉਸ ਪਾਕ ਰੂਹ ਦੀ ਲਾਸ਼ ਘਰ ਵਿਚ ਪਈ ਰਹੀ ਤੇ ਉਸ ਵਿਚੋਂ ਖੁਸ਼ਬੂ ਦੀਆਂ ਲਪਟਾਂ ਆਉਂਦੀਆਂ ਰਹੀਆਂ; ਬਦਬੂ ਨਹੀਂ।

ਸਿਦੀਕ ਸੂਰਜ ਨੇ ਉਸ ਘਰ ਦੀ ਅਤੇ ਉਸ ਦੇ ਮੂਹਰੇ ਬਣੀ ਹੋਈ ਥੜ੍ਹੀ ਦੀ ਮੈਨੂੰ ਤਸਵੀਰ ਭੇਜੀ। ਉਨ੍ਹਾਂ ਦੱਸਿਆ ਕਿ ਇਹ ਮੜ੍ਹੀ ਏ ਉਸ ਪਾਕ ਰੂਹ ਦੀ ਜਿਸ 'ਤੇ ਲੋਕੀਂ ਫੁੱਲ ਚੜ੍ਹਾਂਦੇ ਹਨ, ਸਜਦੇ ਕਰਦੇ ਹਨ। ਮੜ੍ਹੀ 'ਤੇ ਮੰਨਤਾਂ ਮੰਨੀਆਂ ਤੇ ਪੁਗਾਈਆਂ ਜਾਂਦੀਆਂ ਹਨ।

ਤਸਵੀਰ ਵੇਖਦਿਆਂ ਹੀ ਮੈਂ ਪਛਾਣ ਗਈ ਕਿ ਇਹ ਤਾਂ ਸਾਡੀ ਗਲੀ ਵਿਚ ਰਹਿੰਦੇ ਸਾਡੇ ਰਿਸ਼ਤੇਦਾਰ, ਚਾਚਾ ਮਹਿੰਦਰ ਸਿੰਘ ਸੇਠੀ ਦਾ ਘਰ ਸੀ। ਮੰਧਰੇ ਦੇ ਬੱਸ ਅੱਡੇ ਉਤੇ ਸਥਿਤ ਮੇਰੇ ਪਿਤਾ ਜੀ ਦੇ ਬਰਮਾ ਸ਼ੈਲ, ਪੈਟਰੋਲ ਪੰਪ ਦੇ ਉਹ ਭਾਈਵਾਲ ਵੀ ਸਨ। ਇਸ ਥੜ੍ਹੇ ਵਾਲੇ ਘਰ ਵਿਚ ਇਕ ਵੇਰਾਂ ਮਾਂ ਨੇ ਮੈਨੂੰ ਖੋਤਾਂ (ਕੱਚੇ ਅਖਰੋਟਾਂ) ਦੀ ਪੱਛੀ ਦੇ ਕੇ ਭੇਜਿਆ ਸੀ। ਕੋਹਮਰੀ ਤੋਂ ਆਏ ਅਖਰੋਟ।

ਡਿਓੜੀ ਵਿਚ ਵੜਦਿਆਂ ਹੀ ਮੈਂ ਉਸ ਨੂੰ ਵੇਖਿਆ ਸੀ, ਬਾਰੀ ਦੀ ਸੰਗਲੀ ਨਾਲ ਬੰਨ੍ਹਿਆ ਹੋਇਆ ਦਸ-ਬਾਰਾਂ ਕੁ ਵਰ੍ਹਿਆਂ ਦਾ ਗੋਰਾ ਕਿਸ਼ੋਰ। ਚਿੱਟੀ ਕਮੀਜ਼, ਖਾਕੀ ਨਿੱਕਰ ਵਿਚ ਤੇ ਪਿੱਛੇ ਲਟਕਦੀ ਲੰਮੀ ਸਾਰੀ ਗੁੱਤ।

'ਹੂ ਹੂ' ਕਰਦਾ ਉਹ ਮੇਰੇ ਵੱਲ ਪਲੰਮਿਆ ਸੀ, ਤੇ ਮੈਂ ਚੀਕਾਂ ਮਾਰਦੀ ਬਾਹਰ ਪਰਤ ਆਈ ਸਾਂ, ਸ਼ੂਟ ਵੱਟ ਕੇ ਮੁੜ ਆਪਣੇ ਘਰ। ਘਰ ਆ ਕੇ ਪਤਾ ਲੱਗਾ ਸੀ ਕਿ ਉਹ ਤਾਂ ਧੀਰਾ ਸੀ, ਸੇਠੀ ਖਾਨਦਾਨ ਦਾ ਸਭ ਤੋਂ ਨਿੱਕਾ, ਪੰਜਵਾਂ ਪੁੱਤਰ। ਜਮਾਂਦਰੂ ਪਾਗਲ।

ਸਿਦੀਕ ਸੂਰਜ ਤੋਂ ਇਹ ਜਾਣਕਾਰੀ ਮਿਲਦਿਆਂ ਹੀ ਮੈਂ ਦਿੱਲੀ ਫੋਨ ਕੀਤਾ, ਮਹਿੰਦਰ ਸਿੰਘ ਸੇਠੀ ਦੇ ਘਰ।

ਦੱਖਣ ਦਿੱਲੀ ਦੇ ਭੋਗਲ ਅਤੇ ਜੰਗਪੁਰੇ ਇਲਾਕੇ ਵਿਚ ਸਥਿਤ ਇਥੇ ਵੀ ਅਸਾਂ ਦੋਵਾਂ ਪਰਿਵਾਰਾਂ ਦੇ ਘਰ ਤੇ ਪੈਟਰੋਲ ਪੰਪ ਨੇੜੇ ਨੇੜੇ ਹੀ ਹਨ। ਇਕੋ ਬਿਰਾਦਰੀ ਦੇ ਹੋਣ ਕਾਰਨ ਰਿਸ਼ਤੇਦਾਰੀ ਵੀ ਦੂਹਰੀ, ਤ੍ਰੇਹਰੀ ਹੈ।

ਚਾਚਾ ਜੀ ਨੇ ਦੱਸਿਆ ਕਿ ਧੀਰਾ ਤਾਂ ਵੰਡ ਤੋਂ ਇਕ ਸਾਲ ਪਹਿਲਾਂ ਹੀ ਗੁਜ਼ਰ ਗਿਆ ਸੀ। ਉਨ੍ਹਾਂ ਦਾ ਪਰਿਵਾਰ ਅਪਰੈਲ 1947 ਵਿਚ ਹੀ ਸੋਲਨ ਆ ਟਿਕਿਆ ਸੀ ਤੇ ਫੇਰ ਸਾਲ ਖੰਡ ਮਗਰੋਂ ਉਹ ਦਿੱਲੀ ਜਾ ਟਿਕੇ।

ਜ਼ਾਹਿਰ ਹੈ ਕਿ ਧੀਰੇ ਦੀ ਮੌਤ ਅਤੇ ਉਸ ਦੀ ਲਾਸ਼ ਵਿਚੋਂ ਨਿਕਲਦੀਆਂ ਖੁਸ਼ਬੂ ਦੀਆਂ ਲਪਟਾਂ ਵਾਲੀ ਗੱਲ ਝੂਠ ਸੀ। ਮਿੱਥ!

ਜੇ ਅਸੀਂ ਸਾਰੇ ਹਿੰਦੂ-ਸਿੱਖ ਪਰਿਵਾਰ ਗੁੱਜਰਖਾਨ ਤੋਂ ਕੂਚ ਹੀ ਕਰ ਗਏ ਸਾਂ ਸਦਾ-ਸਦਾ ਲਈ, ਤਾਂ ਝੂਠ-ਸੱਚ ਦਾ ਨਿਤਾਰਾ ਵੀ ਕੀ ਤੇ ਕਿਸ ਨੇ ਕਰਨਾ ਸੀ?

ਅੱਜ ਉਥੇ ਧੀਰੇ ਦੀ ਯਾਦ ਵਿਚ ਥੜ੍ਹੀ ਬਣੀ ਹੋਈ ਹੈ। ਲੋਕੀਂ ਸਿਰ ਝੁਕਾਂਦੇ, ਸੁੱਖਣਾ ਸੁੱਖਦੇ ਹਨ। ਸ਼ਰਧਾਲੂ ਮੰਨਤਾਂ ਮੰਨਦੇ ਤੇ ਪੁਗਾਂਦੇ ਹਨ। ਹੁੰਦੀਆਂ ਹੋਣਗੀਆਂ ਮੰਨਤਾਂ ਪੂਰੀਆਂ। ਜ਼ਰੂਰ।

ਇਹ ਧੀਰੇ ਦੀ ਕਰਾਮਾਤ ਹੈ, ਜਾਂ ਸ਼ਰਧਾਲੂਆਂ ਦੇ ਅਕੀਦੇ ਦੀ ਸ਼ਿੱਦਤ?...ਜੇ ਵਿਸ਼ਵਾਸ ਪੱਥਰ ਵਿਚ ਜਾਨ ਪਾ ਦਿੰਦਾ ਹੈ, ਤਾਂ ਕੀ ਲੋਕ ਸਮੂਹ ਦਾ ਵਿਸ਼ਵਾਸ ਕ੍ਰਿਸ਼ਮਾ ਨਹੀਂ?

# ਸੰਪਾਦਕ ਦੀ ਡਾਕ

## ਵਰਿਆਮ ਸੰਧੂ ਦਾ ਹਰਭਜਨ ਹਲਵਾਰਵੀ

ਵਰਿਆਮ ਸਿੰਘ ਸੰਧੂ ਦਾ ਹਰਭਜਨ ਹਲਵਾਰਵੀ ਬਾਰੇ ਖ਼ੂਬਸੂਰਤ ਤੇ ਭਾਵਪੂਰਤ ਲੰਮਾ ਰੇਖਾਚਿੱਤਰ ਪੜ੍ਹਿਆ। ਸੰਧੂ ਕੋਲ ਸ਼ਬਦਾਂ ਦਾ ਖ਼ਜ਼ਾਨਾ ਹੈ ਤੇ ਇਨ੍ਹਾਂ ਨੂੰ ਜੜਨ ਦੀ ਕਲਾ ਵੀ। ਦੋਸਤੀ ਨੇ ਇਸ ਵਿਚ ਸੋਨੇ ਉਤੇ ਸੁਹਾਗੇ ਦਾ ਕੰਮ ਕੀਤਾ ਹੈ। ਕਿਸੇ ਯਾਰ-ਦੋਸਤ ਨੂੰ ਯਾਦ ਕਰਨ ਦਾ ਇਸ ਤੋਂ ਵਧੀਆ ਤਰੀਕਾ ਹੋਰ ਹੋ ਹੀ ਨਹੀਂ ਸਕਦਾ! ਵਿਚ ਜਿਹੇ ਉਨ੍ਹਾਂ ਦੀ ਅਣ-ਬਣ ਪੜ੍ਹਦਿਆਂ ਮਨ ਡਰਨ ਲੱਗ ਪਿਆ, ਪਈ ਕਿਤੇ ਅੰਤ ਵੀ ਅਜਿਹਾ ਈ ਨਾ ਹੋ ਜਾਵੇ, ਪਰ ਭਲਾ ਹੋਵੇ ਦੋਹਾਂ ਬੀਬੀਆਂ ਦਾ ਜਿਨ੍ਹਾਂ ਨੇ ਕੁੜੱਤਣ ਨੂੰ ਸ਼ਹਿਦ ਵਿਚ ਬਦਲ ਦਿੱਤਾ ਤੇ ਦੋਵੇਂ ਦੋਸਤ ਫਿਰ ਜਿਗਰੀ ਯਾਰ ਬਣ ਗਏ।

ਇਹ ਪੜ੍ਹਦਿਆਂ ਪਿਛਲੇ ਚਾਲੀ ਸਾਲਾਂ ਦਾ ਲੰਮਾ ਸਮਾਂ ਮੇਰੇ ਜ਼ਿਹਨ ਵਿਚ ਫਿਲਮ ਵਾਂਗ ਘੁੰਮਦਾ ਰਿਹਾ। 1974 ਵਿਚ ਪਹਿਲੀ ਵਾਰ ਹਲਵਾਰਵੀ ਨੂੰ ਜਗਤਪੁਰ ਲਿਖਾਰੀ ਸਭਾ ਦੇ ਸਾਲਾਨਾ ਸਮਾਗਮ ਵਿਚ ਕਵਿਤਾ 'ਤੇ ਪੜ੍ਹੇ ਗਏ ਪੇਪਰ ਬਾਰੇ ਬਹਿਸ ਕਰਦਿਆਂ ਸੁਣਿਆ ਤੇ ਦੇਖਿਆ ਸੀ। ਉਸ ਦੇ ਤਰਕ, ਤਲਵਾਰ ਵਾਂਗ ਤਿੱਖੇ ਸਨ। ਉਨ੍ਹੀਂ ਦਿਨੀਂ ਉਹ ਗੁਪਤਵਾਸ ਨੂੰ ਅਲਵਿਦਾ ਕਹਿ ਕੇ ਆਇਆ ਸੀ। ਨਾਗੀ ਰੈਡੀ ਗਰੁਪ ਉਸ ਤੋਂ ਡਾਢਾ ਔਖਾ ਸੀ। ਦਰਸ਼ਨ ਖਟਕੜ ਨਾਲ ਉਸ ਦੀ ਡੂੰਘੀ ਸਾਂਝ ਸੀ। ਉਹ ਵੀ ਉਨ੍ਹੀਂ ਦਿਨੀਂ ਜੇਲ੍ਹ ਤੋਂ ਰਿਹਾਅ ਹੋ ਕੇ ਆਇਆ ਸੀ। ਭਾਅ ਦਰਸ਼ਨ ਰਾਹੀਂ ਅਸੀਂ ਵੀ ਕਦੇ-ਕਦਾਈਂ ਉਸ ਨੂੰ ਮਿਲਣ-ਗਿਲਣ ਜਾਂਦੇ। ਪ੍ਰਭਾਵਿਤ ਕਰਨ ਦੀ ਉਸ ਕੋਲ ਚੁੰਬਕੀ ਸ਼ਕਤੀ ਸੀ। ਨਵੇਂ ਲਿਖਣ ਵਾਲਿਆਂ ਨੂੰ ਉਹ ਪਿਆਰ ਵੀ ਕਰਦਾ ਤੇ ਸਹੀ ਸਲਾਹ ਵੀ ਦਿੰਦਾ ਸੀ।

ਇਹ ਠੀਕ ਏ ਕਿ ਟ੍ਰਿਬਿਊਨ ਦੀ ਨੌਕਰੀ ਸਮੇਂ ਉਸ ਦੇ ਕਈ ਯਾਰ ਉਸ ਦੇ ਦੁਸ਼ਮਣ ਬਣ ਗਏ। ਉਨ੍ਹਾਂ ਵਿਚੋਂ ਕਈਆਂ ਨੇ ਟ੍ਰਿਬਿਊਨ ਵਿਚ ਨਾ ਛਪਣ ਦਾ ਮਤਾ ਵੀ ਪਾ ਲਿਆ, ਪਰ ਉਹ ਆਪਣੀ ਚਾਲੇ ਚਲਦਾ ਰਿਹਾ। ਸ਼ਾਇਦ 1990 ਦੀਆਂ ਗਰਮੀਆਂ ਸਨ, ਜਦ ਉਹ ਕੈਨੇਡਾ ਤੋਂ ਹੁੰਦਾ ਹੋਇਆ ਅਮਰੀਕਾ ਦੀ ਓਹਾਇਓ ਸਟੇਟ ਵਿਚ ਆਪਣੀ ਕਜ਼ਨ ਨੂੰ ਮਿਲਣ ਆਇਆ। ਮੈਂ ਉਦੋਂ ਬਾਲਟੀਮੋਰ (ਮੈਰੀਲੈਂਡ) ਰਹਿੰਦਾ ਸਾਂ। ਫੋਨ ਆਇਆ ਕਿ ਉਹ ਵਾਸ਼ਿੰਗਟਨ ਡੀ.ਸੀ. ਘੁੰਮਣਾ ਚਾਹੁੰਦਾ ਹੈ, ਪਰ ਨਾਲ ਰਿਸ਼ਤੇਦਾਰ ਵੀ ਹੋਣਗੇ। ਪੁੱਛਿਆ, ਰਹਿਣ ਦੀ ਕੋਈ ਮੁਸ਼ਕਿਲ ਤਾਂ ਨਹੀਂ? ਮੈਂ ਕਿਹਾ, ਫਿਕਰ ਨਾ ਕਰੋ, ਕੋਈ ਵੀ ਮੁਸ਼ਕਿਲ ਵਾਲੀ ਗੱਲ ਨਹੀਂ। ਬਾਅਦ ਵਿਚ ਉਸ ਨੇ ਇਸ ਦਾ ਜ਼ਿਕਰ ਆਪਣੇ ਸਫਰਨਾਮੇ ਵਿਚ ਵੀ ਕੀਤਾ। ਉਹ ਆਏ ਤੇ ਅਗਲੇ ਦਿਨ ਸਵੇਰੇ ਅਸੀਂ ਵਾਸ਼ਿੰਗਟਨ ਗਏ। ਵ੍ਹਾਈਟ ਹਾਊਸ ਮੂਹਰੇ ਖੜ੍ਹ ਕੇ ਫੋਟੋ ਖਿਚਾਉਂਦਿਆਂ ਕਹਿੰਦਾ, "ਲੈ ਬਈ ਰਵਿੰਦਰ, ਆਹ ਨਿੱਕਾ ਜਿਹਾ ਘਰ ਈ ਆ ਜਿਥੋਂ ਸਾਰੀ ਦੁਨੀਆਂ ਦੀਆਂ ਤਾਰਾਂ ਖੜਕਦੀਆਂ ਨੇ।" ਅਸੀਂ ਮਿਊਜ਼ੀਅਮ ਦੇਖੇ, ਥਾਮਸ ਜੈਫਰਸਨ ਮੈਮੋਰੀਅਲ ਤੇ ਹੋਰ ਕਿੰਨਾ ਕੁਝ। ਕੈਪੀਟਲ ਦੀ ਬਿਲਡਿੰਗ ਮੂਹਰੇ ਖੜ੍ਹਿਆਂ ਉਹ ਗੰਭੀਰ ਹੋ ਗਿਆ ਤੇ ਇਕ ਟੱਕ ਦੇਖਦਿਆਂ ਕਹਿੰਦਾ, "ਯਾਰ ਇਨ੍ਹਾਂ ਦੇ ਖਿਲਾਫ ਲੜਦਿਆਂ ਅਸੀਂ ਜੁਆਨੀ ਦੇ ਕਿੰਨੇ ਹੀ ਵਰ੍ਹੇ ਲੇਖੇ ਲਾ ਦਿੱਤੇ ਪਰ ਇਹ ਸਹੁਰੀ ਦੇ...!" ਸ਼ਾਮੀਂ ਘਰ ਆਏ। ਅਸੀਂ ਪੰਜਾਬੀ ਸੁਸਾਇਟੀ ਬਾਲਟੀਮੋਰ ਦੀ ਮੀਟਿੰਗ ਵੀ ਬੁਲਾ ਲਈ। ਚਾਲੀ-ਪੰਜਾਹ ਦਾ ਇਕੱਠ ਹੋ ਗਿਆ। ਉਹ ਕਾਫੀ ਖੁਸ਼ ਸੀ ਤੇ ਘੰਟਾ ਭਰ ਦਿਲ ਖੋਲ੍ਹ ਕੇ ਗੱਲਾਂ ਕੀਤੀਆਂ। ਜਾਂਦਾ ਹੋਇਆ ਮੇਰੀ ਕਿਤਾਬ 'ਜ਼ਖ਼ਮੀ ਪਲ' ਦਾ ਖਰੜਾ ਵੀ ਨਾਲ ਲੈ ਗਿਆ ਜੋ ਉਨ੍ਹਾਂ ਮੋਹਨ ਸਿੰਘ ਰਾਹੀ (ਅੰਮ੍ਰਿਤਸਰ ਵਾਲੇ) ਤੋਂ ਵਾਜਬ ਭਾਅ 'ਤੇ ਛਪਵਾ ਦਿੱਤੀ। ਫਿਰ ਤਾਂ ਜਦੋਂ ਵੀ ਇੰਡੀਆ ਜਾਣਾ, ਜ਼ਰੂਰ ਮਿਲ ਕੇ ਆਉਣਾ।

ਜਿਨ੍ਹਾਂ ਦਿਨਾਂ ਵਿਚ ਉਹ ਪੀ.ਜੀ.ਆਈ. ਦਾਖਲ ਸੀ, ਮੈਂ ਵੀ ਥੋੜ੍ਹੇ ਦਿਨਾਂ ਲਈ ਪੰਜਾਬ ਗਿਆ ਹੋਇਆ ਸੀ। ਫਗਵਾੜੇ ਤੋਂ ਦਿੱਲੀ ਵਾਪਸੀ ਲਈ ਅਸੀਂ ਵਾਇਆ ਚੰਡੀਗੜ੍ਹ ਦਾ ਪ੍ਰੋਗਰਾਮ ਬਣਾ ਲਿਆ। ਸਿੱਧੇ ਪੀ.ਜੀ.ਆਈ. ਗਏ। ਨਵਤੇਜ ਤੇ ਉਸ ਦਾ ਇੰਗਲੈਂਡ ਵਾਲਾ ਭਰਾ ਅਵਤਾਰ ਵੀ ਉਥੇ ਹੀ ਸੀ। ਉਸ ਦੀ ਪਤਨੀ ਪ੍ਰਿਤਪਾਲ ਬੜੀ ਉਦਾਸੀ ਵਿਚ ਸੀ। ਮੈਂ ਤੇ ਨੀਰੂ ਅੰਦਰ ਗਏ, ਉਹਨੇ ਅੱਖ ਝਪਕੀ, ਬੋਲਿਆ ਕੁਝ ਨਾ। ਮੇਰਾ ਮਨ ਭਰ ਆਇਆ, ਕਿਸੇ ਅਣਹੋਣੀ ਦਾ ਖੌਫ ਡਰਾ ਰਿਹਾ ਸੀ। ਥੋੜ੍ਹੇ ਹੀ ਦਿਨਾਂ ਬਾਅਦ ਉਹ ਖਬਰ ਆ ਗਈ ਜਿਸ ਦਾ ਡਰ ਸੀ।

ਖੈਰ!...ਵਰਿਆਮ ਨੂੰ ਤੇ ਤੁਹਾਨੂੰ ਮੁਬਾਰਕਾਂ। ਇੰਨਾ ਵਧੀਆ ਲਿਖਣ ਤੇ ਛਾਪਣ ਲਈ।

*-ਰਵਿੰਦਰ ਸਹਿਰਾਅ*
*ਪੈਨਸਿਲਵੇਨੀਆ*
*ਫੋਨ: 717-575-7529*

# ਗੁਰਬਾਣੀ ਗਿਆਨ

## ਰੈਣਿ ਦਿਨਸੁ ਰਹੈ ਇਕ ਰੰਗਾ

**ਗਉੜੀ ਗੁਆਰੇਰੀ ਮਹਲਾ ੫**
ਰੈਣਿ ਦਿਨਸੁ ਰਹੈ ਇਕ ਰੰਗਾ॥
ਪ੍ਰਭ ਕਉ ਜਾਣੈ ਸਦ ਹੀ ਸੰਗਾ॥
ਠਾਕੁਰ ਨਾਮੁ ਕੀਓ ਉਨਿ ਵਰਤਨਿ॥
ਤ੍ਰਿਪਤਿ ਅਘਾਵਨੁ ਹਰਿ ਕੈ ਦਰਸਨਿ॥੧॥
ਹਰਿ ਸੰਗਿ ਰਾਤੇ ਮਨ ਤਨ ਹਰੇ॥
ਗੁਰ ਪੂਰੇ ਕੀ ਸਰਨੀ ਪਰੇ॥੧॥ ਰਹਾਉ॥
ਚਰਣ ਕਮਲ ਆਤਮ ਆਧਾਰ॥
ਏਕੁ ਨਿਹਾਰਹਿ ਆਗਿਆਕਾਰ॥
ਏਕੋ ਬਨਜੁ ਏਕੋ ਬਿਉਹਾਰੀ॥
ਅਵਰੁ ਨ ਜਾਨਹਿ ਬਿਨੁ ਨਿਰੰਕਾਰੀ॥੨॥
ਹਰਖ ਸੋਗ ਦੁਹਹੂੰ ਤੇ ਮੁਕਤੇ॥
ਸਦਾ ਅਲਿਪਤੁ ਜੋਗ ਅਰੁ ਜੁਗਤੇ॥
ਦੀਸਹਿ ਸਭ ਮਹਿ ਸਭ ਤੇ ਰਹਤੇ॥
ਪਾਰਬ੍ਰਹਮ ਕਾ ਓਇ ਧਿਆਨੁ ਧਰਤੇ॥੩॥
ਸੰਤਨ ਕੀ ਮਹਿਮਾ ਕਵਨ ਵਖਾਨਉ॥
ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ॥
ਪਾਰਬ੍ਰਹਮ ਮੋਹਿ ਕਿਰਪਾ ਕੀਜੈ॥
ਧੂਰਿ ਸੰਤਨ ਕੀ ਨਾਨਕ ਦੀਜੈ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਆਖਦੇ ਹਨ- ਰੈਣਿ ਦਿਨਸੁ ਰਹੈ ਇਕ ਰੰਗਾ, ਭਾਵ ਪੂਰੇ ਗੁਰੂ ਦੀ ਸ਼ਰਨ ਵਿਚ ਰਹਿਣ ਵਾਲਾ ਜੀਵ ਰਾਤ-ਦਿਨ ਉਸ ਮਿਹਰਵਾਨ ਪ੍ਰਭੂ ਦੇ ਰੰਗ ਵਿਚ ਹੀ ਰੰਗਿਆ ਰਹਿੰਦਾ ਹੈ; ਪ੍ਰਭ ਕਉ ਜਾਣੈ ਸਦ ਹੀ ਸੰਗਾ, ਉਹ ਜੀਵ ਪ੍ਰਭੂ ਨੂੰ ਹਰ ਵੇਲੇ ਆਪਣੇ ਨਾਲ ਹੀ ਜਾਣਦਾ ਹੈ, ਠਾਕੁਰ ਨਾਮੁ ਕੀਓ ਉਨਿ ਵਰਤਨਿ, ਉਸ ਜੀਵ ਦਾ ਸਾਰਾ ਵਿਹਾਰ ਵਰਤਣ ਵੀ ਪ੍ਰਭੂ ਨਾਲ ਹੀ ਰਹਿੰਦਾ ਹੈ, ਤ੍ਰਿਪਤਿ ਅਘਾਵਨੁ ਹਰਿ ਕੈ ਦਰਸਨਿ, ਤੇ ਉਹ ਪ੍ਰਭੂ ਦੇ ਦਰਸ਼ਨ ਨਾਲ ਹੀ ਤ੍ਰਿਪਤ ਹੁੰਦਾ ਹੈ।

ਹਰਿ ਸੰਗਿ ਰਾਤੇ ਮਨ ਤਨ ਹਰੇ॥
ਗੁਰ ਪੂਰੇ ਕੀ ਸਰਨੀ ਪਰੇ॥੧॥ ਰਹਾਉ॥

ਰਹਾਉ ਦੀ ਪੰਕਤੀ ਵਿਚ ਗੁਰਦੇਵ ਪਿਤਾ ਸਾਨੂੰ, ਕਲਜੁਗ ਦੇ ਜੀਵਾਂ ਨੂੰ, ਉਪਦੇਸ਼ ਕਰਦੇ ਆਖਦੇ ਹਨ- ਹੇ ਭਾਈ! ਜਿਹੜੇ ਵਡਭਾਗੇ ਜੀਵ ਪਰਮਾਤਮਾ ਦੇ ਨਾਮ ਵਿਚ ਰੰਗੇ ਰਹਿੰਦੇ ਹਨ, ਉਸ ਦੀ ਯਾਦ ਵਿਚ ਮਸਤ ਰਹਿੰਦੇ ਹਨ, ਉਨ੍ਹਾਂ ਪ੍ਰਭੂ ਪਿਆਰਿਆਂ ਦੇ ਮਨ ਵੀ, ਤੇ ਤਨ ਵੀ ਖਿੜੇ ਰਹਿੰਦੇ ਹਨ; ਗੁਰ ਪੂਰੇ ਕੀ ਸਰਨੀ ਪਰੇ, ਪਰ ਭਾਈ! ਇਹ ਸਭ ਤਾਂ ਪੂਰੇ ਗੁਰੂ ਦੀ ਸ਼ਰਨ ਵਿਚ ਪਿਆਂ ਹੀ ਜੀਵਨ ਪ੍ਰਾਪਤ ਹੁੰਦਾ ਹੈ। ਸੋ, ਹੇ ਜੀਵ! ਪੂਰੇ ਗੁਰੂ ਦੀ ਸ਼ਰਨ ਵਿਚ ਜਾਹ।

ਚਰਣ ਕਮਲ ਆਤਮ ਆਧਾਰ॥
ਏਕੁ ਨਿਹਾਰਹਿ ਆਗਿਆਕਾਰ॥
ਏਕੋ ਬਨਜੁ ਏਕੋ ਬਿਉਹਾਰੀ॥
ਅਵਰੁ ਨ ਜਾਨਹਿ ਬਿਨੁ ਨਿਰੰਕਾਰੀ॥੨॥

ਹੇ ਭਾਈ! ਪੂਰੇ ਗੁਰੂ ਦੀ ਸ਼ਰਨ ਵਿਚ ਰਹਿਣ ਵਾਲੇ ਜੀਵ ਉਸ ਮਿਹਰਵਾਨ ਪ੍ਰਭੂ ਦੇ ਸੋਹਣੇ ਚਰਨ ਜੋ ਕਮਲ ਫੁੱਲ ਤੋਂ ਵੀ ਵੱਧ ਕੋਮਲ ਹਨ, ਨੂੰ ਹੀ ਆਪਣੇ ਜੀਵਨ ਦਾ ਆਸਰਾ ਬਣਾ ਕੇ ਰੱਖਦੇ ਹਨ; ਏਕੁ ਨਿਹਾਰਹਿ ਆਗਿਆਕਾਰ, ਹਰ ਥਾਂ ਉਸ ਮਾਲਕ ਨੂੰ ਹੀ ਵਸਦਾ ਦੇਖਦੇ ਹਨ, ਤੇ ਉਹਦੇ ਹੁਕਮ ਵਿਚ ਹੀ ਤੁਰਦੇ ਹਨ; ਹੇ ਭਾਈ! ਉਸ ਪ੍ਰਭੂ ਦਾ ਨਾਮ ਹੀ ਉਨ੍ਹਾਂ ਦਾ ਵਣਜ ਹੈ, ਤੇ ਉਹ ਪ੍ਰਭੂ ਦੇ ਨਾਮ ਦੇ ਹੀ ਵਪਾਰੀ ਬਣੇ ਰਹਿੰਦੇ ਹਨ, ਪ੍ਰਭੂ ਤੋਂ ਬਿਨਾਂ ਹੋਰ ਕਿਤੇ ਉਹ ਸਾਂਝ ਨਹੀਂ ਪਾਉਂਦੇ।

ਹਰਖ ਸੋਗ ਦੁਹਹੂੰ ਤੇ ਮੁਕਤੇ॥
ਸਦਾ ਅਲਿਪਤੁ ਜੋਗ ਅਰੁ ਜੁਗਤੇ॥
ਦੀਸਹਿ ਸਭ ਮਹਿ ਸਭ ਤੇ ਰਹਤੇ॥
ਪਾਰਬ੍ਰਹਮ ਕਾ ਓਇ ਧਿਆਨੁ ਧਰਤੇ॥੩॥

ਗੁਰਦੇਵ ਪਿਤਾ ਆਖਦੇ ਹਨ- ਹੇ ਭਾਈ! ਜਿਹੜੇ ਜੀਵ ਗੁਰੂ ਦੀ ਸ਼ਰਨ ਵਿਚ ਰਹਿਣ ਵਾਲੇ ਹਨ, ਉਹ ਖੁਸ਼ੀ ਤੇ ਗਮੀ- ਦੋਹਾਂ ਤੋਂ ਉਪਰ ਰਹਿੰਦੇ ਹਨ; ਉਹ ਜੀਵ ਸਦਾ ਹੀ ਮਾਇਆ ਤੋਂ ਨਿਰਲੇਪ ਹਨ, ਤੇ ਹਰ ਵੇਲੇ ਪ੍ਰਭੂ ਦੀ ਯਾਦ ਵਿਚ ਜੁੜੇ ਰਹਿੰਦੇ ਹਨ; ਦੀਸਹਿ ਸਭ ਮਹਿ ਸਭ ਤੇ ਰਹਤੇ, ਐਸੇ ਪ੍ਰਭੂ ਦੇ ਪਿਆਰੇ ਸਭ ਨਾਲ ਪ੍ਰੇਮ ਕਰਦੇ ਵੀ ਦਿਸਦੇ ਹਨ, ਤੇ ਸਭ ਤੋਂ ਵੱਖਰੇ ਨਿਰਲੇਪ ਭੀ ਦਿਖਾਈ ਦਿੰਦੇ ਹਨ, ਐਸੇ ਪ੍ਰਭੂ ਦੇ ਸੇਵਕ ਆਪਣੀ ਸੁਰਤ ਸਦਾ ਪ੍ਰਭੂ ਵਿਚ ਜੋੜੀ ਰੱਖਦੇ ਹਨ।

ਸੰਤਨ ਕੀ ਮਹਿਮਾ ਕਵਨ ਵਖਾਨਉ॥
ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ॥
ਪਾਰਬ੍ਰਹਮ ਮੋਹਿ ਕਿਰਪਾ ਕੀਜੈ॥
ਧੂਰਿ ਸੰਤਨ ਕੀ ਨਾਨਕ ਦੀਜੈ॥੪॥

ਸਬਦ ਦੇ ਅਖੀਰ ਵਿਚ ਸਤਿਗੁਰ ਆਖਦੇ ਹਨ- ਹੇ ਭਾਈ! ਪੂਰੇ ਗੁਰੂ ਦੀ ਸ਼ਰਨ ਵਿਚ ਰਹਿਣ ਵਾਲੇ ਸੰਤ ਜਨਾਂ ਦੀ ਭਲਾ ਮੈਂ ਕਿਹੜੀ ਸਿਫ਼ਤ ਕਰਾਂ; ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ, ਉਨ੍ਹਾਂ ਦੀ ਅਥਾਹ ਉਚਤਾ ਤਾਂ ਸਾਡੀ ਸਮਝ ਤੋਂ ਬਹੁਤ ਦੂਰ ਹੈ, ਜਿਸ ਦਾ ਕੋਈ ਅੰਦਾਜ਼ਾ ਨਹੀਂ ਲਾ ਸਕਦਾ; ਪਾਰਬ੍ਰਹਮ ਮੋਹਿ ਕਿਰਪਾ ਕੀਜੈ, ਹੇ ਮਿਹਰਵਾਨ ਪ੍ਰਭੂ ਜੀਉ! ਮੇਰੇ ਉਤੇ ਆਪਣੀ ਕਿਰਪਾ ਕਰੋ; ਧੂਰਿ ਸੰਤਨ ਕੀ ਨਾਨਕ ਦੀਜੈ, ਮੈਨੂੰ ਨਾਨਕ ਨੂੰ ਉਨ੍ਹਾਂ ਸੰਤਾਂ-ਜਨਾਂ ਦੀ ਚਰਨ ਧੂੜੀ ਦੇਹ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ 916-687-3536*

# ਰੂਹ ਦੇ ਖੰਭਾਂ ਦੀ ਉਡਾਣ

*ਬੀਬੀ ਕਿਰਪਾਲ ਕੌਰ ਦਾ ਇਹ ਲੇਖ 'ਰੂਹ ਦੇ ਖੰਭਾਂ ਦੀ ਉਡਾਣ' ਪਿੱਛੇ ਰਹਿ ਗਏ ਪਿੰਡ ਦਾ ਗੇੜਾ ਹੈ। ਬੀਤੇ ਦੀਆਂ ਯਾਦਾਂ ਮਨ ਵਿਚ ਉਡ-ਉਡ ਉਚੇ ਅੰਬਰੀਂ ਭਉਂਦੀਆਂ ਹਨ ਅਤੇ ਫਿਰ ਚੇਤੇ ਦੀਆਂ ਟਹਿਣੀਆਂ ਉਤੇ ਬਹਿ ਕਲੋਲਾਂ ਕਰਦੀਆਂ ਹਨ। ਇਹ ਯਾਦਾਂ ਹਰ ਵਾਰ ਕੁਝ ਨਾ ਕੁਝ ਨਵਾਂ ਕਹਿੰਦੀਆਂ ਹਨ। ਜਾਪਦਾ ਹੈ ਜਿਵੇਂ ਵਕਤ ਉਸੇ ਥਾਂ ਸਥਿਰ ਹੋ ਗਿਆ ਹੋਵੇ। ਬੀਤੇ ਬਾਰੇ ਇਸ ਤਰ੍ਹਾਂ ਦੀਆਂ ਫਿਲਮਾਂ ਮਨ ਵਿਚ ਪਤਾ ਨਹੀਂ ਕਿੰਨੀ ਵਾਰ ਚੱਲਦੀਆਂ ਹਨ, ਫਿਰ ਵੀ ਵਾਰ-ਵਾਰ ਦੇਖੀਆਂ ਇਹ ਫਿਲਮਾਂ ਕਦੀ ਵੀ ਪੁਰਾਣੀਆਂ ਨਹੀਂ ਪੈਂਦੀਆਂ। -ਸੰਪਾਦਕ*

ਕਬੀਰ ਨੇ ਮਨ ਨੂੰ ਪੰਛੀ ਕਿਹਾ ਹੈ ਜੋ ਹਰ ਵੇਲੇ ਉਡਾਰੀਆਂ ਮਾਰਦਾ ਜਗ ਭੌਂਦਾ ਰਹਿੰਦਾ ਹੈ। ਇਸ ਦੀ ਉਡਾਣ ਦੀ ਰਫਤਾਰ ਦਾ ਮੁਕਾਬਲਾ ਵਿਗਿਆਨੀਆਂ ਵੱਲੋਂ ਬਣਾਇਆ ਕੋਈ ਵੀ ਜੰਤਰ ਨਹੀਂ ਕਰ ਸਕਦਾ। ਇਹ ਅੱਖ ਝਪਕਣ ਤੋਂ ਪਹਿਲਾਂ ਧਰਤ ਤੋਂ ਆਕਾਸ਼ ਤੇ ਆਕਾਸ਼ ਤੋਂ ਪਤਾਲ ਪਹੁੰਚ ਜਾਂਦਾ ਹੈ। ਦੁੱਖਾਂ ਦਾ ਕਾਰਨ ਵੀ ਮਨ ਹੈ, ਤੇ ਮੁਕਤੀ ਦਾ ਦਾਤਾ ਵੀ ਮਨ ਹੀ ਹੈ।

ਹੁਣੇ-ਹੁਣੇ ਮੈਂ ਅਖਬਾਰ ਪੜ੍ਹ ਰਹੀ ਸੀ। ਠੰਢੀ ਹਵਾ ਦਾ ਹਲਕਾ ਜਿਹਾ ਬੁੱਲਾ ਮੇਰੇ ਮੱਥੇ ਨੂੰ ਛੂਹ ਗਿਆ। ਮੈਂ ਸੋਚਿਆ, ਇਸ ਤਰ੍ਹਾਂ ਦੀ ਠੰਢੀ ਹਵਾ ਦੁਸਹਿਰੇ ਦੇ ਨੇੜੇ-ਤੇੜੇ ਸਾਡੇ ਪਿੰਡ ਵਗਦੀ

**ਕਿਰਪਾਲ ਕੌਰ**
ਫੋਨ: 815-356-9535

ਹੁੰਦੀ ਸੀ। ਬੱਸ!...ਮਨ ਪੰਛੀ ਨੇ ਭਰੀ ਉਡਾਣ, ਤੇ ਪਹੁੰਚ ਗਈ ਮੈਂ ਆਪਣੇ ਪਿੰਡ, ਆਪਣੀ ਹਵੇਲੀ। ਧਰਤ ਦੀਆਂ ਦੂਰੀਆਂ, ਸਮੇਂ ਦੇ ਬੀਤੇ ਦਹਾਕੇ- ਕੋਈ ਵੀ ਸਾਹਮਣਾ ਨਾ ਕਰ ਸਕਿਆ। ਕਈ ਦਹਾਕਿਆਂ ਦੇ ਵਿਛੜੇ ਮਾਪੇ ਤੇ ਕਾਲਿਆਂ ਤੋਂ ਚਾਂਦੀ ਹੋਏ ਮੇਰੇ ਵਾਲ, ਬਦਲ ਗਿਆ ਸੀ ਸਭ ਕੁਝ। ਮੈਂ ਸਕੂਲ ਕਾਲਜ ਪੜ੍ਹਦੀ ਪਾਲ, ਹਵੇਲੀ ਦੇ ਵਿਹੜੇ 'ਚ ਖੜ੍ਹੀ ਬੇਜੀ ਨੂੰ ਆਵਾਜ਼ ਦੇ ਰਹੀ ਸੀ...

ਪੱਕੇ ਵਿਹੜੇ 'ਚ ਕਪਾਹ ਚੁਗਾ ਕੇ ਆਈਆਂ ਚੋਗੀਆਂ ਆਪੋ-ਆਪਣੀ ਕਪਾਹ ਦੀਆਂ ਢੇਰੀਆਂ ਬਣਾ ਕੇ ਬੈਠੀਆਂ ਬੇਜੀ ਨੂੰ ਬੁਲਾ ਰਹੀਆਂ ਸਨ। ਬੇਜੀ ਸਾਹਮਣੇ ਠੀਕਰੇ ਵਿਚ ਕੁੱਤੇ ਲਈ ਲੱਸੀ ਪਾ ਰਹੇ ਸਨ। ਨਾਲੇ ਕਹਿ ਰਹੇ ਸਨ, "ਆਈ ਭਾਈ ਆਈ। ਇਹ ਬੇਜ਼ੁਬਾਨ ਪਿਆਸਾ ਹੋਵੇਗਾ।" ਇਕ ਚੋਗੀ ਬੋਲੀ, "ਬੇਬੇ ਜੀ, ਢੇਰੀਆਂ 'ਤੇ ਨਜ਼ਰ ਮਾਰ ਲਵੋ, ਇਕੋ ਜਿਹੀਆਂ ਹਨ।" ਬੇਜੀ ਬੋਲੋ, "ਕੁੜੇ ਕਮਲੀਓ, ਕਦੀ ਤੁਹਾਡੇ ਨਾਲ ਰੌਲਾ ਪਿਆ। ਦੋ ਫੁੱਟੀਆਂ ਇਧਰ ਹੋਈਆਂ ਜਾਂ ਉਧਰ, ਕਿਸੇ ਦੇ ਚੁਬਾਰੇ ਨਹੀਂ ਪੈ ਜਾਣੇ। ਆਪੋ-ਆਪਣੀ ਢੇਰੀ ਚੁੱਕੋ। ਬਾਕੀ ਛੋਟੇ ਅੰਦਰ ਢੇਰੀ ਕਰ ਦੇਵੋ।" ਬੇਜੀ ਨੇ ਆ ਕੇ ਉਸ ਦੇ ਸਿਰ 'ਤੇ ਹੱਥ ਰੱਖ ਕੇ ਪਿਆਰ ਨਾਲ ਕਿਹਾ। ਚੋਗੀਆਂ ਦੀ ਮਜ਼ਦੂਰੀ ਉਦੋਂ ਚੁਗੀ ਹੋਈ ਕਪਾਹ ਦਾ ਪੰਜਵਾਂ ਜਾਂ ਛੇਵਾਂ ਹਿੱਸਾ ਹੁੰਦੀ ਸੀ।

ਉਧਰ ਕੱਚੇ ਵਿਹੜੇ ਵਿਚ ਰੌਣਕ ਲੱਗੀ ਹੋਈ ਸੀ। ਕਾਫ਼ੀ ਆਦਮੀ ਔਰਤਾਂ ਖੁੱਲ੍ਹੇ ਗੋਲ ਦਾਇਰੇ ਵਿਚ ਬੈਠੇ ਸਨ। ਹਰ ਇਕ ਦੇ ਹੱਥ ਵਿਚ ਬਾਂਸ ਦੀ ਕਿੱਲੀ, ਮੋਹਰੇ ਤੋਂ ਸੂਏ ਵਾਂਗ ਤਿੱਖੀ। ਉਸ ਨਾਲ ਸੁੱਕੇ ਟਾਂਡ ਵਿਚੋਂ ਪੜਦੇ ਪਾੜ ਕੇ ਛੱਲੀ ਕੱਢੀ ਜਾਂਦੇ। ਛੱਲੀਆਂ ਦਾ ਜਿਵੇਂ ਮੀਂਹ ਵਰ੍ਹ ਰਿਹਾ ਹੋਵੇ। ਛੱਲੀਆਂ ਦੇ ਪੂਲੇ ਹਰ ਇਕ ਦੇ ਕੋਲ। ਮੀਂਹਾਂ ਜੋ ਘਰ ਦਾ ਪੱਕਾ ਕਾਮਾ ਸੀ, ਗਿਣ-ਗਿਣ ਕੇ ਪੂਲੇ ਰੱਖ ਰਿਹਾ ਸੀ। ਇਨ੍ਹਾਂ ਦੀ ਮਜ਼ਦੂਰੀ ਵੀ ਪੂਲਿਆਂ ਦਾ ਸੱਤਵਾਂ ਜਾਂ ਅੱਠਵਾਂ ਹਿੱਸਾ ਸੀ।

ਬੇਜੀ ਦਾ ਧਿਆਨ ਇਨ੍ਹਾਂ ਵੱਲ ਗਿਆ। ਮੀਂਹੇਂ ਨੂੰ ਬੋਲੇ, "ਮੀਂਹਾਂ ਸਿਆਂ, ਇਨ੍ਹਾਂ ਨੂੰ ਲੱਸੀ-ਪਾਣੀ ਪੁੱਛ ਲਵੀਂ।"

"ਪੁੱਛ ਲਿਆ ਬੇਬੇ ਜੀ, ਇਨ੍ਹਾਂ ਦਾ ਫਿਕਰ ਨਾ ਕਰੋ।"

ਬੇਜੀ ਨੂੰ ਵਰਾਂਡੇ ਵੱਲੋਂ ਆਵਾਜ਼ ਆਈ, "ਸਰਦਾਰਨੀ ਜੀ!"

ਬੇਜੀ ਨੇ ਮੁੜ ਕੇ ਪੁੱਛਿਆ, "ਕਿਸ ਆਵਾਜ਼ ਦਿੱਤੀ?"

"ਮੈਂ ਜੀ।" ਚਤੁਰ ਸਿੰਘ ਬੋਲਿਆ। ਮਸ਼ੀਨ ਕੋਲ ਖੱਦਰ ਦੇ ਦੋ ਥਾਨ ਪਏ ਸਨ। ਉਹ ਉਨ੍ਹਾਂ ਦਾ ਕੋਈ ਕੱਪੜਾ ਕੱਟਣ ਲੱਗਾ ਸੀ। ਕੋਲ ਜਾ ਕੇ ਬੇਜੀ ਬੋਲੇ, "ਦੱਸ ਭਰਾਵਾ ਕੀ ਹੁਕਮ?"

"ਨਾ ਜੀ, ਮੈਂ ਤੇ ਪੁੱਛਣਾ ਸੀ...ਪਜਾਮੇ ਖੋੜੀਦਾਰ ਖੱਦਰ ਦੇ ਬਣੌਣੇ ਜਾਂ ਦੂਜੇ ਵਿਚੋਂ।"

"ਅਜੇ ਤਾਂ ਤੂੰ ਕੰਮ ਵੀ ਸ਼ੁਰੂ ਨਹੀਂ ਕੀਤਾ...ਨਾ ਤੂੰ ਚਤੁਰ ਸਿਆਂ...ਅਣਜਾਣ ਐਂ। ਖੋੜੀ ਵਾਲੇ ਕੱਪੜੇ ਦੇ ਕੁੜਤੇ ਬਣੌਣੇ ਹਨ।" ਬੇਜੀ ਨੇ ਉਸ ਨੂੰ ਹਲਕੀ ਜਿਹੀ ਝਾੜ ਪਾਈ।

"ਇਸ ਸਾਲ ਮੈਂ ਮੂੰਗੀ ਵੀ ਲੈਣੀ...।" ਫਿਰ ਚਤੁਰ ਸਿੰਘ ਨੇ ਆਪਣੀ ਫਰਮਾਇਸ਼ ਕੀਤੀ।

"ਹਿੱਸੇ ਔਂਦੀ ਸਭ ਨੂੰ ਮਿਲੂ। ਅਜੇ ਤਾਂ ਮੂੰਗੀ ਕੁੱਟੀ ਨਹੀਂਉਂ।" ਬੇਜੀ ਨੇ ਕਿਹਾ, "ਅਜੇ ਤਾਂ ਤਿਲ ਖੇਤ ਵਿਚ ਖੜ੍ਹੇ, ਮੈਨੂੰ ਡਰ ਐ, ਉਥੇ ਹੀ ਨਾ ਕਿਰ ਜਾਣ।"

ਚਤੁਰ ਸਿੰਘ ਦੀ ਸਿਲਾਈ ਦਾ ਹਿਸਾਬ ਵੀ ਛੇ ਮਹੀਨੇ ਪਿਛੋਂ ਦਾਣੇ ਹੀ ਹੁੰਦੇ ਸਨ। ਹੋਰ ਛੋਟੀ ਫਸਲ ਜੋ ਘਰ ਆਉਂਦੀ, ਉਸ ਵਿਚੋਂ ਬੇਜੀ ਨੇ ਸਭ ਨੂੰ ਵੰਡ ਕੇ ਦੇਣੀ ਹੁੰਦੀ। ਹਰਾ, ਸਾਗ, ਸਬਜ਼ੀ ਤਾਂ ਸਮਝੋ ਜਿਸ ਨੂੰ ਲੋੜ ਹੈ, ਲੈ ਜਾਣੀ। ਪਿੰਡ ਵਿਚ ਹਰ ਘਰ ਮੱਝ-ਗਾਂ ਹੁੰਦੀ ਹੈ। ਜਿਹੜੇ ਲੋਕਾਂ ਕੋਲ ਜ਼ਮੀਨ ਨਹੀਂ, ਉਹ ਜ਼ਮੀਨ ਵਾਲਿਆਂ ਦੇ ਨਾਲ ਕੰਮ ਕਰਦੇ। ਜੇ ਕਿਸੇ ਦੇ ਕਿਸੇ ਵਕਤ ਲਵੇਰਾ ਨਹੀਂ, ਫਿਰ ਵੀ ਕੋਈ ਮੁਸ਼ਕਿਲ ਨਹੀਂ। ਜਿਸ ਘਰੋਂ ਚਾਹੋ, ਦੁੱਧ ਲੈ ਆਵੋ। ਦੁੱਧ ਲੋਕ ਮੁੱਲ ਨਹੀਂ ਸਨ ਵੇਚਦੇ। ਦੁੱਧ ਵੇਚਿਆ ਪੁੱਤ ਵੇਚਣ ਦੇ ਬਰਾਬਰ। ਦੁੱਧ ਵੇਚਣਾ ਗਵਾਲਿਆਂ ਦਾ ਕੰਮ ਸੀ।

ਬੇਜੀ ਅੰਦਰ ਜਾਣ ਲੱਗੇ, ਬੂਹੇ 'ਤੇ ਖੜ੍ਹੀ ਭੂਆ ਚਿੰਤੀ ਵਾਜਾਂ ਮਾਰਦੀ, "ਭਾਈ ਕੁੱਤਾ ਬੰਨ੍ਹ ਲਵੋ।"

ਮੀਂਹਾਂ ਬੋਲਿਆ, "ਬੰਨ੍ਹਿਆ ਹੋਇਆ...ਆ ਜਾਵੋ।" ਭੂਆ ਲੰਘ ਆਈ, ਤੇ ਮੇਰੇ ਸਿਰ 'ਤੇ ਹੱਥ ਧਰ ਕੇ ਬੋਲੀ, "ਕਦੋਂ ਆਈ? ਤੇਰੀ ਦਾਦੀ ਕਿਥੇ?"

ਮੈਂ ਕਿਹਾ, "ਭੂਆ ਜੀ, ਅਹੁ ਸਾਹਮਣੇ।"

"ਤਾਈ ਸੁੱਖੇ ਦੇ ਮੁੰਡੇ ਦਾ ਢਿੱਡ ਬਹੁਤ ਦੁਖਦਾ, ਕੀ ਕਰਾਂ? ਦੱਸ ਕੋਈ ਆਪਣਾ ਨੁਸਖਾ।"

ਮਾਂ (ਦਾਦੀ) ਨੇ ਕਿਹਾ, "ਚਿੰਤੀਏ, ਜੁਐਣ ਦੇ ਦੇਵੋ। ਥੋੜ੍ਹੇ ਘਿਉ ਵਿਚ ਲੂਣ ਦੀ ਉਂਗਲੀ ਲਾ ਕੇ ਉਹਦੇ ਢਿੱਡ ਉਤੇ ਪੋਲੇ-ਪੋਲੇ ਮਲ ਦੇ। ਰਾਤ ਨੂੰ ਸੌਣ ਲੱਗੇ ਥੋੜ੍ਹਾ ਗੁਲਕੰਦ ਦੁੱਧ ਨਾਲ ਦੇ ਦੇਵੀਂ।" ਭੂਆ ਪੁੱਛ ਕੇ ਮੁੜ ਗਈ। ਮੈਂ ਬੇਜੀ ਨੂੰ ਆਵਾਜ਼ ਦਿੱਤੀ, "ਬੇਜੀ, ਕਿਧਰ ਚਲੇ ਗਏ ਤੁਸੀਂ?"

"ਆਈ ਧੀਏ।" ਬੇਜੀ ਕੁਤਰੇ ਵਾਲੀ ਮਸ਼ੀਨ ਕੋਲ ਖੜ੍ਹੇ ਬਾਜਰੇ ਦੇ ਸਿੱਟੇ ਇਕ ਪਾਸੇ ਕਰ ਰਹੇ ਸਨ। ਮੈਂ ਦੇਖਿਆ... ਰਾਜੂ, ਸਾਡੇ ਘਰ ਦਾ ਸਭ ਤੋਂ ਲਾਡਲਾ ਤੇ ਛੋਟਾ ਬੱਚਾ, ਮੇਰੇ ਚਾਚੇ ਦਾ ਪੁੱਤਰ ਰੋ ਰਿਹਾ ਸੀ। ਮੈਂ ਉਸ ਕੋਲ ਗਈ। ਬੇਜੀ ਵੀ ਝੱਟ ਆ ਗਏ। ਕਹਿਣ ਲੱਗੇ, "ਪੁੱਤਰਾ, ਤੈਨੂੰ ਹੁਣ ਕੌਣ ਮਨਾਵੇ? ਦੱਸ ਕੀ ਗੱਲ ਐ?" ਉਹ ਝੱਟ ਬੋਲਿਆ, "ਤਾਈ, ਫੇਰੀ ਵਾਲਾ ਕੇਲਾ ਵੇਚਦਾ। ਮੈਂ ਦਾਣੇ ਲੈ ਕੇ ਲੈਣ ਚੱਲਿਆ ਸੀ, ਚਾਚੀ ਨੇ ਜਾਣ ਨਹੀਂ ਦਿੱਤਾ।" ਚਾਚੀ ਉਹ ਆਪਣੀ ਮਾਤਾ ਨੂੰ ਕਹਿੰਦਾ ਹੈ। ਬੇਜੀ ਨੇ ਉਸ ਨਾਲ ਪਿਆਰ ਕੀਤਾ, "ਤੂੰ ਫੇਰੀ ਵਾਲੇ ਨੂੰ ਪੁੱਛ ਕੇ ਆ ਕਿ ਆਲੂ ਹੈ ਉਸ ਕੋਲ। ਮੈਂ ਤੈਨੂੰ ਦੋ ਕੇਲੇ ਲੈ ਕੇ ਦੇਵਾਂਗੀ।"

"ਹਾਂ ਜੀ, ਆਲੂ ਹੈਗੇ...ਉਹ ਹੋਕਾ ਦਿੰਦਾ ਸੀ ਦੋ ਤੋਲ ਕਣਕ ਤੋਂ।"

ਬੇਜੀ ਨੇ ਚਾਚੀ ਨੂੰ ਆਵਾਜ਼ ਦਿੱਤੀ ਤੇ ਆਲੂ ਲਿਆਉਣ ਲਈ ਕਿਹਾ, ਨਾਲੇ ਕਿਹਾ ਕਿ ਰਾਜੂ ਨੂੰ ਕੇਲੇ ਵੀ ਲੈ ਦੇ, ਕਣਕ ਲੈ ਜਾਵੇ ਥੈਲੇ ਵਿਚ ਪਾ ਕੇ। ਚਾਚੀ ਚਲੀ ਗਈ। ਬੇਜੀ ਮੇਰੇ ਵੱਲ ਦੇਖ ਕੇ ਬੋਲੇ, "ਕੀ ਕਰਾਂ ਧੀਏ! ਮੈਨੂੰ ਤਾਂ ਜ਼ਰਾ ਜਿੰਨਾ ਵੀ ਵਿਹਲ ਨਹੀਂ। ਤੈਨੂੰ ਜੋ ਚੀਜ਼ ਚਾਹੀਦੀ ਹੈ, ਦੱਸ ਦੇ ਕੋਈ ਬਣਾ ਕੇ ਲਿਜਾਣ ਵਾਲੀ, ਮੈਂ ਬਣਾ ਦੇਵਾਂ।"

ਮੈਂ ਕਿਹਾ, "ਨਹੀਂ, ਮੈਨੂੰ ਤਾਂ ਤੁਹਾਡੇ ਨਾਲ ਗੱਲਾਂ ਕਰਨ ਲਈ ਸਮਾਂ ਚਾਹੀਦਾ ਸੀ।"

ਬੇਜੀ ਨੇ ਮੇਰਾ ਸਿਰ ਪਲੋਸ ਕੇ ਕਿਹਾ, "ਧੀਏ, ਤੈਨੂੰ ਪਤਾ ਹੈ ਨਾ...ਇਨ੍ਹਾਂ ਦਿਨਾਂ ਵਿਚ ਜ਼ਿਮੀਂਦਾਰਾਂ ਦੇ ਘਰ ਇਕ ਨਹੀਂ, ਦਸ ਫਸਲਾਂ ਹੁੰਦੀਆਂ। ਜਿਹੜੇ ਤਾਂ ਆਪ ਖੇਤੀ ਕਰਦੇ, ਉਹ ਤਾਂ ਖੇਤਾਂ ਵਿਚ ਹੀ ਕੁੱਟ-ਛੱਟ ਕੇ ਘਰ ਲੈ ਜਾਂਦੇ ਹਨ। ਆਪਣੇ ਹਰ ਫਸਲ ਵੱਢਣ ਸਾਰ ਅੱਧੀ ਘਰ ਆ ਜਾਂਦੀ। ਸਾਂਭ-ਸੰਭਾਲ ਤੇ ਮੈਂ ਹੀ ਕਰਨੀ ਹੋਈ।"

ਮੇਰੇ ਦਾਦੀ ਜੀ ਬੋਲੇ, "ਤੂੰ ਬਾਬੂਆਣੀ ਵੀ ਕਹੌਂਦੀ ਹੈਂ। ਕੋਈ ਤੈਨੂੰ ਪਾੜ੍ਹੀ ਸੱਦਦਾ, ਮੇਰਾ ਪੁੱਤ ਪੜ੍ਹਿਆ ਕਰ ਕੇ।"

ਬੇਜੀ ਹੱਸ ਪਏ, ਬੋਲੇ, "ਬੇਬੇ ਜੀ ਗੱਲ ਤਾਂ ਠੀਕ ਹੈ। ਪੜ੍ਹਨਾ ਤਾਂ ਊੜਾ ਵੀ ਨਾ ਆਇਆ...ਪਾੜ੍ਹੀ ਕਹੌਣ ਲੱਗ ਪਈ।"

ਮੇਰੇ ਬਾਊ ਜੀ ਆਪਣੇ ਇਲਾਕੇ ਦੇ ਪਹਿਲੇ ਜਾਂ ਪਹਿਲਿਆਂ ਵਿਚੋਂ ਪੜ੍ਹੇ-ਲਿਖੇ ਸਨ। ਉਨ੍ਹਾਂ ਰੁੜਕੀ ਤੋਂ ਇੰਜੀਨੀਅਰਿੰਗ ਕੀਤੀ ਸੀ।

ਦਾਦੀ ਹੱਸ ਪਈ, ਨਾਲੇ ਬੋਲੀ, "ਇਹ ਚਾਪਲੂਸੀ ਬਿਨਾਂ ਕਿਸੇ ਮਨੋਰਥ ਤੋਂ ਹੋ ਨਹੀਂ ਸਕਦੀ। ਜੇ ਤੂੰ ਮੇਰੀ ਪੋਤੀ ਐਂ, ਤਾਂ ਮੈਂ ਵੀ ਤੇਰੀ ਦਾਦੀ ਹਾਂ।"

ਦੂਜੀਆਂ ਤਿੰਨੇ ਕੁੜੀਆਂ ਵੀ ਮਾਂ ਦੀ ਮੰਜੀ 'ਤੇ ਬੈਠ ਗਈਆਂ। ਮਾਂ ਹੱਥ ਨਾਲ ਉਨ੍ਹਾਂ ਨੂੰ ਹਟਾਉਂਦੀ ਕਹਿਣ ਲੱਗੀ, "ਖੜ੍ਹ ਕੇ ਕਰੋ ਗੱਲ, ਮੇਰੀ ਮੰਜੀ ਨਾ ਭੰਨ ਛੱਡਿਓ।"

ਮੇਰੀ ਭੂਆ ਜਿਹੜੀ ਕੱਲ੍ਹ ਦੀ ਆਈ ਹੋਈ ਹੈ ਆਪਣੇ ਸਹੁਰਿਆਂ ਤੋਂ, ਵੀ ਆ ਗਈ। "ਅੱਛਾ ਹੁਣ ਸਮਝ ਆਈ, ਮਾਂ ਦੀ ਮੰਜੀ ਨੂੰ ਕਿਉਂ ਘੇਰਾ ਪਾਇਆ ਇਨ੍ਹਾਂ। ਉਹ ਜੁ ਆਈ ਹੋਈ ਆ ਇਨ੍ਹਾਂ ਦੀ ਲੀਡਰਨੀ।"

ਮਾਂ ਨੇ ਭੂਆ ਨੂੰ ਇਸ਼ਾਰੇ ਨਾਲ ਬੁਲਾ ਕੇ ਕਿਹਾ, "ਕੀ ਚੱਲ ਰਿਹਾ ਇਹ?"



***ਪੱਕੇ ਵਿਹੜੇ ਵਿਚ ਕਪਾਹ ਚੁਗਾ ਕੇ ਆਈਆਂ ਚੋਗੀਆਂ ਆਪੋ-ਆਪਣੀ ਕਪਾਹ ਦੀਆਂ ਢੇਰੀਆਂ ਬਣਾ ਕੇ ਬੈਠੀਆਂ ਬੇਜੀ ਨੂੰ ਬੁਲਾ ਰਹੀਆਂ ਸਨ। ਬੇਜੀ ਸਾਹਮਣੇ ਠੀਕਰੇ ਵਿਚ ਕੁੱਤੇ ਲਈ ਲੱਸੀ ਪਾ ਰਹੇ ਸਨ। ਨਾਲੇ ਕਹਿ ਰਹੇ ਸਨ, "ਆਈ ਭਾਈ ਆਈ। ਇਹ ਬੇਜ਼ੁਬਾਨ ਪਿਆਸਾ ਹੋਵੇਗਾ।" ਇਕ ਚੋਗੀ ਬੋਲੀ, "ਬੇਬੇ ਜੀ, ਢੇਰੀਆਂ 'ਤੇ ਨਜ਼ਰ ਮਾਰ ਲਵੋ, ਇਕੋ ਜਿਹੀਆਂ ਹਨ।" ਬੇਜੀ ਬੋਲੋ, "ਕੁੜੇ ਕਮਲੀਓ, ਕਦੀ ਤੁਹਾਡੇ ਨਾਲ ਰੌਲਾ ਪਿਆ। ਦੋ ਫੁੱਟੀਆਂ ਇਧਰ ਹੋਈਆਂ ਜਾਂ ਉਧਰ, ਕਿਸੇ ਦੇ ਚੁਬਾਰੇ ਨਹੀਂ ਪੈ ਜਾਣੇ। ਆਪੋ-ਆਪਣੀ ਢੇਰੀ ਚੁੱਕੋ। ਬਾਕੀ ਛੋਟੇ ਅੰਦਰ ਢੇਰੀ ਕਰ ਦੇਵੋ।" ਬੇਜੀ ਨੇ ਆ ਕੇ ਉਸ ਦੇ ਸਿਰ 'ਤੇ ਹੱਥ ਰੱਖ ਕੇ ਪਿਆਰ ਨਾਲ ਕਿਹਾ।***

ਰਾਜੂ ਕੇਲਾ ਲੈ ਕੇ ਆ ਗਿਆ ਤੇ ਕਹਿਣ ਲੱਗਾ, "ਤਾਈ ਜੀ, ਬੀਬੀ ਕਹਿੰਦੀ...ਮੀਂਹੇਂ ਨੂੰ ਕਹੋ ਦਾਣੇ ਭੁਨਾ ਲਿਆਵੇ।" ...ਤੇ ਆਪ ਦੌੜ ਪਿਆ।

"ਤੂੰ ਕਿਥੇ ਚੱਲਿਆਂ।"

"ਮੈਂ ਬਾਵੇ ਦੇ ਬਾੜੇ।"

ਕੁੜੀਆਂ ਜਿਹੜੀਆਂ ਗਲੀ ਵਿਚ ਮੰਜੇ 'ਤੇ ਬੈਠ ਕੇ ਕਸੀਦਾ ਕੱਢਦੀਆਂ ਸਨ, ਆ ਗਈਆਂ। ਦੋ ਮੇਰੀਆਂ ਭੈਣਾਂ, ਇਕ ਮੈਥੋਂ ਬੜੀ ਤੇ ਦੂਜੀ ਮੇਰੇ ਚਾਚੇ ਦੀ ਧੀ। ਦੋ ਹੋਰ ਗੁਆਂਢ ਦੀਆਂ। ਉਹ ਸਿੱਧੀਆਂ ਮਾਂ (ਦਾਦੀ) ਕੋਲ ਗਈਆਂ। ਮੇਰੀ ਭੈਣ ਕਹਿਣ ਲੱਗੀ, "ਮਾਂ ਮੈਨੂੰ ਹੁਣ ਯਾਦ ਆਇਆ, ਅੱਜ ਤੁਹਾਡਾ ਸਿਰ ਕਿਸ ਕੰਘੀ ਕੀਤਾ?"

"ਕਿਉਂ? ਤੂੰ ਕੀ ਕਰਨਾ ਪੁੱਛ ਕੇ।" ਮਾਂ ਨੇ ਕਿਹਾ।

"ਨਹੀਂ ਮਾਂ, ਮੈਂ ਤਾਂ ਭੁੱਲ ਹੀ ਗਈ। ਹੁਣ ਮੈਂ ਤੇਲ ਲਾ ਕੇ ਸੋਹਣੀ ਜਿਹੀ ਕੰਘੀ ਕਰ ਦਿੰਦੀ ਹਾਂ।"

"ਹਾਂ ਹਾਂ...ਮੈਂ ਤੈਨੂੰ ਜਾਣਦੀ ਹਾਂ। ਅੱਗੇ ਰੋਜ਼ ਤੂੰ ਮੇਰੇ ਕੰਘੀ ਕਰਦੀ ਐਂ! ਮੇਰੀਆਂ ਨੂੰਹਾਂ ਮੇਰੀ ਸੇਵਾ ਕਰਦੀਆਂ। ਤੂੰ ਹੁਣ ਇਹ ਦੱਸ, ਤੈਨੂੰ ਮੇਰੇ ਤਾਈਂ ਕੀ ਮਤਲਬ ਐ?" ਦਾਦੀ ਨੇ ਪੁੱਛਿਆ।

"ਮੈਨੂੰ ਕੀ ਮਤਲਬ ਹੋਣਾ। ਸੋਚਿਆ, ਕਿਤੇ ਮੇਰੀ ਦਾਦੀ ਦੇ ਵਾਲ ਖਿੱਲਰੇ ਨਾ ਹੋਣ।" ਫਿਰ ਮਾਂ ਨੂੰ ਜੱਫੀ ਪਾ ਕੇ ਕਹਿੰਦੀ, "ਮਾਂ ਤੂੰ ਤਾਂ ਸਾਡੀ ਮਸਾਂ-ਮਸਾਂ ਦੀ ਇਕ ਦਾਦੀ ਏਂ।"

"ਮੈਨੂੰ ਕੀ ਪਤਾ!" ਭੂਆ ਨੇ ਕਿਹਾ, "ਨਿਆਣੀਆਂ ਦਾ ਦਿਲ ਕਰਦਾ ਹੋਵੇਗਾ ਕਿਤੇ ਜਾਣ ਨੂੰ।"

"ਆਪਣੇ ਭਰਾ-ਭਰਜਾਈ ਕੋਲ ਭੇਜ। ਮੇਰੀ ਮੰਜੀ ਕਿਉਂ ਤੋੜਨ ਲੱਗੀਆਂ।"

"ਮਾਂ ਉਨ੍ਹਾਂ ਨੂੰ ਪਤਾ, ਜਿੰਨਾ ਚਿਰ ਤੇਰੀ ਹਾਂ ਨਾ ਹੋਵੇ, ਕੋਈ ਕਿਤੇ ਜਾ ਸਕਦਾ? ਕੱਲ੍ਹ ਨੂੰ ਮੱਸਿਆ ਨ੍ਹੌਣ ਜਾਣ ਲਈ ਕਹਿੰਦੀਆਂ। ਮੈਨੂੰ ਕਹਿੰਦੀਆਂ ਸੀ, ਭੂਆ ਪੰਜੀ ਟਾਹਲੀਆਂ ਲੈ ਜਾ।"

ਮਾਂ ਕਹਿੰਦੀ, "ਮੈਂ ਤਾਂ ਜਾਣਦੀ ਹਾਂ। ਕੁੜੀਆਂ ਦੀ ਭੂਆ ਆਈ ਹੋਵੇ, ਤੇ ਕਿਤੇ ਲੈ ਕੇ ਨਾ ਜਾਵੇ। ਆਪਣੇ ਭਰਾ ਕੋਲੋਂ ਪੁੱਛ ਲੈ।"

"ਪੁੱਛ ਲਵਾਂਗੀ। ਭਰਾ ਕਿਹੜਾ ਨਵਾਬ ਆ ਜਿਸ ਕੋਲੋਂ ਪੁੱਛਣਾ?" ਭੂਆ ਨੇ ਬੜੇ ਰੋਹਬ ਨਾਲ ਕਿਹਾ, "ਚੱਲੋ ਕੁੜੀਓ! ਰੋਟੀ-ਪਾਣੀ ਬਣਾਵੋ ਸਵੇਰੇ ਜਾਣਾ ਆਪਾਂ।"

ਬਾਊ ਜੀ ਵਿਹੜੇ ਵਿਚ ਸਨ। ਉਨ੍ਹਾਂ ਨੂੰ ਭੂਆ ਦੀ ਆਵਾਜ਼ ਸੁਣ ਗਈ। ਭੂਆ ਨੇ ਵੀ ਜਾਣ ਕੇ ਹੀ ਉਚੀ ਸਾਰੀ ਕਿਹਾ ਸੀ।

"ਕਿਥੇ ਜਾਣਾ ਬੀਬੀ ਕੱਲ੍ਹ ਨੂੰ?"

"ਮਾਂ ਕਹਿੰਦੀ... ਤੂੰ ਆਈ ਹੋਈ ਏਂ, ਕੁੜੀਆਂ ਨੂੰ ਪੰਜੀ ਟਾਹਲੀ ਮੱਥਾ ਟਿਕਾਅ ਲਿਆ।"

ਮਾਂ ਨੇ ਮੱਥੇ 'ਤੇ ਹੱਥ ਮਾਰਿਆ, "ਕੂੜੇ ਤੂੰ ਮੇਰੇ ਸਾਹਮਣੇ ਹੀ ਝੂਠ ਬੋਲੀ ਜਾਂਦੀ ਏਂ।"

ਬਾਊ ਜੀ ਬੋਲੇ, "ਚੱਲ ਬੀਬੀ ਲੈ ਜਾਈਂ ਤੂੰ ਹੁਣ ਆਈ ਹੋਈ ਏਂ।"

"ਚਲ ਅੱਛਾ, ਜਾ ਆਵਾਂਗੀ। ਸੋਚ ਕੇ ਤਾਂ ਮੈਂ ਮੁੜਨਾ ਆਈ ਸੀ।" ਭੂਆ ਦੀ ਇਸ ਗੱਲ 'ਤੇ ਮਾਂ ਵੀ ਹੱਸ ਪਈ ਤੇ ਮੇਰੇ ਬਾਊ ਜੀ ਵੀ। ਭੂਆ ਕਦੀ ਵੀ ਆਵੇ, ਕੁੜੀਆਂ ਨੂੰ ਲੈ ਕੇ ਕਿਤੇ ਨਾ ਕਿਤੇ ਜਾਣਾ ਹੀ ਹੁੰਦਾ ਸੀ। ਮਾਂ ਨੂੰ ਵੀ ਭੂਆ 'ਤੇ ਭਰੋਸਾ ਸੀ। ਭੂਆ ਤੇ ਕੁੜੀਆਂ ਨੂੰ ਪਤਾ ਸੀ ਕਿ ਜੇ ਮਾਂ ਵੱਲੋਂ 'ਹਾਂ' ਹੋ ਗਈ, ਘਰ ਵਿਚ ਕੋਈ ਨਾਂਹ ਨਹੀਂ ਕਰ ਸਕਦਾ।



*ਪੁਰਾਣੇ ਪਿੰਡਾਂ ਦੀ ਬਾਤ ਪਾਉਂਦਾ ਇਕ ਚਿੱਤਰ*

## ਸਫਰ ਜ਼ਿੰਦਗੀ ਦਾ

ਅੰਦਰੋਂ ਬੇਜੀ ਨੇ ਭੂਆ ਨੂੰ ਆਵਾਜ਼ ਦਿੱਤੀ, "ਬੀਬੀ, ਮੇਰਾ ਵੀ ਇਕ ਕੰਮ ਕਰਦੇ।"

"ਤੂੰ ਵੀ ਬੋਲ ਕੀ ਚਾਹੀਦਾ?" ਭੂਆ ਨੇ ਪੁੱਛਿਆ।

"ਬੀਬੀ, ਮਧਾਣੀ ਦਾ ਗੁੱਟ ਬਹੁਤ ਹਿਲਦਾ। ਜੇ ਜਾ ਕੇ ਤਰਖਾਣਾਂ ਦਿਉਂ ਠੁਕਵਾ ਲਿਆਵੇਂ? ਨਾਲੇ ਹੁਕਮੀ ਘੁਮਿਆਰੀ ਨੂੰ ਕਹਿਣਾ, ਕੱਲ੍ਹ ਨੂੰ ਭਾਂਡੇ ਲੈ ਕੇ ਆਵੇ।"

ਭੂਆ ਮਧਾਣੀ ਲੈ ਕੇ ਚਲੀ ਗਈ। ਮਾਂ ਕਹਿਣ ਲੱਗੀ, "ਹੁਣ ਪੂਰੇ ਪਿੰਡ ਦੀ ਖਬਰਸਾਰ ਲੈ ਕੇ ਮੁੜੇਗੀ। ਨਾਲੇ ਦਸ ਕੁੜੀਆਂ ਹੋਰ ਤਿਆਰ ਕਰ ਕੇ ਆਵੇਗੀ ਮੱਸਿਆ 'ਤੇ ਜਾਣ ਲਈ।"

ਬਾਬੇ ਦੇ ਵਾੜੇ ਵੱਲੋਂ ਉਚੀ ਆਵਾਜ਼ਾਂ ਆ ਰਹੀਆਂ ਸਨ। ਪਿੰਡ ਦੇ ਸਾਰੇ ਮੁੰਡੇ ਇਕੱਠੇ ਹੋ ਕੇ ਰੋਜ਼ ਖੇਡਦੇ, ਕਸਰਤ ਕਰਦੇ। ਕਹੀ ਨਾਲ ਜ਼ਮੀਨ ਪੋਲੀ ਕਰ ਕੇ ਕੁਸ਼ਤੀਆਂ ਕਰਦੇ, ਉਚੀ-ਲੰਮੀ ਛਾਲ ਮਾਰਦੇ। ਗੱਲ ਕੀ, ਇਹ ਬਾਬੇ ਦਾ ਬਾੜਾ ਉਸ ਸਮੇਂ ਦਾ ਸਾਡੇ ਪਿੰਡ ਦਾ ਮਲਟੀਪਰਪਜ਼ ਸਟੇਡੀਅਮ ਸੀ। ਥੋੜ੍ਹਾ ਹਨ੍ਹੇਰਾ ਹੁੰਦਾ, ਤਾਂ ਕਿਸੇ ਨਾ ਕਿਸੇ ਦੇ ਘਰੋਂ ਆਵਾਜ਼ ਪੈ ਜਾਂਦੀ। ਸਾਰੇ ਮੁੰਡੇ ਆਪੋ-ਆਪਣੇ ਕੁੜਤੇ ਚੁੱਕ ਕੇ ਹਲਟ ਵਾਲੇ ਖੂਹ ਨੂੰ ਤੁਰ ਪੈਂਦੇ। ਵਾਰੀ-ਵਾਰੀ ਹਲਟ ਗੇੜਦੇ, ਨਹਾ-ਧੋ ਕੇ ਘਰੋ-ਘਰੀ ਚਲੇ ਜਾਂਦੇ। ਖੁੱਲ੍ਹੇ ਸਾਂਝੇ ਵਿਹੜਿਆਂ ਵਿਚ ਘਰ ਜਾ ਕੇ ਰੋਟੀ ਖਾਣੀ। ਘਰ ਵਾਲਿਆਂ ਨਾਲ ਵਿਹੜੇ ਵਾਲਿਆਂ ਨਾਲ ਗੱਲਾਂ ਕਰਨੀਆਂ। ਨੂੰਹਾਂ-ਧੀਆਂ ਨੇ ਚੌਂਕਾ-ਚੁੱਲ੍ਹਾ ਸੰਭਾਲਣਾ। ਸਿਆਣੀਆਂ ਨੇ ਦੁੱਧ ਨੂੰ ਜਾਗ ਲਾ, ਪੀੜ੍ਹੀ 'ਤੇ ਚਾਟੀ ਰੱਖ ਕੇ ਛਿੱਕਲੀ ਕੱਸ ਕੇ ਸਰਹਾਣੇ ਕੋਲ ਰੱਖ ਲੈਣੀ। ਸੌਣ ਤੋਂ ਪਹਿਲਾਂ ਗੱਲਾਂ-ਬਾਤਾਂ, ਕਹਾਣੀਆਂ, ਬੁਝਾਰਤਾਂ ਚੱਲਣੀਆਂ।

ਪਿੰਡ ਦਾ ਸਵੇਰਾ ਤਾਂ ਆਪਣੇ ਆਪ ਵਿਚ ਵੱਖਰਾ ਤੇ ਵਿਲੱਖਣ ਵੇਲਾ ਹੁੰਦਾ ਸੀ। ਸੂਰਜ ਚੜ੍ਹਨ ਤੋਂ ਬਹੁਤ ਪਹਿਲਾਂ ਘਰ-ਘਰ ਮਧਾਣੀਆਂ, ਚਾਟੀਆਂ ਵਿਚ ਲੱਸੀ-ਮੱਖਣ ਵਿਚ ਮੇਲ੍ਹਦੀਆਂ। ਕਿਤੇ ਚੱਕੀ ਦੀ ਆਵਾਜ਼ ਆਉਣੀ, ਕਿਤੇ ਚਰਖੇ ਵੀ ਚੱਲ ਪੈਂਦੇ। ਬਾਹਰ ਰੁੱਖਾਂ ਉਤੇ ਪੰਛੀਆਂ ਦਾ ਸਵੇਰ ਦਾ ਸੰਗੀਤ ਛਿੜਨਾ। ਕੋਈ ਬੈਲਾਂ ਦੀ ਜੋੜੀ ਨਾਲ ਹਲ ਵਾਹੁਣ ਤੁਰਦਾ, ਕੋਈ ਖੂਹ ਚਲਾਉਣ ਲਈ। ਉਸ ਵੇਲੇ ਹਲਟ ਤਾਂ ਵਿਰਲੇ-ਟਾਂਵੇਂ ਖੂਹ 'ਤੇ ਹੀ ਹੁੰਦਾ ਸੀ। ਪਾਣੀ ਚਰਸ ਨਾਲ ਕੱਢਿਆ ਜਾਂਦਾ ਸੀ। ਚਰਸ ਫੜਨ ਵਾਲਾ ਉਚੀ ਆਵਾਜ਼ ਵਿਚ ਬੋਲਦਾ, "ਕੀਲੀ ਛੱਡ ਕੇ ਜਵਾਨ।" ਇਸ ਤਰ੍ਹਾਂ ਲਗਦਾ...ਰੱਬ ਦਾ ਕੋਈ ਭਗਤ, ਰੱਬ ਨੂੰ ਆਵਾਜ਼ ਦੇ ਰਿਹਾ ਹੈ! 'ਜਵਾਨ' ਸ਼ਬਦ ਭਗਵਾਨ ਬਣ ਕੇ ਕੰਨਾਂ ਵਿਚ ਪੈਂਦਾ।

ਹੁਣ ਇਸ ਮਾਹੌਲ ਦੀ ਕੋਈ ਨਿਸ਼ਾਨੀ ਨਹੀਂ ਬਚੀ। ਪੂਰੇ ਦਾ ਪੂਰਾ ਪਿੰਡ ਬਦਲ ਗਿਆ ਹੈ। ਸਮੇਂ ਨਾਲ ਪੁਰਾਣੇ ਜਾ ਚੁੱਕੇ ਹਨ ਅਤੇ ਨਵੀਆਂ ਪੀੜ੍ਹੀਆਂ ਆ ਗਈਆਂ ਹਨ। ਨਾ ਉਹ ਖੁੱਲ੍ਹੇ ਘਰ, ਨਾ ਵਿਹੜੇ। ਹਰ ਵਿਹੜੇ ਦੇ ਗਿਰਦ ਛੇ ਫੁੱਟ ਉਚੀ ਦੀਵਾਰ ਅਤੇ ਲੋਹੇ ਦਾ ਗੇਟ। ਜੇ ਕਿਸੇ ਦਾ ਵਿਹੜਾ ਨਹੀਂ, ਉਸ ਵੀ ਗੇਟ ਜ਼ਰੂਰ ਲਾਇਆ ਹੋਇਆ ਹੈ। ਖੂਹਾਂ 'ਤੇ ਬੈਲ ਨਜ਼ਰ ਨਹੀਂ ਆਉਂਦੇ। ਹੁਣ ਟਰੈਕਟਰ ਜਾਂ ਪੂਰਬੀਏ ਹੀ ਖੂਹਾਂ-ਖੇਤਾਂ ਵਿਚ ਦਿਸਦੇ ਹਨ। ਸਰਦਾਰਨੀਆਂ ਮੋਟਰ ਸਾਈਕਲ ਦੀ ਪਿਛਲੀ ਸੀਟ ਜਾਂ ਕਾਰ ਦੀ ਅਗਲੀ ਸੀਟ ਉਤੇ ਬੈਠ ਕੇ ਸ਼ਹਿਰ ਜਾਂਦੀਆਂ ਹਨ। ਹੁਣ ਪੱਲੇ ਵਿਚ ਦਾਣੇ ਪਾ ਕੇ ਸੌਦਾ ਨਹੀਂ ਖਰੀਦਿਆ ਜਾਂਦਾ; ਹੁਣ ਤਾਂ ਉਹ ਸ਼ਹਿਰ ਸ਼ੌਪਿੰਗ ਕਰਨ ਜਾਂਦੀਆਂ। ਘਰਾਂ ਦੇ ਕੰਮ ਲਈ ਖੇਤਾਂ ਦੇ ਕਾਮਿਆਂ ਦੀਆਂ ਔਰਤਾਂ ਹਨ। ਖੁਸ਼ੀ ਹੈ ਕਿ ਪਿੰਡ ਤਰੱਕੀ ਕਰ ਰਹੇ ਹਨ। ਦੁੱਖ ਹੈ ਕਿ ਭਰਾ ਦਾ ਮੁੰਡਾ ਦੋ ਦਿਨ ਦਾ ਹਸਪਤਾਲ ਵਿਚ ਦਾਖ਼ਲ ਹੁੰਦਾ ਹੈ, ਤੇ ਦੂਜੇ ਭਰਾ ਨੂੰ ਪਤਾ ਤੱਕ ਨਹੀਂ ਹੁੰਦਾ। ਜਿਸ ਪਿੰਡ ਦੀ ਮੈਂ ਕਹਾਣੀ ਸੁਣਾਈ ਹੈ, ਉਸ ਪਿੰਡ ਵਿਚ ਕਦੀ ਸੁੱਖ-ਦੁੱਖ ਸਾਂਝਾ ਹੁੰਦਾ ਸੀ; ਹੁਣ ਉਹ ਪਿੰਡ ਨਹੀਂ ਰਹੇ। ਅਕਸਰ ਦੁਖੀ ਹੁੰਦੀ ਹਾਂ ਕਿ ਮੇਰੇ ਮਨ ਵਿਚੋਂ ਉਸ ਪੁਰਾਣੇ ਪਿੰਡ ਦੀ ਯਾਦ ਕਿਉਂ ਪੁਰਾਣੀ ਨਹੀਂ ਪੈਂਦੀ? ਮੈਂ ਆਪ ਐਨੀ ਪੁਰਾਣੀ ਹੋ ਗਈ ਹਾਂ! ਹੁਣ ਕਿਉਂ ਨਹੀਂ ਉਹ ਪੁਰਾਣੀਆਂ ਯਾਦਾਂ ਵਿਸਾਰਦੀਆਂ? ਕੀ ਕਰੇ ਕੋਈ? ਮੋਹ ਹੀ ਨਹੀਂ ਟੁੱਟ ਰਿਹਾ! ਬੜੀ ਦੁਨੀਆਂ ਦੇਖ ਲਈ, ਦੁਨੀਆਂ ਦੇ ਵੱਡੇ ਤੋਂ ਵੱਡੇ ਸ਼ਹਿਰ ਦੇਖ ਲਏ। ਸਾਡੇ ਪਿੰਡ ਤਾਂ ਸਰੋਂ ਦੇ ਤੇਲ ਵਾਲੇ ਦੀਵੇ ਦੀ ਲੋਅ ਹੁੰਦੀ ਸੀ, ਹੁਣ ਐਸੇ ਸ਼ਹਿਰ ਵੀ ਹਨ ਜਿਥੇ ਕਦੀ ਰਾਤ ਹੀ ਨਹੀਂ ਹੁੰਦੀ। ਉਂਜ, ਕੱਚੇ-ਪੱਕੇ ਘਰਾਂ ਵਾਲਾ ਉਹ ਛੋਟਾ ਜਿਹਾ ਪਿੰਡ ਦੀਵੇ ਦੀ ਲਾਟ ਵਿਚ ਦਗ-ਦਗ ਕਰਦਾ ਮੇਰੀ ਰੂਹ ਵਿਚ ਵੱਸਦਾ ਹੈ। ਇਹ ਮੇਰੀ ਯਾਦ, ਰੂਹ ਦੇ ਖੰਭਾਂ ਨਾਲ ਮੇਰੀ ਆਖਰੀ ਉਡਾਣ ਤੱਕ ਉਡੇਗੀ!



**28ਵੀਂ ਬਰਸੀ 'ਤੇ**


(1939 ਤੋਂ 1986)

## ਲੋਕ ਕਾਵਿ ਦਾ ਮਘਦਾ ਸੂਰਜ ਸੰਤ ਰਾਮ ਉਦਾਸੀ-2

# ਕਵਿਤਾ ਬਣ ਤਲਵਾਰ ਗਈ

*ਸੰਤ ਰਾਮ ਉਦਾਸੀ (20 ਅਪਰੈਲ 1939 ਤੋਂ 6 ਨਵੰਬਰ 1986) ਨੂੰ ਸਾਥੋਂ ਵਿਛੜਿਆਂ 28 ਸਾਲ ਬੀਤ ਗਏ ਹਨ, ਪਰ ਉਹ ਆਪਣੀਆਂ ਕਵਿਤਾਵਾਂ ਅਤੇ ਆਪਣੀ ਸੰਘਰਸ਼ਪੂਰਨ ਜੀਵਨ-ਕਹਾਣੀ ਨਾਲ ਸਦਾ ਸਾਡੇ ਅੰਗ-ਸੰਗ ਹੈ। ਉਹ ਪੰਜਾਬੀ ਕਾਵਿ-ਜਗਤ ਦਾ ਬੜਾ ਅਹਿਮ ਤੇ ਵਿਲੱਖਣ ਜਿਉੜਾ ਹੈ। ਉਹਦੀਆਂ ਕਵਿਤਾਵਾਂ ਵਿਚੋਂ ਲੋਹੜੇ ਦਾ ਸੇਕ ਮਹਿਸੂਸ ਹੁੰਦਾ ਹੈ ਅਤੇ ਦਰਦ ਦੀਆਂ ਨਦੀਆਂ ਵਗਦੀਆਂ ਜਾਪਦੀਆਂ ਹਨ। ਦੱਬੇ-ਕੁਚਲੇ ਲੋਕਾਂ ਲਈ ਉਹਦੀਆਂ ਕਵਿਤਾਵਾਂ ਮਘਦੇ ਸੂਰਜ ਤੋਂ ਘੱਟ ਨਹੀਂ। ਆਪਣੀ ਹਯਾਤੀ ਦੌਰਾਨ ਉਹਨੇ ਸਦਾ ਸੰਘਰਸ਼ ਵਾਲੇ ਰਾਹ ਨੂੰ ਤਰਜੀਹ ਦਿੱਤੀ। ਅੰਤਾਂ ਦਾ ਤਸ਼ੱਦਦ ਅਤੇ ਬੇਅੰਤ ਔਖਿਆਈਆਂ ਵੀ ਉਸ ਦੇ ਸਿਰੜ ਨੂੰ ਹਰਾ ਨਹੀਂ ਸਕੀਆਂ। ਪ੍ਰਿੰਸੀਪਲ ਸਰਵਣ ਸਿੰਘ ਨੇ ਇਸ ਜਿਉੜੇ ਬਾਰੇ ਲੰਮਾ ਲੇਖ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਭੇਜਿਆ ਹੈ ਜਿਸ ਦੀ ਦੂਜੀ ਕਿਸ਼ਤ ਛਾਪੀ ਜਾ ਰਹੀ ਹੈ। -ਸੰਪਾਦਕ*

ਸੰਤ ਰਾਮ ਉਦਾਸੀ ਦਾ ਜੁੱਸਾ ਇਕਹਿਰਾ ਤੇ ਕੱਦ ਪੌਣੇ ਛੇ ਫੁੱਟ ਸੀ। ਉਹ ਨੰਗੇ ਪੈਰੀਂ ਤੁਰ ਕੇ ਪੜ੍ਹਨ ਜਾਂਦਾ ਰਿਹਾ ਤੇ ਸਾਈਕਲ ਉਤੇ ਚੜ੍ਹ ਕੇ ਮਾਸਟਰੀ ਕਰਦਾ ਰਿਹਾ। ਤੀਹ-ਚਾਲੀ ਮੀਲ ਸਾਈਕਲ ਚਲਾਉਣਾ ਉਹਦੇ ਲਈ ਮਾਮੂਲੀ ਗੱਲ ਸੀ। ਸਾਈਕਲ ਉਹਨੇ ਚਲਾਇਆ ਵੀ ਬਹੁਤ ਤੇ ਸਾਈਕਲ ਚਲਾਉਂਦਿਆਂ ਗੀਤ ਵੀ ਬਹੁਤ ਸਿਰਜੇ। ਉਹ ਆਪਣੇ ਗੀਤ ਕਾਗਜ਼ ਕਾਪੀ ਉਤੇ ਲਿਖਣ ਦੀ ਥਾਂ ਮੂੰਹ ਜ਼ਬਾਨੀ ਰਚ ਕੇ ਯਾਦ ਰੱਖਿਆ ਕਰਦਾ ਸੀ। ਸਾਈਕਲ ਚਲਾਉਂਦਾ ਜਾਂ ਤੁਰਿਆ ਜਾਂਦਾ ਤੁਕਾਂ ਜੋੜਦਾ ਜਾਂਦਾ ਜਿਨ੍ਹਾਂ ਦਾ ਗੀਤ ਬਣਦਾ ਜਾਂਦਾ। ਉਹੀ ਗੀਤ ਬਾਅਦ ਵਿਚ ਕਾਪੀ 'ਤੇ ਨੋਟ ਕਰ ਲੈਂਦਾ।



ਬਹੁਤੇ ਗੀਤ ਉਹਦੇ ਅੰਦਰੋਂ ਉਦੋਂ ਨਿਕਲੇ ਜਦੋਂ ਉਹ ਘੁੱਟ ਪੀ ਕੇ ਸਰੂਰ ਵਿਚ ਸਾਈਕਲ ਚਲਾਉਂਦਾ ਹੁੰਦਾ ਸੀ। ਕਈ ਵਾਰ ਉਹ ਆਪਣੀ ਪਤਨੀ ਤੋਂ ਇਹ ਕਹਿ ਕੇ ਵੀ ਪਊਆ ਪੀਣ ਲਈ

**ਪ੍ਰਿੰ. ਸਰਵਣ ਸਿੰਘ, ਕੈਨੇਡਾ**
ਫੋਨ: 905-799-1661

ਪੈਸੇ ਲੈਂਦਾ ਕਿ ਉਸ ਦੇ ਗੋਡੇ ਦੁਖਦੇ ਹਨ, ਨਾਲੇ ਉਸ ਨੇ ਗੀਤ ਪੂਰਾ ਕਰਨੈਂ! ਉਦੋਂ ਉਹ ਨਸੀਬ ਕੌਰ ਨੂੰ ਕਾਮਰੇਡਣੀਏਂ ਕਹਿ ਕੇ ਸੰਬੋਧਨ ਕਰਦਾ ਸੀ।

ਉਹਦੀਆਂ ਅੱਖਾਂ ਤਾਂ ਚੁੰਨ੍ਹੀਆਂ ਸਨ ਹੀ, ਦਾੜ੍ਹੀ ਵੀ ਖੋਦੀ ਸੀ ਜੋ ਠੋਡੀ ਉਤੇ ਵੱਧ ਤੇ ਜਾਭਾਂ ਉਤੇ ਘੱਟ ਸੀ। ਜੂੜਾ ਜ਼ਰੂਰ ਵੱਡਾ ਸੀ। ਨੱਕ ਤਿੱਖਾ ਸੀ, ਮੁੱਛਾਂ ਪਤਲੀਆਂ ਤੇ ਰੰਗ ਸਾਂਵਲਾ। ਉਹ ਬਣਦੀ ਸਰਦੀ ਸ਼ੁਕੀਨੀ ਵੀ ਲਾਉਂਦਾ ਸੀ ਪਰ ਫੈਸ਼ਨਾਂ ਨੇ ਨਹੀਂ ਸੀ ਪੱਟਿਆ। ਉਹਦੀ ਖੱਬੀ ਅੱਖ ਵਿਚ ਟੀਰ ਸੀ ਤੇ ਪੁਲਿਸ ਦੇ ਤਸ਼ੱਦਦ ਨਾਲ ਅੱਖਾਂ ਦੀ ਜੋਤ ਹੋਰ ਵੀ ਘਟ ਗਈ ਸੀ। ਉਹ ਅਕਸਰ ਕਾਲੀ ਐਨਕ ਲਾਉਂਦਾ ਸੀ। ਨਕਸਲਬਾੜੀ ਦੌਰ ਵਿਚ ਉਸ ਉਤੇ ਬੇਰਹਿਮੀ ਨਾਲ ਤਸ਼ੱਦਦ ਢਾਹਿਆ ਗਿਆ ਸੀ।

ਉਹ 1960 ਤੋਂ 64 ਤਕ ਸੀ.ਪੀ.ਆਈ. ਦਾ ਹਮਦਰਦ ਸੀ, 64 ਤੋਂ 69 ਤਕ ਸੀ.ਪੀ.ਐਮ. ਨਾਲ ਰਿਹਾ ਤੇ ਫਿਰ ਨਕਸਲੀ ਲਹਿਰ ਦੀ ਧਿਰ ਬਣ ਗਿਆ। ਨਕਸਲੀ ਖੱਖੜੀਆਂ-ਕਰੇਲੇ ਹੋਏ ਤਾਂ ਗਰੁਪਾਂ ਦੀ ਦੂਸ਼ਣਬਾਜ਼ੀ ਵਿਚ ਉਹ ਵੀ ਬਚ ਨਾ ਸਕਿਆ। ਜਿਵੇਂ ਕਿਰਤੀਆਂ ਦੀ ਕਿਰਤ ਲੁੱਟੀ ਜਾਂਦੀ ਹੈ, ਉਵੇਂ ਨਕਸਲੀਆਂ ਦੇ ਕੁਝ ਗਰੁਪਾਂ ਨੇ ਉਸ ਦੀ ਗੀਤਕਾਰੀ ਤੇ ਗਾਇਕੀ ਲੁੱਟਣ ਦੀ ਵੀ ਕਸਰ ਨਹੀਂ ਛੱਡੀ। ਜਿਨ੍ਹਾਂ ਨੇ ਹਮਦਰਦੀ ਜਿਤਾਉਣੀ ਸੀ, ਉਨ੍ਹਾਂ 'ਚੋਂ ਕਈ ਉਸ ਨੂੰ ਬੇਦਰਦ ਬਣ ਕੇ ਟੱਕਰੇ। ਉਸ ਦੀ ਇਨਕਲਾਬੀ ਸੁਰ ਨੂੰ ਸਲਾਹੁਣ ਵਾਲਿਆਂ ਨੇ ਹੀ ਉਸ ਨੂੰ ਰੱਜ ਕੇ ਨਾ ਜਿਉਣ ਦਿੱਤਾ। ਉਹਦੇ 47 ਸਾਲ ਦੀ ਅੱਧਖੜ ਉਮਰੇ ਗੁਜ਼ਰ ਜਾਣ ਦੇ ਕਾਰਨਾਂ ਵਿਚ ਕੁਝ ਉਹ ਸਾਥੀ ਵੀ ਸ਼ਾਮਲ ਸਨ ਜਿਨ੍ਹਾਂ ਕਰ ਕੇ ਉਹ ਵਾਰ-ਵਾਰ ਗ੍ਰਿਫਤਾਰ ਹੋਇਆ ਸੀ। ਨਾ ਉਸ ਨੂੰ ਉਹ ਰੋਟੀ ਖਾਂਦਾ ਵੇਖਦਿਆਂ ਜਰਦੇ ਸਨ ਤੇ ਨਾ ਲਾਲ ਕਿਲ੍ਹੇ ਦੇ ਵੱਡੇ ਮੰਚ ਤੋਂ ਲੋਕ ਹਿਤੈਸ਼ੀ ਨਜ਼ਮਾਂ ਪੜ੍ਹਦਿਆਂ ਤੇ ਸੱਤਾ ਵਿਰੋਧੀ ਗੀਤ ਗਾਉਂਦਿਆਂ ਵੇਖ ਕੇ। ਉਸ ਨੂੰ ਮਾਨ-ਸਨਮਾਨ ਮਿਲਦੇ ਤਾਂ ਉਹ ਉਸ ਨੂੰ ਵਿਕ ਜਾਣ ਦੇ ਮਿਹਣੇ ਮਾਰਦੇ। ਉਦਾਸੀ ਇੰਟੈਰੋਗੇਸ਼ਨਾਂ ਦੇ ਤਸ਼ੱਦਦ 'ਚ ਨਹੀਂ ਸੀ ਡੋਲਿਆ, ਪਰ ਸਾਥੀਆਂ ਦੀ ਬੇਰੁਖੀ ਉਸ ਨੂੰ ਲੈ ਬੈਠੀ ਸੀ। ਇਕ ਇੰਟਰਵਿਊ ਵਿਚ ਉਸ ਤੋਂ ਪੁੱਛਿਆ ਗਿਆ ਕਿ ਇੰਟੈਰੋਗੇਸ਼ਨ ਸੈਂਟਰ ਵਿਚ ਕਿਹੋ ਜਿਹਾ ਟਾਰਚਰ ਹੋਇਆ?

ਉਦਾਸੀ ਦਾ ਉਤਰ ਸੀ, "ਖ਼ਾਸ ਤੌਰ 'ਤੇ ਮੇਰੇ ਸਿਰ ਨੂੰ ਤੇ ਗੁਪਤ ਅੰਗਾਂ ਨੂੰ ਵੱਧ ਟਾਰਚਰ ਕੀਤਾ ਗਿਆ। ਭੁੱਲੜ ਵੀਰਾਂ ਨੇ ਮੇਰੇ ਸਿਰ ਨੂੰ ਡੰਡਿਆਂ ਨਾਲ ਕੁੱਟ ਕੇ ਲੋਹੜੀ ਮਨਾਈ। ਘੋਟਣਾ ਫੇਰਨਾ, ਕੁਰਸੀ ਲਾਉਣੀ, ਹੱਥਕੜੀਆਂ ਦੀ ਮਾਰ, ਜੋੜ ਕੁੱਟਣੇ ਤਾਂ ਆਮ ਜਿਹੀ ਗੱਲ ਹੈ। ਮੇਰੇ ਸਿਰ ਨੂੰ ਏਨਾ ਕੁੱਟਿਆ ਜਿਸ ਦਾ ਇਲਾਜ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਵੀ ਨਾ ਕਰ ਸਕਿਆ। ਜਦੋਂ ਪੁਰੇ ਦੀ ਹਵਾ ਵਗਦੀ ਹੈ ਤਾਂ ਇੰਟੈਰੋਗੇਸ਼ਨ ਦੀਆਂ ਲਾਸਾਂ ਉਭਰ ਆਉਂਦੀਆਂ ਹਨ। ਦੂਜੀ ਵੇਰ ਵੀ ਮੇਰੇ ਸਿਰ ਨੂੰ ਨਿਸ਼ਾਨਾ ਬਣਾਇਆ ਗਿਆ। ਤੀਸਰੀ ਵੇਰ ਮਾਨਸਿਕ ਤੌਰ 'ਤੇ ਭੁਚਲਾਉਣ ਦੀ ਕੋਸ਼ਿਸ਼ ਕੀਤੀ ਗਈ। ਚੌਥੀ ਵਾਰ ਹਸਪਤਾਲ ਵਿਚ ਹੋਣ ਕਰ ਕੇ ਬਚ ਗਿਆ।"

ਜਦੋਂ ਪੁੱਛਿਆ ਕਿ ਪੁਲਿਸ ਕਰਮੀਆਂ ਨੂੰ ਤੁਸੀਂ ਕੁਝ ਤਾਂ ਕਿਹਾ ਹੋਵੇਗਾ। ਉਦਾਸੀ ਦਾ ਜਵਾਬ ਸੀ, "ਪੁਲਿਸ ਵਾਲਿਆਂ ਨੂੰ ਮੈਂ ਕਿਹਾ, ਮੇਰੇ ਗੀਤ ਤੁਹਾਡੇ ਵੀ ਗੀਤ ਹਨ। ਤੁਸੀਂ ਇਨ੍ਹਾਂ ਨੂੰ ਸੁਣ ਲਵੋ ਪਰ ਪੁਲਿਸ ਅਫਸਰ ਕਹਿੰਦਾ ਸੀ, ਅਸੀਂ ਕਿਹੜਾ ਸਟੇਜ ਲਾਈ ਐ। ਅਸੀਂ ਤਾਂ ਤੇਰੇ ਦਿਮਾਗ 'ਚੋਂ ਮਾਓ-ਜੇ-ਤੁੰਗ ਕੱਢਣਾ ਹੈ।"

ਪੰਜਾਬੀ ਦੇ ਇਸ ਅਜ਼ੀਮ ਸ਼ਾਇਰ ਨਾਲ ਜੱਗੋਂ-ਤੇਰ੍ਹਵੀਆਂ ਹੋਈਆਂ। ਲੋਕ ਹਿਤਾਂ ਨੂੰ ਪ੍ਰਨਾਈਆਂ ਨਜ਼ਮਾਂ ਲਿਖਣ ਤੇ ਉਚੀ ਆਵਾਜ਼ ਵਿਚ ਗਾਉਣ ਬਦਲੇ ਸਮੇਂ ਦੇ ਹਾਕਮਾਂ ਦੀ ਵਹਿਸ਼ੀ ਪੁਲਿਸ ਨੇ 11 ਜਨਵਰੀ 1971 ਨੂੰ ਪੋਹ ਦੀ ਠਰੀ ਰਾਤੇ ਉਸ ਨੂੰ ਚੁੱਕ ਲਿਆ ਤੇ ਲੱਡਾ ਕੋਠੀ ਦੇ ਕਸਾਈਖਾਨੇ ਵਿਚ ਲਿਆ ਸੁੱਟਿਆ। ਬੁੱਢੀ ਮਾਤਾ ਤੇ ਬਿਮਾਰ ਵੱਡਾ ਭਰਾ ਜਿਵੇਂ ਕਿਵੇਂ ਲੱਡਾ ਕੋਠੀ ਪਹੁੰਚੇ। ਡਰ ਸੀ ਕਿ ਉਦਾਸੀ ਨੂੰ ਕਿਤੇ ਝੂਠੇ ਪੁਲਿਸ ਮੁਕਾਬਲੇ ਵਿਚ ਮਾਰ ਖਪਾ ਨਾ ਦਿੱਤਾ ਹੋਵੇ। ਹੰਝੂ ਕੇਰਦੀ ਮਾਤਾ ਨੇ ਡੀ.ਐਸ.ਪੀ. ਅੱਗੇ ਅਰਜ਼ ਗੁਜ਼ਾਰੀ, "ਵੇ ਵੀਰਾ! ਮੈਂ ਸੰਤ ਰਾਮ ਉਦਾਸੀ ਦੀ ਮਾਂ ਹਾਂ। ਮੈਂ ਉਹਦੇ ਨਾਲ ਮੁਲਾਕਾਤ ਕਰਨੀ ਐਂ। ਵੇ ਮੈਂ ਆਪਣੇ ਪੁੱਤ ਨੂੰ ਮਿਲਣ ਆਈ ਆਂ। ਮਿਲਾ ਦਿਓ, ਰੱਬ ਥੋਡਾ ਭਲਾ ਕਰੇ।"

ਉਸ ਵੇਲੇ ਉਦਾਸੀ ਬੈਰਕ ਅੰਦਰ ਮੂੰਹ ਭਾਰ ਬੇਸੁਰਤ ਪਿਆ ਸੀ। ਉਸ ਨੂੰ ਏਨਾ ਕੁੱਟਿਆ ਮਾਰਿਆ ਗਿਆ ਸੀ ਕਿ ਉਠ ਨਹੀਂ ਸੀ ਸਕਦਾ। ਉਹਨੂੰ ਰੱਸਿਆਂ ਨਾਲ ਪੁੱਠਾ ਟੰਗ ਕੇ ਸਿਰ ਡੰਡਿਆਂ ਨਾਲ ਕੁੱਟਿਆ ਗਿਆ ਸੀ। ਸਿਰ ਹੇਠਾਂ ਵੱਡੀ ਮੋਮਬੱਤੀ ਬਾਲ ਕੇ ਸੇਕ ਦਿੱਤਾ ਗਿਆ ਸੀ ਤਾਂ ਕਿ ਦਿਮਾਗ ਦੀ ਮਿੱਝ ਢਾਲ ਕੇ ਉਦਾਸੀ ਨੂੰ ਕਮਲਾ ਕਰ ਦਿੱਤਾ ਜਾਵੇ। ਮੁੜ ਕੇ ਨਾ ਕਦੇ ਉਹ ਲਿਖ ਸਕੇ ਤੇ ਨਾ ਬੋਲ ਸਕੇ। ਹੱਥਾਂ ਦੇ ਪੋਟਿਆਂ ਨੂੰ ਸੂਈਆਂ ਮਾਰ-ਮਾਰ ਕੇ ਛਾਣਨੀ ਕੀਤਾ ਹੋਇਆ ਸੀ। ਸਿਰ ਦੇ ਵਾਲ ਪੁੱਟ-ਪੁੱਟ ਕੇ ਖੋਪੜੀ ਰੋਡੀ ਕੀਤੀ ਹੋਈ ਸੀ। ਵਾਲ ਪੁੱਟਣ ਨਾਲ ਥਾਂ ਪੁਰ ਥਾਂ ਸੋਜ਼ਿਸ਼ ਹੋਈ ਪਈ ਸੀ। ਉਤੋਂ ਪੋਹ ਦੀ ਕੱਕਰ ਮਾਰੀ ਠਾਰੀ। ਉਦਾਸੀ ਦੇ ਪੈਰਾਂ ਦੀਆਂ ਤਲੀਆਂ ਵਿਚ ਖੂਨ ਜੰਮਿਆ ਹੋਇਆ ਸੀ। ਸਾਰੇ ਸਰੀਰ ਦੇ ਜੋੜ ਡੰਡੇ ਮਾਰ-ਮਾਰ ਸੁਜਾਏ ਹੋਏ ਸਨ।

ਡੀ.ਐਸ.ਪੀ. ਨੇ ਬੁੱਢੀ ਮਾਈ ਨੂੰ ਪੁੱਛਿਆ, "ਜੇ ਅਸੀਂ ਉਦਾਸੀ ਨੂੰ ਦੂਰੋਂ ਦਿਖਾ ਦੇਈਏ ਤਾਂ ਠੀਕ ਐ? ਕੋਈ ਇਤਰਾਜ਼ ਤਾਂ ਨਹੀਂ?"

ਮਮਤਾ ਮਾਰੀ ਮਾਂ ਨੇ ਕਿਹਾ, "ਵੇ ਵੀਰਾ, ਮੈਂ ਗਰੀਬਣੀ ਨੇ ਕਾਹਦਾ ਇਤਰਾਜ਼ ਕਰਨੈਂ? ਥੋਡੇ ਰਹਿਮ ਨਾਲ ਮੇਰਾ ਪੁੱਤਰ ਮੈਨੂੰ ਦਿਸ ਜੇ। ਮੈਂ ਸਮਝ ਲੂੰ ਮੇਰਾ ਪੁੱਤ ਜਿਉਂਦੈ! ਪੁਲਿਸ ਨੇ ਮਾਰਿਆ ਨੀ। ਮੈਂ ਤਾਂ ਉਹਨੂੰ ਦੇਖਣਾ ਈ ਚਾਹੁੰਨੀ ਆਂ। ਜੇ ਮੇਰੇ ਨੇੜੇ ਨੀ ਲੈ ਕੇ ਆਉਣਾ, ਬੇਸ਼ਕ ਨਾ ਲਿਆਓ। ਮੈਨੂੰ ਦੂਰੋਂ ਈ ਖੜ੍ਹਾ ਦਿਖਾ ਦਿਓ। ਸੰਤ ਰਾਮ ਦੂਰੋਂ ਖੜ੍ਹਾ ਈ ਆਖ ਦੇਵੇ, ਬੇਬੇ ਮੈਂ ਜਿਔਨਾਂ। ਤੂੰ ਜਾਹ ਘਰ ਨੂੰ।"

ਹਵਾਲਦਾਰ ਬੈਰਕ ਵਿਚ ਜਾ ਕੇ ਉਦਾਸੀ ਨੂੰ ਹਲੂਣਨ ਲੱਗਾ, "ਓਏ ਉਦਾਸੀ, ਓਏ ਉਦਾਸੀ। ਉਠ ਓਏ, ਤੇਰੀ ਮਾਂ ਤੈਨੂੰ ਸਰਸੇ ਤੋਂ ਮਿਲਣ ਆਈ ਐ। ਬਾਹਰ ਖੜ੍ਹੀ ਐ ਤੇਰੀ ਮਾਂ। ਉਠ ਨਹੀਂ ਤਾਂ ਮਰਜੂ ਓਹ ਵੀ।"

ਮਾਂ ਸ਼ਬਦ ਨੇ ਉਦਾਸੀ ਦੀ ਸੁਰਤ ਮੋੜੀ। ਕਿਤੇ ਉਹ ਸੱਚੀਂ ਨਾ ਸਾਹ ਖਿੱਚ'ਜੇ। ਉਹ ਔਖਾ-ਸੌਖਾ ਮਾਂ ਤਕ ਪੁੱਜਾ, ਤੇ ਦੂਰ ਦੀ ਸੋਚ ਕੇ ਬੋਲਿਆ, "ਮਾਂ, ਮੈਂ ਠੀਕ-ਠਾਕ ਆਂ। ਤੂੰ ਕਿਤੇ ਮਮਤਾ ਦੇ ਪਿਆਰ ਵਿਚ ਆ ਕੇ ਸਾਹ ਨਾ ਚੜ੍ਹਾ ਲਈਂ। ਏਥੇ ਫੇਰ ਤੈਨੂੰ ਕੌਣ ਸਾਂਭੂਗਾ?"

ਮਾਂ ਨੇ ਘਾਇਲ ਪੁੱਤਰ ਨੂੰ ਬੁਕਲ 'ਚ ਲੈ ਕੇ ਪਿਆਰ ਦਿੱਤਾ ਤੇ ਕਿਹਾ, "ਪੁੱਤ ਤੇਰਾ ਰੱਬ ਰਾਖਾ। ਪੁੱਤ ਹੁਣ ਮੇਰਾ ਸਾਹ ਨੀ ਚੜ੍ਹਦਾ। ਤੂੰ ਮੇਰਾ ਫਿਕਰ ਨਾ ਕਰੀਂ।"

ਬੱਸ ਏਨੀ ਹੀ ਹੋ ਸਕੀ ਮੁਲਾਕਾਤ। ਉਧਰ ਗੁਰਦਾਸ ਸਿੰਘ ਘਾਰੂ ਹੋਰੀਂ ਸੱਜੇ ਖੱਬੇ ਦੇ ਕਾਮਰੇਡਾਂ ਨੂੰ ਨਾਲ ਲੈ ਕੇ ਐਮ.ਪੀ. ਤੇਜਾ ਸਿੰਘ ਸੁਤੰਤਰ ਰਾਹੀਂ ਉਦਾਸੀ ਨੂੰ ਜ਼ਮਾਨਤ ਉਤੇ ਛੁਡਾਉਣ ਵਿਚ ਕਾਮਯਾਬ ਹੋ ਗਏ। ਫਿਰ ਉਸ ਨੂੰ ਮੋਗਾ ਗੋਲੀ ਕਾਂਡ ਵੇਲੇ ਗ੍ਰਿਫਤਾਰ ਕਰ ਲਿਆ ਗਿਆ। ਉਧਰੋਂ ਬੰਦ ਖਲਾਸੀ ਹੋਈ ਤਾਂ ਐਮਰਜੈਂਸੀ 'ਚ ਅੰਦਰ ਕਰ ਲਿਆ। ਚੌਥੀ ਵਾਰ ਡੀ.ਆਈ.ਆਰ. ਤਹਿਤ ਫਿਰ ਪੁਲਿਸ ਲੈ ਗਈ। ਉਹਦੀ ਨੌਕਰੀ ਵੀ ਖਤਰੇ ਵਿਚ ਪਈ ਰਹੀ, ਪਰ ਉਹ ਦੁੱਖ ਤਕਲੀਫਾਂ ਸਹਿੰਦਾ ਗਾਉਂਦਾ ਰਿਹਾ:

ਅਸੀਂ ਜੜ੍ਹ ਨਾ ਜ਼ੁਲਮ ਦੀ ਛੱਡਣੀ,
ਸਾਡੀ ਭਾਵੇਂ ਜੜ੍ਹ ਨਾ ਰਹੇ,
ਲੋਕ ਵੇ! ਅੱਗ ਵਿਚ ਜਿੰਦੜੀ ਨੂੰ
ਦੇਣਾ ਝੋਕ ਵੇ।
ਜਿਹੜੀ ਖੂਨ ਹੈ ਕਿਰਤ ਦਾ ਪੀਂਦੀ,
ਤੋੜ ਦੇਣੀ ਤਨ ਦੇ ਉਤੋਂ,
ਜੋਕ ਵੇ! ਲੋਕੀਂ ਹੁਣ ਨਿਕਲ ਪਏ
ਹਿੱਕਾਂ ਠੋਕ ਵੇ।

ਉਦਾਸੀ ਨੇ ਆਪਣੇ ਗੀਤਾਂ ਨੂੰ ਲੋਕਾਂ ਦੇ ਮੂੰਹ ਚੜ੍ਹਾਉਣ ਲਈ ਲੋਕ ਗੀਤਾਂ ਤੇ ਕਿੱਸਾਕਾਰੀ ਦੇ ਛੰਦਾਂ ਦੀ ਭਰਪੂਰ ਵਰਤੋਂ ਕੀਤੀ। ਕਿਤੇ ਕੋਰੜਾ ਛੰਦ ਵਰਤਿਆ, ਕਿਤੇ ਕਬਿੱਤ ਤੇ ਕਿਤੇ ਕਲੀ:

ਤੇਰਾ ਭੋਲੂ ਤਾਂ ਨਿੱਤ
ਰੀਂ-ਰੀਂ ਕਰਦਾ ਰਹਿੰਦਾ ਹੈ,
ਧੀ ਹੈ ਤੇਰੀ ਜਾਂਦੀ ਬੰਗਲੀਂ
ਬਾਲ ਖਿਡਾਉਣ ਨੂੰ।
ਤੇਰੇ ਮਿੱਠੂ ਦੀ ਨਿੱਤ
ਜਾਏ ਤੜਾਗੀ ਢਿਲਕਦੀ,
ਭੁੱਖੀ ਪਤਨੀ ਨੂੰ ਨਾ ਉਤਰੇ
ਦੁੱਧ ਚੁੰਘਾਉਣ ਨੂੰ।
ਤੈਨੂੰ ਪਿਆ ਭੁਲੇਖਾ
ਭਗਤੀ ਦੇ ਵਿਚ ਭੰਗਣਾ ਦਾ,
ਤਾਹੀਓਂ ਸਾਧਾਂ ਤੋਂ ਨਿੱਤ
ਫਿਰਦਾ ਉਨ ਲਹਾਉਣ ਨੂੰ।
ਤੇਰੀ ਕਿਰਤ ਤਾਂ ਭਾਵੇਂ
ਜੱਸ ਖੱਟ ਲੈਂਦੀ ਰਾਠਾਂ ਦਾ,
ਐਪਰ ਜਾਤ ਤਾਂ ਤੇਰੀ,
ਗਿੱਟਲ ਢੇਡ ਕਹਾਉਣ ਨੂੰ।
ਕਦੋਂ ਕੁ ਪਿੰਡੇ ਉਤੋਂ
ਉਤਰੂਗੀ ਪੰਡ ਜੂੰਆਂ ਦੀ,
ਕਦੋਂ ਕੁ ਤੁਰਨਾ ਹੈ ਤੂੰ
ਚਾਨਣ ਵਿਚ ਨਹਾਉਣ ਨੂੰ...।

---

ਜਦੋਂ ਉਹਦੀ ਪਹਿਲੀ ਗ੍ਰਿਫਤਾਰੀ ਹੋਈ ਸੀ, ਉਦੋਂ ਉਹਦੀ ਪਤਨੀ ਨੂੰ ਬਾਲ ਬੱਚੇ ਚੁੱਕ ਕੇ ਪੇਕੀਂ ਰਹਿਣਾ ਪਿਆ ਸੀ। ਉਥੇ ਹੀ ਉਹਦੀ ਤੀਜੀ ਧੀ ਦਾ ਜਨਮ ਹੋਇਆ ਸੀ। ਨਾਨਕੇ ਦਾਦਕੇ ਧੀਆਂ ਦੇ ਉਪਰੋਥਲੀ ਜਨਮ ਤੋਂ ਦੁਖੀ ਸਨ। ਉਦਾਸੀ ਦੀ ਮਾਂ ਤਾਂ ਇਹੋ ਕਹਿੰਦੀ ਰਹਿੰਦੀ, "ਮੇਰੇ ਸਾਧ ਪੁੱਤ ਨੂੰ ਕਿਥੋਂ ਪੱਥਰਾਂ ਦੀ ਮਾਰ ਪੈ ਗਈ? ਇਹ ਤਾਂ ਏਨੀ ਜੋਗਾ ਹੈ ਨੀ ਸੀ, ਇਹਨੇ ਤਾਂ ਕਦੇ ਕਿਸੇ ਦਾ ਮਾੜਾ ਨੀ ਸੀ ਚਿਤਵਿਆ।"

ਜਦੋਂ ਉਹ ਰਿਹਾਅ ਹੋ ਕੇ ਆਪਣੇ ਸਹੁਰੀਂ ਆਇਆ ਤਾਂ ਉਸ ਨੇ ਤੀਜੀ ਧੀ ਦੇ ਜੰਮਣ ਨੂੰ ਸ਼ੁਭ ਸ਼ਗਨ ਕਿਹਾ। ਉਹਦੀ ਪਤਨੀ ਬੇਸ਼ਕ ਰੋਈ ਜਾਂਦੀ ਸੀ ਪਰ ਉਦਾਸੀ ਲਈ ਧੀ ਪੁੱਤ 'ਚ ਕੋਈ ਫਰਕ ਨਹੀਂ ਸੀ। ਉਹਨੂੰ ਮਿਲਣ-ਗਿਲਣ ਆਏ ਵਾਰ-ਵਾਰ ਸਮਝਾਉਂਦੇ, "ਤੂੰ ਸੋਹਣੇ ਰੁਜ਼ਗਾਰ 'ਤੇ ਲੱਗਿਐਂ, ਆਰਾਮ ਨਾਲ ਬੱਚੇ ਪਾਲ, ਚਲ ਹੋਰ ਨੀ ਤਾਂ ਤਿੰਨਾਂ ਕੁੜੀਆਂ ਦੇ ਮੂੰਹ ਵੱਲ ਈ ਦੇਖ। ਸਰਕਾਰ ਨਾਲ ਪੰਗੇ ਲੈ ਕੇ ਕੀ ਕਰ ਲਏਂਗਾ ਤੂੰ? ਐਮੇ ਪੁਲਿਸ ਤੋਂ ਕੁੱਟ ਖਾਂਦਾ ਫਿਰਦੈਂ!" ਉਦਾਸੀ ਇਹੋ ਜਵਾਬ ਦਿੰਦਾ, "ਮੈਂ ਕੋਈ ਚੋਰ ਡਾਕੂ ਨੀ। ਆਪਣੇ ਲਈ ਤਾਂ ਸਾਰੇ ਮਰਦੇ ਐ, ਪਰ ਲੋਕਾਂ ਲਈ ਕੋਈ-ਕੋਈ ਈ ਮਰਦੈ।"

ਪੁਲਿਸ ਉਹਦੇ ਮਗਰ ਪਈ ਰਹੀ ਤੇ ਉਹ ਰਾਤ-ਬਰਾਤੇ ਘਰ ਆਉਂਦਾ ਰਿਹਾ। ਘਰ ਵਾਲੇ ਕੋਈ ਉਘ-ਸੁੱਘ ਨਾ ਦਿੰਦੇ, ਪਰ ਇਕ ਵਾਰ ਪੁਲਿਸ ਨੇ ਅਜਿਹਾ ਛਾਪਾ ਮਾਰਿਆ ਕਿ ਉਸ ਨੂੰ ਚੁੱਕਿਆ, ਧੂਹਿਆ-ਘਸੀਟਿਆ ਤੇ ਲੱਡਾ ਕੋਠੀ ਦੇ ਇੰਟੈਰੋਗੇਸ਼ਨ ਸੈਂਟਰ ਵਿਚ ਲੈ ਗਈ। ਕਈ ਦਿਨਾਂ ਦੀ ਕੁੱਟ ਮਾਰ ਪਿੱਛੋਂ ਛੱਡਿਆ ਤਾਂ ਨਾ ਉਹਤੋਂ ਖੜ੍ਹਾ ਹੋਇਆ ਜਾਂਦਾ ਸੀ ਤੇ ਨਾ ਤੁਰਿਆ ਜਾਂਦਾ ਸੀ। ਪੈਰਾਂ ਦੀਆਂ ਤਲੀਆਂ ਸੁੱਜੀਆਂ ਪਈਆਂ ਸਨ।

ਘਰ ਆ ਕੇ ਵੀ ਉਹਨੂੰ ਕੋਈ ਅਮਨ ਚੈਨ ਨਹੀਂ ਸੀ। ਉਹਦਾ ਬਿਸਤਰਾ ਨੀਰੇ ਵਾਲੇ ਅੰਦਰ ਤੂੜੀ ਉਤੇ ਹੀ ਹੁੰਦਾ ਜਿਸ ਦੇ ਬਾਰ ਨੂੰ ਬਾਹਰੋਂ ਜਿੰਦਾ ਲੱਗਾ ਰਹਿੰਦਾ। ਰਾਤ ਬਰਾਤੇ ਨਕਸਲੀ ਕਾਮਰੇਡਾਂ ਦੀਆਂ ਮਿਲਣੀਆਂ ਤੇ ਮੀਟਿੰਗਾਂ ਹੁੰਦੀਆਂ। ਸ਼ਹਿਣੇ ਠਾਣੇ ਦੀ ਪੁਲਿਸ ਦੇ ਛਾਪੇ ਤਾਂ ਪੈਂਦੇ ਹੀ ਰਹਿੰਦੇ ਸਨ, ਇਕੇਰਾਂ ਪਟਿਆਲੇ ਦੀ ਪੁਲਿਸ ਵੀ ਆ ਪਈ। ਉਨ੍ਹਾਂ ਘਰ ਵਾਲੀ ਤੇ ਜੁਆਕਾਂ ਦੀ ਵੀ ਧੂਹ-ਘੜੀਸ ਕੀਤੀ। ਘਰ ਦਾ ਸਾਮਾਨ ਭੰਨ ਤੋੜ ਦਿੱਤਾ। ਉਦਾਸੀ ਦੇ ਨਾਲ ਉਹਦੇ ਪਰਿਵਾਰ ਨੇ ਵੀ ਅਤਿਅੰਤ ਦੁੱਖ ਦੇ ਦਿਨ ਦੇਖੇ।

ਫਿਰ ਐਮਰਜੈਂਸੀ ਲੱਗ ਗਈ। ਪੁਲਿਸ ਦਾ ਆਉਣਾ, ਫੜਨਾ, ਤਸ਼ੱਦਦ ਕਰਨਾ ਤੇ ਛੱਡ ਦੇਣਾ ਆਮ ਗੱਲ ਸੀ। ਤਸ਼ੱਦਦ ਨਾਲ ਉਦਾਸੀ ਦੀ ਕਮਜ਼ੋਰ ਨਿਗ੍ਹਾ ਹੋਰ ਕਮਜ਼ੋਰ ਹੋ ਗਈ, ਹੱਡਾਂ ਦੇ ਜੋੜ ਦਰਦ ਕਰਨ ਲੱਗੇ ਤੇ ਯਾਦਦਾਸ਼ਤ ਘਟ ਗਈ। ਉਹ ਆਪਣੀ ਪਤਨੀ ਨੂੰ ਅਕਸਰ ਕਹਿੰਦਾ, "ਮੇਰਾ ਕੀ ਪਤੈ, ਮੈਨੂੰ ਕਦੋਂ ਪੁਲਿਸ ਮਾਰ ਦੇਵੇ। ਤੂੰ ਜੁਆਕਾਂ ਦਾ ਧਿਆਨ ਰੱਖੀਂ।" ਅੱਗਿਉਂ ਉਹਦੀ ਪਤਨੀ ਕਹਿੰਦੀ, "ਕੋਈ ਮਾਰ ਕੇ ਤਾਂ ਦਿਖਾਵੇ, ਜੇ ਢਿੱਡ ਨਾ ਪਾੜ ਦਿਆਂ ਅਗਲੇ ਦਾ।"

ਜਦ ਉਹਦਾ ਕੋਈ ਸਾਥੀ ਪੁਲਿਸ ਮੁਕਾਬਲੇ ਵਿਚ ਮਾਰਿਆ ਜਾਂਦਾ ਤਾਂ ਉਹ ਕਈ-ਕਈ ਦਿਨ ਮਸੋਸਿਆ ਰਹਿੰਦਾ। ਰਾਤਾਂ ਨੂੰ ਉਭੜਵਾਹੇ ਉਠਦਾ ਤੇ ਹੰਝੂ ਵਹਾਉਣ ਲੱਗਦਾ। ਮੋਏ ਸਾਥੀਆਂ ਦੀ ਯਾਦ ਵਿਚ ਗੀਤ ਜੋੜਦਾ ਤੇ 'ਕੱਠਾਂ ਵਿਚ ਰੋਹ ਨਾਲ ਗਾਉਂਦਾ:

ਜਿਥੇ ਗਏ ਹੋ ਅਸੀਂ ਵੀ ਆਏ ਜਾਣੋ,
ਬਲਦੀ ਚਿਖਾ ਹੁਣ ਠੰਢੀ ਨੀ ਹੋਣ ਦੇਣੀ।
ਗਰਮ ਰੱਖਾਂਗੇ ਦੌਰ ਕੁਰਬਾਨੀਆਂ ਦਾ,
ਲਹਿਰ ਹੱਕਾਂ ਦੀ ਰੰਡੀ ਨੀ ਹੋਣ ਦੇਣੀ...।

ਉਸ ਦੀ ਧੀ ਇਕਬਾਲ ਕੌਰ ਦੱਸਦੀ ਹੈ ਕਿ ਜਿੱਦਣ ਮੋਗਾ ਗੋਲੀ ਕਾਂਡ ਹੋਇਆ, ਉਹਦੇ ਪਾਪਾ

*(ਅਗਲੇ ਸਫੇ 'ਤੇ ਜਾਰੀ)*



*ਪੜ੍ਹਨ ਵਿਚ ਮਘਨ ਸੰਤ ਰਾਮ ਉਦਾਸੀ।*

***ਪੰਜਾਬੀ ਦੇ ਇਸ ਅਜ਼ੀਮ ਸ਼ਾਇਰ ਨਾਲ ਜੱਗੋਂ-ਤੇਰ੍ਹਵੀਆਂ ਹੋਈਆਂ। ਲੋਕ ਹਿਤਾਂ ਨੂੰ ਪ੍ਰਨਾਈਆਂ ਨਜ਼ਮਾਂ ਲਿਖਣ ਤੇ ਉਚੀ ਆਵਾਜ਼ ਵਿਚ ਗਾਉਣ ਬਦਲੇ ਸਮੇਂ ਦੇ ਹਾਕਮਾਂ ਦੀ ਵਹਿਸ਼ੀ ਪੁਲਿਸ ਨੇ 11 ਜਨਵਰੀ 1971 ਨੂੰ ਪੋਹ ਦੀ ਠਰੀ ਰਾਤੇ ਉਸ ਨੂੰ ਚੁੱਕ ਲਿਆ ਤੇ ਲੱਡਾ ਕੋਠੀ ਦੇ ਕਸਾਈਖਾਨੇ ਵਿਚ ਲਿਆ ਸੁੱਟਿਆ। ਬੁੱਢੀ ਮਾਤਾ ਤੇ ਬਿਮਾਰ ਵੱਡਾ ਭਰਾ ਜਿਵੇਂ ਕਿਵੇਂ ਲੱਡਾ ਕੋਠੀ ਪਹੁੰਚੇ। ਡਰ ਸੀ ਕਿ ਉਦਾਸੀ ਨੂੰ ਕਿਤੇ ਝੂਠੇ ਪੁਲਿਸ ਮੁਕਾਬਲੇ ਵਿਚ ਮਾਰ ਖਪਾ ਨਾ ਦਿੱਤਾ ਹੋਵੇ।***

ਕਿਤੇ ਪ੍ਰੋਗਰਾਮ ਕਰ ਕੇ ਆ ਰਹੇ ਸਨ। ਖ਼ਬਰ ਸੁਣਨ ਸਾਰ ਬੜੇ ਦੁਖੀ ਹੋਏ ਤੇ ਤਵਾਜ਼ਨ ਖੋ ਬੈਠੇ। ਕਿਤੋਂ ਬੇਹੱਦ ਸ਼ਰਾਬ ਪੀ ਕੇ ਘਰ ਪਹੁੰਚੇ। ਘਰ ਦੇ ਉਹਦੀ ਹਾਲਤ ਵੇਖ ਕੇ ਘਬਰਾ ਗਏ। ਪ੍ਰੋਗਰਾਮ ਵਿਚ ਜਿੰਨੇ ਨੋਟ ਮਿਲੇ ਸਨ, ਉਹ ਸਾਰੇ ਪਾੜ ਦਿੱਤੇ ਤੇ ਟੋਟੇ-ਟੋਟੇ ਕਰ ਕੇ ਖਿਲਾਰ ਦਿੱਤੇ। ਫਿਰ ਭੁੱਬਾਂ ਮਾਰ ਕੇ ਰੋਣ ਲੱਗੇ।

ਨਵੰਬਰ 84 ਵਿਚ ਦਿੱਲੀ ਦੇ ਘੱਲੂਘਾਰੇ ਤੋਂ ਬਾਅਦ ਉਸ ਨੂੰ ਲਾਲ ਕਿਲ੍ਹੇ ਦੇ ਕਵੀ ਦਰਬਾਰ ਵਿਚ ਬੁਲਾਇਆ ਗਿਆ। ਉਥੇ ਉਹਨੇ ਢੱਠੇ ਗੁਰਦੁਆਰੇ ਤੇ ਸਿੱਖਾਂ ਦੇ ਸੜੇ ਮਕਾਨ ਵੇਖੇ ਤੇ ਉਜੜੇ ਪਰਿਵਾਰਾਂ ਦੀ ਬਰਬਾਦੀ ਅਤੇ ਦਰਦਨਾਕ ਕਤਲਾਂ ਦੇ ਕਿੱਸੇ ਸੁਣੇ ਤਾਂ ਉਹ ਫਿਰ ਮਾਨਸਿਕ ਤੌਰ 'ਤੇ ਹਿੱਲ ਗਿਆ। ਉਸ ਉਤੇ ਏਨਾ ਜ਼ਿਆਦਾ ਅਸਰ ਹੋਇਆ ਕਿ ਉਹ ਸੱਚਮੁੱਚ ਹੀ ਪਾਗਲਾਂ ਵਰਗਾ ਵਰਤਾਉ ਕਰਨ ਲੱਗਾ। ਵਾਪਸ ਆਉਂਦਾ ਪਿੰਡ ਭੋਤਨੇ 'ਚ ਵੜਦਾ ਕਹੀ ਜਾਵੇ, "ਸਾਡਾ ਘਰ-ਬਾਰ ਸੜ ਗਿਆ, ਉਥੇ ਪੁਲਿਸ ਬੈਠੀ ਐ, ਮੈਨੂੰ ਮਾਰ ਦੇਣਗੇ…" ਦਿੱਲੀ ਦੇ ਕਤਲੇਆਮ ਦਾ ਉਹਦੇ ਅਚੇਤ ਮਨ 'ਤੇ ਏਨਾ ਡੂੰਘਾ ਅਸਰ ਪਿਆ ਕਿ ਉਹ ਰਾਤਾਂ ਨੂੰ ਉਠ ਕੇ ਭੱਜ ਪੈਂਦਾ ਤੇ ਅਚਾਨਕ ਰੋਣ ਲੱਗ ਜਾਂਦਾ। ਲਗਭਗ ਇਕ ਸਾਲ ਉਹਦਾ ਏਹੀ ਹਾਲ ਰਿਹਾ ਜਿਸ ਨਾਲ ਪਰਿਵਾਰ ਵੀ ਪ੍ਰੇਸ਼ਾਨ ਰਿਹਾ।

---

ਜਿਥੇ ਉਦਾਸੀ ਦੇ ਕਾਵਿ ਵਿਚ ਲੋਹੜੇ ਦਾ ਵੇਗ ਤੇ ਗਾਉਣ ਦੀ ਬੁਲੰਦੀ ਸੀ, ਉਥੇ ਉਸ ਦੀ ਸ਼ਖ਼ਸੀਅਤ ਦੇ ਕੁਝ ਉਲਾਰ ਪੱਖ ਵੀ ਸਨ। ਉਹ ਪਲ 'ਚ ਤੋਲਾ ਤੇ ਪਲ 'ਚ ਮਾਸਾ ਹੋ ਜਾਂਦਾ ਸੀ। ਉਹਦੇ ਸੁਭਾਅ ਨੂੰ ਹੋਰ ਤਾਂ ਕੀ, ਉਹਦੇ ਘਰ ਵਾਲੇ ਵੀ ਨਹੀਂ ਸਨ ਸਮਝ ਸਕੇ। ਉਹ ਹੱਸਦਾ-ਹੱਸਦਾ ਰੋ ਪੈਂਦਾ ਸੀ, ਰੋਂਦਾ-ਰੋਂਦਾ ਹੱਸ ਪੈਂਦਾ ਸੀ। ਕਦੇ ਕੂਕਾਂ ਮਾਰਦਾ ਤੇ ਕਦੇ ਚੁੱਪ ਗੜੁੱਪ। ਲੰਘ ਜਾਣ ਤਾਂ ਹਾਥੀ ਲੰਘ ਜਾਣ, ਨਹੀਂ ਤਾਂ ਕੀੜੀ ਵੀ ਨਹੀਂ ਸੀ ਲੰਘ ਸਕਦੀ। ਅਜੀਬ ਸ਼ਖ਼ਸੀਅਤ ਦਾ ਮਾਲਕ ਸੀ ਸੰਤ ਰਾਮ ਉਦਾਸੀ। ਕਦੇ ਸੋਫ਼ੀ ਤੇ ਸਾਊ, ਕਦੇ ਐਬੀ ਤੇ ਸ਼ਰਾਬੀ!

ਕੁਝ ਐਬ ਉਹਦੇ ਦੋਸਤਾਂ ਨੇ ਆਪਣੇ ਕੋਲੋਂ ਵੀ ਉਹਦੇ ਨਾਂ ਜੋੜ ਰੱਖੇ ਸਨ। ਮਸਲਨ ਉਹ ਇੰਟੈਰੋਗੇਸ਼ਨ ਸੈਂਟਰ ਦਾ ਤਸ਼ੱਦਦ ਝੱਲ ਕੇ ਬਾਹਰ ਆਉਂਦਾ ਹੈ। ਕਿਸੇ ਸਭਾ ਦੇ ਸਮਾਗਮ ਵਿਚ ਹੱਡ-ਬੀਤੀ ਬਿਆਨ ਕਰਦਾ ਹੈ। ਦੱਸਦਾ ਹੈ ਕਿ ਇੰਟੈਰੋਗੇਸ਼ਨ ਸੈਂਟਰ ਵਿਚ ਉਹਦੇ ਉਤੇ ਤਸ਼ੱਦਦ ਢਾਹਿਆ ਗਿਆ ਜਿਸ ਨਾਲ ਉਹਦੀ ਨਿਗ੍ਹਾ ਘਟ ਗਈ ਤੇ ਹੁਣ ਬੜਾ ਘੱਟ ਦਿਸਦੈ। ਸਾਹਮਣੇ ਬੈਠੇ ਸਰੋਤਿਆਂ ਦਾ ਵੀ ਬੱਸ ਝੌਲਾ ਜਿਹਾ ਈ ਪੈਂਦੈ। ਸਿਰ ਸ਼ਿਕੰਜੇ 'ਚ ਪੀੜਿਆ ਗਿਐ ਜਿਸ ਨਾਲ ਯਾਦਦਾਸ਼ਤ ਘਟ ਗਈ ਐ…।

ਸਭਾ ਸਮਾਪਤ ਹੋਣ ਉਤੇ ਯਾਰਾਂ ਬੇਲੀਆਂ ਦੀਆਂ ਢਾਣੀਆਂ ਬਣ ਜਾਂਦੀਆਂ ਹਨ। ਉਦਾਸੀ ਦੀ ਢਾਣੀ ਚਾਰ ਜਣਿਆਂ ਦੀ ਹੈ। ਸਭ ਨੇ ਸਾਈਕਲਾਂ ਉਤੇ ਆਪੋ-ਆਪਣੇ ਪਿੰਡੀਂ ਜਾਣਾ ਹੈ ਜੋ ਕਈ-ਕਈ ਮੀਲ ਦੂਰ ਹਨ। ਪ੍ਰੋਗਰਾਮ ਬਣਦਾ ਹੈ ਕਿ ਠੇਕੇ ਤੋਂ ਪਊਆ-ਪਊਆ ਪੀ ਕੇ ਸਾਈਕਲਾਂ 'ਤੇ ਲੱਤ ਦਿੱਤੀ ਜਾਵੇ। ਉਦਾਸੀ ਨੂੰ ਇਹ ਪ੍ਰੋਗਰਾਮ ਪਸੰਦ ਹੈ, ਕਿਉਂਕਿ ਸਾਈਕਲ ਉਤੇ ਜਾਂਦਿਆਂ ਉਸ ਨੇ ਕੋਈ ਗੀਤ ਜੋੜ ਲੈਣਾ ਹੈ। ਐਨ ਉਵੇਂ ਜਿਵੇਂ ਬਾਬੂ ਰਜਬ ਅਲੀ ਨੇ ਕਾਫੀ ਸਾਰੀ ਕਵੀਸ਼ਰੀ ਨਹਿਰੀ ਬਾਬੂ ਬਣ ਕੇ ਘੋੜੇ ਦੀ ਸਵਾਰੀ ਕਰਦਿਆਂ ਜੋੜੀ ਸੀ। ਉਹ ਘੋੜੇ ਦੀ ਚਾਲ ਨਾਲ ਛੰਦ ਜੋੜਦਾ ਜਾਂਦਾ ਸੀ। ਉਦਾਸੀ ਪੈਡਲ ਮਾਰਦਾ ਤੁਕਾਂ ਜੋੜ ਲੈਂਦਾ।

ਉਨ੍ਹਾਂ ਦੀ ਢਾਣੀ ਠੇਕੇ ਨੇੜੇ ਜਾ ਖੜ੍ਹਦੀ ਹੈ। ਸਲਾਹਾਂ ਕਰਦੀ ਹੈ ਕਿ ਰਸਭਰੀ ਪੀਤੀ ਜਾਵੇ ਜਾਂ ਸੰਤਰਾ ਮਾਲਟਾ? ਕੋਈ ਸੌਂਫੀਏ ਦਾ ਨਾਂ ਲੈਂਦਾ ਹੈ। ਉਨ੍ਹੀਂ ਦਿਨੀਂ ਸਭ ਤੋਂ ਸਸਤੀ ਬੋਤਲ ਅੱਠ ਰੁਪਿਆਂ ਦੀ ਮਿਲਦੀ ਸੀ ਤੇ ਸਭ ਤੋਂ ਸਸਤਾ ਪਊਆ ਤਿੰਨਾਂ ਰੁਪਿਆਂ ਦਾ। ਜੇ ਚਾਰੇ ਜਣੇ ਆਪੋ-ਆਪਣੇ ਪਊਏ ਖਰੀਦਦੇ ਹਨ ਤਾਂ ਮਹਿੰਗੇ ਪੈਂਦੇ ਹਨ। ਸਰਫ਼ੇ-ਹੱਥੇ ਚਾਰੇ ਜਣੇ ਦੋ-ਦੋ ਰੁਪਏ ਪਾਉਂਦੇ ਹਨ ਤੇ ਸਾਂਝੀ ਬੋਤਲ ਲੈ ਲੈਂਦੇ ਹਨ। ਚਾਰ ਗਲਾਸਾਂ ਦਾ ਪ੍ਰਬੰਧ ਵੀ ਹੋ ਜਾਂਦੈ। ਉਤੋਂ ਦਿਨ ਛਿਪ ਰਿਹਾ ਹੁੰਦੈ। ਉਦਾਸੀ ਦੇ ਕਾਲੀਆਂ ਐਨਕਾਂ ਲਾਈਆਂ ਹੁੰਦੀਐਂ। ਗਲਾਸਾਂ 'ਚ ਪਊਆ-ਪਊਆ ਪਾਉਣ ਵਾਲਾ ਸੋਚਦੈ, "ਉਦਾਸੀ ਨੂੰ ਕਿਹੜਾ ਦਿਸਦੈ?" ਉਹ ਉਹਦੇ ਗਲਾਸ ਵਿਚ ਘੱਟ ਪਾਉਂਦੈ ਤੇ ਬਾਕੀ ਤਿੰਨਾਂ 'ਚ ਵੱਧ। ਉਦਾਸੀ ਕਾਲੀਆਂ ਐਨਕਾਂ ਲਾਹ ਕੇ ਆਖਦੈ, "ਪੰਤੰਦਰੋ, ਮੈਨੂੰ ਏਨਾ ਘੱਟ ਵੀ ਨਹੀਂ ਦੀਂਹਦਾ, ਬਈ ਪਤਾ ਨਾ ਲੱਗੇ ਕਿ ਤੁਸੀਂ ਮੇਰੇ ਗਲਾਸ 'ਚ ਪੂਰਾ ਹਿੱਸਾ ਨੀ ਪਾਇਆ!"

ਬੰਦਾ ਹਿੱਸਾ ਲੈਣ ਬਾਰੇ ਤਾਂ ਉਸ ਨੇ ਕਵਿਤਾ ਵੀ ਲਿਖੀ ਸੀ:

ਉਚੀ ਕਰ ਕੇ ਆਵਾਜ਼
ਮਜ਼ਦੂਰ ਨੇ ਹੈ ਕਹਿਣਾ,
ਹਿੱਸਾ ਦੇਸ਼ ਦੀ ਆਜ਼ਾਦੀ ਵਿਚੋਂ
ਅਸੀਂ ਵੀ ਹੈ ਲੈਣਾ।

---

ਉਦਾਸੀ ਦਾ ਪਰਿਵਾਰ ਜਿਵੇਂ-ਜਿਵੇਂ ਵਧ ਰਿਹਾ ਸੀ, ਉਸ ਦੇ ਖਰਚੇ ਵੀ ਵਧ ਰਹੇ ਸਨ ਜੋ ਇਕੱਲੇ ਜਣੇ ਦੀ ਤਨਖਾਹ ਨਾਲ ਪੂਰੇ ਨਹੀਂ ਸਨ ਹੋ ਰਹੇ। ਬਿਰਧ ਮਾਂ ਸਣੇ ਸੁੱਖ ਨਾਲ ਅੱਠਾਂ ਜੀਆਂ ਦਾ ਟੱਬਰ ਸੀ। ਤਿੰਨ ਧੀਆਂ ਸਨ ਤੇ ਦੋ ਪੁੱਤ ਜੋ ਪੜ੍ਹਾਈ ਕਰ ਰਹੇ ਸਨ। ਉਨ੍ਹਾਂ ਦੀਆਂ ਕਾਪੀਆਂ ਕਿਤਾਬਾਂ, ਲੀੜੇ ਕੱਪੜੇ ਤੇ ਹੋਰ ਵੀਹ ਖਰਚੇ ਸਨ। ਪਹਿਲਾਂ ਤਾਂ ਉਹ ਦਿਨ-ਦਿਹਾਰ 'ਤੇ ਹੀ ਪੀਂਦਾ ਤੇ ਮੀਟ ਖਾਂਦਾ ਸੀ। ਫਿਰ ਦਿਨ-ਦਿਹਾਰ ਤੋਂ ਮਹੀਨੇਵਾਰ ਤੇ ਹਫਤੇਵਾਰ 'ਤੇ ਉਤਰ ਆਇਆ। ਜਦੋਂ ਉਹ ਸ਼ਹਿਰੋਂ ਤਨਖਾਹ ਲੈਣ ਜਾਂਦਾ ਤਾਂ ਰਸੋਈ ਦੇ ਹੋਰ ਸਮਾਨ ਨਾਲ ਮੀਟ ਵੀ ਲੈ ਆਉਂਦਾ। ਨਾਲ ਨਿਆਣਿਆਂ ਨੂੰ ਵੀ ਮੀਟ ਖੁਆਉਂਦਾ। ਵੱਡੀ ਬੇਬੇ ਘਰ 'ਚ ਮੁਰਗਾ ਨਹੀਂ ਸੀ ਵੱਢਣ ਦਿੰਦੀ। ਉਹ ਨਾਮ ਬਾਣੀ ਦੀ ਭਗਤਣੀ ਸੀ ਤੇ ਮੀਟ ਸ਼ਰਾਬ ਤੋਂ ਖਿਝਦੀ ਸੀ। ਬਹੁਤੀ ਵਾਰ ਉਦਾਸੀ ਬਾਹਰੇ ਬਾਹਰ ਹੀ ਪੀ-ਖਾ ਆਉਂਦਾ।

ਉਹ ਸਾਹਿਤ ਸਭਾ ਬਰਨਾਲੇ ਤੇ ਹੋਰਨਾਂ ਮੀਟਿੰਗਾਂ ਵਿਚ ਵੀ ਜਾਂਦਾ ਰਹਿੰਦਾ। ਉਦਣ ਤਾਂ ਯਾਰਾਂ-ਬੇਲੀਆਂ ਸੰਗ ਘੁੱਟ ਲਾ ਕੇ ਹੀ ਘਰ ਮੁੜਦਾ। ਕੁਝ ਨਾ ਕੁਝ ਨਿਆਣਿਆਂ ਦੇ ਖਾਣ ਲਈ ਵੀ ਲਿਆਉਂਦਾ। ਰਸੋਈ ਦਾ ਸਮਾਨ ਵੀ ਉਹਦੇ ਸਾਈਕਲ ਉਤੇ ਲੱਦਿਆ ਹੁੰਦਾ। ਘਰ ਆ ਕੇ ਧੀਆਂ ਪੁੱਤਾਂ ਨਾਲ ਲਾਡ ਕਰਦਾ ਤੇ ਉਨ੍ਹਾਂ ਦੇ ਮੂੰਹ ਚੁੰਮਦਾ। ਬੇਬੇ, ਧੀਆਂ ਨਾਲ ਅਜਿਹੇ ਲਾਡ ਕਰਨੋਂ ਰੋਕਦੀ ਪਰ ਨਿਆਣੇ ਖ਼ੁਸ਼ੀ ਵਿਚ ਚਾਂਭਲਦੇ। ਉਹ ਕਦੇ ਲੱਤਾਂ ਨੂੰ ਚੰਬੜਦੇ, ਕਦੇ ਮੋਢਿਆਂ 'ਤੇ ਚੜ੍ਹਦੇ। ਉਦਣ ਉਦਾਸੀ ਦੇ ਵਿਹੜੇ ਸੂਰਜ ਚੜ੍ਹਿਆ ਲੱਗਦਾ। ਨਿਆਣੇ ਉਡੀਕਦੇ ਰਹਿੰਦੇ ਕਿ ਪਾਪਾ ਕਦ ਸ਼ਹਿਰ ਜਾਵੇ ਤੇ ਲਾਡ-ਬਾਡੀਆਂ ਕਰੇ। ਮਹੀਨੇ ਮਗਰੋਂ ਤਨਖਾਹ ਲੈਣ ਲਈ ਤਾਂ ਉਹ ਸ਼ਹਿਰ ਜਾਂਦਾ ਹੀ ਸੀ। ਉਦਾਸੀ ਆਪਣੇ ਬੱਚਿਆਂ ਨਾਲ ਨਰਮ ਵੀ ਸੀ ਤੇ ਪੜ੍ਹਾਈ ਕਰਾਉਣ ਲਈ ਸਖ਼ਤ ਵੀ ਸੀ। ਉਨ੍ਹਾਂ ਨੇ ਦੋ ਮੱਝਾਂ ਰੱਖੀਆਂ ਹੋਈਆਂ ਸਨ ਜਿਨ੍ਹਾਂ ਨੂੰ ਬੰਨ੍ਹਣ-ਖੋਲ੍ਹਣ, ਚਾਰਨ, ਪਾਣੀ ਪਿਆਉਣ, ਨਹਾਉਣ, ਪੱਠੇ ਪਾਉਣ ਤੇ ਗੋਹਾ ਕੂੜਾ ਕਰਨ ਵਿਚ ਸਾਰਾ ਟੱਬਰ ਰੁਝਿਆ ਰਹਿੰਦਾ।

ਜਦੋਂ ਉਦਾਸੀ ਸਹੁਰੀਂ ਜਾਂਦਾ ਤਾਂ ਮੱਛਰ ਵੀ ਜਾਂਦਾ। ਉਹ ਜਣੇ-ਖਣੇ ਨੂੰ ਸਾਲਾ ਬਣਾ ਧਰਦਾ। ਉਹਦਾ ਸਹੁਰਾ ਪਿੰਡ ਨੱਥੋਕੇ ਜ਼ਿਲ੍ਹਾ ਫਰੀਦਕੋਟ ਵਿਚ ਹੋਣ ਕਰ ਕੇ ਲਾਚੜਿਆ ਹੋਇਆ ਉਹ ਫਰੀਦਕੋਟ ਦੇ ਕਾਮਰੇਡਾਂ ਨੂੰ ਵੀ ਸਾਲੇ ਆਖਣੋਂ ਨਾ ਟਲਦਾ। ਆਪਣੇ ਜੁਆਕਾਂ ਨੂੰ ਕਹਿੰਦਾ ਕਿ ਇਹ ਥੋਡੇ ਮਾਮੇ ਨੇ! ਸਹੁਰੀਂ ਗਿਆ ਵਿਹੜੇ ਦੇ ਮੁਰਗੇ ਨਾ ਛੱਡਦਾ। ਜੀਹਦਾ ਕੁੱਕੜ ਕੋਲ ਦੀ ਲੰਘਦਾ, ਫੜ ਕੇ ਧੌਣ ਮਰੋੜ ਦਿੰਦਾ। ਅਗਲੇ ਜੁਆਈ ਭਾਈ ਸਮਝ ਕੇ ਚੁੱਪ ਰਹਿੰਦੇ। ਲੁਕ ਛਿਪ ਕੇ ਰਾਤ ਕੱਟਣ ਵਾਲੇ ਉਹਦੇ ਨਕਸਲਬਾੜੀਏ ਸਾਥੀ ਕਹਿੰਦੇ ਕਿ ਉਦਾਸੀ ਦੇ ਸਹੁਰੇ ਆਏ-ਗਏ ਦੀ ਬੜੀ ਖਾਤਰ ਕਰਦੇ ਨੇ। ਜਦੋਂ ਉਹ ਰਾਏਸਰ ਜਾ ਕੇ ਉਦਾਸੀ ਦੇ ਸਹੁਰਿਆਂ ਦੀ ਵਡਿਆਈ ਕਰਦੇ ਤਾਂ ਉਦਾਸੀ ਘਰ ਵਾਲੀ ਨੂੰ ਲਾ ਕੇ ਕਹਿੰਦਾ, "ਆਹੀ ਸੀਂਢਲ ਜੀ ਖਾਤਰ ਨੀ ਕਰਦੀ, ਉਹ ਤਾਂ ਬਥੇਰੀ ਖਾਤਰ ਕਰਦੇ ਆ ਭਾਈ।"

ਉਹਦਾ ਹੱਥ ਹਮੇਸ਼ਾਂ ਤੰਗ ਰਹਿੰਦਾ ਸੀ। ਯਾਰ ਬੇਲੀ ਵੀ ਮਦਦ ਕਰਨ ਦੀ ਹੈਸੀਅਤ ਵਿਚ ਨਹੀਂ ਸਨ। ਹੱਥ ਸੁਖਾਲਾ ਕਰਨ ਲਈ ਉਹ ਵਿਆਹਾਂ ਦੇ ਅਨੰਦ ਕਾਰਜਾਂ ਉਤੇ ਕਵਿਤਾਵਾਂ ਤੇ ਗੀਤ ਗਾਉਣ ਲੱਗ ਪਿਆ ਸੀ। ਜਿਹੜੇ ਪੈਸੇ ਸਿਹਰੇ ਤੇ ਸਿੱਖਿਆ ਪੜ੍ਹਨ ਵਾਲਿਆਂ ਨੂੰ ਮਿਲਣੇ ਹੁੰਦੇ ਉਹ ਉਦਾਸੀ ਨੂੰ ਮਿਲ ਜਾਂਦੇ, ਬਲਕਿ ਉਹਦੇ ਪ੍ਰਸ਼ੰਸਕ ਕੁਝ ਵੱਧ ਹੀ ਦੇ ਦਿੰਦੇ। ਇੰਜ ਪੈਸੇ ਕਮਾਉਣ ਨੂੰ ਉਹਦੇ ਕੁਝ ਸਾਥੀ ਚੰਗਾ ਨਾ ਸਮਝਦੇ 'ਤੇ ਪਿੱਠ ਪਿੱਛੇ ਉਹਦੀ ਨਿੰਦਿਆ ਕਰਦੇ ਕਹਿੰਦੇ, "ਇਹਨੇ ਭਾਈਆਂ ਵਾਲਾ ਕੰਮ ਕਿਉਂ ਫੜ ਲਿਆ?" ਪਰ ਉਦਾਸੀ ਨੂੰ ਪੈਸਿਆਂ ਦੀ ਲੋੜ ਸੀ ਤੇ ਉਹ ਅਨੰਦ ਕਾਰਜਾਂ ਤੋਂ ਅਗਾਂਹ ਗੁਰਦੁਆਰਿਆਂ ਵਿਚ ਦੀਵਾਨਾਂ ਮੌਕੇ ਵੀ ਗੀਤ-ਕਵਿਤਾਵਾਂ ਗਾਉਣ ਲੱਗ ਪਿਆ ਤੇ ਰਾਗੀਆਂ ਢਾਡੀਆਂ ਵਾਂਗ ਹੀ ਦਮੜੇ ਲੈਣ ਲੱਗ ਪਿਆ।

ਉਹ ਬੇਸ਼ੱਕ ਗੁਰਦੁਆਰੇ ਦੀ ਸਟੇਜ 'ਤੇ ਗਾਉਂਦਾ, ਸਰਕਾਰੀ ਕਵੀ ਦਰਬਾਰਾਂ ਵਿਚ, ਤੇ ਜਾਂ ਅਨੰਦ ਕਾਰਜਾਂ ਸਮੇਂ; ਉਹਦੇ ਗੀਤ ਹਮੇਸ਼ਾ ਇਨਕਲਾਬੀ ਤੇ ਉਸਾਰੂ ਹੁੰਦੇ। ਕੋਈ ਉਸ ਦੇ ਗੀਤਾਂ 'ਚ ਨੁਕਸ ਨਹੀਂ ਸੀ ਕੱਢ ਸਕਦਾ। ਉਹਦੇ ਇਨਕਲਾਬੀ ਸਾਥੀ ਉਦਾਸੀ ਦੇ ਇਸ ਤਰ੍ਹਾਂ ਪੈਸੇ ਕਮਾਉਣ ਦੀ ਨੁਕਤਾਚੀਨੀ ਤਾਂ ਕਰਦੇ, ਪਰ ਇਹਦਾ ਕੋਈ ਹੋਰ ਇਲਾਜ ਨਾ ਸੋਚਦੇ। ਕੋਈ ਅਦਾਰਾ ਉਹਦੀ ਆਰਥਿਕ ਮਦਦ ਲਈ ਅੱਗੇ ਨਾ ਆਇਆ। ਉਦਾਸੀ ਨੂੰ ਘਰ ਦੇ ਗੁਜ਼ਾਰੇ ਲਈ ਪੈਸਿਆਂ ਦੀ ਲੋੜ ਸੀ ਜੋ ਹੋਰ ਕਿਸੇ ਤਰ੍ਹਾਂ ਪੂਰੀ ਨਾ ਹੁੰਦੀ। ਇਸ ਸਥਿਤੀ ਵਿਚ ਜੋ ਉਦਾਸੀ ਦੇ ਦਿਲ 'ਤੇ ਬੀਤਦੀ, ਉਹਦਾ ਦੁੱਖ ਉਹੀ ਜਾਣਦਾ ਸੀ। ਇਕੇਰਾਂ ਉਸ ਨੇ ਆਪਣੀ ਧੀ ਨੂੰ ਉਚੇਰੀ ਪੜ੍ਹਾਈ ਕਰਾਉਣ ਦੇ ਖਰਚੇ ਦੀ ਗੱਲ ਮੇਰੇ ਕੋਲ ਵੀ ਕੀਤੀ ਸੀ। ਹੋਰਨਾਂ ਕੋਲ ਵੀ ਕਰਦਾ ਹੋਵੇਗਾ। ਇਹ ਸਾਡੇ ਬਹੁਤ ਸਾਰੇ ਕਲਾਕਾਰਾਂ ਦਾ ਦੁਖਾਂਤ ਹੀ ਰਿਹਾ ਕਿ ਗਰੀਬੀ ਨੇ ਪੱਟੀ ਨਹੀਂ ਬੱਝਣ ਦਿੱਤੀ। ਵਿਚਾਰਾ ਉਦਾਸੀ ਕੀ ਕਰਦਾ? ਵੱਡੇ ਪਰਿਵਾਰ ਦੀ ਪਾਲਣਾ ਪ੍ਰਾਇਮਰੀ ਮਾਸਟਰ ਦੀ ਤਨਖਾਹ ਨਾਲ ਨਹੀਂ ਸੀ ਹੋ ਸਕਦੀ।

ਨਕਸਲਬਾੜੀ ਲਹਿਰ ਨੂੰ ਪ੍ਰਨਾਇਆ ਹੋਣ ਕਾਰਨ ਉਹ ਗੁਰਦੁਆਰਿਆਂ ਦੀਆਂ ਸਟੇਜਾਂ ਉਤੇ ਇਨਕਲਾਬੀ ਸਿੱਖ ਵਿਰਸੇ ਦੀਆਂ ਬਾਤਾਂ ਹੀ ਪਾਉਂਦਾ। ਸਰਕਾਰੀ ਕਵੀ ਦਰਬਾਰਾਂ ਵਿਚ ਵੀ ਸਰਕਾਰ ਵਿਰੋਧੀ ਕਵਿਤਾਵਾਂ ਪੜ੍ਹਦਾ। ਸਰਕਾਰੀ ਅਫਸਰਾਂ ਦੀ ਉਹਨੇ ਕਦੇ ਖ਼ੁਸ਼ਾਮਦ ਨਹੀਂ ਸੀ ਕੀਤੀ ਤੇ ਨਾ ਹੀ ਸਰਕਾਰਾਂ ਦੇ ਸੋਹਲੇ ਗਾਏ। ਉਹ ਸਥਾਪਤੀ ਦੇ ਮੰਚ ਉਤੇ ਸਥਾਪਤੀ ਵਿਰੁਧ ਬੋਲਦਾ ਰਿਹਾ। 'ਦਿੱਲੀਏ ਦਿਆਲਾ ਦੇਖ' ਕਵਿਤਾ ਉਸ ਨੇ ਲਾਲ ਕਿਲ੍ਹੇ ਦੇ ਸਰਕਾਰੀ ਕਵੀ ਦਰਬਾਰ ਵਿਚ ਪੜ੍ਹੀ ਸੀ। ਉਹ ਅਕਸਰ ਕਹਿੰਦਾ ਸੀ, "ਲਾਲ ਕਿਲ੍ਹੇ 'ਤੇ ਕਵਿਤਾ ਹੀ ਨਹੀਂ ਪੜ੍ਹਨੀ, ਲਾਲ ਕਿਲ੍ਹੇ 'ਤੇ ਲਾਲ ਝੰਡਾ ਵੀ ਗੱਡਣੈਂ।"


*1970ਵਿਆਂ ਵਿਚ ਸਟੇਜ ਉਤੇ ਆਪਣੀ ਕਵਿਤਾ ਨਾਲ ਰੰਗ ਬੰਨ੍ਹ ਰਹੇ ਸੰਤ ਰਾਮ ਉਦਾਸੀ ਦੀ ਇਕ ਦੁਰਲੱਭ ਤਸਵੀਰ।*

ਅਨੰਦ ਕਾਰਜਾਂ ਉਤੇ ਉਹ ਅਕਸਰ 'ਡੋਲੀ' ਨਾਂ ਦੀ ਕਵਿਤਾ ਸੁਣਾਉਂਦਾ:

ਹੱਸ-ਹੱਸ ਤੋਰ ਦੇ ਤੂੰ
ਡੋਲੀ ਮੇਰੀ ਬਾਬਲਾ ਵੇ,
ਕਿਹੜੀ ਗੱਲੋਂ ਰਿਹਾ ਏਂ ਤੂੰ ਝੂਰ
ਧਰਤੀ ਤਿਹਾਈ ਜਿਉਂ
ਪਸੀਨਾ ਮੰਗੇ ਕਾਮਿਆਂ ਦਾ,
ਮਾਂਗ ਮੇਰੀ ਮੰਗਦੀ ਸੰਧੂਰ…
ਇਕ ਤਲਵਾਰ ਮੇਰੀ
ਡੋਲੀ ਵਿਚ ਰੱਖ ਦਿਓ,
ਹੋਰ ਵੀਰੋ ਦਿਓ ਨਾ ਵੇ ਦਾਜ
ਸਾਡੇ ਵੱਲ ਕੈਰੀ ਅੱਖ
ਝਾਕ ਨਾ ਵੇ ਸਕੇ,
ਸਾਡਾ ਰਸਮੀ ਤੇ ਵਹਿਮੀ ਇਹ ਸਮਾਜ
ਰਾਹਾਂ ਵਿਚ ਪਿੰਡ ਦਿਆਂ
ਲੰਬੜਾਂ ਨੇ ਘਾਤ ਲਾਈ,
ਜੁਰਮਾਂ ਦਾ ਜਿਨ੍ਹਾਂ ਨੂੰ ਗਰੂਰ
ਜਿਵੇਂ ਸਾਡਾ ਸਾਰਿਆਂ ਦਾ
ਢਿੱਡ ਰੋਟੀ ਮੰਗਦਾ ਹੈ,
ਮਾਂਗ ਮੇਰੀ ਮੰਗਦੀ ਸੰਧੂਰ।

ਉਹ ਅਨੰਦ ਕਾਰਜਾਂ 'ਤੇ ਜਾਂਦਾ ਤਾਂ ਵਿਆਹਾਂ ਵਾਲਾ ਖਾਣ-ਪੀਣ ਵੀ ਕਰ ਲੈਂਦਾ। ਉਹਦੇ ਪ੍ਰਸ਼ੰਸਕ ਉਹਨੂੰ ਦਾਰੂ ਪਿਆ ਕੇ ਗੀਤ ਸੁਣਦੇ ਤੇ ਪਿੱਛੋਂ ਉਹਦੀ ਪੀਤੀ ਦੀਆਂ ਗੱਲਾਂ ਕਰਦੇ। ਕਦੇ-ਕਦੇ ਸ਼ਰਾਬ ਉਹਦੇ ਉਤੋਂ ਦੀ ਵੀ ਹੋ ਜਾਂਦੀ ਤੇ ਉਹ ਜਿਥੇ ਹੁੰਦਾ, ਉਥੇ ਹੀ ਡਿੱਗ-ਢਹਿ ਪੈਂਦਾ। ਦਿਨ-ਦਿਹਾਰ ਤੋਂ ਹਫਤੇਵਾਰ 'ਤੇ ਆਇਆ ਉਹ ਨਿੱਤ ਦਾ ਪਿਆਕੜ ਬਣ ਗਿਆ ਸੀ। ਪਊਆ ਪੀਤੇ ਬਿਨਾਂ ਉਹਨੂੰ ਟੇਕ ਨਾ ਆਉਂਦੀ। ਕਈ ਵਾਰ ਅਧੀਆ ਤੇ ਵੱਧ ਵੀ ਖਿੱਚ ਜਾਂਦਾ। ਰੂੜੀ ਮਾਰਕਾ ਤੋਂ ਸੰਤਰਾ ਤੇ ਵਿਸਕੀ ਤਕ ਜਿਹੋ ਜਿਹੀ ਮਿਲਦੀ, ਉਹੋ ਜਿਹੀ ਪੀਈ ਜਾਂਦਾ। ਪੀਣ ਉਤੇ ਉਹਦਾ ਕੰਟਰੋਲ ਨਾ ਰਹਿੰਦਾ। ਉਹ ਪੂਰਾ ਨਹੀਂ ਤਾਂ ਅਰਧ-ਅਲਕੋਹਲਿਕ ਜ਼ਰੂਰ ਹੋ ਗਿਆ ਸੀ।

ਸ਼ਰਾਬ ਸਾਡੇ ਕਈ ਕਵੀਆਂ ਤੇ ਲੇਖਕਾਂ ਦੀ ਕਮਜ਼ੋਰੀ ਬਣੀ ਹੈ। ਸ਼ਿਵ ਕੁਮਾਰ ਬਟਾਲਵੀ ਕਮਾਲ ਦਾ ਕਵੀ ਸੀ, ਉਸ ਨੂੰ ਇਸ਼ਕ-ਮੁਸ਼ਕ ਨਾਲ ਸ਼ਰਾਬ ਵੀ ਲੈ ਬੈਠੀ। ਕਰਮਜੀਤ ਕੁੱਸਾ ਬੜਾ ਹੋਣਹਾਰ ਨਾਵਲਕਾਰ ਸੀ, ਪਰ ਸ਼ਰਾਬ ਨੇ ਉਹ ਛੋਟੀ ਉਮਰ ਵਿਚ ਹੀ ਨਿਗਲ ਲਿਆ। ਮੀਸ਼ੇ ਦੀ ਮੌਤ ਵੀ ਸ਼ਰਾਬ ਨਾਲ ਜੋੜੀ ਜਾਂਦੀ ਹੈ। ਸਵਿਤੋਜ ਨੂੰ ਵੀ ਸ਼ਰਾਬ ਦਾ ਸੰਤਾਪ ਲੱਗਾ। ਨੰਦ ਲਾਲ ਨੂਰਪੁਰੀ ਸ਼ਰਾਬ ਦੇ ਦੁੱਖੋਂ ਖ਼ੁਦਕਸ਼ੀ ਕਰ ਗਿਆ। ਸ਼ਰਾਬ ਨੇ ਹੋਰ ਵੀ ਕਈਆਂ ਦਾ ਖਾਨਾ ਖਰਾਬ ਕੀਤਾ। ਕੀ ਪਤਾ ਉਦਾਸੀ ਦੇ ਅਧਖੜ ਉਮਰ ਵਿਚ ਹੀ ਗੁਜ਼ਰ ਜਾਣ ਦਾ ਇਕ ਕਾਰਨ ਸ਼ਰਾਬ ਵੀ ਹੋਵੇ। ਉਹਦੀ ਮੌਤ ਅਜੇ ਵੀ ਬੁਝਾਰਤ ਹੈ।

ਮੈਂ ਉਦਾਸੀ ਨਾਲ ਆਪ ਤਾਂ ਘੱਟ ਹੀ ਪੀਤੀ, ਪਰ ਉਹਨੂੰ ਰੱਜ ਕੇ ਪੀਂਦੇ ਜ਼ਰੂਰ ਵੇਖਿਆ। ਇਕ ਵਾਰ ਅਸੀਂ ਪਿੰਡ ਕੁੱਸੇ 'ਕੱਠੇ ਹੋਏ। ਕਰਮਜੀਤ ਕੁੱਸੇ ਦੀ ਭੈਣ ਦਾ ਵਿਆਹ ਸੀ। ਕੁਝ ਅਧਿਆਪਕ ਦੋਸਤ-ਮਿੱਤਰ ਬਾਹਰਲੇ ਘਰ ਜਾ ਬੈਠੇ ਜਿਥੇ ਦਾਰੂ ਦੀ ਮਹਿਫਿਲ ਜੰਮ ਗਈ। ਦਾਰੂ ਦੀ ਲੋਰ ਵਿਚ ਉਦਾਸੀ ਚੜ੍ਹਦੇ ਤੋਂ ਚੜ੍ਹਦਾ ਗੀਤ ਗਾਉਂਦਾ ਗਿਆ। ਲੋਹੜਿਆਂ ਦਾ ਤਰੰਨੁਮ ਸੀ ਉਹਦੇ ਗਾਉਣ ਵਿਚ। ਮੰਝੇ ਹੋਏ ਗਾਇਕਾਂ ਵਾਲਾ। ਗਰਾਰੀਆਂ ਵਾਲੀ ਦਿਲ ਧੂਹਵੀਂ ਆਵਾਜ਼। ਕਈ ਤਰਜ਼ਾਂ ਉਹਨੇ ਕਮਾਲ ਦੀਆਂ ਕੱਢੀਆਂ। ਡੋਲੀ ਤੋਰਨ ਦਾ ਵਕਤ ਹੋਇਆ ਤਾਂ ਮਹਿਫਿਲ ਉਠ ਖੜ੍ਹੀ ਹੋਈ, ਪਰ ਉਦਾਸੀ ਤੋਂ ਉਠਿਆ ਨਾ ਗਿਆ। ਉਹ ਘਰੋਕੇ ਮੰਜੇ ਉਤੇ ਹੀ ਲਮਲੇਟ ਹੋ ਗਿਆ ਤੇ ਉਹਦੇ ਸਾਥੀ ਉਹਨੂੰ ਉਥੇ ਹੀ ਛੱਡ ਗਏ। ਛੱਡ ਹੀ ਨਹੀਂ ਗਏ ਬਲਕਿ ਉਹਦੀ ਵੱਧ ਪੀਤੀ ਉਤੇ ਆਪਣੀ ਘੱਟ ਪੀਤੀ ਖੇੜਦੇ ਗਏ!

1982 'ਚ ਉਹ ਮੇਰੇ ਸਨਮਾਨ ਲਈ ਕੀਤੇ ਜਾ ਰਹੇ ਢੁੱਡੀਕੇ ਸਾਹਿਤ ਸਭਾ ਦੇ ਸਮਾਗਮ ਵਿਚ ਸਾਡੇ ਪਿੰਡ ਚਕਰ ਆਇਆ। ਜਸਵੰਤ ਸਿੰਘ ਕੰਵਲ ਵੀ ਹਾਜ਼ਰ ਸੀ ਤੇ ਹਾਕੀ ਵਾਲਾ ਪ੍ਰਿਥੀਪਾਲ ਸਿੰਘ ਵੀ। ਜਥੇਦਾਰ ਤੋਤਾ ਸਿੰਘ ਵੀ ਤੇ ਗੁਰਭਜਨ ਸਿੰਘ ਗਿੱਲ ਵੀ। ਸਮਾਗਮ ਉਹਦੇ ਗੀਤਾਂ ਨਾਲ ਸਰਸ਼ਾਰਿਆ ਗਿਆ। ਸਰੋਤੇ ਬੜੇ ਖ਼ੁਸ਼ ਹੋਏ ਤੇ ਉਹਦਾ ਗੀਝਾ ਨੋਟਾਂ ਨਾਲ ਭਰ ਗਿਆ। ਮੈਨੂੰ ਡਰ ਕਿ ਖਾਣ-ਪੀਣ ਵੇਲੇ ਉਦਾਸੀ ਕਿਤੇ ਕੁੱਸੇ ਵਾਲੀ ਨਾ ਕਰ ਬਹੇ। ਪੈਸੇ ਨਾ ਡੇਗ ਬੈਠੇ। ਇਸ ਲਈ ਮੈਂ ਪੀਣ ਪਿਆਉਣ ਦੀ ਸੁਲ੍ਹਾ ਨਾ ਮਾਰੀ ਤੇ ਉਦਾਸੀ ਬਿਨ ਪੀਤਿਆਂ ਉਦਾਸ ਜਿਹਾ ਰਾਏਸਰ ਚਲਾ ਗਿਆ। ਫਿਰ ਉਹ ਮੇਰੇ ਭਰਾ ਦੇ ਵਿਆਹ ਤੇ ਅਮਰੀਕਾ ਜਾਣ ਦੀ ਖ਼ੁਸ਼ੀ ਵਿਚ ਰੱਖੇ ਅਖੰਡ ਪਾਠ ਦੇ ਭੋਗ ਮੌਕੇ ਆਇਆ। ਉਸ ਨੇ ਕਵਿਤਾਵਾਂ ਸੁਣਾਈਆਂ ਜੋ ਸੰਗਤ ਵੱਲੋਂ ਸਲਾਹੀਆਂ ਗਈਆਂ। ਮਾਣ-ਤਾਣ ਤਾਂ ਹੋਣਾ ਹੀ ਸੀ। ਭੋਗ ਪੈ ਚੁੱਕਾ ਤਾਂ ਢੁੱਡੀਕੇ ਦੇ ਪ੍ਰੋਫੈਸਰ ਕਹਿਣ ਲੱਗੇ, "ਉਦਾਸੀ ਆਇਆ ਹੋਇਐ। ਏਥੋਂ ਉਠੀਏ ਤੇ ਕਿਤੇ ਹੋਰ ਬਹਿ ਕੇ ਉਦਾਸੀ ਦੇ ਗੀਤ ਸੁਣਨ ਦੀ ਮਹਿਫਿਲ ਲਾਈਏ।"

ਉਦਣ ਸਾਹਿਤ ਸਭਾ ਦੇ ਸਮਾਗਮ ਥਾਂ ਭਰਾ ਦੇ ਵਿਆਹ ਦੀ ਖ਼ੁਸ਼ੀ ਮਨਾਉਣ ਦਾ ਮੌਕਾ ਸੀ। ਇਸ ਖ਼ੁਸ਼ੀ 'ਚ ਦਾਰੂ ਪੀਣ ਪਿਆਉਣ ਤੋਂ ਸੰਕੋਚ ਕਰਨਾ ਵਾਜਬ ਨਹੀਂ ਸੀ। ਮਾਸਟਰ ਗੁਰਪ੍ਰੀਤ ਦੇ ਚੁਬਾਰੇ ਵਿਚ ਖਾਣ-ਪੀਣ ਦਾ ਪ੍ਰਬੰਧ ਕਰ ਦਿੱਤਾ ਗਿਆ। ਬਾਅਦ ਦੁਪਹਿਰ ਲੱਗੀ ਮਹਿਫਿਲ ਢੂੰਘੀ ਸ਼ਾਮ ਤਕ ਲੱਗੀ ਰਹੀ। ਚੁਬਾਰੇ ਦੀਆਂ ਕੰਧਾਂ ਉਦਾਸੀ ਦੇ ਗੀਤਾਂ ਨਾਲ ਲਰਜ਼ਦੀਆਂ ਰਹੀਆਂ। ਮੇਰੀ ਤੇ ਗੁਰਪ੍ਰੀਤ ਦੀ ਕੋਸ਼ਿਸ਼ ਸੀ ਕਿ ਉਦਾਸੀ ਠੀਕ-ਠਾਕ ਰਹੇ, ਪਰ ਕਿਸੇ ਪ੍ਰੋਫੈਸਰ ਨੇ ਪਤਾ ਨਹੀਂ ਕਦੋਂ ਉਹਨੂੰ ਭਰਵਾਂ ਹਾੜਾ ਲੁਆ ਕੇ ਤਾਲੋਂ-ਬੇਤਾਲ ਕਰ ਦਿੱਤਾ। ਫਿਰ ਉਹੀ ਗੱਲ ਹੋਈ ਜੀਹਦਾ ਡਰ ਸੀ। ਉਦਾਸੀ ਗੀਤ ਗਾਉਣ ਦੀ ਥਾਂ ਘਿਆਕੋ ਬਿੱਲੀਆਂ ਬੁਲਾਉਣ ਲੱਗਾ। ਉਸ ਨੇ ਪੱਗ ਲਾਹ ਧਰੀ ਤੇ ਜਟਾਂ ਖਿਲਾਰ ਲਈਆਂ। ਬਾਕੀ ਤਾਂ ਸਾਰੇ ਆਪੋ-ਆਪਣੇ ਰਾਹ ਪੈ ਗਏ, ਪਰ ਉਦਾਸੀ ਚੁਬਾਰੇ 'ਚੋਂ ਉਤਰਨ ਜੋਗਾ ਵੀ ਨਾ ਰਿਹਾ। ਅਗਲੇ ਦਿਨ ਪਤਾ ਲੱਗਾ ਕਿ ਗੁਰਪ੍ਰੀਤ ਹੋਰੀਂ ਸਾਰੀ ਰਾਤ ਜਾਗਦੇ ਰਹੇ ਕਿ ਹਾਏ-ਹਾਏ ਕਰਦੇ ਉਦਾਸੀ ਨੂੰ ਕੁਝ ਹੋ ਹੀ ਨਾ ਜਾਵੇ। ਸਵੇਰੇ ਉਹ ਸ਼ਰਮ ਦਾ ਮਾਰਿਆ ਮੈਨੂੰ ਮਿਲੇ ਬਿਨਾਂ ਹੀ ਚਲਾ ਗਿਆ। ਉਹਦੀ ਭਾਜੀ ਵੀ ਬੰਨ੍ਹੀ ਰਹਿ ਗਈ। ਇਹ 1984 ਦੀ ਗੱਲ ਸੀ।

ਇਕ ਵਾਰ ਜਗਰਾਓਂ ਦੇ ਲਾਲਾ ਲਾਜਪਤ ਰਾਏ ਕਾਲਜ ਵਿਚ ਗੁਰਭਜਨ ਗਿੱਲ ਹੋਰਾਂ ਨੇ ਕਵੀ ਦਰਬਾਰ ਕਰਵਾਇਆ। ਹੋਰਨਾਂ ਕਵੀਆਂ ਤੋਂ ਬਿਨਾਂ ਸੂਬਾ ਸਿੰਘ ਨੂੰ ਵੀ ਸੱਦਿਆ ਗਿਆ ਤੇ ਸੰਤ ਰਾਮ ਉਦਾਸੀ ਨੂੰ ਵੀ। ਸੂਬਾ ਸਿੰਘ ਦੀਆਂ ਹਾਸਰਸੀ ਕਵਿਤਾਵਾਂ ਰੰਗ ਬੰਨ੍ਹ ਦਿੰਦੀਆਂ ਸਨ ਪਰ ਉਥੇ ਇਸ ਕਰ ਕੇ ਰੰਗ ਨਾ ਬੱਝਾ ਕਿ ਵਿਦਿਆਰਥੀ ਵਾਰ-ਵਾਰ ਉਦਾਸੀ ਦੀ ਮੰਗ ਕਰਦੇ ਰਹੇ। ਅੱਕ ਕੇ ਗੁਰਭਜਨ ਨੇ ਕਿਹਾ, "ਓਏ ਚੁੱਪ ਵੀ ਕਰੋ। ਪਹਿਲਾਂ ਸੂਬਾ ਸਿੰਘ ਦੀ ਹਾਸੀ ਤਾਂ ਸੁਣ ਲਓ, ਫੇਰ ਸੰਤ ਰਾਮ ਦੀ ਉਦਾਸੀ ਵੀ ਵਰਤਾ ਦਿਆਂਗੇ! ਉਦਾਸੀ ਏਥੇ ਈ ਐ, ਕਿਤੇ ਭੱਜ ਨਹੀਂ ਚੱਲਿਆ।"

ਸਾਹਿਤ ਟਰੱਸਟ ਢੁੱਡੀਕੇ ਵੱਲੋਂ ਪਹਿਲਾ ਬਾਵਾ ਬਲਵੰਤ ਯਾਦਗਾਰੀ ਪੁਰਸਕਾਰ 1978 ਵਿਚ ਸੰਤ ਰਾਮ ਉਦਾਸੀ ਨੂੰ ਦਿੱਤਾ ਗਿਆ ਸੀ। ਜਸਵੰਤ ਸਿੰਘ ਕੰਵਲ ਨਾਲ ਅਸੀਂ ਢੁੱਡੀਕੇ ਤੋਂ ਲੁਧਿਆਣੇ ਦੀ ਜ਼ਰਾਇਤੀ ਯੂਨੀਵਰਸਿਟੀ ਗਏ ਸਾਂ। ਸਮਾਗਮ ਪਾਲ ਆਡੀਟੋਰੀਅਮ ਵਿਚ ਸੀ ਜਿਸ ਦਾ ਇੰਤਜ਼ਾਮ ਡਾ. ਐਸ. ਐਸ. ਦੁਸਾਂਝ ਨੇ ਕੀਤਾ ਸੀ। ਉਥੇ ਸੰਤ ਸਿੰਘ ਸੇਖੋਂ ਤੇ ਹੋਰ ਕਈ ਸਾਹਿਤਕਾਰ ਵੀ ਹਾਜ਼ਰ ਸਨ। ਵਿਦਿਆਰਥੀਆਂ ਨਾਲ ਹਾਲ ਖਚਾਖਚ ਭਰਿਆ ਹੋਇਆ ਸੀ। ਉਦਾਸੀ ਆਪਣੇ ਪਰਿਵਾਰ ਨੂੰ ਨਾਲ ਲੈ ਕੇ ਆਇਆ ਸੀ। ਉਦੋਂ ਤਕ ਉਹ ਸਟਾਰ ਸ਼ਾਇਰ ਬਣ ਚੁੱਕਾ ਸੀ ਜਿਸ ਦੇ ਆਟੋਗਰਾਫ ਯੂਨੀਵਰਸਿਟੀ ਦੀਆਂ ਕੁੜੀਆਂ ਵੀ ਲੈ ਰਹੀਆਂ ਸਨ। ਉਥੇ ਉਸ ਨੂੰ ਕੰਬਲੀ ਨਾਲ 11 ਸੌ ਰੁਪਏ ਦੀ ਥੈਲੀ ਭੇਟ ਕੀਤੀ ਗਈ ਜਿਸ ਨਾਲ ਉਸ ਨੇ ਖਰਚਿਆਂ ਦੀਆਂ ਕਈ ਖੁੱਡਾਂ ਬੰਦ ਕੀਤੀਆਂ। ਸਮਾਗਮ ਵਿਚ ਉਸ ਨੇ ਕੰਮੀਆਂ ਦੇ ਵਿਹੜੇ ਦਾ ਗੀਤ ਆਪਣੀ ਬੁਲੰਦ ਆਵਾਜ਼ ਵਿਚ ਗਾਇਆ ਸੀ:

ਮਾਂ ਧਰਤੀਏ! ਤੇਰੀ ਗੋਦ ਨੂੰ
ਚੰਨ ਹੋਰ ਬਥੇਰੇ,
ਤੂੰ ਮਘਦਾ ਰਹੀਂ ਵੇ ਸੂਰਜਾ
ਕੰਮੀਆਂ ਦੇ ਵਿਹੜੇ।
ਜਿਥੇ ਜੰਮਦਾ ਬੰਦਾ ਸੀਰੀ ਹੈ,
ਟਕਿਆਂ ਦੀ ਮੀਰੀ ਪੀਰੀ ਹੈ,
ਜਿਥੇ ਕਰਜ਼ੇ ਹੇਠ ਪੰਜੀਰੀ ਹੈ…
ਜਿਥੇ ਹਾਰ ਮੰਨ ਲਈ ਚਾਵਾਂ ਨੇ,
ਜਿਥੇ ਕੂੰਜ ਘੇਰ ਲਈ ਕਾਵਾਂ ਨੇ,
ਜਿਥੇ ਅਣਵਿਆਹੀਆਂ ਹੀ ਮਾਂਵਾਂ ਨੇ,
ਜਿਥੇ ਧੀਆਂ ਹੌਕੇ ਲੈਂਦੀਆਂ ਅਸਮਾਨ ਜੜੇਰੇ,
ਤੂੰ ਮਘਦਾ ਰਹੀਂ ਵੇ ਸੂਰਜਾ
ਕੰਮੀਆਂ ਦੇ ਵਿਹੜੇ…।

ਇਸ ਗੀਤ ਨੂੰ ਏਨਾ ਪਸੰਦ ਕੀਤਾ ਗਿਆ ਕਿ ਹਾਲ ਦੇਰ ਤਕ ਤਾੜੀਆਂ ਨਾਲ ਗੂੰਜਦਾ ਰਿਹਾ।

ਫਿਰ ਜਗਦੇਵ ਸਿੰਘ ਜੱਸੋਵਾਲ ਨੇ ਐਲਾਨ ਕਰ ਦਿੱਤਾ ਕਿ ਉਦਾਸੀ ਦਾ ਸਨਮਾਨ ਸਿੱਕਿਆਂ ਨਾਲ ਤੋਲ ਕੇ ਕੀਤਾ ਜਾਵੇਗਾ। ਉਦਾਸੀ ਕਈ ਦਿਨ ਫੈਸਲਾ ਨਾ ਕਰ ਸਕਿਆ ਕਿ ਅਜਿਹਾ ਸਨਮਾਨ ਲਵੇ ਜਾਂ ਨਾ? ਆਖਰ ਉਸ ਨੇ ਇਹ ਸਨਮਾਨ ਲੈ ਲਿਆ ਤੇ ਆਪਣਾ ਭਾਰ ਸਿੱਕਿਆਂ ਨਾਲ ਤੁਲਵਾ ਲਿਆ। ਇਹਦੇ ਨਾਲ ਵੀ ਕਈ ਖਰਚਿਆਂ ਦੀਆਂ ਖੁੱਡਾਂ ਮੁੰਦੀਆਂ ਗਈਆਂ, ਪਰ ਉਹਦੇ ਕਈ ਕਾਮਰੇਡ ਯਾਰਾਂ ਦੋਸਤਾਂ ਨੇ ਇਸ ਦਾ ਬੁਰਾ ਮਨਾਇਆ ਤੇ ਮਤੇ ਪਾਸ ਕਰ ਦਿੱਤੇ ਕਿ ਉਦਾਸੀ ਨੂੰ ਹੁਣ ਨਕਸਲੀਆਂ ਦੀਆਂ ਸਟੇਜਾਂ 'ਤੇ ਨਹੀਂ ਬੋਲਣ ਦੇਣਾ। ਉਨ੍ਹਾਂ ਨੇ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਸੰਤ ਰਾਮ ਉਦਾਸੀ ਹੁਣ ਪਹਿਲਾਂ ਵਾਲਾ ਉਦਾਸੀ ਨੀ ਰਿਹਾ। ਉਹ ਪਰੋਲੇਤਾਰੀ ਬਣੇ ਰਹਿਣ ਦੀ ਥਾਂ ਪੈਸੇ ਦਾ ਪੁੱਤ ਬਣ ਗਿਐ! ਪੈਸਿਆਂ ਬਦਲੇ ਵਿਕ ਗਿਐ!!

ਪਰ ਉਨ੍ਹਾਂ ਦਾ ਇਹ ਫਤਵਾ ਆਰਜ਼ੀ ਸਾਬਤ ਹੋਇਆ। ਉਦਾਸੀ ਦੀ ਮੌਤ ਤੋਂ ਪਿੱਛੋਂ ਉਹੀ ਕਾਮਰੇਡ ਉਸ ਨੂੰ ਇਨਕਲਾਬੀ ਸ਼ਾਇਰ ਮੰਨ ਰਹੇ ਨੇ ਤੇ ਉਹਦੀ ਯਾਦ ਵਿਚ ਸਮਾਗਮ ਰਚਾ ਰਹੇ ਨੇ!

*(ਚਲਦਾ)*

# ਪੰਜਾਬ ਤੇ ਪੰਥ ਦਾ ਨਾਮਵਰ ਢਾਡੀ ਪਿਆਰਾ ਸਿੰਘ ਪੰਛੀ

ਰੰਗ ਸਮੇਂ ਦੇ ਬਦਲ ਗਏ ਜਾਪਦੇ ਨੇ,
ਸਾਫ ਬੰਦਿਆਂ ਦੀ ਰਹਿ ਗਈ ਨੀਤ ਹੈ ਨਹੀਂ।
ਦਿਲੀ ਈਰਖਾ ਦੇ ਭਾਂਬੜ ਮੱਚਦੇ ਨੇ,
ਹਿਰਦਾ ਕਿਸੇ ਦਾ ਵੀ ਠੰਢਾ ਸੀਤ ਹੈ ਨਹੀਂ।
ਲੋਕ ਮਿੱਤਰਾਂ ਦੇ ਨਾਲ ਕਰਨ ਠੱਗੀਆਂ,
ਰਹਿ ਗਈ ਦਰਦ ਵੰਡਾਉਣ ਦੀ ਰੀਤ ਹੈ ਨਹੀਂ।
ਸਭੇ ਸੁੱਖਾਂ ਦੇ ਯਾਰ ਨੇ 'ਪੰਛੀਆ' ਉਇ,
ਸੱਚੀ ਕਿਸੇ ਦੇ ਨਾਲ ਪ੍ਰੀਤ ਹੈ ਨਹੀਂ।

ਇਹ ਕਾਵਿ-ਸਤਰਾਂ ਗਿਆਨੀ ਪਿਆਰਾ ਸਿੰਘ 'ਪੰਛੀ' ਦੀਆਂ ਹਨ ਜਿਨ੍ਹਾਂ ਦਾ ਜਨਮ ਪਿੰਡ ਘੜਕਾ (ਤਰਨ ਤਾਰਨ) ਵਿਖੇ ਸ. ਸੰਤਾ ਸਿੰਘ ਦੇ ਘਰ 1927 ਨੂੰ ਹੋਇਆ। ਛੋਟੀ ਉਮਰ ਵਿਚ ਹੀ ਮਾਤਾ ਜੀ ਦਾ ਦੇਹਾਂਤ



**ਜਸਵੰਤ ਸਿੰਘ ਸੰਧੂ ਘਰਿੰਡਾ**
**ਫੋਨ: 510-516-5971**

ਹੋ ਗਿਆ। ਮੁਢਲੀ ਸਿੱਖਿਆ ਗੁਰਦੁਆਰੇ ਤੋਂ ਹਾਸਲ ਕੀਤੀ ਅਤੇ ਬਚਪਨ ਵਿਚ ਹੀ ਕਵਿਤਾਵਾਂ ਲਿਖਣ ਲੱਗ ਪਏ। ਹਰ ਮੱਸਿਆ 'ਤੇ ਤਰਨ ਤਾਰਨ ਜਾਂਦੇ ਅਤੇ ਸਟੇਜ 'ਤੇ ਕਵਿਤਾਵਾਂ ਬੋਲਦੇ। ਉਥੇ ਹੀ ਰਾਇ ਕਲਾਂ (ਕਸੂਰ, ਜ਼ਿਲ੍ਹਾ ਲਾਹੌਰ) ਦੇ ਢਾਡੀ ਗਿਆਨੀ ਕਰਤਾਰ ਸਿੰਘ ਸੰਪਰਕ ਵਿਚ ਆਏ। ਕਵਿਤਾਵਾਂ ਕਹਿਣ ਦਾ ਨਿਵੇਕਲਾ ਢੰਗ ਤੇ ਬੁਲੰਦ ਆਵਾਜ਼- ਢਾਡੀ ਕਰਤਾਰ ਸਿੰਘ ਨੂੰ ਇੰਨੇ ਪਸੰਦ ਆਏ ਕਿ ਉਹ ਸ. ਪੰਛੀ ਨੂੰ ਆਪਣੇ ਨਾਲ ਪਿੰਡ ਰਾਇ ਕਲਾਂ ਲੈ ਗਏ ਅਤੇ ਢਾਡੀ ਕਲਾ ਸਿਖਾਉਣੀ ਸ਼ੁਰੂ ਕੀਤੀ।

ਪਿੰਡ ਰਾਇ ਕਲਾਂ ਵਿਚ ਹੀ ਬਾਪੂ ਚੰਦਾ ਸਿੰਘ ਤੇ ਬੀਬੀ ਅਵਤਾਰ ਕੌਰ ਜੋ ਧਾਰਮਿਕ ਬਿਰਤੀ ਦੇ ਮਾਲਕ ਤੇ ਨੇਕ ਦਿਲ ਇਨਸਾਨ ਸਨ, ਨੂੰ ਸ. ਪੰਛੀ ਦੇ ਮਿਲਾਪੜੇ ਸੁਭਾਅ, ਸੰਜੀਦਗੀ ਤੇ ਸਰਲਤਾ ਨੇ ਬਹੁਤ ਪ੍ਰਭਾਵਤ ਕੀਤਾ। ਬਾਪੂ ਚੰਦਾ ਸਿੰਘ ਦੀ ਉਸ ਵਕਤ ਕੋਈ ਔਲਾਦ ਨਹੀਂ ਸੀ। ਉਹ ਪਿਆਰਾ ਸਿੰਘ ਪੰਛੀ ਦੇ ਮੋਹ ਵਿਚ ਇੰਨੇ ਭਿੱਜ ਗਏ ਕਿ ਆਪਣਾ ਪੁੱਤਰ ਬਣਾ ਲਿਆ। ਸ. ਪੰਛੀ ਨੇ ਵੀ ਪੁੱਤਰਾਂ ਵਾਲੇ ਫਰਜ਼ ਅਦਾ ਕੀਤੇ। ਉਨ੍ਹਾਂ ਦੀ ਜ਼ਿੰਦਗੀ ਦੇ ਆਖਰੀ ਪਲਾਂ ਤੱਕ ਉਨ੍ਹਾਂ ਦੇ ਕੋਲ ਰਹੇ ਤੇ ਆਪਣੇ ਮਾਤਾ-ਪਿਤਾ ਵਾਂਗ ਸੇਵਾ ਕੀਤੀ।

ਗਿਆਨੀ ਸੋਹਣ ਸਿੰਘ 'ਸੀਤਲ' ਉਸ ਸਮੇਂ ਦੇ ਵਿਦਵਾਨ ਢਾਡੀ ਸਨ ਜੋ ਪਿੰਡ ਕਾਦੀ ਵਿੰਡ (ਕਸੂਰ, ਜ਼ਿਲ੍ਹਾ ਲਾਹੌਰ) ਦੇ ਰਹਿਣ ਵਾਲੇ ਸਨ। ਬਾਪੂ ਚੰਦਾ ਸਿੰਘ ਉਨ੍ਹਾਂ ਵਾਂਗ ਆਪਣੇ ਪੁੱਤਰ ਨੂੰ ਪ੍ਰਸਿੱਧ ਢਾਡੀ ਬਣਾਉਣਾ ਚਾਹੁੰਦੇ ਸਨ। ਬਾਪੂ ਜੀ ਦੀ ਪ੍ਰੇਰਨਾ ਸਦਕਾ ਹੀ ਉਨ੍ਹਾਂ ਨੇ ਪੰਦਰਾਂ-ਸੋਲਾਂ ਸਾਲ ਦੀ ਉਮਰ ਵਿਚ ਢਾਡੀ ਜਥਾ ਬਣਾ ਲਿਆ ਅਤੇ ਲੋਕਾਂ ਵਿਚ ਪਿਆਰ ਵੰਡਦੇ ਸਟੇਜਾਂ 'ਤੇ ਬੋਲਦੇ ਦਿਨਾਂ ਵਿਚ ਹੀ ਪ੍ਰਸਿੱਧੀ ਦੀਆਂ ਸਿਖਰਾਂ 'ਤੇ ਪਹੁੰਚ ਗਏ। ਜ਼ਿੰਦਗੀ ਦਾ ਮਨੋਰਥ ਪੈਸਾ ਤੇ ਪ੍ਰਸਿੱਧੀ ਕਮਾਉਣ ਤੱਕ ਹੀ ਸੀਮਤ ਨਹੀਂ ਰੱਖਿਆ, ਸਗੋਂ ਇਕ ਆਦਰਸ਼ ਬਣ ਕੇ ਹਰ ਵਰਗ ਦੇ ਲੋਕਾਂ ਦੇ ਮਾਰਗ ਦਰਸ਼ਨ ਬਣੇ।

ਉਨ੍ਹਾਂ ਦਾ ਵਿਆਹ ਬੀਬੀ ਪ੍ਰੀਤਮ ਕੌਰ ਤਰਨ ਤਾਰਨ ਜੋ ਸੰਤ ਊਧਮ ਸਿੰਘ ਦੀ ਬੇਟੀ ਸਨ, ਨਾਲ ਹੋਇਆ। ਉਨ੍ਹਾਂ ਦੇ ਘਰ ਤਿੰਨ ਬੇਟੀਆਂ ਅਤੇ ਇਕ ਬੇਟਾ ਪੈਦਾ ਹੋਏ।

1947 ਦੀ ਵੰਡ ਵੇਲੇ ਬਾਪੂ ਚੰਦਾ ਸਿੰਘ ਆਪਣੇ ਪੂਰੇ ਪਰਿਵਾਰ ਸਮੇਤ ਸਭ ਕੁਝ ਛੱਡ-ਛੜਾ ਕੇ ਤਰਨ ਤਾਰਨ ਸੰਤ ਊਧਮ ਸਿੰਘ ਦੇ ਪਰਿਵਾਰ ਕੋਲ ਆ ਗਏ। ਦੇਸ਼ ਵੰਡ ਦੇ ਸੰਤਾਪ ਨੂੰ ਸ. ਪੰਛੀ ਨੇ ਅੱਖੀਂ ਵੇਖਿਆ। ਵੰਡ ਦੇ ਸੰਤਾਪ ਨੇ ਇਨ੍ਹਾਂ ਦੇ ਕਵੀ ਮਨ ਨੂੰ ਕਲਮ ਚੁੱਕਣ ਲਈ ਮਜਬੂਰ ਕਰ ਦਿੱਤਾ। ਤੜਫਦੇ ਮਨ ਨੇ 'ਪੰਛੀ ਦੇ ਕਰੀਨੇ' ਸਿਰਲੇਖ ਹੇਠ ਕਈ ਕਵਿਤਾਵਾਂ ਲਿਖੀਆਂ ਜੋ ਦੇਸ਼ ਵੰਡ ਦੇ ਸੰਤਾਪ ਨੂੰ ਬੜੇ ਦਰਦ ਭਰੇ ਸ਼ਬਦਾਂ ਵਿਚ ਬਿਆਨ ਕਰਦੀਆਂ ਹਨ। ਦਰਦ ਭਰੀਆਂ ਇਹ ਕਵਿਤਾਵਾਂ ਅਸੀਂ ਤਰਨ ਤਾਰਨ ਦੀ ਮੱਸਿਆ 'ਤੇ ਹਰ ਮਹੀਨੇ ਸੁਣਦੇ ਸਾਂ। ਮੇਰੇ ਪਿਤਾ ਜੀ ਉਨ੍ਹਾਂ ਦੇ ਵੱਡੇ ਪ੍ਰਸ਼ੰਸਕ ਦੇਸ਼ ਸੈਂਟਰ ਮਾਝਾ ਦੀਵਾਨ ਵਿਚ ਪਿਤਾ ਜੀ ਦੇ ਗੋਡੇ ਨਾਲ ਲੱਗ ਕੇ ਮੈਂ ਸ. ਪੰਛੀ ਨੂੰ ਬੜੀ ਨੀਝ ਲਾ ਕੇ ਵੇਖਦਾ ਤੇ ਸੁਣਦਾ ਸਾਂ। ਉਨ੍ਹਾਂ ਨੂੰ ਵੇਖ-ਸੁਣ ਕੇ ਮੇਰੇ ਅਚੇਤ ਮਨ ਵਿਚ ਕਿਤੇ, ਢਾਡੀ ਕਲਾ ਦੇ ਪਿਆਰ ਦੇ ਸਤਿਕਾਰ ਦਾ ਬੀਜ ਬੀਜਿਆ ਗਿਆ।

ਸ. ਪਿਆਰਾ ਸਿੰਘ ਪੰਛੀ ਦੇ ਮਨ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਗਵਾਚਣ ਦਾ ਝੋਰਾ ਮਹਾਰਾਣੀ ਜਿੰਦਾਂ ਦਾ ਪ੍ਰਸੰਗ ਸੁਣਾਉਂਦਿਆਂ ਸਾਫ ਝਲਕਦਾ ਸੀ। ਪੰਜਾਬੀਆਂ ਉਤੇ ਆਪਣੀ ਜਨਮ ਭੋਂ ਛੱਡਣ ਦਾ ਉਨ੍ਹਾਂ ਦੇ ਮਨ ਵਿਚ ਹੇਰਵਾ ਸੀ। 'ਆਜ਼ਾਦੀ' ਬਾਰੇ ਉਨ੍ਹਾਂ ਦਾ ਸੁਪਨਾ ਇਉਂ ਝਲਕਦਾ ਹੈ,

ਕਈਆਂ ਚਿਰਾਂ ਦੀ ਹੈ ਸੀ ਉਡੀਕ ਸਾਨੂੰ,
ਕਦੇ ਹੋਵੇਗਾ ਦੇਸ਼ ਆਜ਼ਾਦ ਸਾਡਾ।
ਬੇ-ਗੁਨਾਹਾਂ ਨੂੰ ਪਿੰਜਰੀਂ ਪਾਉਣ ਵਾਲਾ,
ਨਿਕਲ ਜਾਏਗਾ ਏਥੋਂ ਸਿਆਦ ਸਾਡਾ।
ਸਾਡੀ ਕੀਤੀ ਕਮਾਈ ਨੂੰ ਲੁੱਟੂ ਕੋਈ ਨਾ,
ਸੋਹਣਾ ਹੋਵੇਗਾ ਦੇਸ਼ ਆਬਾਦ ਸਾਡਾ।
ਏਸ ਗੱਲ ਦਾ 'ਪੰਛੀਆ' ਪਤਾ ਨਹੀਂ ਸੀ,
ਹੋ ਜਾਣਾ ਹੈ ਝੁੱਗਾ ਬਰਬਾਦ ਸਾਡਾ।

ਲੋਕ ਆਪਣੇ ਘਰ-ਘਾਟ, ਮਾਲ-ਡੰਗਰ, ਬਾਗ, ਜ਼ਮੀਨਾਂ ਛੱਡ ਕੇ ਜਦ ਇੱਧਰ ਆਏ ਤਾਂ ਲੋਕਾਂ ਨੇ ਉਨ੍ਹਾਂ ਨੂੰ ਸ਼ਰਨਾਰਥੀ ਕਿਹਾ। ਸ. ਪੰਛੀ ਦੇ ਖਿਆਲ ਵਿਚ ਉਨ੍ਹਾਂ ਨੂੰ ਤਾਂ ਸਗੋਂ ਕੁਰਬਾਨੀ ਦੇ ਪੁੰਜ ਜਾਂ ਦੇਸ਼ ਭਗਤ ਆਖਣਾ ਚਾਹੀਦਾ ਸੀ ਜਿਨ੍ਹਾਂ ਦੇਸ਼ ਦੀ ਆਜ਼ਾਦੀ ਤੋਂ ਸਭ ਕੁਝ ਵਾਰ ਦਿੱਤਾ। ਫਿਰ ਕਿਸੇ ਅੱਗ ਹੱਥ ਨਹੀਂ ਅੱਡੇ। ਹਿੰਮਤ ਕਰ ਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਏ। ਸ਼ਰਨਾਰਥੀਆਂ ਦੇ ਨਾਂ 'ਤੇ ਕਈਆਂ ਨੇ ਗਲਤ ਅਲਾਟਮੈਂਟਾਂ ਕਰਵਾ ਕੇ ਫਾਇਦਾ ਉਠਾ ਲਿਆ। ਉਨ੍ਹਾਂ ਲਿਖਿਆ,

ਸਾਲ ਤੀਸਰਾ ਅਸਾਂ ਨੂੰ ਚੜ੍ਹਿਆ,
ਠੋਕਰਾਂ ਖਾਂਦਿਆਂ ਨੂੰ।
ਪੱਕਾ ਫੈਸਲਾ ਅਜੇ ਨਹੀਂ ਹੋਇਆ,
ਸਾਡੀ ਕਿਸਮਤ ਦਾ।
ਸਾਡੇ ਨਾਂ 'ਤੇ ਕਰੋੜਾਂ ਪੈਸੇ,
ਲੁੱਟ ਲਏ ਸ਼ੈਤਾਨ ਬੰਦਿਆਂ।
ਕਿਸੇ ਕੋਠੀਆਂ ਅਲਾਟ ਕਰਵਾਈਆਂ,
ਕੋਈ ਬੈਠਾ ਸੜਕਾਂ ਉਤੇ।
ਲੁੱਚਦਾ! ਲੁੱਚਦਾ!...
ਪੰਛੀਆ ਨਹੀਂ ਕੋਈ ਕਿਸੇ ਨੂੰ ਏਥੇ ਪੁੱਛਦਾ।

ਸ. ਪਿਆਰਾ ਸਿੰਘ ਪੰਛੀ ਸੈਂਟਰ ਮਾਝਾ ਦੀਵਾਨ ਤਰਨ ਤਾਰਨ ਵਿਚ 'ਸਾਵਾਂ' (ਤੀਆਂ) ਨਾਮੀ ਕਵਿਤਾ ਬੜੇ ਵੈਰਾਗ ਵਿਚ ਆ ਕੇ ਸੁਣਾਉਂਦੇ ਸਨ। ਇਸ ਵਿਚ ਇਕ ਲੜਕੀ ਦਾ ਜ਼ਿਕਰ ਸੀ ਜਿਸ ਦੇ ਟੱਬਰ ਦਾ ਇਕ ਵੀ ਜੀਅ ਨਹੀਂ ਸੀ ਬਚਿਆ। ਉਹ ਜਿਵੇਂ-ਕਿਵੇਂ ਹਿੰਦੁਸਤਾਨ ਪਹੁੰਚ ਗਈ। ਸਾਵੇਂ ਖੇਡਦੀਆਂ ਕੁੜੀਆਂ ਤੋਂ ਇੱਕਲ ਵੱਜੇ ਬੈਠੀ ਉਸ ਕੁੜੀ ਕੋਲ ਸ਼ਾਇਰ ਆਉਂਦਾ ਹੈ, ਤੇ ਉਹਦੇ ਦੁੱਖ ਦਾ ਕਾਰਨ ਪੁੱਛਦਾ ਹੈ। ਕੁੜੀ ਆਪਣੀ ਦਰਦ ਭਰੀ ਕਹਾਣੀ ਦੱਸਦੀ ਹੈ ਕਿ ਸਾਰਾ ਟੱਬਰ ਗਵਾ ਚੁੱਕੀ ਉਹ ਯਤੀਮ ਕੁੜੀ, ਕਿਵੇਂ ਹੱਸ ਸਕਦੀ ਹੈ? ਸ. ਪੰਛੀ ਲਿਖਦੇ ਹਨ,

ਮੈਂ ਪੁੱਛਿਆ ਉਸ ਨੂੰ ਦੱਸ ਬੀਬੀ!
ਕਿਉਂ ਬੈਠੀ ਪਰ੍ਹਾ ਦੁਰੇਡੇ ਨੀ।
ਸਭ ਕੁੜੀਆਂ ਸਾਵੇਂ ਖੇਡਦੀਆਂ,
ਪਰ ਤੂੰ ਨਾ ਸਾਵੇਂ ਖੇਡੇਂ ਨੀ।
ਉਹ ਬੋਲੀ...
ਵੇ ਵੀਰਾ ਸਾਵੇਂ ਨੇ 'ਸਾਵਿਆਂ' ਦੇ,
ਮੈਨੂੰ ਰੱਬ ਨਾ ਸਾਵੀਂ ਛੱਡਿਆ ਹੈ।
ਪਿਉ ਦਾਦਾ ਜਿਸ ਥਾਂ ਵੱਸਦਾ ਸੀ,
ਉਸ ਘਰ 'ਚੋਂ ਸਾਨੂੰ ਕੱਢਿਆ ਹੈ।

ਸ. ਪੰਛੀ ਵੰਡ ਦੀ ਦਰਦ ਕਹਾਣੀ ਸੁਣਾ ਰਹੇ ਹੁੰਦੇ ਤਾਂ ਦੇਸ਼ ਵੰਡ ਦੇ ਪੀੜਤ ਲੋਕ ਸੁਣ-ਸੁਣ ਕੇ ਬੁੱਕ-ਬੁੱਕ ਅੱਥਰੂ ਕੇਰਦੇ, ਸ. ਪੰਛੀ ਅੱਗੇ ਨੋਟਾਂ ਦੀ ਢੇਰੀ ਲਾ ਦਿੰਦੇ। ਕਈਆਂ ਜਨਾਨੀਆਂ ਜਿਨ੍ਹਾਂ ਦੇ ਪੁੱਤ ਜਾਂ ਪਤੀ ਅਣਚਾਹੀ ਦੇਸ਼ ਵੰਡ ਵਿਚ ਮਾਰੇ ਗਏ ਸਨ, ਭੁੱਬੀਂ ਰੋਂਦੀਆਂ। ਸ. ਪੰਛੀ ਵੀ ਸਟੇਜ ਤੋਂ ਅੱਥਰੂ ਕੇਰੀ ਜਾਂਦੇ। ਇਨ੍ਹਾਂ ਦੀ ਕਲਮ ਤੋਂ ਇਹ ਪ੍ਰਸੰਗ ਲਿਖੇ ਗਏ: ਅਰਸ਼ਾਂ ਤੋਂ ਤਲਵੰਡੀ, ਮਲਕ ਭਾਗੋ, ਰੁਹੇਲ ਖੰਡ ਦੇ ਕੌਤਕ, ਭਗਤ ਰਵੀ ਦਾਸ ਜੀ, ਬੱਬਰਾਂ ਦੀ ਵਾਰ, ਸ਼ਹੀਦ ਸ. ਭਗਤ ਸਿੰਘ, ਪਟਨੇ ਦੇ ਕੌਤਕ, ਸ਼ਹੀਦੀ ਸ੍ਰੀ ਗੁਰੂ ਅਰਜਨ ਦੇਵ ਜੀ, ਸ਼ਹੀਦੀ ਸ੍ਰੀ ਗੁਰੂ ਤੇਗ ਬਹਾਦਰ ਅਤੇ ਸ਼ਹੀਦੀ ਬਾਬਾ ਬੀਰ ਸਿੰਘ ਨੌਰੰਗਾਬਾਦੀ ਆਦਿ। ਸੋਚਾਂ ਵਿਚ ਆਧੁਨਿਕਤਾ ਸ. ਪੰਛੀ ਨੂੰ ਆਮ ਤੋਂ ਖਾਸ ਬਣਾਉਂਦੀ ਸੀ। ਇਹੀ ਕਾਰਨ ਸੀ ਕਿ ਜੋ ਇਨਸਾਨ ਉਨ੍ਹਾਂ ਨੂੰ ਇਕ ਵਾਰ ਸੁਣ ਲੈਂਦਾ, ਜਾਂ ਮਿਲ ਲੈਂਦਾ ਸੀ, ਵਾਰ-ਵਾਰ ਸੁਣਨਾ ਤੇ ਮਿਲਣਾ ਚਾਹੁੰਦਾ ਸੀ।

ਪਿਆਰਾ ਸਿੰਘ ਪੰਛੀ ਨੇ ਲੋਕ ਭਲਾਈ ਦੇ ਕੰਮਾਂ ਵਿਚ ਵੀ ਵਧ-ਚੜ੍ਹ ਕੇ ਹਿੱਸਾ ਲਿਆ। ਕਦੇ ਵੀ ਕਿਸੇ ਰਾਜਨੀਤਕ ਪਾਰਟੀ ਨਾਲ ਸਬੰਧ ਨਹੀਂ ਰੱਖਿਆ, ਬਲਕਿ ਨਿਰੋਲ ਢਾਡੀ ਜਥੇ ਦੇ ਤੌਰ 'ਤੇ ਵਿਚਰਦੇ ਰਹੇ। 1955 ਤੇ 1960 ਵਿਚ ਪੰਜਾਬੀ ਸੂਬੇ ਦੇ ਮੋਰਚੇ ਵਿਚ ਦੋ ਵਾਰ ਤਿੰਨ-ਤਿੰਨ ਮਹੀਨੇ ਜੇਲ੍ਹ ਕੱਟੀ। ਪੰਜਾਬ ਤੇ ਪੰਜਾਬੀਅਤ ਵਾਸਤੇ ਆਪਣਾ ਫਰਜ਼ ਨਿਭਾਇਆ।

ਉਨ੍ਹਾਂ ਦੀਆਂ ਕਵਿਤਾਵਾਂ ਤੇ ਢਾਡੀ ਵਾਰਾਂ ਅੱਜ ਵੀ ਢਾਡੀ ਦਰਬਾਰਾਂ ਦੀ ਸ਼ਾਨ ਹਨ। ਸ. ਪੰਛੀ ਜਦੋਂ ਵੀ ਸਟੇਜ ਤੋਂ ਬੋਲਦੇ ਸਨ ਤਾਂ ਸਰੋਤੇ ਲਗਾਤਾਰ ਤਿੰਨ-ਤਿੰਨ ਘੰਟੇ ਸੁਣਦੇ ਰਹਿੰਦੇ ਸਨ। 'ਮਹਾਰਾਣੀ ਜਿੰਦਾਂ' ਤੇ 'ਬੱਬਰਾਂ ਦੀ ਵਾਰ' ਉਨ੍ਹਾਂ ਦੇ ਨਿਵੇਕਲੇ ਸ਼ਾਹਕਾਰ ਹਨ। ਉਹ ਜਦੋਂ ਇਹ ਦੋਵੇਂ ਪ੍ਰਸੰਗ ਬੋਲਦੇ ਤਾਂ ਸਰੋਤੇ ਤੇ ਸ. ਪੰਛੀ ਖੁਦ, ਇਨ੍ਹਾਂ ਵਿਚ ਐਨੇ ਖੁਭ ਜਾਂਦੇ ਕਿ ਅੱਖਾਂ ਵਿਚੋਂ ਤ੍ਰਿਪ-ਤ੍ਰਿਪ ਹੰਝੂ ਵਹਿਣ ਲੱਗ ਪੈਂਦੇ। ਸੁਣਨ ਵਾਲਿਆਂ ਦੇ ਲੂਈਂ-ਕੰਡੇ ਖੜ੍ਹੇ ਹੋ ਜਾਂਦੇ ਤੇ ਚਾਰੇ ਪਾਸੇ ਚੁੱਪ ਵਰਤ ਜਾਂਦੀ। ਢਾਡੀ ਕਲਾ ਦੇ ਪਿਤਾਮਾ ਸੋਹਣ ਸਿੰਘ ਸੀਤਲ ਜਿਨ੍ਹਾਂ ਨੇ ਪ੍ਰਸਿੱਧ ਕਵਿਤਾਵਾਂ ਤੇ ਧਾਰਮਿਕ ਪ੍ਰਸੰਗ ਢਾਡੀ ਜਗਤ ਨੂੰ ਦਿੱਤੇ, ਨੂੰ ਇਕ ਵਾਰ ਕਿਸੇ ਨੇ ਪੁੱਛਿਆ ਕਿ ਉਨ੍ਹਾਂ ਬੱਬਰਾਂ ਦੀ ਵਾਰ ਕਿਉਂ ਨਹੀਂ ਲਿਖੀ, ਤਾਂ ਉਨ੍ਹਾਂ ਸਹਿਜ ਭਾਅ ਉਤਰ ਦਿੱਤਾ, "ਜੋ ਪਿਆਰਾ ਸਿੰਘ ਪੰਛੀ ਨੇ 'ਬੱਬਰਾਂ ਦੀ ਵਾਰ' ਲਿਖ ਦਿੱਤੀ ਹੈ, ਉਹ ਕੋਈ ਹੋਰ ਕਲਮ ਨਹੀਂ ਲਿਖ ਸਕਦੀ।"

ਪਹਿਲਾਂ ਮੈਂ ਤਰਨ ਤਾਰਨ ਦੀ ਮੱਸਿਆ ਪਿਤਾ ਜੀ ਨਾਲ ਵੇਖਣ ਜਾਂਦਾ ਹੁੰਦਾ ਸੀ, ਜਦ ਦਸਵੀਂ ਪਾਸ ਕਰ ਲਈ, ਤਾਂ ਮੈਂ ਪੰਛੀ ਜੀ ਨੂੰ ਸੁਣਨ ਵਾਸਤੇ ਹਰ ਮੱਸਿਆ ਤਰਨ ਤਾਰਨ ਆਪ ਚਲੇ ਜਾਣਾ। ਇਕ ਵਾਰ ਉਨ੍ਹਾਂ ਦੀਵਾਨ ਵਿਚ ਸਿੱਖ ਇਤਿਹਾਸ ਸੁਣਾਉਂਦਿਆਂ ਕਿਹਾ, "ਬੜੇ ਚਿਰ ਤੋਂ ਲੋਹਾ, ਆਰੀ ਦੇ ਰੂਪ ਵਿਚ ਲੱਕੜੀ ਨੂੰ ਕੱਟਦਾ ਆ ਰਿਹਾ ਸੀ। ਗੁਰੂ ਨਾਨਕ ਨੇ ਮਨੁੱਖਤਾ ਨੂੰ ਏਕੇ ਦਾ ਸੰਦੇਸ਼ ਦੇਣ ਵਾਸਤੇ ਲੋਹੇ ਤੇ ਲੱਕੜਾਂ ਦੇ ਸੁਮੇਲ ਤੋਂ ਬਣੀ ਰਬਾਬ ਮਰਦਾਨੇ ਦੇ ਹੱਥ ਫੜਾਈ। ਮਰਦਾਨਾ ਰਬਾਬ ਵਜਾਉਂਦਾ ਤੇ ਗੁਰੂ ਜੀ ਗੁਰਬਾਣੀ ਉਚਾਰਦੇ ਜੋ ਮਨੁੱਖਤਾ ਨੂੰ ਏਕਤਾ ਦੀ ਲੜਾਈ ਵਿਚ ਪਰੋਂਦੀ ਸੀ।" ਉਨ੍ਹਾਂ ਦਾ ਅੰਦਾਜ਼ ਲਾਜਵਾਬ ਸੀ।

ਸ. ਪੰਛੀ ਨੇ ਗੁਰੂ ਕਾ ਖੂਹ, ਤਰਨ ਤਾਰਨ ਵਿਚ ਆਪਣਾ ਘਰ ਬਣਾ ਲਿਆ। ਮੁੱਖ ਦਰਵਾਜ਼ੇ ਉਤੇ 'ਪੰਛੀ ਨਿਵਾਸ' ਉਕਰਾ ਲਿਆ, ਪਰ ਇਸ ਪੰਛੀ ਨਿਵਾਸ ਵਿਚ ਉਨ੍ਹਾਂ ਨੂੰ ਬਹੁਤਾ ਚਿਰ ਨਿਵਾਸ ਕਰਨਾ ਨਸੀਬ ਨਾ ਹੋਇਆ। ਉਨ੍ਹਾਂ ਦੀ ਆਪਣੀ ਕਲਮ ਤੋਂ ਲਿਖੀਆਂ ਸਤਰਾਂ ਉਨ੍ਹਾਂ 'ਤੇ ਲਾਗੂ ਹੋ ਗਈਆਂ,

ਸੱਜਣਾਂ ਦਾ ਵਿਹੜੇ ਹੀ ਪਿਆਰ ਰਹਿਜੂਗਾ।
ਮਿੱਟੀ ਦਾ ਬੁਰਜ ਮੱਲੋ-ਮੱਲੀ ਢਹਿਜੂਗਾ।
'ਪੰਛੀਆ' ਸਟੇਜਾਂ ਉਤੇ ਸਦਾ ਗਾਉਣਾ ਨਹੀਂ।
ਐਸੀ ਨੀਂਦ ਸੌਂਵੇਂਗਾ ਕਿਸੇ ਜਗਾਉਣਾ ਨਹੀਂ।

ਇਕ ਵਾਰ ਜਦ ਉਹ 1960 ਦੇ ਪੰਜਾਬੀ ਸੂਬੇ ਦੇ ਮੋਰਚੇ ਵਿਚ ਜੇਲ੍ਹ ਤੋਂ ਰਿਹਾਅ ਹੋ ਕੇ ਆਏ ਤਾਂ ਇਨ੍ਹਾਂ ਦੀ ਸੱਸ ਬੀਬੀ ਕਰਤਾਰ ਕੌਰ ਨੇ ਕਿਹਾ, "ਜਦੋਂ ਵੀ ਮੋਰਚਾ ਲਗਦਾ ਹੈ, ਤੂੰ ਜ਼ਰੂਰ ਜੇਲ੍ਹ ਚਲਾ ਜਾਂਦਾ ਏਂ। ਜੇ ਤੈਨੂੰ ਕੁਝ ਹੋ ਗਿਆ ਤਾਂ ਪਿੱਛੋਂ ਪਰਿਵਾਰ ਦਾ ਕੀ ਬਣੂੰ?" ਸ. ਪੰਛੀ ਦਾ ਉਤਰ ਸੀ, "ਬੀਬੀ, ਉਥੇ ਤਾਂ ਸ਼ਹੀਦ ਅਖਵਾਵਾਂਗੇ... ਜੇ ਤੁਰੇ ਜਾਂਦਿਆਂ ਸੱਪ ਲੜ ਕੇ ਮਾਰ ਜਾਈਏ ਤਾਂ ਕੀ ਕਰੋਗੇ?" ਕਿਸੇ ਵੇਲੇ ਕਹੇ ਇਹ ਬੋਲ ਸੱਚ ਹੋ ਗਏ। 1965 ਦੇ ਅਗਸਤ ਮਹੀਨੇ ਉਨ੍ਹਾਂ ਦੇ ਮਾਤਾ-ਪਿਤਾ ਬਾਪੂ ਚੰਦਾ ਸਿੰਘ ਤੇ ਮਾਤਾ ਅਵਤਾਰ ਕੌਰ ਨੇ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਮੀਰਾਂ ਸ਼ਾਹ ਨੂਰ ਨੇੜੇ ਖਾਈ ਫੇਮੇ ਕੀ ਵਿਖੇ ਨਵੇਂ ਬਣੇ ਘਰ ਵਿਚ ਅਖੰਡ ਪਾਠ ਰਖਵਾਇਆ ਹੋਇਆ ਸੀ। ਭੋਗ ਵਾਲੇ ਦਿਨ ਸਵੇਰੇ ਜੰਗਲ-ਪਾਣੀ ਗਏ। ਵੱਟ 'ਤੇ ਸੱਪ ਬੈਠਾ ਸੀ। ਉਸ 'ਤੇ ਉਨ੍ਹਾਂ ਦਾ ਪੈਰ ਆ ਗਿਆ ਤੇ ਸੱਪ ਨੇ ਡੰਗ ਮਾਰ ਦਿੱਤਾ। ਉਹ ਉਸੇ ਵੇਲੇ ਤੁਰ ਕੇ ਘਰ ਆ ਗਏ। ਜਥੇ ਦੇ ਸਾਥੀ ਸਾਰੰਗੀ ਮਾਸਟਰ ਪੂਰਨ ਸਿੰਘ, ਢਾਡੀ ਸ਼ਾਮ ਸਿੰਘ, ਢਾਡੀ ਸਵਰਨ ਸਿੰਘ ਦਬੁਰਜੀ ਘਰ ਹੀ ਮਾਂਦਰੀ ਲੈ ਆਏ। ਮਾਂਦਰੀਆਂ ਨੇ ਮੂੰਹ



ਢਾਡੀ ਪਿਆਰਾ ਸਿੰਘ ਪੰਛੀ

ਨਾਲ ਜ਼ਖਮ ਨੂੰ ਚੂਸ-ਚੂਸ ਕੇ ਜ਼ਹਿਰ ਕੱਢਿਆ। ਉਸ ਦਿਨ ਉਨ੍ਹਾਂ ਕੀਰਤਨ ਵੀ ਕੀਤਾ ਤੇ ਰੱਬ ਨੂੰ ਕਿਹਾ, 'ਜੋ ਤੂੰ ਕੀਤਾ ਹੈ ਠੀਕ ਕੀਤਾ ਹੈ, ਪਰ ਇਕ ਗੱਲ ਦਾ ਹਮੇਸ਼ਾ ਸ਼ਿਕਵਾ ਰਹੇਗਾ ਕਿ ਮਰਨ ਤੋਂ ਬਾਅਦ ਮੈਨੂੰ ਲੋਕ ਸ਼ਹੀਦ ਨਹੀਂ ਕਹਿਣਗੇ, ਬਲਕਿ ਕਹਿਣਗੇ ਕਿ ਪੰਛੀ ਸੱਪ ਲੜ ਕੇ ਮਰ ਗਿਆ।'

ਪੰਜ ਦਿਨ ਲੰਘ ਗਏ। ਸਰੀਰ 'ਤੇ ਨੀਲੇ ਰੰਗ ਦੇ ਛਾਲੇ ਪੈ ਗਏ। ਥੁਕੀ ਆਉਣੀ ਸ਼ੁਰੂ ਹੋ ਗਈ। ਉਨ੍ਹਾਂ ਡਾ. ਸੁਲੱਖਣ ਸਿੰਘ ਕਲਸੀਆਂ ਵਾਲੇ ਨੂੰ ਯਾਦ ਕੀਤਾ। ਛੇਵੇਂ ਦਿਨ ਉਹ ਵੀ ਆ ਗਏ। ਉਨ੍ਹਾਂ ਬੂਟੀ ਰਗੜ ਕੇ ਪਿਆਈ ਜਿਸ ਨਾਲ ਉਲਟੀ ਆਉਣੀ ਸੀ, ਪਰ ਉਲਟੀ ਨਾ ਆਈ। ਪੰਜਾਬੀ ਕੌਮ ਦਾ ਮਹਾਨ ਸਿੱਖ ਵਿਦਵਾਨ ਜਿਸ ਨੇ ਅਜੇ ਆਪਣੀ ਵਿਦਵਤਾ ਨਾਲ ਕੌਮ ਦੀਆਂ ਝੋਲੀਆਂ ਭਰਨੀਆਂ ਸਨ, 13 ਅਗਸਤ 1965 ਨੂੰ ਸ਼ਾਮ ਦੇ ਛੇ ਵਜੇ ਮੌਤ ਤੋਂ ਹਾਰ ਗਿਆ, ਤੇ ਸਦਾ ਦੀ ਨੀਂਦ ਸੌਂ ਗਿਆ। ਆਪਣੇ ਪਿੱਛੇ ਪਰਿਵਾਰ ਵਿਚ ਬੀਬੀ ਪ੍ਰੀਤਮ ਕੌਰ (33 ਸਾਲ) ਅਤੇ ਧੀਆਂ-ਧੀਆਂ ਮਨਜੀਤ ਕੌਰ (15), ਜਸਵੰਤ ਕੌਰ (13) ਤੇ ਚਰਨਜੀਤ ਕੌਰ (4) ਅਤੇ ਲੜਕਾ ਸਰਬਜੀਤ ਸਿੰਘ (ਡੇਢ) ਛੱਡ ਗਏ ਹਨ।

ਪੰਜਾਬੀ ਸੂਬੇ ਦੇ ਮੋਰਚੇ ਵਿਚ ਉਹ ਵਧ-ਚੜ੍ਹ ਕੇ ਹਿੱਸਾ ਲੈਂਦੇ ਰਹੇ ਪਰ ਉਨ੍ਹਾਂ ਦੇ ਸਵਰਗਵਾਸ ਹੋ ਜਾਣ ਤੋਂ ਬਾਅਦ ਨਾ ਸ਼੍ਰੋਮਣੀ ਅਕਾਲੀ ਦਲ ਅਤੇ ਨਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਦੇ ਪਰਿਵਾਰ ਦੀ ਬਾਂਹ ਫੜੀ। ਅੰਤਿਮ ਅਰਦਾਸ ਵੇਲੇ ਕੇਵਲ ਬਾਬਾ ਸੋਹਣ ਸਿੰਘ ਸੁਰ ਸਿੰਘ ਵਾਲੇ ਬਾਬਾ ਖੜਕ ਸਿੰਘ ਬੀੜ ਬਾਬਾ ਬੁੱਢਾ ਵਾਲੇ ਬੱਚੇ ਦੀ ਪੱਗ ਲੈ ਕੇ ਆਏ ਤੇ ਅਸ਼ੀਰਵਾਦ ਦਿੱਤੀ। ਉਂਜ, ਇਲਾਕੇ ਦੀਆਂ ਸੰਗਤਾਂ ਕਾਫੀ ਗਿਣਤੀ ਵਿਚ ਪਹੁੰਚੀਆਂ।

ਬੀਬੀ ਪ੍ਰੀਤਮ ਕੌਰ ਨੇ ਉਨ੍ਹਾਂ ਦੀ ਘਾਟ ਨੂੰ ਚੁਣੌਤੀ ਵਾਂਗ ਲਿਆ। ਸਖਤ ਮਿਹਨਤ ਕਰ ਕੇ ਬੱਚਿਆਂ ਨੂੰ ਚੰਗੀ ਵਿਦਿਆ ਦਿਵਾਈ ਅਤੇ ਭਾਈਚਾਰੇ ਤੇ ਸਮਾਜ ਦੇ ਨਰੋਏ ਅੰਗ ਬਣਾਇਆ। ਉਨ੍ਹਾਂ ਦੀ ਭੈਣ ਅਤੇ ਰਿਸ਼ਤੇਦਾਰਾਂ ਨੇ ਪਰਿਵਾਰ ਦਾ ਪੂਰਾ ਸਾਥ ਦਿੱਤਾ ਜਿਸ ਨਾਲ ਉਨ੍ਹਾਂ ਦੀਆਂ ਬੱਚੀਆਂ ਵਧੀਆ ਜ਼ਿੰਦਗੀ ਜੀਅ ਰਹੀਆਂ ਹਨ। ਉਨ੍ਹਾਂ ਦਾ ਲੜਕਾ ਸਰਬਜੀਤ ਸਿੰਘ ਪੰਜਾਬ ਵਿਚ ਸਾਇੰਸ ਲੈਕਚਰਾਰ ਬਣਿਆ ਜੋ ਅੱਜ ਕੱਲ੍ਹ ਆਸਟਰੇਲੀਆ ਦੇ ਸ਼ਹਿਰ ਸਿਡਨੀ ਵਿਚ ਪਰਿਵਾਰ ਸਮੇਤ ਰਹਿ ਰਿਹਾ ਹੈ ਤੇ ਸਰਕਾਰੀ ਨੌਕਰੀ ਕਰ ਰਿਹਾ ਹੈ। ਸ. ਪੰਛੀ ਦੇ ਪਰਿਵਾਰ ਨੇ ਅੱਜ ਵੀ ਉਨ੍ਹਾਂ ਦੇ ਮਾਣ-ਸਨਮਾਨ ਨੂੰ ਕਾਇਮ ਰੱਖਿਆ ਹੋਇਆ ਹੈ। ਸ. ਪੰਛੀ ਅੱਜ ਵੀ ਪ੍ਰਸ਼ੰਸਕਾਂ ਦੇ ਮਨਾਂ ਵਿਚ ਜ਼ਿੰਦਾ ਹਨ। ਉਨ੍ਹਾਂ ਦੀਆਂ ਕਈ ਲਿਖਤਾਂ ਅਣਛਪੀਆਂ ਪਈਆਂ ਹਨ। ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਇਹ ਰਚਨਾਵਾਂ ਛਪਵਾਏ। ਇਹੀ ਨਹੀਂ, ਇਸ ਮਹਾਨ ਵਿਦਵਾਨ ਢਾਡੀ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਅੰਮ੍ਰਿਤਸਰ ਵਿਚ ਲਗਾਉਣੀ ਚਾਹੀਦੀ ਹੈ। ਇਹੋ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

*ਇਕ ਵਾਰ ਜਦ ਉਹ 1960 ਦੇ ਪੰਜਾਬੀ ਸੂਬੇ ਦੇ ਮੋਰਚੇ ਵਿਚ ਜੇਲ੍ਹ ਤੋਂ ਰਿਹਾਅ ਹੋ ਕੇ ਆਏ ਤਾਂ ਇਨ੍ਹਾਂ ਦੀ ਸੱਸ ਬੀਬੀ ਕਰਤਾਰ ਕੌਰ ਨੇ ਕਿਹਾ, "ਜਦੋਂ ਵੀ ਮੋਰਚਾ ਲਗਦਾ ਹੈ, ਤੂੰ ਜ਼ਰੂਰ ਜੇਲ੍ਹ ਚਲਾ ਜਾਂਦਾ ਏਂ। ਜੇ ਤੈਨੂੰ ਕੁਝ ਹੋ ਗਿਆ ਤਾਂ ਪਿੱਛੋਂ ਪਰਿਵਾਰ ਦਾ ਕੀ ਬਣੂੰ?" ਸ. ਪੰਛੀ ਦਾ ਉਤਰ ਸੀ, "ਬੀਬੀ, ਉਥੇ ਤਾਂ ਸ਼ਹੀਦ ਅਖਵਾਵਾਂਗੇ... ਜੇ ਤੁਰੇ ਜਾਂਦਿਆਂ ਸੱਪ ਲੜ ਕੇ ਮਾਰ ਜਾਈਏ ਤਾਂ ਕੀ ਕਰੋਗੇ?" ਕਿਸੇ ਵੇਲੇ ਕਹੇ ਇਹ ਬੋਲ ਸੱਚ ਹੋ ਗਏ। 1965 ਦੇ ਅਗਸਤ ਮਹੀਨੇ ਉਨ੍ਹਾਂ ਦੇ ਮਾਤਾ-ਪਿਤਾ ਬਾਪੂ ਚੰਦਾ ਸਿੰਘ ਤੇ ਮਾਤਾ ਅਵਤਾਰ ਕੌਰ ਨੇ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਮੀਰਾਂ ਸ਼ਾਹ ਨੂਰ ਨੇੜੇ ਖਾਈ ਫੇਮੇ ਕੀ ਵਿਖੇ ਨਵੇਂ ਬਣੇ ਘਰ ਵਿਚ ਅਖੰਡ ਪਾਠ ਰਖਵਾਇਆ ਹੋਇਆ ਸੀ। ਭੋਗ ਵਾਲੇ ਦਿਨ ਸਵੇਰੇ ਜੰਗਲ-ਪਾਣੀ ਗਏ। ਵੱਟ 'ਤੇ ਸੱਪ ਬੈਠਾ ਸੀ। ਉਸ 'ਤੇ ਉਨ੍ਹਾਂ ਦਾ ਪੈਰ ਆ ਗਿਆ ਤੇ ਸੱਪ ਨੇ ਡੰਗ ਮਾਰ ਦਿੱਤਾ।*

## ਨਾਨਕੁ ਬਾਂਛੈ ਧੂੜਿ ਤਿਨ...

ਮੰਘਿਰਿ ਮਾਹਿ ਸੁਹੰਦੀਆ
ਹਰਿ ਪਿਰ ਸੰਗਿ ਬੈਠੜੀਆਹ॥
ਤਿਨ ਕੀ ਸੋਭਾ ਕਿਆ ਗਣੀ
ਜਿ ਸਾਹਿਬਿ ਮੇਲੜੀਆਹ॥...
ਨਾਨਕੁ ਬਾਂਛੈ ਧੂੜਿ ਤਿਨ
ਪ੍ਰਭ ਸਰਣੀ ਦਰਿ ਪੜੀਆਹ॥
ਮੰਘਿਰਿ ਪ੍ਰਭੁ ਆਰਾਧਣਾ
ਬਹੁੜਿ ਨ ਜਨਮੜੀਆਹ॥

ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਰਾਗ ਮਾਝ ਵਿਚ ਆਪਣੀ ਉਪਦੇਸ਼ਮਈ ਬਾਣੀ ਬਾਰਹਮਾਹ ਵਿਚ ਕੁਦਰਤੀ ਵਾਤਾਵਰਣ ਨੂੰ ਸਨਮੁੱਖ ਰੱਖ ਕੇ ਮਨੁੱਖੀ ਜਨਮ ਨੂੰ ਸਫਲ ਬਣਾਉਣ ਦੀ ਪ੍ਰੇਰਨਾ ਦਿੱਤੀ ਹੈ। ਗੁਰੂ ਸਾਹਿਬ ਨੇ ਇਨ੍ਹਾਂ ਬਾਰ੍ਹਾਂ ਮਹੀਨਿਆਂ ਰਾਹੀਂ ਜੀਵ ਇਸਤਰੀ ਦੀ ਵਿਆਕੁਲ ਮਾਨਸਿਕਤਾ ਨੂੰ ਬਿਆਨ ਕੀਤਾ ਹੈ। ਜੀਵ-ਆਤਮਾ ਆਪਣੇ ਮੂਲ ਨਾਲੋਂ ਵਿਛੜ ਕੇ ਆਪਣੀ ਤੁੱਛਤਾ ਨੂੰ ਮਹਿਸੂਸ ਕਰਦੀ ਹੈ ਅਤੇ ਪਰਮਾਤਮਾ ਦੇ ਮਿਲਾਪ ਲਈ ਤਾਂਘਦੀ ਹੈ।

ਗੁਰੂ ਅਰਜਨ ਦੇਵ ਜੀ ਸਮਝਾਉਣਾ ਕਰਦੇ ਹਨ ਕਿ ਜਿਹੜੀਆਂ ਜੀਵ ਰੂਪੀ ਇਸਤਰੀਆਂ ਆਪਣੇ ਪਤੀ ਪਰਮੇਸ਼ਰ ਨਾਲ ਮਿਲ ਬੈਠਦੀਆਂ ਹਨ, ਉਹ ਇਸਤਰੀਆਂ ਹੀ ਸਤਿਕਾਰ ਅਤੇ ਪਿਆਰ ਦੇ ਯੋਗ ਹਨ। ਸਤਿਸੰਗੀਆਂ ਦੀ ਸੰਗਤ ਸਦਕਾ ਉਨ੍ਹਾਂ ਦਾ ਤਨ ਅਤੇ ਮਨ ਸਦਾ ਹੀ ਰੱਬੀ ਰੰਗ ਵਿਚ ਰੰਗਿਆ ਰਹਿੰਦਾ ਹੈ ਅਤੇ ਜਿਹੜੀਆਂ ਜੀਵ-ਇਸਤਰੀਆਂ ਸੰਤਾਂ ਦੀ ਸੰਗਤ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ, ਉਹ ਇਕੱਲੀਆਂ ਭਾਵ ਛੁੱਟੜ ਹੀ ਰਹਿ ਜਾਂਦੀਆਂ ਹਨ। ਉਨ੍ਹਾਂ ਬੇਮੁੱਖਾਂ ਦਾ ਜਨਮ-ਮਰਨ ਦਾ ਵੱਡਾ ਦੁੱਖ ਕਦੇ ਨਹੀਂ ਮਿਟਦਾ ਅਤੇ ਉਹ ਜਮਦੂਤਾਂ ਦੇ ਵੱਸ ਪਈਆਂ ਰਹਿੰਦੀਆਂ ਹਨ। ਇਸ ਦੇ ਉਲਟ ਜਿਹੜੀਆਂ ਜੀਵ-ਇਸਤਰੀਆਂ ਨੇ ਪਤੀ-ਪਰਮੇਸ਼ਰ (ਪ੍ਰਭੂ) ਦਾ ਸਾਥ ਮਾਣਿਆ ਹੈ, ਉਹ ਹਮੇਸ਼ਾ ਸੁਚੇਤ ਅਤੇ ਸਾਵਧਾਨ ਰਹਿੰਦੀਆਂ ਹਨ ਅਤੇ ਵਿਕਾਰਾਂ ਦੀ ਚੋਟ ਤੋਂ ਬਚ ਜਾਂਦੀਆਂ ਹਨ। ਕਿਉਂਕਿ ਉਨ੍ਹਾਂ ਨੇ ਹੀਰੇ ਜਵਾਹਰ ਤੇ ਲਾਲਾਂ ਰੂਪੀ ਅਕਾਲ ਪੁਰਖ ਦੇ ਗੁਣਾਂ ਦਾ ਹਾਰ ਆਪਣੇ ਹਿਰਦੇ ਵਿਚ ਪ੍ਰੋਇਆ ਹੁੰਦਾ ਹੈ।

ਗੁਰੂ ਨਾਨਕ ਪਾਤਸ਼ਾਹ ਨੂੰ ਗਵਾਹ ਬਣਾ ਕੇ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਜਿਹੜੇ ਮਨੁੱਖ (ਗੁਰਮੁੱਖ) ਵਾਹਿਗੁਰੂ ਦੇ ਚਰਨੀ ਲੱਗ ਕੇ ਨਾਮ-ਸਿਮਰਨ ਦਾ ਲਾਹਾ ਲੈਂਦੇ ਹਨ, ਮੈਂ ਉਨ੍ਹਾਂ ਦੀ ਚਰਨ ਧੂੜ ਤੋਂ ਵੀ ਬਲਿਹਾਰ ਜਾਂਦਾ ਹਾਂ। ਜਿਹੜੇ ਪ੍ਰਾਣੀਆਂ ਨੇ ਮੱਘਰ ਦੇ ਮਹੀਨੇ ਵਿਚ ਸਵਾਸ-ਸਵਾਸ ਪਰਮਾਤਮਾ ਨੂੰ ਆਰਾਧਿਆ ਹੈ, ਉਹ ਧੰਨ ਹਨ ਅਤੇ ਉਨ੍ਹਾਂ ਦਾ ਜਨਮ-ਮਰਨ ਦਾ ਗੇੜ ਖਤਮ ਹੋ ਜਾਂਦਾ ਹੈ ਭਾਵ ਚੌਰਾਸੀ ਕੱਟੀ ਜਾਂਦੀ ਹੈ।

ਇਨ੍ਹਾਂ ਪਾਵਨ ਬਚਨਾਂ ਦੀ ਪ੍ਰੋੜਤਾ ਸ੍ਰੀ ਗੁਰੂ ਰਾਮਦਾਸ ਜੀ ਇਸ ਤਰ੍ਹਾਂ ਕਰ ਰਹੇ ਹਨ,

ਜਿਨਿ ਪਿਰੁ ਰਾਵਿਆ
ਸਾ ਭਲੀ ਸੁਹਾਗਣਿ॥
ਸੇ ਮੈ ਗੁਣ ਨਾਹੀ ਹਉ
ਕਿਆ ਕਰੀ ਦੁਹਾਗਣਿ॥

**-ਰਮੇਸ਼ ਬੱਗਾ ਚੋਹਲਾ**
*ਫੋਨ: 91-94631-32719*

# ਗਣੇਸ਼ ਦਾ ਸ੍ਰੀ ਗਣੇਸ਼

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353


ਪਿਛਲੇ ਦਿਨੀਂ ਫੈਂਕੂ ਦੀ ਛੇੜ ਨਾਲ ਛੇੜੇ ਜਾਂਦੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਮੰਬਈ ਵਿਖੇ ਅੰਬਾਨੀ ਪਰਿਵਾਰ ਦੀ ਕੰਪਨੀ ਰਿਲਾਇੰਸ ਵਲੋਂ ਚਲਾਏ ਜਾ ਰਹੇ ਇਕ ਹਸਪਤਾਲ ਦਾ ਉਦਘਾਟਨ ਕੀਤਾ। ਇਸ ਸਮੇਂ ਇਕੱਠੇ ਹੋਏ ਡਾਕਟਰਾਂ ਤੇ ਹੋਰ ਵਿਗਿਆਨੀਆਂ ਅੱਗੇ ਉਨ੍ਹਾਂ ਇਕ ਅਲੌਕਿਕ ਵਿਗਿਆਨਕ ਜਾਣਕਾਰੀ ਸਾਂਝੀ ਕੀਤੀ। ਢੁਕਵੇਂ ਅੰਸ਼ ਪੇਸ਼ ਹਨ,

"ਮੈਡੀਕਲ ਸਾਇੰਸ ਦੀ ਦੁਨੀਆਂ 'ਚ ਅਸੀਂ ਗਰਵ ਕਰ ਸਕਦੇ ਹਾਂ ਕਿ ਸਾਡਾ ਦੇਸ਼ ਕਿਸੇ ਸਮੇਂ ਕੀ ਸੀ। ਮਹਾਭਾਰਤ ਵਿਚ ਕਰਣ ਦੀ ਕਥਾ ਅਸੀਂ ਸਾਰੇ ਪੜ੍ਹਦੇ ਹਾਂ। ਪਰ ਕਦੀ ਅਸੀਂ ਥੋੜਾ ਜਿਹਾ ਹੋਰ ਸੋਚਣਾ ਸ਼ੁਰੂ ਕਰੀਏ ਤਾਂ ਧਿਆਨ ਵਿਚ ਆਏਗਾ ਕਿ ਮਹਾਭਾਰਤ ਦਾ ਕਹਿਣਾ ਹੈ ਕਿ ਕਰਣ ਮਾਂ ਦੀ ਗੋਦ 'ਚੋਂ ਨਹੀਂ ਸੀ ਪੈਦਾ ਹੋਇਆ। ਇਸ ਦਾ ਮਤਲਬ ਇਹ ਹੋਇਆ ਕਿ ਉਸ ਸਮੇਂ ਜਿਨੈਟਿਕ ਸਾਇੰਸ ਮੌਜੂਦ ਸੀ। ਤਾਂ ਹੀ ਤਾਂ ਕਰਣ ਦਾ ਮਾਂ ਦੀ ਗੋਦ ਤੋਂ ਬਿਨਾ ਜਨਮ ਹੋਇਆ ਹੋਵੇਗਾ।"

"ਅਸੀ ਗਣੇਸ਼ ਦੀ ਪੂਜਾ ਕਰਦੇ ਹਾਂ। ਕੋਈ ਤਾਂ ਪਲਾਸਟਿਕ ਸਰਜਨ ਹੋਵੇਗਾ ਉਸ ਜ਼ਮਾਨੇ ਵਿਚ ਜਿਸ ਨੇ ਮਨੁਖ ਦੇ ਸਰੀਰ 'ਤੇ ਹਾਥੀ ਦਾ ਸਿਰ ਰੱਖ ਕੇ ਪਲਾਸਟਿਕ ਸਰਜਰੀ ਦਾ ਪ੍ਰਾਰੰਭ ਕੀਤਾ ਹੋਵੇਗਾ। ਅਨੇਕ ਅਜਿਹੇ ਖੇਤਰ ਹੋਣਗੇ ਜਿਥੇ ਸਾਡੇ ਪੂਰਵਜਾਂ ਨੇ ਬਹੁਤ ਸਾਰਾ ਯੋਗਦਾਨ ਦਿੱਤਾ ਹੋਵੇਗਾ। ਅਤੇ ਕੁਝ ਗੱਲਾਂ ਨੂੰ ਤਾਂ ਅਸੀਂ ਸਵੀਕਾਰ ਕਰ ਲਿਆ ਹੈ। ਅੱਜ ਜੇਕਰ ਸਪੇਸ ਸਾਇੰਸ ਦੇਖੋ ਤਾਂ ਸਾਡੇ ਪੂਰਵਜਾਂ ਨੇ ਇਸ ਵਿਚ ਬਹੁਤ ਤਾਕਤ ਦਿਖਾਈ ਉਸ ਸਮੇਂ।"

ਸ੍ਰੀ ਮੋਦੀ ਦੇ ਭਾਰਤੀ ਇਤਿਹਾਸ ਬਾਰੇ ਵਿਸ਼ੇਸ਼ ਗਿਆਨ ਦਾ ਤਾਂ ਸਾਨੂੰ ਲੋਕ ਸਭਾ ਚੋਣਾਂ ਦੌਰਾਨ ਹੀ ਪਤਾ ਲੱਗ ਗਿਆ ਸੀ। ਕੁਝ ਚੋਂਦਾ ਚੋਂਦਾ: ਸ਼ਹੀਦ ਭਗਤ ਸਿੰਘ ਅੰਡੇਮਾਨ ਜੇਲ੍ਹ ਵਿਚ ਕੈਦੀ ਰਹੇ; ਤਕਸ਼ਿਲਾ ਬਿਹਾਰ ਵਿਚ ਹੈ, ਪੋਰਸ ਨੂੰ ਗੰਗਾ ਦੇ ਕੰਢੇ ਹਰਾਇਆ ਗਿਆ ਸੀ, ਚੰਦਰਗੁਪਤ ਗੁਪਤਾ ਵੰਸ਼ ਵਿਚੋਂ ਸਨ ਆਦਿ। ਹੁਣ ਪ੍ਰਾਚੀਨ ਵਿਚ ਭਾਰਤੀ ਵਿਗਿਆਨ ਬਾਰੇ ਉਨ੍ਹਾਂ ਦੇ ਗਿਆਨ ਦੇ ਵੀ ਦਰਸ਼ਨ ਹੋਣ ਲੱਗੇ ਹਨ। ਖੇਦ ਹੈ ਕਿ ਮੋਦੀ ਦੇ ਇਸ ਵਿਕੋਲਿਤਰੇ ਗਿਆਨ ਨੂੰ ਨਾ ਮੋਦੀਭਗਤ ਬਣੀ ਜਾ ਰਹੇ ਮੀਡੀਆ ਨੇ ਚੁੱਕਿਆ ਤੇ ਨਾਂ ਹੀ ਵਿਗਿਆਨੀਆਂ ਨੇ ਕੋਈ ਨੋਟਿਸ ਲਿਆ ਹੈ। ਸੱਤਾ ਤੇ ਕਾਬਜ਼ ਹਿੰਦੁਤਵ ਸ਼ਕਤੀਆਂ ਹੌਲੀ ਹੌਲੀ ਦੁਨੀਆਂ ਦੀ ਸਾਰੀ ਤਰੱਕੀ ਤੇ ਵਿਕਾਸ ਦਾ ਸੋਮਾ ਭਾਰਤ ਬਣਾ ਕੇ ਹਟਣਗੇ। ਸੋਚਦਾ ਹਾਂ ਕਿ ਦੇਵੀ-ਦੇਵਤਿਆਂ ਦੀਆਂ ਕਰਾਮਾਤਾਂ ਵਿਚ ਵਿਸ਼ਵਾਸ ਰਖਦੀ ਭਾਰਤੀ ਮਨੀਸ਼ਾ ਨੂੰ ਵੀ ਮੋਦੀ ਦੇ ਇਸ ਬਿਆਨ ਤੋਂ ਚੋਖੀ ਠੇਸ ਪੁੱਜੀ ਹੋਵੇਗੀ। ਉਹ ਕਿਵੇਂ ਹਜਮ ਕਰਨਗੇ ਕਿ ਮਨੁਖੀ ਸਰੀਰ ਉਤੇ ਹਾਥੀ ਦੇ ਸਿਰ ਦਾ ਆਰੋਪਣ ਅਤੇ ਕੋਖ ਤੋਂ ਬਿਨਾ ਕਰਣ ਜਿਹੇ ਸੂਰਬੀਰ ਦਾ ਪੈਦਾ ਹੋਣਾ ਦੇਵਤਿਆਂ ਦੀ ਕਰਨੀ ਨਹੀਂ ਬਲਕਿ ਪ੍ਰਾਚੀਨ ਵਿਗਿਆਨੀਆਂ ਦਾ ਕਮਾਲ ਹੈ।ਮੈਨੂੰ ਤਾਂ ਮੋਦੀ ਸਾਹਿਬ ਗੋਬਰ-ਗਣੇਸ਼ ਹੀ ਪ੍ਰਤੀਤ ਹੁੰਦੇ ਹਨ। ਅਜੋਕੇ ਸਮੇਂ ਦੇ ਭਾਰਤੀ ਵਿਗਿਆਨੀ ਕਿਹੜਾ ਘੱਟ ਹਨ, ਉਹ ਗਣੇਸ਼ ਦੀ ਮੂਰਤੀ ਨੂੰ ਦੁਧ ਪਿਲਾ ਸਕਦੇ ਹਨ। ਯਾਦ ਰਹੇ ਪਿਛਲੀ ਭਾਜਪਾ ਸਰਕਾਰ ਨੇ ਬਾਬਿਆਂ, ਓਝਿਆਂ ਆਦਿ ਦਾ ਸਰਕਾਰੀ ਤੌਰ 'ਤੇ ਸਨਮਾਨ ਕੀਤਾ ਸੀ।

ਇਥੇ ਮੈਂ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੀ ਗੋਬਰ-ਗਣੇਸ਼ੀ ਵੀ ਦੱਸੇ ਬਿਨਾ ਨਹੀਂ ਰਹਿ ਸਕਦਾ। ਪਿਛਲੀ ਸਦੀ ਦੇ ਸੱਤਰਵਿਆਂ ਵਿਚ ਪੰਜਾਬ ਯੂਨੀਵਰਸਿਟੀ ਵਿਖੇ ਇਕ ਅੰਤਰਰਾਸ਼ਟਰੀ ਪੱਧਰ ਦਾ ਸਮਾਗਮ ਹੋ ਰਿਹਾ ਸੀ ਜਿਸ ਦਾ ਉਦਘਾਟਨ ਗਿਆਨੀ ਜ਼ੈਲ ਸਿੰਘ ਨੇ ਕੀਤਾ। ਉਨ੍ਹਾਂ ਭਾਸ਼ਨ ਦੌਰਾਨ ਕਿਹਾ ਕਿ ਵਿਗਿਆਨੀ ਐਵੇਂ ਕਹੀ ਜਾ ਰਹੇ ਹਨ ਕਿ ਮਨੁਖ ਬਾਂਦਰ ਤੋਂ ਬਣਿਆ ਹੈ, ਸਾਡੇ ਪਾਸ ਗੌਤਮ ਬੁਧ ਜਿਹੇ ਮਹਾਤਮਾ ਦੀਆਂ ਪੁਰਾਣੀਆਂ ਮੂਰਤੀਆਂ ਮੌਜੂਦ ਹਨ। ਸ਼ਕਲ ਸੂਰਤ ਤੋਂ ਉਹ ਮਨੁਖਾਂ ਵਰਗੇ ਹੀ ਨਹੀਂ ਬਲਕਿ ਅਜੋਕੇ ਮਨੁਖ ਨਾਲੋਂ ਵੀ ਸੁਣੱਖੇ ਲਗਦੇ ਹਨ। ਜੇ ਮਨੁਖ ਬਾਂਦਰ ਤੋਂ ਵਿਗਸਿਆ ਹੁੰਦਾ ਤਾਂ ਉਨ੍ਹਾਂ ਦੀ ਸ਼ਕਲ ਬਾਂਦਰ ਵਰਗੀ ਨਾ ਹੁੰਦੀ? ਦੁਨੀਆਂ ਭਰ ਦੇ ਵਿਗਿਆਨੀਆਂ ਵਿਚ ਸਾਡਾ ਰਾਸ਼ਟਰਪਤੀ ਹਾਸੇ ਦਾ ਪਾਤਰ ਬਣਿਆ। ਸਿਆਸਤਦਾਨ ਆਪਣੀ ਗਲਤ-ਸਹੀ ਸਿਆਸਤ ਵਿਚ ਹੀ ਢਕੇ ਰਹਿਣ, ਕੱਚਘਰੜ ਗਿਆਨ ਕਿਉਂ ਘੋਟਣ ਤੁਰੇ ਰਹਿੰਦੇ ਹਨ?



ਭਾਰਤੀ ਜਾਂ ਕੋਈ ਵੀ ਮਿਥਹਾਸ ਅਜਿਹੇ ਚਮਤਕਾਰਾਂ ਨਾਲ ਭਰਿਆ ਪਿਆ ਹੈ ਬਲਕਿ ਮਿਥਹਾਸ ਦੀ ਖਾਸੀਅਤ ਹੀ ਪਰਾਭੌਤਿਕ ਹੁੰਦੀ ਹੈ। ਮਿਥਿਹਾਸਕ ਵਰਤਾਰਿਆਂ ਪਿਛੇ ਸਾਇੰਸ ਦੇ ਦਖਲ ਦਾ ਦਾਅਵਾ ਕਰਨ ਦੀ ਬਜਾਏ ਇਨ੍ਹਾਂ ਨੂੰ ਵਿਗਿਆਨਕ ਦ੍ਰਿਸ਼ਟੀ ਨਾਲ ਸਮਝਣ ਦੇ ਜਤਨ ਹੋਣੇ ਚਾਹੀਦੇ ਹਨ ਤੇ ਇਥੇ ਹੀ ਹਿੰਦੁਤਵ ਸ਼ਕਤੀਆਂ ਪਿਛਾਂਹਖਿਚੂ ਪੈਂਤੜਾ ਲੈਂਦੀਆਂ ਹਨ। ਗਣੇਸ਼ ਦਾ ਜ਼ਿਕਰ ਹੋਇਆ ਤਾਂ ਚਲੋ ਇਸ ਦੇਵਤੇ ਦੇ ਉਭਾਰ ਬਾਰੇ ਇਕ ਦ੍ਰਿਸ਼ਟੀ ਤੇ ਨਜ਼ਰ ਮਾਰਦੇ ਹਾਂ। ਗਣੇਸ਼ ਇਕ ਹਿੰਦੂ ਦੇਵਤਾ ਹੈ ਜਿਸ ਦੀ ਬੇਹੱਦ ਮਾਨਤਾ ਹੈ। ਭਾਦੋਂ ਦੇ ਚਾਨਣੇ ਪੱਖ ਦੀ ਚੌਥ ਨੂੰ ਇਸ ਦਾ ਜਨਮ ਦਿਨ ਮਨਾਇਆ ਜਾਂਦਾ ਹੈ। ਇਸ ਦਾ ਹੁਲੀਆ: ਧੜ ਉਤੇ ਹਾਥੀ ਦਾ ਸਿਰ, ਕੇਵਲ ਇਕ ਦੰਦ, ਚਾਰ ਬਾਹਵਾਂ, ਵੱਡੀ ਗੋਗੜ ਤੇ ਚੂਹੇ ਦੀ ਸਵਾਰੀ ਦਾ ਸ਼ੌਕੀਨ।

ਗਣੇਸ਼ ਮਿਥ ਦੇ ਅਰੰਭ ਬਾਰੇ ਕਈ ਰਵਾਇਤਾਂ ਹਨ। ਇਕ ਅਨੁਸਾਰ ਪਾਰਬਤੀ ਦਾ ਇਹ ਪੁਤਰ ਬਹੁਤ ਸੁੰਦਰ ਸੀ ਜਿਸ 'ਤੇ ਸ਼ਨੀ ਦੇਵਤਾ ਦੀ ਨਜ਼ਰ ਪੈਂਦਿਆਂ ਹੀ ਸਿਰ ਭਸਮ ਹੋ ਗਿਆ। ਬ੍ਰਹਮਾ ਨੇ ਤਰਸ ਖਾ ਕੇ ਪਾਰਬਤੀ ਨੂੰ ਕਿਹਾ ਕਿ ਜੋ ਸਿਰ ਪਹਿਲਾਂ ਮਿਲੇ ਉਹ ਉਸ ਦੇ ਜਿਸਮ 'ਤੇ ਲਾ ਦੇਵੇ। ਸਬੱਬ ਨਾਲ ਹਾਥੀ ਅੜਿੱਕੇ ਆ ਗਿਆ। ਹੋਰ ਆਖਿਆਨ ਅਨੁਸਾਰ ਪਾਰਬਤੀ ਨੇ ਆਪਣੇ ਸਰੀਰ ਦੀ ਮੈਲ ਤੋਂ ਗਣੇਸ਼ ਬਣਾਇਆ ਤੇ ਨਹਾਉਣ ਲੱਗੀ ਨੇ ਉਸ ਨੂੰ ਚੌਕਸੀ ਲਈ ਬਾਹਰ ਬਿਠਾਇਆ। ਇਸ ਦੌਰਾਨ ਬਾਹਰੋਂ ਉਸ ਦਾ ਪਤੀ ਸ਼ਿਵ ਆਇਆ ਤੇ ਪਾਰਬਤੀ ਦੇ ਭਵਨ ਘੁਸਣ ਲੱਗਾ। ਗਣੇਸ਼ ਦੇ ਰੋਕਣ 'ਤੇ ਸ਼ਿਵ ਨੇ ਉਸ ਦਾ ਸਿਰ ਵੱਢ ਦਿੱਤਾ। ਪਾਰਬਤੀ ਦੁਖੀ ਹੋਈ ਤਾਂ ਉਸ ਨੂੰ ਖੁਸ਼ ਕਰਨ ਲਈ ਗਣੇਸ਼ ਦੇ ਹਾਥੀ ਦਾ ਸਿਰ ਲਾ ਦਿੱਤਾ। ਇਕ ਹੋਰ ਕਥਾ ਅਨੁਸਾਰ ਪਾਰਬਤੀ ਨੇ ਆਪਣੀ ਕਲਪਨਾ ਨਾਲ ਗਣੇਸ਼ ਦਾ ਸਿਰ ਹਾਥੀ ਜਿਹਾ ਬਣਾ ਦਿੱਤਾ।

ਇਕ ਮਤ ਅਨੁਸਾਰ ਆਦਿਮ ਯੁੱਗ ਵਿਚ ਇਕ ਯਕਸ਼ ਰਾਖਸ਼ ਲੋਕਾਂ ਨੂੰ ਵਿਘਨ ਬਣ ਕੇ ਦੁਖੀ ਕਰਦਾ ਸੀ ਉਹੀ ਯਕਸ਼ ਕਾਲੰਤਰ ਵਿਚ ਗਣੇਸ਼ ਰੂਪ ਵਿਚ ਪੂਜਿਆ ਜਾਣ ਲੱਗਾ। ਇਸ ਕਰਕੇ ਉਸ ਦਾ ਨਾਂ ਵਿਘਨੇਸ਼ਵਰ ਵੀ ਪ੍ਰਚਲਤ ਹੋਇਆ। ਗਣੇਸ਼ ਨੂੰ ਸ਼ਿਵ ਦਾ ਹੀ ਦੂਜਾ ਨਾਂ ਵੀ ਕਿਹਾ ਜਾਂਦਾ ਹੈ। ਸਭ ਯਕਸ਼ ਸ਼ਿਵ ਦੇ ਗਣ ਬਣ ਗਏ ਤਾਂ ਸ਼ਿਵ ਗਣੇਸ਼ ਜਾਂ ਗਣਪਤੀ ਕਹਾਉਣ ਲੱਗ ਪਿਆ। ਚਲੋ ਗਣੇਸ਼ ਸ਼ਬਦ ਤੋਂ ਥੋੜੀ ਸਹਾਇਤਾ ਲੈਂਦੇ ਹਾਂ। ਗਣੇਸ਼ ਸ਼ਬਦ ਬਣਿਆ ਹੈ ਗਣ+ਈਸ਼ ਤੋਂ। ਗਣ ਸ਼ਬਦ ਦੇ ਕਈ ਅਰਥ ਹਨ ਜਿਵੇਂ ਦਲ, ਜਥਾ, ਗਰੋਹ, ਝੁੰਡ, ਸਮੂਹ, ਗਿਣਤੀ, ਕਬੀਲਾ; ਸ਼੍ਰੇਣੀ, ਜਮਾਤ, ਚੇਲੇ ਬਾਲਕੇ, ਸੇਵਾਦਾਰ ਖਾਸ ਤੌਰ 'ਤੇ ਦੇਵਤਿਆਂ ਦੇ, ਫਿਰਕਾ ਆਦਿ। ਈਸ਼ ਦਾ ਅਰਥ ਮਾਲਕ, ਸੁਆਮੀ ਹੁੰਦਾ ਹੈ। ਗਣਪਤੀ ਵਿਚਲੇ ਪਤੀ ਦਾ ਅਰਥ ਵੀ ਮਾਲਕ, ਸੁਆਮੀ ਹੀ ਹੁੰਦਾ ਹੈ। ਗਣੇਸ਼/ਗਣਪਤੀ ਵਿਚਲੇ ਗਣ ਦਾ ਅਰਥ ਕਬੀਲਾ ਜਿਹਾ ਹੁੰਦਾ ਹੈ ਹਾਲਾਂ ਕਿ ਕਈ ਵਿਦਵਾਨਾਂ ਨੇ ਹੋਰ ਵੀ ਅਰਥ ਕੀਤੇ ਹਨ।

ਅਸਲ ਵਿਚ "ਲੋਕਾਇਤਾ" ਦੇ ਲੇਖਕ ਦੇਬੀ ਪ੍ਰਸਾਦ ਚਟੋਪਾਧਿਆਏ ਨੇ ਗਣੇਸ਼/ਗਣਪਤੀ ਦੇਵਤੇ ਦੇ ਉਭਾਰ ਬਾਰੇ ਖੂਬ ਲਿਖਿਆ ਹੈ ਤੇ ਮੈਂ ਅੱਜ ਸੰਖੇਪ ਵਿਚ ਉਸੇ ਦੀ ਚਰਚਾ ਕਰਨੀ ਚਾਹੁੰਦਾ ਹਾਂ। ਉਸ ਅਨੁਸਾਰ ਗਣੇਸ਼ ਆਦਿ ਕਾਲੀ ਸਮਾਜ ਦੇ ਕਬੀਲਾਈ ਪ੍ਰਬੰਧ ਦਾ ਇਕ ਨਾਇਕ ਸੀ। ਉਦੋਂ ਅਜੇ ਰਾਜ ਦੀ ਸੰਸਥਾ ਨਹੀਂ ਸੀ ਉਭਰੀ। ਕਬੀਲਾਈ ਵਿਵਸਥਾ ਵਿਚ ਵਾਫਰ ਧਨ ਪੈਦਾ ਨਹੀਂ ਹੁੰਦਾ, ਸੋ ਸਭ ਕੁਝ ਵੰਡ ਕੇ ਖਾਧਾ ਜਾਂਦਾ ਸੀ। ਕਬੀਲਾ ਜਾਂ ਗਣ-ਸਮੂਹ ਦੇ ਆਪਣੇ ਆਪਣੇ ਟੌਟਮ ਹੁੰਦੇ ਸਨ। ਆਮ ਤੌਰ 'ਤੇ ਤਾਂ ਵੱਖੋ ਵੱਖਰੇ ਜਾਨਵਰਾਂ ਨੂੰ ਹੀ ਟੌਟਮ ਬਣਾਇਆ ਜਾਂਦਾ ਸੀ ਪਰ ਇਹ ਕੁਦਰਤ ਦੀ ਕੋਈ ਹੋਰ ਸ਼ੈਅ ਜਿਵੇਂ ਪੌਦੇ ਆਦਿ ਵੀ ਹੋ ਸਕਦੇ ਹਨ। ਗਣੇਸ਼ ਅਜਿਹੇ ਕਿਸੇ ਕਬੀਲੇ ਦਾ ਇਕ ਸਾਬਤ ਸੂਰਤ ਨਾਇਕ ਉਭਰ ਕੇ ਆਇਆ ਜਿਸ ਦਾ ਟੌਟਮਿਕ ਚਿੰਨ੍ਹ ਹਾਥੀ ਸੀ। ਇਸ ਤਰ੍ਹਾਂ ਗਣੇਸ਼/ਗਣਪਤੀ ਦਾ ਅਰਥ ਹੋਇਆ- ਹਾਥੀ ਟੌਟਮ ਵਾਲੇ ਗਣ-ਸਮੂਹ ਦਾ ਸੁਆਮੀ। ਇਹ ਕਬੀਲਾ ਸੰਭਵ ਤੌਰ 'ਤੇ ਗੈਰ-ਆਰਿਆਈ ਸੀ। ਇਹ ਬਹੁਤ ਬਲਵਾਨ, ਜੰਗਜੂ, ਆਰਿਆਈ ਕਬੀਲਿਆਂ ਜਾਂ ਰਾਜਾਂ ਨੂੰ ਵਖਤ ਪਾਉਣ ਵਾਲਾ ਸੀ। ਇਸੇ ਲਈ ਇਸ ਦਾ ਨਾਂ ਵਿਘਨੇਸ਼ਵਰ ਵੀ ਸੀ ਜਿਸ ਦਾ ਅਰਥ ਹੈ- ਹੋਰਨਾਂ ਲਈ ਮੁਸੀਬਤਾਂ ਖੜ੍ਹੀਆਂ ਕਰਨ ਵਾਲਾ, ਵਿਘਨ ਪਾਉਣ ਵਾਲਾ। ਦਿਲਚਸਪ ਗੱਲ ਹੈ ਕਿ ਅੱਜ ਗਣੇਸ਼ ਨੂੰ ਵਿਘਨਾਂ ਤੋਂ ਬਚਾਉਣ ਵਾਲਾ ਸਮਝਿਆ ਜਾਂਦਾ ਹੈ ਤੇ ਕਿਸੇ ਵੀ ਕੰਮ ਦੇ ਸ਼ੁਰੂ ਹੋਣ ਤੋਂ ਪਹਿਲਾਂ ਇਸ ਦੀ ਪੂਜਾ ਇਸ ਲਈ ਕੀਤੀ ਜਾਂਦੀ ਹੈ ਕਿ ਇਹ ਆਪਣੀ ਦੈਵੀ ਸ਼ਕਤੀ ਨਾਲ ਕੀਤੇ ਜਾਣ ਵਾਲੇ ਕੰਮਾਂ ਨੂੰ ਨਿਰਵਿਘਨ ਹੋਣ ਦੇਵੇ। ਸ੍ਰੀ ਗਣੇਸ਼ ਮੁਹਾਵਰਾ ਇਥੋਂ ਹੀ ਸ਼ੁਰੂ ਹੋਇਆ।

ਗਣਪਤੀ ਦੇ ਕਬੀਲੇ ਨੇ ਤਥਾਕਥਿਤ ਗਣੇਸ਼ ਦੀ ਅਗਵਾਈ ਵਿਚ ਆਪਣੀ ਤਾਕਤ ਦੇ ਬਲਬੂਤੇ ਇਕ ਹੋਰ ਕਬੀਲੇ ਨੂੰ ਲੜਾਈ ਵਿਚ ਜ਼ਬਰਦਸਤ ਸ਼ਿਕਸਤ ਦਿੱਤੀ। ਇਸ ਕਬੀਲੇ ਦਾ ਟੌਟਮਿਕ ਚਿੰਨ੍ਹ ਚੂਹਾ ਸੀ। ਇਸੇ ਲਈ ਗਣੇਸ਼ ਦੇਵਤੇ ਦਾ ਵਾਹਨ ਚੂਹਾ ਹੁੰਦਾ ਹੈ, ਦੂਜੇ ਗਣ ਦੇ ਟੌਟਮ ਨੂੰ ਵਾਹਣ ਬਣਾਉਣ ਦਾ ਮਤਲਬ ਹੈ ਕਿ ਉਸ ਨੂੰ ਅਧੀਨ ਕਰ ਲਿਆ ਗਿਆ ਹੈ, ਵਰਨਾ ਇਕ ਹਾਥੀ ਜਿੱਡੇ ਸਿਰ ਵਾਲੇ ਦੇਵਤੇ ਦਾ ਵਾਹਨ ਚੂਹਾ ਹੋਣਾ ਕਿੱਡੀ ਹਾਸੋਹੀਣੀ ਗੱਲ ਹੈ।

ਮੌਰੀਆ ਕਾਲ ਤੋਂ ਪਹਿਲਾਂ ਗਣੇਸ਼ ਦਾ ਦੇਵਤੇ ਦੇ ਤੌਰ 'ਤੇ ਖਾਸ ਜ਼ਿਕਰ ਨਹੀਂ ਮਿਲਦਾ। ਹੌਲੀ ਹੌਲੀ ਗਣੇਸ਼ ਦੀ ਮਾਨਤਾ ਵਧਦੀ ਗਈ ਤੇ ਚੰਦਰਗੁਪਤ ਦੇ ਕਾਲ ਵਿਚ ਇਸ ਦਾ ਪੂਰੀ ਤਰ੍ਹਾਂ ਦੈਵੀਕਰਣ ਹੋ ਗਿਆ ਅਰਥਾਤ ਇਹ ਦੇਵਤਿਆਂ ਦੀ ਸ਼੍ਰੇਣੀ ਵਿਚ ਆ ਗਿਆ। ਫਿਰ ਤਾਂ ਇਹ ਦੇਵਤਾ ਵੀ ਪ੍ਰਮੁਖ ਬਣ ਗਿਆ। ਕਹਿਣ ਦਾ ਭਾਵ ਕਿ ਕਬੀਲਾਈ ਅਵਸਥਾ ਤੋਂ ਅਗਲੀ ਸਟੇਜ ਰਾਜ ਵਿਵਸਥਾ ਵਿਚ ਵਿਚਰ ਰਹੇ ਆਰਿਆਈ ਲੋਕਾਂ ਨੇ ਗਣੇਸ਼ ਨੂੰ ਪੂਰੀ ਤਰ੍ਹਾਂ ਅਪਨਾ ਲਿਆ। ਬਹੁਤ ਸਾਰੇ ਵਿਦਵਾਨਾਂ ਦਾ ਵਿਚਾਰ ਹੈ ਕਿ ਕ੍ਰਿਸ਼ਨ ਵੀ ਮੁਢਲੇ ਤੌਰ 'ਤੇ ਗੈਰ-ਆਰਿਆਈ ਨਾਇਕ ਸੀ। ਇਕ ਹੋਰ ਗੱਲ ਕਿ ਪੁਰਾਣੇ ਗ੍ਰੰਥਾਂ ਵਿਚ ਘਟੋ ਘਟ ਚਾਰ ਗਣਪਤੀਆਂ ਦੇ ਹੋਣ ਦੀ ਗਵਾਹੀ ਮਿਲਦੀ ਹੈ ਤੇ ਸਭਨਾਂ ਦੇ ਮੂੰਹ ਪਸ਼ੂਆਂ ਜਿਹੇ ਸਨ। ਖਿਆਲ ਹੈ ਕਿ ਹੌਲੀ ਹੌਲੀ ਸਭ ਨੂੰ ਇਕੱਲੇ ਗਣੇਸ਼ ਵਿਚ ਹੀ ਸਮਾ ਦਿੱਤਾ ਗਿਆ। ਇਸ ਕਾਲ ਵਿਚ ਗਣੇਸ਼ ਦਾ ਦੈਵੀਕਰਣ ਕਰਨ ਲਈ ਬੇਸ਼ੁਮਾਰ ਮਿਥਾਂ ਘੜੀਆਂ ਗਈਆਂ ਜਿਨ੍ਹਾਂ ਵਿਚ ਇਸ ਗੱਲ ਨੂੰ ਲੁਕੋਇਆ ਗਿਆ ਕਿ ਗਣੇਸ਼ ਕੋਈ ਅਜਿਹੇ ਹਾਥੀ ਟੌਟਮ ਵਾਲੇ ਕਬੀਲੇ ਦਾ ਮੁਖੀ ਸੀ ਜਿਸ ਤੋਂ ਆਰਿਆਈ ਲੋਕ ਤ੍ਰਹਿੰਦੇ ਸਨ। ਗਣੇਸ਼ ਦੀ ਪੂਜਾ ਸਮੇਂ ਗਣੇਸ਼ ਸਹੰਸਰਨਾਮਾਂ (ਗਣੇਸ਼ ਦੇ ਹਜ਼ਾਰ ਨਾਂ) ਜਪਿਆ ਜਾਂਦਾ ਹੈ। "ਅਮਰਕੋਸ਼" ਵਿਚ ਗਣੇਸ਼ ਦੇ ਕੁਝ ਨਾਂਵਾਂ ਦਾ ਜ਼ਿਕਰ ਹੈ ਜਿਵੇਂ ਵਿਨਾਇਕ, ਵਿਘਨਰਾਜਾ, ਦਵੈਮਾਤਰਾ (ਦੋ ਮਾਤਾਵਾਂ ਵਾਲਾ), ਦਵੈ-ਦੇਹਕ, ਗਣਾਧੀਪ, ਏਕਦੰਤ, ਲੰਬੋਦਰਾ (ਗੋਗੜ ਵਾਲਾ) ਅਤੇ ਗਜਾਨਨ (ਹਾਥੀ ਸਿਰਾ)।

ਸ਼ੁਰੂ ਵਿਚ ਅਸੀਂ ਕੁਝ ਮਿਥਾਂ ਦਾ ਜ਼ਿਕਰ ਕੀਤਾ ਹੈ ਜੋ ਆਪਣੇ ਵਲੋਂ ਉਸ ਦੇ ਹਾਥੀ ਜਿਹੇ ਸਿਰ ਹੋਣ ਦੀ ਵਿਆਖਿਆ ਕਰਦੀਆਂ ਹਨ। ਗਣੇਸ਼ ਨੂੰ ਵਿਦਵਤਾ ਅਤੇ ਕਲਾਵਾਂ ਦਾ ਦੇਵਤਾ ਵੀ ਕਿਹਾ ਜਾਂਦਾ ਹੈ। ਰਵਾਇਤ ਹੈ ਕਿ ਵਿਆਸ ਨੇ ਮਹਾਭਾਰਤ ਗਣੇਸ਼ ਤੋਂ ਲਿਖਵਾਈ। ਜਿਸ ਦੇ ਸਿਰ 'ਤੇ ਹਾਥੀ ਦਾ ਵੱਡਾ ਸਾਰਾ ਸਿਰ ਲੱਗਾ ਹੋਵੇ ਉਹੀ ਏਡਾ ਦਿਮਾਗੀ ਹੋ ਸਕਦਾ ਹੈ! ਚਟੋਪਾਧਿਆਏ ਦੀ ਇਹ ਸਾਰੀ ਵਿਆਖਿਆ ਕੋਈ ਕਪੋਲ ਕਲਪਨਾ ਨਹੀਂ। ਉਸ ਨੇ ਬੇਸ਼ੁਮਾਰ ਇਤਿਹਾਸਕ ਤੱਥ, ਦਲੀਲਾਂ, ਗਵਾਹੀਆਂ ਤੇ ਇਸ ਦੇ ਸਮਾਨਅੰਤਰ ਦੇਸ਼-ਬਦੇਸ਼ ਵਿਚ ਹੋਏ ਅਜਿਹੇ ਹੋਰੇ ਵਰਤਾਰੇ ਪੇਸ਼ ਕੀਤੇ ਹਨ ਜੋ ਉਸ ਦੇ ਇਸ ਵਿਆਖਿਆ ਨੂੰ ਵਧੇਰੇ ਤਾਰਕਿਕ ਅਤੇ ਮੰਨਣਯੋਗ ਬਣਾਉਂਦੇ ਹਨ।

# ਵਾਰਿਸ ਸ਼ਾਹ ਜੇ ਵੇਖ ਲਏ ਪਿੰਡ ਮੇਰਾ...

*(ਸਫਾ 25 ਦੀ ਬਾਕੀ)*

ਸਤੀਆਂ ਤੇ ਤੇਰਾਂ ਸਥਾਨ ਇਸ ਸਮੇਂ ਦੇ ਦੌਰ 'ਚ ਜਨਮੇ ਪਿੱਤਰਾਂ-ਜਠੇਰਿਆਂ ਦੇ ਹਨ। ਮੇਲੇ ਸਾਰਿਆਂ 'ਤੇ ਲਗਦੇ ਹਨ। ਸਕੂਲ ਹੈ, ਮੱਛੀ ਪਾਲਣ ਕੇਂਦਰ ਫੇਲ੍ਹ ਹੋ ਗਿਆ। ਜ਼ੋਰ ਤੋਂ ਹੱਥ ਖੜ੍ਹੇ ਕਰਦੀ ਜਾ ਰਹੀ ਜਵਾਨੀ ਕਾਰਨ ਹੈਲਥ ਕਲੱਬ ਫੇਲ੍ਹ ਹੋ ਗਿਆ। ਧੜੇਬੰਦੀਆਂ ਕਰ ਕੇ ਖੇਡ ਮੇਲਾ ਹੁੰਦਾ ਨਹੀਂ, ਫੁੱਟਬਾਲ ਕਬੱਡੀ ਨੂੰ ਕ੍ਰਿਕਟ ਨਿਗਲ ਗਈ ਹੈ। ਏਡਜ਼ ਨਾਲ ਵੀ ਮੌਤਾਂ ਹੋ ਗਈਆਂ। ਕਿਰਦਾਰ ਵਿਕਣ ਕਰ ਕੇ ਖਤਰਾ ਹਾਲੇ ਕਾਇਮ ਹੈ। ਬਜ਼ੁਰਗ ਸ਼ਾਂਤ ਹੋ ਰਹੇ ਨੇ ਤੇ ਮੁੰਡ੍ਹੀਰ ਰੌਲਾ ਪਾਉਣ ਲਈ ਕਾਹਲੀ ਹੈ।

ਤੇਜੂ ਤੇ ਬਲਵੀਰੋ ਦੋ ਮੀਆਂ-ਬੀਵੀ ਦੇ ਮਰਾਸੀਆਂ ਤੋਂ ਵੀ ਵੱਡੇ ਹਾਸਰਸ ਕਲਾਕਾਰ ਵਿਚਰੇ ਹਨ ਜਿਨ੍ਹਾਂ ਦੀ ਗੱਲ ਕਦੇ ਫੇਰ ਕਰਾਂਗਾ। ਆਜ਼ਾਦੀ ਤੋਂ ਬਾਅਦ ਲਖਵੀਰ ਸਿੰਘ, ਪਿਆਰਾ ਸਿੰਘ, ਕੈਪਟਨ ਹਰੀ ਸਿੰਘ, ਗਰੀਬ ਦਾਸ, ਅਵਤਾਰ ਸਿੰਘ ਢਾਡੀ, ਅਵਤਾਰ ਗਹੂਣੀਆਂ, ਲਛਮੀ ਦੇਵੀ, ਕੁਲਦੀਪ ਸਿੰਘ ਸਰਪੰਚ ਰਹੇ। ਗੁਰਬਖ਼ਸ਼ ਸਿੰਘ, ਭਾਨ ਸਿੰਘ ਤੇ ਦੀਵਾਨ ਸਿੰਘ ਬਿਨਾਂ ਕਾਨੂੰਨੀ ਪੜ੍ਹਾਈ ਦੇ ਪਿੰਡ ਅੜਿੱਕਾ ਪਾਊ ਵਕੀਲ ਰਹੇ ਹਨ। ਪ੍ਰੋ. ਰਜਿੰਦਰ ਸ਼ਰਮਾ ਨੇ ਅਮਰੀਕਾ ਵਿਚ ਪ੍ਰੋਫੈਸਰ ਲੱਗ ਕੇ ਜਸ ਖੱਟਿਆ ਹੈ। ਬੰਤ ਸਿੰਘ ਇੰਗਲੈਂਡ ਵਿਚ ਤੇ ਕੈਨੇਡਾ ਵਿਚ ਗੁਰਚਰਨ ਭੌਰਾ ਤੇ ਸੁਖਵਿੰਦਰ ਭੌਰਾ, ਇਟਲੀ ਵਿਚ ਹਿੰਮਤ ਚੇੜਾ 'ਤੇ ਪਿੰਡ ਮਾਣ ਕਰਦਾ ਹੈ।

ਖੀਰਾਂ-ਪੂੜਿਆਂ ਦੀ ਗੱਲ ਮੁੱਕ ਗਈ ਹੈ, ਪੀਘਾਂ ਨਹੀਂ ਪੈਂਦੀਆਂ। ਜਾਤ-ਪਾਤ ਦੇ ਪੱਧਰ 'ਤੇ ਹੀ ਤਿੰਨ ਕਬਰਸਤਾਨ ਹਨ। ਪਿੰਡ ਦੇ ਚਹੁੰ ਪਾਸੀਂ ਸ਼ਰਾਬ ਦੇ ਠੇਕੇ ਹਨ, ਬਾਕੀ ਨਸ਼ਾ ਮੋਟਰ ਸਾਇਕਲਾਂ 'ਤੇ ਘੁੰਮਦਾ ਹੈ। ਦਿਨ ਢਲਦਿਆਂ ਹੀ ਹਰ ਦੂਜੇ ਘਰ ਵਿਚੋਂ ਸਾਇਕਲ, ਸਕੂਟਰ ਠੇਕੇ ਵੱਲ ਜਾ ਰਹੇ ਹੁੰਦੇ ਹਨ।

ਪਰ ਜਿਹੜੀ ਨਿਸ਼ਾਨੀ ਹਾਲੇ ਪਿੰਡ ਦੀ ਬਚਦੀ ਹੈ, ਉਸੇ ਕਰ ਕੇ ਤੁਹਾਨੂੰ ਸਲਾਹ ਦਿਆਂਗਾ ਕਿ ਕਦੇ ਮੌਕਾ ਮਿਲਿਆ ਤਾਂ ਮੇਰੇ ਪਿੰਡ ਭੌਰੇ ਗੇੜਾ ਮਾਰਿਓ ਜੂਨ-ਜੁਲਾਈ ਦੇ ਮਹੀਨੇ। ਦੋ ਕਿੱਲਿਆਂ 'ਚ ਦੇਸੀ ਖਜੂਰਾਂ ਨੇ। ਜਦੋਂ ਅਸੀਂ ਛੋਟੇ ਸਾਂ ਤਾਂ ਇਨ੍ਹਾਂ ਮਹੀਨਿਆਂ ਵਿਚ ਉਥੇ ਸ਼ਾਮ ਵੇਲੇ ਰੱਜ ਕੇ ਰੌਣਕ ਹੁੰਦੀ ਸੀ। ਪਿੰਡ ਵਾਲੇ ਰਿਸ਼ਤੇਦਾਰਾਂ ਨੂੰ ਖਜੂਰਾਂ ਤੋਹਫੇ ਵਿਚ ਭੇਜਦੇ ਸਨ। ਉਹ ਗੱਲ ਤਾਂ ਨਹੀਂ, ਫਿਰ ਵੀ ਗੱਲ ਤਾਂ ਹੈਗੀ ਆ।

ਪਿੰਡ ਦੇ ਵਿਚਾਲੇ ਦੋ ਉਚੀਆਂ ਖਜੂਰਾਂ, ਟੈਲੀਫੋਨ ਦਾ ਟਾਵਰ ਦੇਖ ਕੇ ਦੂਰੋਂ ਪਤਾ ਲੱਗ ਜਾਂਦਾ ਹੈ ਜਦੋਂ ਬੰਗਿਆਂ ਤੋਂ ਸ੍ਰੀ ਆਨੰਦਪੁਰ ਸਾਹਿਬ ਮਾਰਗ 'ਤੇ ਨੌਰੇ ਤੋਂ ਅੱਗੇ ਖੱਬੇ ਪਾਸੇ ਦੇਖੋ ਕਿ 'ਆਹ ਹੈ ਪਿੰਡ ਭੌਰਾ।'

ਕਈ ਵਾਰ ਮਾਂ-ਬਾਪ ਦੇ ਸਾਰੇ ਅੜਿੱਕੇ ਡਾਹੁਣ ਦੇ ਬਾਵਜੂਦ ਕਈ ਜੀਅ ਘਰ ਵਿਚ ਆ ਹੀ ਜਾਂਦੇ ਹਨ, ਪਰ ਹੁੰਦੇ ਉਸ ਫੁਲਕੇ ਵਰਗੇ ਹਨ ਜਿਹੜਾ ਰੱਜਿਆ ਬੰਦਾ ਵੀ ਸੁਆਦ ਵਿਚ ਵਾਧੂ ਖਾ ਲੈਂਦਾ ਹੈ। ਹੋ ਸਕਦਾ ਹੈ, ਪਿੰਡ ਵਿਚ ਮੇਰੀ ਆਮਦ ਇੱਦਾਂ ਹੀ ਹੋਈ ਹੋਵੇ, ਪਰ ਪਿਛਲੇ ਕੁਝ ਵਰ੍ਹਿਆਂ ਤੋਂ ਪਿੰਡ ਮੈਂ ਆਪਣੀ ਮਾਂ ਪ੍ਰਕਾਸ਼ ਕੌਰ ਦੇ ਨਾਂ 'ਤੇ ਅੱਖਾਂ ਦਾ ਮੁਫਤ ਕੈਂਪ ਲਾਉਂਦਾ ਹਾਂ। ਐਤਕਾਂ ਪਿੰਡ ਦਾ ਇਕ ਬਜ਼ੁਰਗ ਤਾਰਾ ਸਿੰਘ ਜਿਸ ਨੂੰ ਸਾਰੇ ਬਾਈ ਹੀ ਕਹਿੰਦੇ ਹਨ, ਜਦੋਂ ਉਪਰੇਸ਼ਨ ਤੋਂ ਬਾਅਦ ਉਹਦੀਆਂ ਅੱਖਾਂ ਤੋਂ ਡਾਕਟਰ ਨੇ ਪੱਟੀ ਖੋਲ੍ਹੀ, ਤਾਂ ਉਹ ਮੇਰਾ ਮੋਢਾ ਫੜ ਕੇ ਕਹਿਣ ਲੱਗਾ, "ਤੇਰੇ ਘਰ ਦੇ ਕੋਲ ਮੰਤਰੀਆਂ ਦੀ ਮਾਂ ਦੀ ਕਬਰ ਢਹਿ-ਢੇਰੀ ਹੋਈ ਪਈ ਹੈ, ਬਾਕੀ ਜ਼ਮੀਨ ਵੇਚ ਲਈ। ਜਿਉਂਦਾ ਰਹਿ ਜੁਆਨਾ, ਪੁੱਤ ਹੋਵੇ ਤਾਂ ਤੇਰੇ ਵਰਗਾ। ਪਿੰਡ ਦਾ ਨਾਂ ਤਾਂ 'ਤਹਾਂ ਚੱਕ ਹੀ ਦਿੱਤਾ ਮਾਂ ਦੇ ਨਾਂ 'ਤੇ ਅੱਖਾਂ ਦੇ ਕੈਂਪ ਲਾਉਨੈਂ...ਮਾਣ ਹੈ ਤੇਰੇ 'ਤੇ।"

ਤੇ ਮੈਨੂੰ ਲੱਗਾ ਸੀ, ਆਹ ਮਿਲਿਆ ਸਾਹਿਤ ਅਕਾਦਮੀ ਦਾ ਪੁਰਸਕਾਰ।

## ਗੱਲ ਬਣੀ ਕਿ ਨਹੀਂ

*-ਐਸ. ਅਸ਼ੋਕ ਭੌਰਾ*

### *ਹਾਕਮ ਕੱਫਣ ਪਾਉਣ*

ਨਾ ਉਹ ਸੁਰਮਾ ਰਹਿ ਗਿਆ ਨਾ ਮਟਕਾਉਣ ਦਾ ਚੱਜ।
ਕੱਲ੍ਹ ਦੀਆਂ ਟਾਹਰਾਂ ਮਾਰਦੇ, ਪੱਲੇ ਹੈ ਨਹੀਂ ਅੱਜ।
ਬੰਦੂਕਾਂ ਹੇਠ ਲਕੋ ਲਿਆ ਫੜ੍ਹ ਕੇ ਜੋਰਾ ਜਰ
ਦੁਨੀਆਂ ਫਿਰਦੀ ਭਾਲਦੀ ਕਿਥੇ ਕਰੀਏ ਹੱਜ।
ਚਿੜੀਆਂ ਖਾਧੀਆਂ ਬਾਜ਼ ਨੇ ਕੂੰਜਾਂ ਛੱਡਣ ਡਾਰ
ਔਰਤ ਧਾਹਾਂ ਮਾਰਦੀ ਤਨ ਨਹੀਂ ਹੁੰਦਾ ਕੱਜ।
ਲੋਕੀਂ ਤਰਲੇ ਮਾਰਦੇ ਨਾ ਇੰਦਰ ਸੁਣੇ ਪੁਕਾਰ
ਮਘੇਲਾ ਨਹੀਂਓਂ ਵਰ੍ਹੇਗਾ ਬੱਦਲ ਹਟ ਜੂ ਗੱਜ।
ਲੀਡਰ ਨੇ ਸਹੁੰ ਚੁੱਕ ਲਈ ਮੂਹਰੇ ਰੱਖ ਸੰਵਿਧਾਨ
ਮੁਲਕ ਤਾਂ ਲੁੱਟਣਾ ਪਏਗਾ ਊਂ ਨਹੀਂ ਆਉਣਾ ਰੱਜ।
ਰੋਂਦੇ ਸੰਖ, ਘੜਿਆਲ ਅਤੇ ਚਿਮਟਾ ਰੋਂਦਾ ਅੱਡ
ਬਸੰਤ ਲੁੱਟ ਕੇ ਲੈ ਗਏ ਸਾਡਾ ਲਾ ਕੇ ਪੱਜ।
ਉਠ ਮਨਾਂ ਮੂਰਖਾ ਹੁਣ ਦੇ ਗੋਡੇ ਹੇਠਾਂ ਧੌਣ
ਅੰਦਰੋਂ ਮਰੀ ਮਨੁੱਖਤਾ ਹਾਕਮ ਕੱਫਣ ਪਾਉਣ।

## ਗਜ਼ਲ

ਕਿਸ ਨੂੰ ਹੈ, ਕਿਸ ਦੀ ਪਰਵਾਹ।
ਹੁੰਦੇ ਨੇਂ, ਹਰ ਰੋਜ ਗੁਨਾਹ।
ਆਪੇ ਹੀ ਮਜ਼ਲੂਮ ਤੇ ਮੁਲਜ਼ਮ,
ਆਪ ਹੀ ਮੁਨਸਿਫ ਆਪ ਗਵਾਹ।


ਸੋਚਾਂ, ਕਿੱਧਰ ਜਾਵਾਂ ਹੁਣ,
ਮੰਦਿਰ, ਗੁਰੂ ਘਰ ਜਾਂ ਦਰਗਾਹ?
ਨੇਤਾ ਹੈ, ਘਰ ਦਾ ਹਰ ਜੀਅ,
ਕਿਸ ਦਾ ਦੱਸੋ ਕਰਾਂ ਵਿਸਾਹ?

ਰੁੱਖ ਨਾਲ ਨਾ, ਲੋਥ ਜਲਾਇਓ,
ਮੇਰਾ ਕਰਿਓ ਜਲ-ਪ੍ਰਵਾਹ।
ਸਾਡੇ ਬਿਨ ਰੁੱਖ, ਜੀਣਗੇ ਪਰ,
ਇਨ੍ਹਾਂ ਬਿਨ ਨਾ 'ਸੈਂਪਲੇ' ਸਾਹ।

*-ਨਾਇਬ ਸਿੰਘ 'ਸੈਂਪਲੇ'*
*ਫੋਨ: 91-98724-05203*

## ਨਸ਼ਿਆਂ ਦੀ ਮਾਰ ਬਾਰੇ ਫਿਲਮ

# ਉੜਤਾ ਪੰਜਾਬ



ਨੌਜਵਾਨ ਫਿਲਮਸਾਜ਼ ਅਭਿਸ਼ੇਕ ਚੌਬੇ ਆਪਣੇ ਹਥਿਆਰ ਕੈਮਰੇ ਨਾਲ।



ਫਿਲਮ 'ਡੇਢ ਇਸ਼ਕੀਆ' ਵਿਚ ਅਦਾਕਾਰਾ ਮਾਧੁਰੀ ਦੀਕਸ਼ਿਤ ਨੂੰ ਸੀਨ ਸਮਝਾ ਰਿਹਾ ਅਭਿਸ਼ੇਕ ਚੌਬੇ।



ਅਭਿਸ਼ੇਕ ਚੌਬੇ

ਨੌਜਵਾਨ ਫਿਲਮਸਾਜ਼ ਅਭਿਸ਼ੇਕ ਚੌਬੇ ਪੰਜਾਬ ਬਾਰੇ ਫਿਲਮ ਬਣਾ ਰਿਹਾ ਹੈ ਜਿਸ ਫਿਲਮ ਦਾ ਨਾਂ ਉਸ ਨੇ 'ਉੜਤਾ ਪੰਜਾਬ' ਰੱਖਿਆ ਹੈ। ਇਹ ਫਿਲਮ ਪੰਜਾਬ ਉਤੇ ਨਸ਼ਿਆਂ ਦੀ ਪੈ ਰਹੀ ਮਾਰ ਬਾਰੇ ਹੈ ਅਤੇ ਇਸ ਵਿਚ ਨਸ਼ਿਆਂ ਕਾਰਨ ਤਬਾਹ ਹੋ ਰਹੇ ਨੌਜਵਾਨਾਂ ਦੀ ਮਾਰਮਿਕ ਕਹਾਣੀ ਬਿਆਨ ਕੀਤੀ ਗਈ ਹੈ। ਅਭਿਸ਼ੇਕ ਚੌਬੇ ਦਾ ਕਹਿਣਾ ਹੈ ਕਿ ਉਹ ਪਿਛਲੇ ਸਾਲਾਂ ਦੌਰਾਨ ਪੰਜਾਬ ਵਿਚ ਨਸ਼ਿਆਂ ਬਾਰੇ ਲਗਾਤਾਰ ਆ ਰਹੀਆਂ ਖਬਰਾਂ ਤੋਂ ਬਹੁਤ ਜ਼ਿਆਦਾ ਫਿਕਰਮੰਦ ਹੈ। ਇਸੇ ਕਰ ਕੇ ਹੀ ਸ਼ਾਇਦ ਉਸ ਦੇ ਦਿਲੋ-ਦਿਮਾਗ਼ ਉਤੇ ਇਹ ਵਿਸ਼ਾ ਛਾਇਆ ਹੋਇਆ ਹੈ ਅਤੇ ਉਸ ਨੂੰ ਲਗਾਤਾਰ ਪ੍ਰੇਸ਼ਾਨ ਕਰ ਰਿਹਾ ਹੈ। ਇਸ ਦਾ ਨਤੀਜਾ ਹੁਣ ਇਹ ਨਿਕਲਿਆ ਹੈ ਕਿ ਇਸ ਵਿਸ਼ੇ ਬਾਰੇ ਹੁਣ ਇਕ ਕਹਾਣੀ ਬਣਨੀ ਸ਼ੁਰੂ ਹੋ ਗਈ ਹੈ। ਉਹ ਬੜੇ ਜ਼ੋਰ-ਸ਼ੋਰ ਨਾਲ ਇਸ ਸਬੰਧੀ ਕੰਮ ਕਰ ਰਿਹਾ ਹੈ ਅਤੇ ਇਸੇ ਸਿਲਸਿਲੇ ਵਿਚ ਹੋਰ ਲੋਕਾਂ ਨੂੰ ਲਗਾਤਾਰ ਮਿਲ ਰਿਹਾ ਹੈ। ਉਹ ਚਾਹੁੰਦਾ ਹੈ ਕਿ ਉਹ ਇਸ ਵਿਸ਼ੇ ਉਤੇ ਅਜਿਹੀ ਫਿਲਮ ਬਣਾਏ ਜੋ ਸਭ ਦਾ ਧਿਆਨ ਖਿੱਚੇ ਅਤੇ ਨਾਲ ਦੀ ਨਾਲ ਸਭ ਦਾ ਧਿਆਨ ਨਸ਼ਿਆਂ ਦੀ ਇਸ ਵਿਕਰਾਲ ਸਮੱਸਿਆ ਵੱਲ ਜਾਵੇ। ਅਭਿਸ਼ੇਕ ਭਾਵੇਂ ਸਿਨੇਮਾ ਦੀਆਂ ਸੀਮਾਵਾਂ ਤੋਂ ਪੂਰੀ ਤਰ੍ਹਾਂ ਵਾਕਿਫ ਹੈ, ਪਰ ਉਸ ਦਾ ਮੰਨਣਾ ਹੈ ਕਿ ਸਿਨੇਮਾ ਅੱਜ ਵੀ ਸਮਾਜਕ ਤਬਦੀਲੀ ਵਿਚ ਅਹਿਮ ਰੋਲ ਨਿਭਾਅ ਸਕਦਾ ਹੈ।

ਅਭਿਸ਼ੇਕ ਚੌਬੇ ਦੀ ਪੰਜਾਬ ਬਾਰੇ ਇਸ ਫਿਲਮ ਲਈ ਅੱਜ ਕੱਲ੍ਹ ਸ਼ਾਹਿਦ ਕਪੂਰ ਤੇ ਪ੍ਰਿਯਕਾ ਚੋਪੜਾ ਦੇ ਨਾਂਵਾਂ ਦੀ ਚਰਚਾ ਹੋ ਰਹੀ ਹੈ। ਪਹਿਲਾਂ ਇਸ ਫਿਲਮ ਲਈ ਪ੍ਰਿਯੰਕਾ ਚੋਪੜਾ ਦੀ ਚਚੇਰੀ ਭੈਣ ਪਰਿਣਿਤੀ ਚੋਪੜਾ ਦੀ ਗੱਲ ਚੱਲ ਰਹੀ ਸੀ। ਉਸ ਨੇ ਸਗੋਂ ਖੁਦ ਇਸ ਫਿਲਮ ਵਿਚ ਕੰਮ ਕਰਨ ਦੀ ਇੱਛਾ ਪ੍ਰਗਟਾਈ ਸੀ। ਹੁਣ ਖਬਰ ਹੈ ਕਿ ਇਸ ਫਿਲਮ ਦੀ ਸ਼ੂਟਿੰਗ ਇਸੇ ਸਾਲ ਸ਼ੁਰੂ ਹੋ ਜਾਣੀ ਹੈ ਅਤੇ ਅਭਿਸ਼ੇਕ ਚੌਬੇ ਨੇ ਇਹ ਫਿਲਮ ਰਿਲੀਜ਼ ਕਰਨ ਦਾ ਟੀਚਾ 2015 ਦਾ ਰੱਖਿਆ ਹੈ। ਚੇਤੇ ਰਹੇ ਕਿ ਅਭਿਸ਼ੇਕ ਚੌਬੇ ਇਸ ਤੋਂ ਪਹਿਲਾਂ 'ਇਸ਼ਕੀਆ' (2010) ਅਤੇ 'ਢੇਡ ਇਸ਼ਕੀਆ' (2014) ਵਰਗੀਆਂ ਚਰਚਿਤ ਫਿਲਮਾਂ ਬਣਾ ਚੁੱਕਾ ਹੈ। ਇਨ੍ਹਾਂ ਫਿਲਮਾਂ ਵਿਚ ਨਸੀਰੂਦੀਨ ਸ਼ਾਹ, ਵਿਦਿਆ ਬਾਲਨ, ਵਿਜੇ ਰਾਜ਼, ਅਰਸ਼ਿਦ ਵਾਰਸੀ, ਮਾਧੁਰੀ ਦੀਕਸ਼ਿਤ ਅਤੇ ਹੁਮਾ ਕੁਰੈਸ਼ੀ ਵਰਗੇ ਕਲਾਕਾਰਾਂ ਨੇ ਕੰਮ ਕੀਤਾ ਹੈ। ਉਂਜ ਵੀ ਉਸ ਦਾ ਰਿਕਾਰਡ ਬੜਾ ਵਧੀਆ ਰਿਹਾ ਹੈ। ਉਸ ਨੇ 'ਮਕੜੀ', 'ਮਕਬੂਲ', 'ਦਿ ਬਲੂ ਅੰਬਰੇਲਾ' ਅਤੇ 'ਓਮਕਾਰਾ' ਵਰਗੀਆਂ ਫਿਲਮਾਂ ਲਈ ਬਤੌਰ ਅਸਿਸਟੈਂਟ ਡਾਇਰੈਕਟਰ ਕੰਮ ਕੀਤਾ। ਇਹੀ ਨਹੀਂ, ਉਸ ਨੇ 'ਇਸ਼ਕੀਆ' ਤੇ 'ਢੇਡ ਇਸ਼ਕੀਆ' ਤੋਂ ਇਲਾਵਾ 'ਦਿ ਬਲੂ ਅੰਬਰੇਲਾ', 'ਓਮਕਾਰਾ', 'ਬਲੱਡ ਬ੍ਰਦਰਜ਼', 'ਕਮੀਨੇ' ਅਤੇ 'ਮਟਰੂ ਕੀ ਬਿਜਲੀ ਕਾ ਮਡੋਲਾ' ਵਰਗੀਆਂ ਫਿਲਮਾਂ ਦੀਆਂ ਪਟ-ਕਥਾਵਾਂ ਵੀ ਲਿਖੀਆਂ ਹਨ।


30 ਮਾਰਚ 1977 ਨੂੰ ਜਨਮਿਆ ਅਭਿਸ਼ੇਕ ਚੌਬੇ ਉਤਰ ਪ੍ਰਦੇਸ਼ ਦੇ ਕਸਬਾ ਹੈਦਾਬਾਦ ਦਾ ਰਹਿਣ ਵਾਲਾ ਹੈ। ਦਿੱਲੀ ਯੂਨੀਵਰਸਿਟੀ ਦੇ ਹਿੰਦੂ ਕਾਲਜ ਤੋਂ ਉਸ ਨੇ ਗ੍ਰੈਜੂਏਸ਼ਨ ਕੀਤੀ ਅਤੇ ਫ਼ਿਰ ਆਪਣੇ ਕਰੀਅਰ ਲਈ ਮੁੰਬਈ ਪੁੱਜ ਗਿਆ। ਸਭ ਤੋਂ ਪਹਿਲਾਂ ਉਸ ਨੇ ਫ਼ਿਲਮਸਾਜ਼/ਸੰਗੀਤਕਾਰ ਵਿਸ਼ਾਲ ਭਾਰਦਵਾਜ ਨਾਲ ਕੰਮ ਸ਼ੁਰੂ ਕੀਤਾ ਜੋ ਉਦੋਂ ਆਪਣੀ ਪਹਿਲੀ ਫ਼ਿਲਮ 'ਮਕੜੀ' ਬਣਾ ਰਿਹਾ ਸੀ। ਇਸ ਤੋਂ ਬਾਅਦ ਉਹ ਵਿਸ਼ਾਲ ਭਾਰਦਵਾਜ ਵੱਲੋਂ ਬਣਾਈਆਂ ਫਿਲਮਾਂ 'ਓਮਕਾਰਾ' ਤੇ 'ਕਮੀਨੇ' ਵਿਚ ਉਸ ਦਾ ਅਸਿਸਟੈਂਟ ਬਣਿਆ। ਵਿਸ਼ਾਲ ਉਸ ਦੇ ਕੰਮ ਤੋਂ ਬੜਾ ਪ੍ਰਭਾਵਿਤ ਹੋਇਆ ਅਤੇ ਉਸ ਨੇ ਅਭਿਸ਼ੇਕ ਚੌਬੇ ਖਾਤਰ ਫਿਲਮ 'ਇਸ਼ਕੀਆ' ਦਾ ਨਿਰਮਾਣ ਕੀਤਾ। ਆਪਣੇ ਕੰਮ-ਕਾਰ ਕਰ ਕੇ ਨੌਜਵਾਨ ਫਿਲਮਸਾਜ਼ ਅਭਿਸ਼ੇਕ ਚੌਬੇ ਦੀ ਫਿਲਮੀ ਦੁਨੀਆਂ ਵਿਚ ਬੜੀ ਭੱਲ ਬਣੀ ਹੈ। ਵੱਡੇ ਤੋਂ ਵੱਡਾ ਕਲਾਕਾਰ ਉਸ ਨਾਲ ਕੰਮ ਕਰਨ ਦਾ ਇੱਛੁਕ ਹੈ। ਇਸ ਉਮਰ ਵਿਚ ਇਸ ਤਰ੍ਹਾਂ ਦੀ ਕਮਾਈ ਬਹੁਤ ਘੱਟ ਲੋਕਾਂ ਨੂੰ ਨਸੀਬ ਹੋਈ ਹੈ, ਪਰ ਉਹ ਬਹੁਤ ਨਿਰਮਾਣਤਾ ਨਾਲ ਆਖਦਾ ਹੈ ਕਿ ਉਸ ਦੀ ਇਹ ਕਮਾਈ ਅਸਲ ਵਿਚ ਉਸ ਦੇ ਦਰਸ਼ਕਾਂ ਦਾ ਉਸ ਲਈ ਅਥਾਹ ਪਿਆਰ ਹੀ ਹੈ।

# ਦਿ ਬਲੈਕ ਪ੍ਰਿੰਸ: ਸ਼ਬਾਨਾ ਤੇ ਸਰਤਾਜ ਬਣੇ ਮਾਂ-ਪੁੱਤ

ਨਵਦੀਪ ਕੌਰ ਸੂਰਜਪੁਰ

ਗਾਇਕ ਸਤਿੰਦਰ ਸਰਤਾਜ ਅਤੇ ਅਦਾਕਾਰਾ ਸ਼ਬਾਨਾ ਆਜ਼ਮੀ, ਦੋਵੇਂ ਹੀ ਮਹਾਰਾਜਾ ਦਿਲੀਪ ਸਿੰਘ ਬਾਰੇ ਬਣਾਈ ਜਾ ਰਹੀ ਫਿਲਮ 'ਦਿ ਬਲੈਕ ਪ੍ਰਿੰਸ' ਲਈ ਬੜੇ ਉਤਸੁਕ ਹਨ। ਸਰਤਾਜ ਦੀ ਤਾਂ ਚਲੋ ਇਹ ਪਹਿਲੀ ਫਿਲਮ ਹੈ, ਪਰ ਅਣਗਿਣਤ ਅਤੇ ਵਧੀਆ ਫਿਲਮਾਂ ਵਿਚ ਆਪਣੀ ਅਦਾਕਾਰੀ ਦਾ ਲੋਹਾ ਮੰਨਵਾ ਚੁੱਕੀ ਸ਼ਬਾਨਾ ਆਜ਼ਮੀ ਇਸ ਲਈ ਉਤਸੁਕ ਹੈ ਕਿ ਉਸ ਨੂੰ ਮਹਾਰਾਜਾ ਦਿਲੀਪ ਸਿੰਘ ਦੀ ਮਾਂ ਦਾ ਕਿਰਦਾਰ ਨਿਭਾਉਣ ਦਾ ਮੌਕਾ ਮਿਲਿਆ ਹੈ। ਉਸ ਖੁਸ਼ ਹੈ ਕਿ ਇਸ ਫਿਲਮ ਦੇ ਬਹਾਨੇ ਉਸ ਨੇ ਕਾਫੀ ਸਾਰਾ ਸਿੱਖ ਇਤਿਹਾਸ ਵੀ ਫਰੋਲ ਲਿਆ ਹੈ। ਸਭਿਆਚਾਰਕ ਜਥੇਬੰਦੀ 'ਇਪਟਾ' ਦੀ ਸਰਗਰਮੀ ਦੇ ਦਿਨਾਂ ਦੌਰਾਨ ਉਸ ਦਾ ਸਿੱਧਾ ਵਾਹ ਪੰਜਾਬ ਦੇ ਕਲਾਕਾਰਾਂ ਨਾਲ ਤਾਂ ਪੈਂਦਾ ਰਿਹਾ ਹੈ, ਪਰ ਇਸ ਫਿਲਮ ਦੀ ਸ਼ੂਟਿੰਗ ਕਰ ਕੇ ਉਹ ਵੱਖਰਾ ਹੀ ਲੁਤਫ ਉਠਾ ਰਹੀ ਹੈ।

ਸ਼ਬਾਨਾ ਆਜ਼ਮੀ ਫਿਲਮੀ ਦੁਨੀਆਂ ਦੀਆਂ ਉਨ੍ਹਾਂ ਹਸਤੀਆਂ ਵਿਚੋਂ ਹਨ ਜਿਨ੍ਹਾਂ ਨੇ ਆਧੁਨਿਕ ਹਿੰਦੀ ਸਿਨੇਮਾ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। 20ਵੀਂ ਸਦੀ ਦੇ 70ਵਿਆਂ ਵਿਚ ਚੱਲੀ ਸਾਰਥਕ ਸਿਨੇਮੇ ਦੀ ਲਹਿਰ ਵਿਚ ਉਸ ਦਾ ਯੋਗਦਾਨ ਬੜਾ ਅਹਿਮ ਹੈ। ਹੁਣ ਵੀ ਉਹ ਸਿਨੇਮਾ ਨੂੰ ਸਮਾਜਕ ਤਬਦੀਲੀ ਦਾ ਵੱਡਾ ਹਥਿਆਰ ਮੰਨਦੀ ਹੈ। ਉਸ ਦਾ ਆਖਣਾ ਹੈ ਕਿ ਅੱਜ ਜਿਸ ਤਰ੍ਹਾਂ ਦਾ ਆਪੋ-ਧਾਪੀ ਵਾਲਾ ਦੌਰ ਚੱਲ ਰਿਹਾ ਹੈ, ਉਸ ਵਿਚ ਸਮਾਜਕ ਸਰੋਕਾਰਾਂ ਵਾਲੇ ਸਿਨੇਮਾ ਦਾ ਰੋਲ ਬਹੁਤ ਵੱਡਾ ਅਤੇ ਅਹਿਮ ਹੈ। ਉਹ ਇਹ ਵੀ ਮੰਨਦੀ ਹੈ ਕਿ ਅੱਜ ਕੱਲ੍ਹ ਹਰ ਖੇਤਰ ਵਿਚ ਵਪਾਰਕ ਹਿਤ ਕੁਝ ਜ਼ਿਆਦਾ ਹੀ ਅਹਿਮੀਅਤ ਅਖਤਿਆਰ ਕਰ ਰਹੇ ਹਨ, ਪਰ ਸਮਾਜਕ ਤਬਦੀਲੀ ਦੀ ਗੱਲ ਹਰ ਦੌਰ ਵਿਚ ਹੁੰਦੀ ਹੀ ਰਹੀ ਹੈ, ਕਦੀ ਥੋੜ੍ਹੀ ਅਤੇ ਕਦੀ ਬਹੁਤੀ। ਉਸ ਨੇ ਮੰਨਿਆ ਕਿ ਫਿਲਮਾਂ ਦਾ ਨਿਰਮਾਣ ਆਮ ਕਰ ਕੇ ਮਨੋਰੰਜਨ ਨਾਲ ਜੁੜਿਆ ਹੋਇਆ ਹੈ, ਪਰ ਜੇ ਮਨੋਰੰਜਨ ਦੇ ਨਾਲ-ਨਾਲ ਸਮਾਜਕ ਸਰੋਕਾਰਾਂ ਬਾਰੇ ਵੀ ਗੱਲ ਤੋਰੀ ਜਾਵੇ ਤਾਂ ਸੋਨੇ ਉਤੇ ਸੁਹਾਗੇ ਵਾਲੀ ਗੱਲ ਹੋਵੇਗੀ। ਯਾਦ ਰਹੇ ਕਿ ਫਿਲਮੀ ਰੁਝੇਵਿਆਂ ਦੇ ਬਾਵਜੂਦ ਸ਼ਬਾਨਾ ਅੱਜ ਵੀ ਥੀਏਟਰ ਵੱਲ ਪੂਰਾ ਧਿਆਨ ਦਿੰਦੀ ਹੈ। ਅੱਜ ਕੱਲ੍ਹ ਲੰਡਨ ਵਿਚ ਭਾਵੇਂ ਉਹ 'ਦਿ ਬਲੈਕ ਪ੍ਰਿੰਸ' ਦੀ ਸ਼ੂਟਿੰਗ ਵਿਚ ਮਸਰੂਫ ਹੈ, ਪਰ ਇਸ ਦੇ ਨਾਲ ਹੀ 'ਹੈਪੀ ਬਰਥਡੇਅ ਸੁਨੀਤਾ' ਨਾਟਕ ਵੀ ਖੇਡ ਰਹੀ ਹੈ। ਉਸ ਦਾ ਆਖਣਾ ਹੈ ਕਿ ਥੀਏਟਰ ਤੋਂ ਤਾਂ ਬਿਨਾਂ ਉਹ ਰਹਿ ਹੀ ਨਹੀਂ ਸਕਦੀ। ਇਸ ਮਾਮਲੇ 'ਤੇ ਉਹ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਸਦਾ ਹੀ ਤਿਆਰ ਰਹਿੰਦੀ ਹੈ। ਉਸ ਮੁਤਾਬਕ ਉਹ ਰੋਟੀ ਖਾਣਾ ਭੁੱਲ ਸਕਦੀ ਹੈ, ਪਰ ਥੀਏਟਰ ਦਾ ਸਾਥ ਨਹੀਂ ਛੱਡ ਸਕਦੀ। ਯਾਦ ਰਹੇ ਕਿ ਸ਼ਬਾਨਾ ਆਜ਼ਮੀ ਦੇ ਪਿਤਾ ਕੈਫੀ ਆਜ਼ਮੀ ਉਘੇ ਤਰੱਕੀਸਪੰਦ ਸ਼ਾਇਰ ਸਨ ਅਤੇ ਸ਼ਬਾਨਾ ਉਨ੍ਹਾਂ ਦੇ ਨਕਸ਼ੇ-ਕਦਮ ਉਤੇ ਹੀ ਚੱਲੀ ਹੈ।



'ਦਿ ਬਲੈਕ ਪ੍ਰਿੰਸ' ਦੇ ਸੈੱਟ ਉਤੇ ਸ਼ਬਾਨਾ ਆਜ਼ਮੀ ਤੇ ਸਤਿੰਦਰ ਸਰਤਾਜ



ਰਾਜਕੁਮਾਰ ਦਿਲੀਪ ਸਿੰਘ (ਸੱਜੇ) ਅਤੇ ਸਤਿੰਦਰ ਸਰਤਾਜ



ਸ਼ੂਟਿੰਗ ਵਿਚ ਹਿੱਸਾ ਲੈ ਰਹੀ ਸ਼ਬਾਨਾ ਆਜ਼ਮੀ।


GROW YOUR BUSINESS
WITH NEW TREND
FULL COLOR
LED
Digital Display
&
Message Board
LICENSED Contractor
GAS SIGNS
HOTEL/MOTEL SIGNS
DIESEL
CREDIT
We install anywhere in california
RF Remote
LCD Remote
ELECTRIC
SIGN
COMPANY
for more info: Call Sukhpal
1-661-586-1106
email: esigncompany@gmail.com


HIGH DEFINITION
Surveillance
SYSTEMS
By
FOR COMMERCIAL &RESIDENTIAL
2 YEAR WARRANTY
1080P
VISTA HD SOLUTION
WE INSTALL ANYWHERE IN CALIFORNIA
HD QUALITY & ECONOMICAL PRICE
17 YEAR SURVEILLANCE BUSINESS
TRAINED & PROFESSIONAL TECH. SUPPORT
Call Sukhpal
1-661-586-5080
commvision@sbcglobal.net


The Anu Attorney Immigration Law Firm
Law offices of Anu Peshawaria
*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC
US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist
ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ
Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law
ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ
FAMILY LAW
*Divorce *Annulment
*International Custody
INCORPORATIONS
*International Contracts, Mergers
*Attorney Supreme Court of India
*Bankruptcy Consultation & Filing
Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com
46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India
Weekends & Evening Appointments Available


Dhillon Truck Stop
Dhillon Road Service
Interstate 40, exit 356, San Jon, NM
ਗਿੱਲ ਮੰਜ ਗੁਰਦਾਸਪੁਰ ਵਾਲੇ
ਪੰਜਾਬੀ ਢਾਬਾ
24 ਘੰਟੇ ਖੁੱਲ੍ਹਾ
ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 575-815-8536

GILL EXPRESS


# NEW LOCATION MEMPHIS

ਤਜ਼ਰਬੇਕਾਰ ਮਕੈਨਿਕ ਦੀ ਲੋੜ ਹੈ
ਚੰਗੀ ਤਨਖਾਹ ਤੇ ਰਿਹਾਇਸ਼ ਫਰੀ

Hwy I-40 Exit 280, Hwy I-55 Exit 4

Next To Pilot TRAVEL CENTERS LLC


REPAIR



TIRES



WASH



ਪੰਜਾਬੀ ਢਾਬਾ



@ 3657 Southland Dr. W. Memphis, AR-72301 Tel : 661-203-0433



# ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ

Punjab Truck Wash & Repair 2301 Simpson Street, Kingsburg, CA 93631

ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114





*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ

Oil Change Special $179.99
Labour $55 per hour

All major and minor repairs.

ਤਸੱਲੀਬਖਸ਼ ਕੰਮ
ਵਾਜਬ ਰੇਟ

*Free Parking*






ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110